**Reo-Bankowned Properties**
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969

Jassi Gill
CA DRE# 00966763

WEBSITE: DHOLRADIO.ORG
**Dhol Radio**
ਪਿੰਡ ਤੋਂ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ
Request Song
Live Calls: USA 1-951-824-6365
Canada 1-604-210-1955
Skype: DHOLRADIO.ORG
1PM to 3PM
9:30PM To 11:30PM (IST)
Listen By Call: USA 702-489-0211
UK 44-20-3519-1210
Listen On Phone
Music 24/7
Application for android and iPhone- Dhol Radio

ਵਧੀਆ ਅਤੇ ਸਸਤੀ ਇੰਸ਼ੋਰੈਂਸ
GILL FINANCIAL & INSURANCE SERVICES
AUTO | HOME | LIFE | BUSINESS | HEALTH
510-888-1180 WWW.GILLFINANCIAL.COM
SAVE UPTO $475!!!! CALL TODAY FOR A FREE QUOTE!
ਕਾਰ, ਘਰ, ਲਿਕਰ ਸਟੋਰ ਅਤੇ ਬਿਜਨਸ ਇੰਸ਼ੋਰੈਂਸ



Fifteenth Year of Publication
ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ


# ਪੰਜਾਬ ਟਾਈਮਜ਼


Punjab Times, Vol 15, Issue 32, August 9, 2014 20451 N Plum Grove Rd., Palatine, IL 60074 Ph:847-359-0746, Fax:847-705-9388


# ਕੁਰੂਕਸ਼ੇਤਰ ਫਿਰ ਬਣਿਆ ਰਣਭੂਮੀ

## ਕਬਜ਼ੇ ਲਈ ਦੋਹਾਂ ਧਿਰਾਂ ਨੇ ਸੰਭਾਲੇ ਮੋਰਚੇ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਹਰਿਆਣਾ ਦੀ ਵੱਖਰੀ ਗੁਰਦੁਆਰਾ ਕਮੇਟੀ ਦਾ ਮਸਲਾ ਪੇਚੀਦਾ ਬਣ ਗਿਆ ਹੈ। ਕਾਨੂੰਨੀ ਰੂਪ ਵਿਚ ਬੇਸ਼ੱਕ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਹੋਂਦ ਵਿਚ ਆ ਚੁੱਕੀ ਹੈ ਪਰ ਹਰਿਆਣਾ ਦੇ ਗੁਰਦੁਆਰਿਆਂ ਦਾ ਪ੍ਰਬੰਧ ਅਜੇ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਬਜ਼ੇ ਹੇਠ ਹੈ। ਗੁਰਦੁਆਰਿਆਂ ਦੇ ਪ੍ਰਬੰਧ ਨੂੰ ਲੈ ਕੇ ਦੋਵੇਂ ਧਿਰਾਂ ਆਹਮੋ-ਸਾਹਮਣੇ ਹੋ ਗਈਆਂ ਹਨ। ਕੁਰੂਕਸ਼ੇਤਰ ਦੇ ਗੁਰਦੁਆਰਾ ਛੇਵੀਂ ਪਾਤਸ਼ਾਹੀ ਉਤੇ ਕਬਜ਼ੇ ਲਈ ਹਰਿਆਣਾ ਗੁਰਦੁਆਰਾ ਕਮੇਟੀ ਲਗਾਤਾਰ ਯਤਨ ਕਰ ਰਹੀ ਹੈ ਅਤੇ ਉਧਰ ਸ਼੍ਰੋਮਣੀ ਕਮੇਟੀ ਨੇ ਆਪਣਾ ਕਬਜ਼ਾ ਬਰਕਰਾਰ ਰੱਖਣ ਲਈ ਪੂਰੀ ਵਾਹ ਲਾਈ ਹੋਈ ਹੈ। ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸੂਬੇ ਦੇ ਗੁਰਦੁਆਰਿਆਂ ਦੀ ਸੇਵਾ ਸੰਭਾਲ ਲਈ ਅਣਮਿਥੇ ਸਮੇਂ ਲਈ 'ਸੇਵਾ ਸੰਭਾਲ ਮੋਰਚਾ' ਲਾ ਦਿੱਤਾ ਹੈ ਜਿਸ ਕਰ ਕੇ ਹਾਲਤ ਤਣਾਅ ਵਾਲੀ ਬਣ ਗਈ ਹੈ। ਵੱਖਰੀ ਕਮੇਟੀ ਨੂੰ ਰੋਕਣ ਵਿਚ ਅਸਫਲ ਰਿਹਾ ਸ਼੍ਰੋਮਣੀ ਅਕਾਲੀ ਦਲ ਵੀ ਹੁਣ ਇਸ ਮਾਮਲੇ ਨੂੰ ਲਟਕਾਉਣਾ ਚਾਹ ਰਿਹਾ ਹੈ। ਅਕਾਲੀ ਦਲ ਨੂੰ ਆਸ ਹੈ ਕਿ ਅਗਲੇ ਕੁਝ ਮਹੀਨਿਆਂ ਦੌਰਾਨ ਹਰਿਆਣਾ ਵਿਚ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਬਣ ਸਕਦੀ ਹੈ ਜਿਸ ਤੋਂ ਆਪਣੀ ਮਰਜ਼ੀ ਦਾ ਫੈਸਲਾ ਕਰਵਾਇਆ ਜਾ ਸਕੇਗਾ।

ਇਹ ਪੈਂਤੜਾ ਵਰਤਦਿਆਂ ਕੁਰੂਕਸ਼ੇਤਰ ਦੇ ਸ਼੍ਰੋਮਣੀ ਕਮੇਟੀ ਮੈਂਬਰ ਨੇ ਸੁਪਰੀਮ ਕੋਰਟ ਦਾ ਰੁਖ਼ ਕਰਦਿਆਂ ਹਰਿਆਣਾ ਵੱਲੋਂ ਲਿਆਂਦੇ ਰਾਜ ਦੇ ਗੁਰਦੁਆਰਿਆਂ ਲਈ ਵੱਖਰੀ ਪ੍ਰਬੰਧਕ ਕਮੇਟੀ ਬਣਾਉਣ ਦੇ ਐਕਟ ਨੂੰ ਖਾਰਜ ਕਰਨ ਦੀ ਬੇਨਤੀ ਕੀਤੀ ਹੈ। ਸ਼੍ਰੋਮਣੀ ਕਮੇਟੀ ਮੈਂਬਰ ਹਰਭਜਨ ਸਿੰਘ ਨੇ ਦਾਅਵਾ ਕੀਤਾ ਕਿ ਇਸ ਐਕਟ ਕਾਰਨ ਸਥਿਤੀ ਬੇਹੱਦ ਸੰਵੇਦਨਸ਼ੀਲ ਬਣੀ ਹੋਈ ਹੈ ਤੇ ਹਾਲਾਤ ਆਮ ਜਿਹੇ ਕਰਨ ਲਈ ਅਦਾਲਤ ਦੀ ਫੌਰੀ ਦਖਲਅੰਦਾਜ਼ੀ ਬਹੁਤ ਜ਼ਰੂਰੀ ਹੈ ਪਰ ਫਿਲਹਾਲ ਸੁਪਰੀਮ ਕੋਰਟ ਨੇ ਇਸ ਸਬੰਧੀ ਕੋਈ ਰਾਹਤ ਨਹੀਂ ਦਿੱਤੀ ਹੈ।

ਹਰਿਆਣਾ ਸਿੱਖ ਗੁਰਦੁਆਰਾ (ਪ੍ਰਬੰਧਕ) ਐਕਟ 2014 ਨੂੰ ਖਾਰਜ ਕਰਨ ਲਈ 13 ਆਧਾਰ ਪੇਸ਼ ਕਰਦਿਆਂ ਪਟੀਸ਼ਨਰ ਨੇ ਦਲੀਲ ਦਿੱਤੀ ਹੈ ਕਿ ਨਵੇਂ ਕਾਨੂੰਨ ਦੇ ਦੇਸ਼ ਭਰ ਵਿਚ ਵਸਦੇ ਸਿੱਖਾਂ ਉੱਤੇ ਵਿਆਪਕ ਪ੍ਰਭਾਵ ਪੈਣਗੇ। ਪਟੀਸ਼ਨਰ ਅਨੁਸਾਰ ਇਸ ਐਕਟ ਕਾਰਨ ਸੂਬਾ ਲੜਾਈ ਦਾ ਨਵਾਂ ਮੈਦਾਨ ਬਣ ਸਕਦਾ ਹੈ ਕਿਉਂਕਿ ਪ੍ਰਸ਼ਾਸਨ ਤਣਾਅ ਘੱਟ ਕਰਨ ਤੇ ਕਤਲੇਆਮ ਰੋਕਣ ਦੀ ਸਥਿਤੀ ਵਿਚ ਨਹੀਂ ਹੈ। ਇਹ ਐਕਟ ਸੰਵਿਧਾਨ ਤੋਂ ਇਲਾਵਾ ਪੰਜਾਬ ਪੁਨਰਗਠਨ ਐਕਟ 1966 ਤੇ ਐਸ.ਜੀ.ਪੀ.ਸੀ. ਐਕਟ 1925 ਦੀਆਂ ਧਾਰਾਵਾਂ ਦੀ ਵੀ ਅਵੱਗਿਆ ਕਰਦਾ ਹੈ। ਹਰਭਜਨ ਸਿੰਘ ਮੁਤਾਬਕ ਇਸ ਤੋਂ ਇਲਾਵਾ ਜਿਹੜਾ ਵਿਸ਼ਾ ਕੇਂਦਰੀ ਵਿਧਾਨ ਦੇ ਅਧੀਨ ਹੋਵੇ, ਉਸ ਬਾਰੇ ਕਾਨੂੰਨ ਬਣਾਉਣ ਦੀ ਹਰਿਆਣਾ ਵਿਧਾਨ ਸਭਾ ਦੀ ਕੋਈ ਵਿਧਾਨਕ ਸਮਰਥਾ ਨਹੀਂ ਹੈ। ਸ਼੍ਰੋਮਣੀ ਅਕਾਲੀ ਦਲ ਵੱਲੋਂ ਗੱਲਬਾਤ ਰਾਹੀਂ ਵੀ ਮਸਲੇ ਦੇ ਹੱਲ ਲਈ ਚਾਰਾਜੋਈ ਕੀਤੀ ਜਾ ਰਹੀ ਹੈ। ਪਿਛਲੇ ਦਿਨੀਂ ਹਰਿਆਣਾ ਸਿੱਖ ਗੁਰਦੁਆਰਾ

(ਬਾਕੀ ਸਫਾ 6 'ਤੇ)


*ਕੁਰੂਕਸ਼ੇਤਰ ਦੇ ਗੁਰਦੁਆਰਾ ਛੇਵੀਂ ਪਾਤਸ਼ਾਹੀ ਦੇ ਬਾਹਰ ਝੜਪ ਦੀ ਝਲਕ।*

## ਬਾਦਲਾਂ ਨੇ ਬਦਲਿਆ ਪੈਂਤੜਾ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਹਰਿਆਣਾ ਦੀ ਵੱਖਰੀ ਗੁਰਦੁਆਰਾ ਕਮੇਟੀ ਦੇ ਮੁੱਦੇ ਨੂੰ ਹਰਿਆਣਾ ਦੀਆਂ ਵਿਧਾਨ ਸਭਾ ਚੋਣਾਂ ਤੱਕ ਲਟਕਾਈ ਰੱਖਣ ਦੀ ਰਣਨੀਤੀ ਅਖਤਿਆਰ ਕਰ ਲਈ ਹੈ। ਪਾਰਟੀ ਹਲਕਿਆਂ ਦਾ ਕਹਿਣਾ ਹੈ ਕਿ ਇਹ ਰਣਨੀਤੀ ਹਰਿਆਣਾ ਵਿਧਾਨ ਸਭਾ ਵੱਲੋਂ ਵੱਖਰੀ ਕਮੇਟੀ ਲਈ ਕਾਇਮ ਕੀਤੇ ਗਏ ਕਾਨੂੰਨ ਦਾ ਤੋੜ ਨਾ ਮਿਲਣ ਕਾਰਨ ਬਣਾਈ ਗਈ ਹੈ।

ਸੂਤਰਾਂ ਮੁਤਾਬਕ ਕੇਂਦਰ ਸਰਕਾਰ ਨੇ ਵੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਸਪਸ਼ਟ ਕਰ ਦਿੱਤਾ ਹੈ ਕਿ ਕੇਂਦਰ ਸਰਕਾਰ ਇਸ ਮਾਮਲੇ 'ਤੇ ਕਾਨੂੰਨੀ ਕਾਰਵਾਈ ਕਰਨ ਦੇ ਸਮਰੱਥ ਨਹੀਂ ਹੈ। ਕੇਂਦਰ ਸਰਕਾਰ ਵੱਲੋਂ ਹਰਿਆਣਾ ਦੇ ਰਾਜਪਾਲ ਕਪਤਾਨ ਸਿੰਘ ਸੋਲੰਕੀ ਵੱਲੋਂ ਭੇਜੀ ਜਾਣ ਵਾਲੀ ਰਿਪੋਰਟ ਦਾ ਇੰਤਜ਼ਾਰ ਕੀਤਾ ਜਾ ਰਿਹਾ ਹੈ। ਇਹ ਰਿਪੋਰਟ ਰਾਸ਼ਟਰਪਤੀ ਪ੍ਰਣਬ ਮੁਖਰਜੀ ਨੂੰ ਭੇਜੀ ਜਾਵੇਗੀ ਤੇ ਉਹ ਇਹ ਰਿਪੋਰਟ ਸੁਪਰੀਮ ਕੋਰਟ ਨੂੰ ਭੇਜ ਸਕਦੇ ਹਨ। ਜਾਣਕਾਰੀ ਅਨੁਸਾਰ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਅਕਾਲੀ ਆਗੂਆਂ ਨੂੰ ਸਪਸ਼ਟ ਕਰ ਦਿੱਤਾ ਹੈ ਕਿ ਕੇਂਦਰ ਸਰਕਾਰ ਰਾਜ ਸਰਕਾਰ ਵਿਰੁੱਧ ਇਸ ਮਾਮਲੇ 'ਤੇ ਕਾਰਵਾਈ ਕਰਨ ਦੇ ਸਮਰੱਥ ਨਹੀਂ ਹੈ। ਕੇਂਦਰ ਦੇ ਇਸ ਜਵਾਬ ਤੋਂ ਬਾਅਦ ਅਕਾਲੀਆਂ ਦੀ ਟੇਕ ਹਰਿਆਣਾ ਵਿਧਾਨ ਸਭਾ ਦੀਆਂ ਆਮ ਚੋਣਾਂ ਦੇ ਐਲਾਨ 'ਤੇ ਹੀ ਟਿਕ ਗਈ ਹੈ।

## ਕਾਂਗਰਸ ਦਾ ਕਲੇਸ਼ ਬਰਕਰਾਰ, ਹੁਣ ਬਰਾੜ ਦੀ ਵਾਰੀ!

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਕਾਂਗਰਸ ਵਿਚ ਇਕ ਵਾਰ ਫਿਰ ਖਾਨਾਜੰਗੀ ਉਭਰ ਕੇ ਸਾਹਮਣੇ ਆਈ ਹੈ। ਚੋਣਾਂ ਵਿਚ ਮਿਲੀ ਹਾਰ-ਦਰ-ਹਾਰ ਪਿੱਛੋਂ ਲੀਡਰਸ਼ਿਪ ਬਾਰੇ ਛਿੜੀ ਬਹਿਸ ਵਿਚ ਹਿੱਸਾ ਲੈਂਦਿਆਂ ਕਾਂਗਰਸ ਦੇ ਸੀਨੀਅਰ ਆਗੂ ਜਗਮੀਤ ਸਿੰਘ ਬਰਾੜ ਨੇ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਤੇ ਉਪ ਪ੍ਰਧਾਨ ਰਾਹੁਲ ਗਾਂਧੀ ਨੂੰ ਦੋ ਸਾਲ ਲਈ ਛੁੱਟੀ 'ਤੇ ਜਾਣ ਦੀ ਸਲਾਹ ਦਿੱਤੀ ਹੈ। ਮਾਮਲਾ ਭਖਣ 'ਤੇ ਉਹ ਬੁਰੀ ਤਰ੍ਹਾਂ ਘਿਰ ਗਏ। ਉਹ ਹੁਣ ਭਾਵੇਂ ਦਾਅਵਾ ਕਰ ਰਹੇ ਹਨ ਕਿ ਉਨ੍ਹਾਂ ਨੇ ਛੁੱਟੀ ਲਫ਼ਜ਼ ਨਹੀਂ ਵਰਤਿਆ, ਸਗੋਂ ਇੰਨਾ ਹੀ ਕਿਹਾ ਸੀ ਕਿ ਪਾਰਟੀ ਦੇ ਭਵਿੱਖ ਤੇ ਵਡੇਰੇ ਹਿੱਤਾਂ ਲਈ ਦੋਵਾਂ ਆਗੂਆਂ ਨੂੰ ਵਰਕਰਾਂ ਨੂੰ ਮੁੜ ਹੌਸਲਾ ਦੇਣ ਲਈ ਦੇਸ਼ ਦਾ ਦੌਰਾ ਕਰਨਾ ਚਾਹੀਦਾ ਹੈ ਪਰ ਕੇਂਦਰੀ ਲੀਡਰਸ਼ਿਪ ਸਮੇਤ ਪੰਜਾਬ ਦੇ ਕਈ ਸੀਨੀਅਰ ਆਗੂ ਸ. ਬਰਾੜ ਦੀ ਇਸ ਬਿਨ ਮੰਗੀ ਸਲਾਹ ਤੋਂ ਖ਼ਫ਼ਾ ਹਨ।



ਸ. ਜਗਮੀਤ ਬਰਾੜ ਦੀ ਇਸ ਸਲਾਹ ਦਾ ਪੰਜਾਬ ਕਾਂਗਰਸ ਨੇ ਵੀ ਸਖ਼ਤ ਨੋਟਿਸ ਲਿਆ ਹੈ ਜਿਸ ਕਰ ਕੇ ਪਾਰਟੀ ਅੰਦਰ ਚੱਲ ਰਹੀ ਖਿੱਚੋਤਾਣ ਉਭਰ ਕੇ ਸਾਹਮਣੇ ਆਈ ਹੈ। ਸ. ਬਰਾੜ ਨੇ ਆਪਣਾ ਜਵਾਬ ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ

(ਬਾਕੀ ਸਫਾ 6 'ਤੇ)


**REAL ESTATE & HOME LOANS**

✓ Low Interest Rate
✓ 3.5% Down Payment
✓ Free Credit Report
✓ Free Pre-Approval
ਸਾਡੀ ਆਪਣੀ ਮਾਰਗੇਜ਼ ਕੰਪਨੀ ਹੈ।
Successful Shortsale ਲਈ ਅੱਜ ਹੀ ਕਾਲ ਕਰੋ!
AMAN HUNDAL
Broker / Associate
Century 21 M&M and Associates
209.918.6464
ahundal@c21mm.com


Raja SWEETS & CATERING
AUTHORIZED CATERER FOR MAJOR 5-STAR HOTELS
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Faluda Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chaffing Dishes, China & Silverware, Linen Rental, Waiters & Bartenders
Follow us on:
Toll Free 1-866-FOR-RAJA
www.rajasweets.com
msbains@rajasweets.com
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

**Law Office of Manpreet S. Gahra**
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ

Criminal Defense (DUI, simple battery, domestic violence, immigration post-conviction relief)
Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com



STATEN SOLAR
AFFORDABLE ENERGY FOR EVERYONE
ਸੋਲਰ ਸਿਸਟਮ ਲਗਵਾਓ ਅਤੇ ਪੈਸੇ ਬਚਾਓ
Commercial, Agricultural and Residential
Choose between $0 Down Lease or Lowest Cash Price
ਅਪਣੇ ਸਟੋਰ, ਫਾਰਮ ਅਤੇ ਘਰ ਫਰੀ ਸੋਲਰ ਸਿਸਟਮ ਲਗਵਾਓ। ਬਿਜਲੀ ਦੇ ਬਿੱਲ ਤੋਂ ਸਦਾ ਲਈ ਛੁਟਕਾਰਾ ਪਾਓ ਅਤੇ ਪੈਸੇ ਬਚਾਓ
ਕੀ ਤੁਸੀਂ ਅਪਣੇ ਸਟੋਰ, ਬਿਜ਼ਨਿਸ, ਫਾਰਮ ਜਾਂ ਘਰ ਸੋਲਰ ਸਿਸਟਮ ਕਿਸੇ ਤਜ਼ਰਬੇਕਾਰ ਇੰਜੀਨੀਅਰ ਦੀ ਸਲਾਹ ਨਾਲ ਲਗਵਾਉਣਾ ਚਾਹੋਗੇ ਜਾਂ ਕਿਸੇ ਸੇਲਜ਼ਮੈਨ ਦੀ ਸਲਾਹ ਨਾਲ? ਤਕਨੀਕੀ ਗੱਲਾਂ ਨੂੰ ਨਜ਼ਰਅੰਦਾਜ਼ ਨਾ ਕਰੋ, ਜੋ ਤੁਹਾਨੂੰ ਇਕ ਇੰਜੀਨੀਅਰ ਹੀ ਦੱਸ ਸਕਦਾ ਹੈ
ਫਰੀ, ਮਾਹਿਰਾਨਾ ਅਤੇ ਸਹੀ ਸਲਾਹ
7 ਸਾਲ ਤੋਂ ਵੀ ਵੱਧ ਸੋਲਰ ਇੰਜੀਨੀਅਰ ਵਜੋਂ ਤਜ਼ਰਬਾ
20 ਸਾਲ ਬਿਲਕੁਲ ਫਰੀ ਮੇਂਟੀਨੈਂਸ ਦੀ ਗਾਰੰਟੀ। ਹਰ ਤਰ੍ਹਾਂ ਦੀ ਦੇਖ ਭਾਲ ਅਤੇ ਇਸ਼ੋਰੈਂਸ ਦੀ ਜਿੰਮੇਵਾਰੀ ਵੀ ਕੰਪਨੀ ਦੀ।
Simran Deol
(Solar Engineer)
661-412-4728
Receive $500 By Referring Friends.
www.Statensolar.com
No One Can Beat Our Price Guaranteed!
$ 0 down Worry Free Lease
Fixed Monthly Bill, No Increase
Guaranteed Lowest Monthly Bill
Or Buy the System for Lowest Price
Top Quality Product
20 Year Performance Guarantee
25 Year Guarantee for Panels
FREE Maintenance for 20 years
No Need to Worry About Increasing Cost of Utility
Professional Installation
24/7 Monitoring





ਪਹਿਲੀ ਵਾਰ ਟਾਇਰਾਂ ਦੀ ਸਭ ਤੋਂ ਵੱਡੀ ਸੇਲ
GILL EXPRESS
TRUCK TIRE ON SALE
WITH PURCHASE OF 8 TIRES
269.99 Installed
LP22.5
CASH PRICE
STEER OR DRIVE
PRICE GOOD @ THESE LOCATIONS
Bakersfield @ 24/7 Truck Stop
Fresno @ Kline Truck Stop
Frazier Park @ Flying J Truck Stop
Ripon @ Jimco Truck Stop
FET, SALES TAX, MOUNTING INCLUDED
INSTALLED OUT THE DOOR PRICE
661-203-0433

# ਡਰੱਗ ਤਸਕਰੀ: ਭੋਲਾ ਸਮੇਤ ਕਈ ਹੋਰ ਮੁਲਜ਼ਮਾਂ ਖਿਲਾਫ ਦੋਸ਼ ਤੈਅ

**ਮੁਹਾਲੀ:** ਡਰੱਗ ਤਸਕਰੀ ਮਾਮਲੇ ਵਿਚ ਨਾਮਜ਼ਦ ਸਾਬਕਾ ਕੌਮਾਂਤਰੀ ਪਹਿਲਵਾਨ ਤੇ ਬਰਖ਼ਾਸਤ ਡੀ.ਐਸ.ਪੀ. ਜਗਦੀਸ਼ ਸਿੰਘ ਉਰਫ਼ ਭੋਲਾ ਸਣੇ ਮਨਜਿੰਦਰ ਸਿੰਘ ਔਲਖ ਉਰਫ਼ ਬਿੱਟੂ ਔਲਖ ਤੇ ਬਲਜਿੰਦਰ ਸਿੰਘ ਸੋਨੂੰ, ਸਰਬਜੀਤ ਸਿੰਘ ਸਾਬਾ, ਜਗਜੀਤ ਸਿੰਘ ਚਾਹਲ, ਸਤਿੰਦਰ ਸਿੰਘ ਧਾਮਾ, ਸੁਰਜੀਤ ਸਿੰਘ, ਦੀਪ ਸਿੰਘ ਦੀਪੂ ਤੇ ਪਰਮਜੀਤ ਸਿੰਘ ਪੰਮਾ ਖ਼ਿਲਾਫ਼ ਦੋਸ਼ ਤੈਅ ਕਰ ਦਿੱਤੇ ਗਏ ਹਨ।

ਇਸ ਮਾਮਲੇ ਦੀ ਸੁਣਵਾਈ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੇ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ (ਸੀਨੀਅਰ ਡਵੀਜ਼ਨ) ਪਰਮਿੰਦਰਪਾਲ ਸਿੰਘ ਦੀ ਅਦਾਲਤ ਵਿਚ ਚੱਲ ਰਹੀ ਹੈ। ਉਂਜ ਬੀਤੀ 24 ਜੁਲਾਈ ਨੂੰ ਕੇਸ ਦੀ ਸੁਣਵਾਈ ਦੌਰਾਨ ਮੁਲਜ਼ਮਾਂ ਖ਼ਿਲਾਫ਼ ਦੋਸ਼ ਆਇਦ ਕਰਨ ਬਾਰੇ ਸਰਕਾਰੀ ਵਕੀਲ ਤੇ ਬਚਾਅ ਪੱਖ ਦੇ ਵਕੀਲਾਂ ਦਾ ਜਿਰ੍ਹਾ ਮੁੱਕ ਗਈ ਸੀ। ਇਸ ਕੇਸ ਦੀ ਅਗਲੀ ਸੁਣਵਾਈ 25 ਅਗਸਤ ਨੂੰ ਹੋਵੇਗੀ।



ਉਧਰ, ਅਦਾਲਤ ਨੇ ਮੁਲਜ਼ਮ ਅਨੂਪ ਸਿੰਘ ਕਾਹਲੋਂ ਨੂੰ ਵੱਡੀ ਰਾਹਤ ਦਿੰਦਿਆਂ ਡਰੱਗ ਤਸਕਰੀ ਮਾਮਲੇ ਵਿਚੋਂ ਬਰੀ ਕਰ ਦਿੱਤਾ ਹੈ। ਅਜਿਹਾ ਪੁਲਿਸ ਦੀ ਰਿਪੋਰਟ ਨੂੰ ਆਧਾਰ ਬਣਾ ਕੇ ਕੀਤਾ ਗਿਆ ਹੈ ਕਿਉਂਕਿ ਬਨੂੜ ਪੁਲਿਸ ਵੱਲੋਂ ਮੁਲਜ਼ਮਾਂ ਖ਼ਿਲਾਫ਼ ਬੀਤੀ 11 ਜਨਵਰੀ ਨੂੰ ਅਦਾਲਤ ਵਿਚ ਪੇਸ਼ ਕੀਤੇ ਚਲਾਨ ਵਿਚ ਕਾਹਲੋਂ ਪ੍ਰਤੀ ਨਰਮੀ ਵਰਤੀ ਗਈ ਹੈ। ਉਂਜ ਕਾਹਲੋਂ ਵੱਲੋਂ ਜੇਲ੍ਹ ਵਿਚ ਵੀ ਖ਼ੁਦਕੁਸ਼ੀ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ। ਇਸ ਬਾਰੇ ਉਸ ਦੇ ਖ਼ਿਲਾਫ਼ ਵੱਖਰਾ ਕੇਸ ਦਰਜ ਕੀਤਾ ਗਿਆ ਸੀ।

ਇਹ ਵੀ ਪਤਾ ਲੱਗਿਆ ਹੈ ਕਿ ਸਬੰਧਤ ਜਾਂਚ ਅਧਿਕਾਰੀ ਵੱਲੋਂ ਚਲਾਨ ਵਿਚ ਕਾਹਲੋਂ ਦੇ ਹੱਕ ਵਿਚ ਰਿਪੋਰਟ ਲਿਖੀ ਗਈ ਸੀ। ਮਿਲੀ ਜਾਣਕਾਰੀ ਅਨੁਸਾਰ ਪੁਲਿਸ ਨੇ ਸਭ ਤੋਂ ਪਹਿਲਾਂ ਅਨੂਪ ਸਿੰਘ ਕਾਹਲੋਂ ਨੂੰ ਗ੍ਰਿਫ਼ਤਾਰ ਕੀਤਾ ਸੀ। ਇਸ ਮਗਰੋਂ ਉਸਦੀ ਨਿਸ਼ਾਨਦੇਹੀ 'ਤੇ ਭੋਲੇ ਸਮੇਤ ਬਾਕੀ ਮੁਲਜ਼ਮ ਵਾਰੋ ਵਾਰੀ ਗ੍ਰਿਫ਼ਤਾਰ ਕੀਤੇ ਗਏ। ਇਹੀ ਨਹੀਂ ਜ਼ੀਰਕਪੁਰ ਸਥਿਤ ਕਾਹਲੋਂ ਦੇ ਫਲੈਟ ਵਿਚੋਂ ਕੌਮਾਂਤਰੀ ਮੁੱਕੇਬਾਜ਼ ਵਿਜੇਂਦਰ ਦੀ ਪਤਨੀ ਦੀ ਕਾਰ ਬਰਾਮਦ ਕੀਤੀ ਗਈ ਸੀ, ਜਿਸ ਕਾਰਨ ਵਿਜੇਂਦਰ ਦਾ ਨਾਂ ਵੀ ਇਸ ਵਿਚ ਉਛਲਿਆ ਸੀ। ਬਾਅਦ ਵਿਚ ਪੁਲਿਸ ਨੇ ਕਾਹਲੋਂ ਪ੍ਰਤੀ ਆਪਣਾ ਨਜ਼ਰੀਆ ਬਦਲ ਲਿਆ, ਜਿਸ ਕਾਰਨ ਉਸ ਦੀ ਰਿਹਾਈ ਦਾ ਰਾਹ ਪੱਧਰਾ ਹੋ ਸਕਿਆ ਹੈ। ਇਹ ਵੀ ਕਿਹਾ ਜਾ ਰਿਹਾ ਹੈ ਬਾਕੀ ਮੁਲਜ਼ਮਾਂ ਨੂੰ ਫੜਾਉਣ ਲਈ ਪੁਲਿਸ ਦੀ ਕੀਤੀ ਮੱਦਦ ਦੇ ਬਦਲੇ ਕਾਹਲੋਂ ਪ੍ਰਤੀ ਨਰਮ ਰੁਖ਼ ਅਪਣਾਇਆ ਗਿਆ ਹੈ।

ਜ਼ਿਕਰਯੋਗ ਹੈ ਕਿ ਭੋਲਾ ਤੇ ਸਾਥੀਆਂ ਨੂੰ ਇਕ ਸਾਂਝੇ ਅਪਰੇਸ਼ਨ ਤਹਿਤ 11 ਨਵੰਬਰ 2013 ਨੂੰ ਬਨੂੜ ਤੇ ਪਟਿਆਲਾ ਪੁਲਿਸ ਵੱਲੋਂ ਨਵੀਂ ਦਿੱਲੀ ਵਿਚੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਪੁਲਿਸ ਨੇ ਮੁਲਜ਼ਮਾਂ ਕੋਲੋਂ 18 ਕਰੋੜ ਰੁਪਏ ਦੀਆਂ ਨਸ਼ੀਲੀਆਂ ਵਸਤੂਆਂ ਬਰਾਮਦ ਕਰਨ ਦਾ ਦਾਅਵਾ ਕੀਤਾ ਹੈ।

## ਸੋਨੇ ਦੇ ਬਿਸਕੁਟ ਚੋਰੀ ਕਰਨ ਦੇ ਦੋਸ਼ ਵਿਚ ਭਾਰਤੀ ਨੂੰ ਜੇਲ੍ਹ

**ਸਿੰਗਾਪੁਰ:** ਸਿੰਗਾਪੁਰ ਵਿਚ ਭਾਰਤੀ ਮੂਲ ਦੇ 22 ਸਾਲਾ ਨੌਜਵਾਨ ਵਿਦਿਆਰਥੀਆਂ ਵੱਲੋਂ ਇਕ ਦੁਕਾਨ ਵਿਚੋਂ 1475 ਡਾਲਰ ਮੁੱਲ ਦੇ ਸੋਨੇ ਦੇ ਚਾਰ ਬਿਸਕੁਟ ਚੋਰੀ ਕਰਨ ਦੇ ਦੋਸ਼ ਹੇਠ ਚਾਰ ਮਹੀਨਿਆਂ ਦੀ ਸਜ਼ਾ ਸੁਣਾਈ ਹੈ। ਸ਼ਿਵ ਸ਼ਕਤੀ ਕੁਮਾਨਰਨ ਨਾਗਰਾਜਨ ਨੇ ਚੋਰੀ ਪਿਛੋਂ ਆਪਣਾ ਗੁਨਾਹ ਕਬੂਲ ਲਿਆ ਸੀ। ਉਸ ਨੇ ਇਹ ਚੋਰੀ ਆਪਣੇ ਦੋ ਸਾਥੀਆਂ ਟੈਰਾਵਨ ਵੈਂਕਟੇਸ਼ ਤੇ ਸਾਸਥਾ ਪਿੱਲੈ ਨਾਲ ਮਿਲ ਕੇ ਕੀਤੀ।




Harmit Toor
Professional Real Estate Services
For a Real Estate Broker with an in-depth knowledge of both the area and market, contact Harmit Toor!
925.202.7027 hdtoor@gmail.com
WWW.MissionPeakBrokers.Com
For Buying/Selling Home, Business & Loans
550 Credit Scores FHA Purchase Loans Available
Broker Associate
BRE Lic. #01462579
NMLS #358820
Serving Bay Area and Central Valley Over 10 Years


# ਅਕਾਲੀ-ਭਾਜਪਾ 'ਚ ਫੁੱਟ ਹੋਰ ਵਧੀ

**ਚੰਡੀਗੜ੍ਹ:** ਪੰਜਾਬ ਵਿਚ ਅਕਾਲੀ-ਭਾਜਪਾ ਕੁਲੀਸ਼ਨ ਭਾਈਵਾਲਾਂ ਵਿਚ ਇਕ ਹੋਰ ਟਕਰਾਅ ਸਾਹਮਣੇ ਆਇਆ ਹੈ। ਸਥਾਨਕ ਸਰਕਾਰਾਂ ਵਿਭਾਗ ਦੇ ਮੰਤਰੀ ਭਾਜਪਾ ਆਗੂ ਅਨਿਲ ਜੋਸ਼ੀ ਨੇ ਵਿੱਤ ਵਿਭਾਗ ਜਾਂ ਮੁੱਖ ਮੰਤਰੀ ਸਕੱਤਰੇਤ ਨੂੰ ਭਰੋਸੇ ਵਿਚ ਲਏ ਬਿਨਾਂ ਹੀ ਮਿਊਂਸਪਲ ਹਦੂਦ ਵਿਚ ਜ਼ਮੀਨ ਦੀ ਵਰਤੋਂ ਬਦਲੀ (ਸੀਐਕਟ) ਬਾਰੇ ਫੀਸ ਤੋਂ ਛੋਟ ਦੇਣ ਦਾ ਫੈਸਲਾ ਕਰ ਲਿਆ। ਜਦੋਂ ਜੋਸ਼ੀ ਨੇ ਹਸਪਤਾਲਾਂ, ਸਨਅਤਾਂ ਤੇ ਹੋਟਲਾਂ ਲਈ ਸੀਐਲਯੂ ਫੀਸ ਤੋਂ ਛੋਟ ਦੇ ਫੈਸਲੇ ਦੀ ਪੁਸ਼ਟੀ ਕੀਤੀ ਤੇ ਕੁਝ ਹੋਰ ਫੀਸਾਂ ਦੀ ਰੈਸ਼ਨੇਲਾਈਜ਼ੇਸ਼ਨ ਦੀ ਗੱਲ ਕਹੀ ਤਾਂ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੇ ਹੈਰਾਨੀ ਪ੍ਰਗਟ ਕੀਤੀ।

ਉਨ੍ਹਾਂ ਹੈਰਾਨੀ ਜ਼ਾਹਿਰ ਕਰਦਿਆਂ ਕਿਹਾ ਕਿ ਵਿੱਤ ਮੰਤਰੀ ਹੋਣ ਕਾਰਨ ਉਨ੍ਹਾਂ ਦੀ ਇਸ ਬਾਰੇ ਰਾਇ ਲਈ ਜਾਣੀ ਬਣਦੀ ਸੀ। ਅਜਿਹੇ ਫੈਸਲਿਆਂ ਲਈ ਮੰਤਰੀ ਮੰਡਲ ਦੀ ਮਨਜ਼ੂਰੀ ਦੀ ਲੋੜ ਹੁੰਦੀ ਹੈ, ਪਰ ਹੁਣ ਇਹ ਸੁਣ ਕੇ ਹੈਰਾਨ ਹਨ। ਸ. ਢੀਂਡਸਾ ਨੇ ਦੱਸਿਆ ਕਿ ਰੈਵੇਨਿਊ ਨਾਲ ਸਬੰਧਤ ਕੋਈ ਵੀ ਫੈਸਲਾ ਵਿੱਤ ਵਿਭਾਗ ਕੋਲ ਆਉਂਦਾ ਹੈ। ਉਨ੍ਹਾਂ ਕਿਹਾ ਕਿ ਮੰਤਰਾਲੇ ਜਾਂ ਵਿਭਾਗ ਉਹ ਫੈਸਲੇ ਲੈਂਦੇ ਹਨ ਜੋ ਖਜ਼ਾਨੇ 'ਤੇ ਕੋਈ ਅਸਰ ਨਹੀਂ ਪਾਉਂਦੇ ਪਰ ਜਿਥੋਂ ਤੱਕ ਉਨ੍ਹਾਂ ਨੂੰ ਜਾਣਕਾਰੀ ਹੈ, ਸੀਐਲਯੂ ਤੋਂ ਆਉਂਦਾ ਰੈਵੇਨਿਊ ਖਜ਼ਾਨੇ ਵਿਚ ਆਉਂਦਾ ਹੈ। ਜੇਕਰ ਫੈਸਲੇ 'ਤੇ ਕਿੰਤੂ ਨਾ ਕੀਤਾ ਜਾਵੇ ਤਾਂ ਮੰਤਰੀ ਵੱਲੋਂ ਅਪਣਾਏ ਢੰਗ 'ਤੇ ਤਾਂ ਜ਼ਰੂਰ ਸੁਆਲ ਉੱਠਦਾ ਹੈ। ਉਨ੍ਹਾਂ ਕਿਹਾ ਕਿ ਸਿਆਸਤ ਵੱਖਰੀ ਚੀਜ਼ ਹੈ ਪਰ ਜਦੋਂ ਸੂਬੇ ਦਾ ਮਾਮਲਾ ਹੋਏ ਤਾਂ ਸਮੂਹਕ ਫੈਸਲਾ ਹੀ ਲੈਣਾ ਹੁੰਦਾ ਹੈ।

ਭਾਜਪਾ ਤੇ ਅਕਾਲੀ ਐਡਵਾਂਸ ਵੈਟ ਬਾਰੇ ਇਕ ਸੋਧ ਵਾਪਸ ਲੈਣ ਤੇ ਸ਼ਹਿਰੀਆਂ 'ਤੇ ਲਾਏ ਸੰਪਤੀ ਕਰ ਵਿਚ ਤਬਦੀਲੀਆਂ ਨੂੰ ਲੈ ਕੇ ਪਹਿਲਾਂ ਹੀ ਆਹਮੋ-ਸਾਹਮਣੇ ਹਨ। ਭਾਜਪਾ ਦਾ ਦਾਅਵਾ ਹੈ ਕਿ ਇਹ ਮੁੱਦੇ ਉਨ੍ਹਾਂ ਦੇ ਸ਼ਹਿਰੀ ਵੋਟ ਬੈਂਕ ਤੇ ਕਾਰੋਬਾਰੀਆਂ ਨਾਲ ਸਿੱਧੇ ਸਬੰਧਤ ਹਨ। ਮੰਤਰੀ ਅਨਿਲ ਜੋਸ਼ੀ ਦਾ ਕਹਿਣਾ ਹੈ ਕਿ ਇਹ ਫੈਸਲਾ ਵਾਧਾ ਗਤੀ ਤੇਜ਼ ਕਰਨ ਲਈ ਲਿਆ ਗਿਆ ਹੈ ਤੇ ਉਨ੍ਹਾਂ ਨੂੰ ਮੰਤਰੀ ਮੰਡਲ ਦੀ ਮਨਜ਼ੂਰੀ ਦੀ ਲੋੜ ਨਹੀਂ ਹੈ ਕਿਉਂਕਿ ਉਨ੍ਹਾਂ ਦੇ ਮੰਤਰਾਲੇ ਨੂੰ ਇਹ ਅਖ਼ਤਿਆਰ ਪ੍ਰਾਪਤ ਹੈ। ਇਹ ਫੈਸਲਾ ਤਲਵੰਡੀ ਸਾਬੋ ਤੇ ਪਟਿਆਲਾ ਚੋਣਾਂ ਮਗਰੋਂ ਲਾਗੂ ਕੀਤਾ ਜਾਏਗਾ।

## ਵਿਧਾਇਕ ਜੋਗਿੰਦਰ ਜੈਨ ਬਾਰੇ ਫ਼ੈਸਲਾ ਰਾਖਵਾਂ

**ਨਵੀਂ ਦਿੱਲੀ:** ਮੋਗਾ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕ ਜੋਗਿੰਦਰ ਪਾਲ ਜੈਨ ਨਾਲ ਜੁੜੇ ਵਿਦੇਸ਼ੀ ਕਰੰਸੀ ਦੇ ਮਾਮਲੇ ਵਿਚ ਦਿੱਲੀ ਹਾਈ ਕੋਰਟ ਨੇ ਆਪਣਾ ਫ਼ੈਸਲਾ ਰਾਖਵਾਂ ਰੱਖ ਲਿਆ ਹੈ। ਅਦਾਲਤ ਦੇ ਜੱਜ ਜਸਟਿਸ ਮੁਰਲੀਧਰ ਵੱਲੋਂ ਦੋਹਾਂ ਧਿਰਾਂ ਦੀਆਂ ਦਲੀਲਾਂ ਲਗਾਤਾਰ ਤਿੰਨ ਦਿਨ ਸੁਣੀਆਂ ਤੇ ਆਉਂਦੇ ਦਿਨਾਂ ਵਿਚ ਫ਼ੈਸਲਾ ਸੁਣਾਇਆ ਜਾਵੇਗਾ। ਪ੍ਰਸਿੱਧ ਵਕੀਲ ਐਚ.ਐਸ. ਫੂਲਕਾ ਨੇ ਦੱਸਿਆ ਕਿ ਜੋਗਿੰਦਰ ਪਾਲ ਜੈਨ ਨੂੰ 28 ਜਨਵਰੀ 1988 ਨੂੰ ਦਿੱਲੀ ਦੇ ਹਵਾਈ ਅੱਡੇ ਤੋਂ 16 ਲੱਖ ਰੁਪਏ ਦੀ ਵਿਦੇਸ਼ੀ ਕਰੰਸੀ ਤੇ ਜਾਅਲੀ ਨਾਂ ਦੇ ਪਾਸਪੋਰਟ ਨਾਲ ਗ੍ਰਿਫ਼ਤਾਰ ਕੀਤਾ ਗਿਆ ਸੀ।

ਪੁਲਿਸ ਵੱਲੋਂ ਅਦਾਲਤ ਵਿਚ ਪੇਸ਼ ਮਾਮਲੇ ਮੁਤਾਬਕ ਜੈਨ ਕੋਲੋਂ ਬਰਾਮਦ ਪਾਸਪੋਰਟ 'ਤੇ ਮੋਹਨ ਲਾਲ ਪੁੱਤਰ ਰਾਮ ਲਾਲ ਲਿਖਿਆ ਹੋਇਆ ਸੀ ਤੇ ਤਸਵੀਰ ਜੋਗਿੰਦਰਪਾਲ ਜੈਨ ਦੀ ਹੀ ਸੀ। ਦਿੱਲੀ ਵਿਚ ਚੱਲੇ ਇਨ੍ਹਾਂ ਦੋ ਵੱਖੋ ਵੱਖਰੇ ਮੁਕੱਦਮਿਆਂ ਵਿਚ ਜਾਅਲੀ ਪਾਸਪੋਰਟ ਦੇ ਮਾਮਲੇ ਵਿਚ ਜੈਨ ਨੂੰ ਇਕ ਸਾਲ ਦੀ ਪ੍ਰੋਬੇਸ਼ਨ ਤੇ ਪੰਜ ਹਜ਼ਾਰ ਰੁਪਏ ਜੁਰਮਾਨਾ ਕੀਤਾ ਗਿਆ ਸੀ। ਦੂਜੇ ਮੁਕੱਦਮੇ ਵਿਚ 2006 ਵਿਚ ਜੋਗਿੰਦਰ ਪਾਲ ਜੈਨ ਬਰੀ ਹੋ ਗਿਆ ਸੀ।


'ਸਾਉਣ ਦਾ ਮਹੀਨਾ ਮਾਹੀ ਆ ਗਿਆ ਗੱਡੀ ਜੋੜ ਕੇ, ਮੈਂ ਨੀ ਜਾਣਾ ਸਹੁਰੇ ਗੱਡੀ ਲੈ ਜਾ ਖਾਲੀ ਮੋੜ ਕੇ'
Since 1990
Non Profit
PCS SACRAMENTO
Presents
(USA)
14ਵੀਆਂ
ਤੀਆਂ
TEEYAN
On Sunday, the 17th AUGUST 2014
At 1.00 P. M.
AT
S.E.S. Hall
10427 E. STOCKTON BLVD.
ELK GROVE, CA 95624



Featuring : Songs, Gidha, Dances, Skits, D.J. and Much More
All LADIES AND GIRLS ARE INVITED
ORGANIZING COMMITTEE
Baldev Kaur, Rashpal Kaur, Harpreet Sahota, Aman Rangi, Rajwinder Pooni, Pardeep Pooni, Kamal Dhillon, Bhavandeep Kaur, Rajbir Kaur, Balbir Pooni, Jaswinder Chohan, Jasvir Gill, Harinder Kaur, Laddi Thandi (Henna Beauty Parlour), Balwinder Garcha, Sonia Dhillon, Rani Sarhadi, Rupinder Kaur, Tajinder Kaur, Harminder Kaur, Parmjit Kaur, Inderpal Kahlon, Parmjit Aulakh, Harpreet Kaur, Rupinder Malhi & Mandeep Pharwala
For Participation\ & Stalls Please Call : Mandeep Pharwala @ 916-212-1826, Rashpal Parhar @ 730-7191, Baldev Kaur @ 996-2010,
Email: palpharwala@yahoo.com | Website : www.sacpcs.com
ਐਂਟਰੀ ਬਿਲਕੁਲ ਮੁਫ਼ਤ No Cameras Will Be Allowed Inside The Hall ਵੱਲੋਂ : ਪ੍ਰਬੰਧਕ ਕਮੇਟੀ

# ਵੱਖਰੀ ਕਮੇਟੀ: ਦੋਵਾਂ ਧਿਰਾਂ ਵਿਚ ਆਰ-ਪਾਰ ਦੀ ਲੜਾਈ

**ਚੰਡੀਗੜ੍ਹ:** ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚਾਲੇ ਹਰਿਆਣੇ ਦੇ ਗੁਰਦੁਆਰਿਆਂ ਦੀ ਸੇਵਾ ਸੰਭਾਲ ਲੈ ਕੇ ਟਕਰਾਅ ਵੱਧਦਾ ਜਾ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂਆਂ ਵਿਚਾਲੇ ਤਣਾਅ ਨੂੰ ਹੱਲ ਕਰਨ ਲਈ ਉੱਚ ਪੱਧਰੀ ਮੀਟਿੰਗ ਵਿਚ ਵੀ ਕਿਸੇ ਠੋਸ ਨਤੀਜੇ ਉੱਤੇ ਨਹੀਂ ਪੁੱਜਿਆ ਜਾ ਸਕਿਆ। ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸੂਬੇ ਦੇ ਗੁਰਦੁਆਰਿਆਂ ਦੀ ਸੇਵਾ ਸੰਭਾਲ ਲਈ ਅਨਮਿਥੇ ਸਮੇਂ ਲਈ 'ਸੇਵਾ ਸੰਭਾਲ ਮੋਰਚਾ' ਲਾ ਦਿੱਤਾ ਹੈ। ਦੂਜੇ ਪਾਸੇ ਪੰਜਾਬ ਤੋਂ ਗਏ ਅਕਾਲੀ ਆਗੂ ਸੂਬੇ ਦੇ ਵੱਖ-ਵੱਖ ਇਤਿਹਾਸਕ ਗੁਰਦੁਆਰਿਆਂ ਵਿਚ ਡਟੇ ਹੋਏ ਹਨ।

ਕੁਰੂਕਸ਼ੇਤਰ ਦੇ ਇਤਿਹਾਸਕ ਗੁਰਦੁਆਰੇ ਛੇਵੀਂ ਤੇ ਨੌਵੀਂ ਪਾਤਸ਼ਾਹੀ ਦੇ ਬਾਹਰ ਤੇ ਅੰਦਰ ਦੋਵਾਂ ਧਿਰਾਂ ਦੇ ਹਮਾਇਤੀਆਂ ਵਿਚਾਲੇ ਟਕਰਾਅ ਬਣਿਆ ਹੋਇਆ ਹੈ ਤੇ ਵੱਡੀ ਗਿਣਤੀ ਵਿਚ ਹਰਿਆਣਾ ਪੁਲਿਸ ਤਾਇਨਾਤ ਹੈ। ਸ਼੍ਰੋਮਣੀ ਕਮੇਟੀ ਨੇ ਆਪਣੇ ਅਮਲੇ ਦੇ 50 ਹੋਰ ਮੈਂਬਰ ਭੇਜ ਦਿੱਤੇ ਹਨ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਐਸ.ਡੀ. ਐਮ ਵਿਨੈ ਪ੍ਰਤਾਪ ਸਾਰੀ ਸਥਿਤੀ ਉੱਤੇ ਨਜ਼ਰ ਰੱਖ ਰਹੇ ਹਨ। ਵੱਖਰੀ ਕਮੇਟੀ ਦੇ ਆਗੂਆਂ ਨੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਜ਼ੋਰ ਦੇ ਕੇ ਕਿਹਾ ਕਿ ਬਾਹਰੋਂ ਆ ਰਹੇ ਵਿਅਕਤੀਆਂ ਨੂੰ ਗੁਰਦੁਆਰੇ ਵਿਚੋਂ ਕੱਢਿਆ ਜਾਵੇ। ਪੁਲਿਸ ਨੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹਮਾਇਤੀਆਂ ਨੂੰ ਬੈਰੀਕੇਡਾਂ ਤੋਂ ਅੱਗੇ



ਗੁਰਦੁਆਰੇ ਵਾਲੇ ਪਾਸੇ ਨਹੀਂ ਜਾਣ ਦਿੱਤਾ। ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਗਦੀਸ਼ ਸਿੰਘ ਝੀਂਡਾ, ਸੀਨੀਅਰ ਮੀਤ ਪ੍ਰਧਾਨ ਦੀਦਾਰ ਸਿੰਘ ਨਲਵੀ, ਜਨਰਲ ਸਕੱਤਰ ਜੋਗਾ ਸਿੰਘ ਯਮੁਨਾਨਗਰ ਸਮੇਤ ਹੋਰ ਆਗੂਆਂ ਨੇ ਕਿਹਾ ਕਿ ਹਰਿਆਣਾ ਕਮੇਟੀ ਹੋਂਦ ਵਿਚ ਆ ਚੁੱਕੀ ਹੈ ਤੇ ਇਸ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੂਬੇ ਦੇ ਗੁਰਦੁਆਰਿਆਂ ਉਤੇ ਕਬਜ਼ੇ ਦਾ ਕੋਈ ਅਧਿਕਾਰ ਨਹੀਂ ਹੈ।

ਇਨ੍ਹਾਂ ਦੇ ਕਬਜ਼ੇ ਵਿਚੋਂ ਗੁਰਦੁਆਰੇ ਖਾਲੀ ਕਰਵਾਉਣ ਲਈ ਕਾਰਵਾਈ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵਾਲੇ 11 ਜੁਲਾਈ ਤੋਂ ਜ਼ਬਰੀ ਕਬਜ਼ੇ ਕਰੀ ਬੈਠੇ ਹਨ। ਉਨ੍ਹਾਂ ਨੇ ਜ਼ਿਲ੍ਹਾ ਪ੍ਰਸ਼ਾਸਨ ਕੋਲ ਇਹ ਮਾਮਲਾ ਉਠਾਇਆ ਸੀ। ਉਨ੍ਹਾਂ ਨੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਕਿਹਾ ਕਿ ਉਹ ਪੰਜਾਬ ਤੋਂ ਆਏ ਵਿਅਕਤੀਆਂ ਨਾਲ ਮਹਿਮਾਨਾਂ ਵਾਲਾ ਵਤੀਰਾ ਅਪਨਾ ਰਹੇ ਹਨ ਤੇ ਗੁਰਦੁਆਰਿਆਂ ਦੇ ਅਸਲ ਵਾਰਸਾਂ ਦੀ ਸੁਣਵਾਈ ਨਹੀਂ ਕਰ ਰਹੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸਿੱਧੇ ਤੌਰ ਉੱਤੇ ਹਰਿਆਣਾ ਦੇ ਮਾਮਲਿਆਂ ਵਿਚ ਦਖਲ ਦੇ ਰਹੀ ਹੈ। ਕੇਂਦਰ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਪੰਜਾਬ ਦੇ ਮੁੱਖ ਮੰਤਰੀ ਅਤੇ ਉਪ-ਮੁੱਖ ਮੰਤਰੀ ਨੂੰ ਹਰਿਆਣਾ ਦੇ ਮਾਮਲਿਆਂ ਵਿਚ ਦਖਲ ਦੇਣ ਤੋਂ ਰੋਕੇ ਤੇ ਸੂਬੇ ਦੇ ਗੁਰਦੁਆਰਿਆਂ ਦੀ ਸੇਵਾ ਸੰਭਾਲ ਹਰਿਆਣਾ ਕਮੇਟੀ ਨੂੰ ਸੌਂਪਣ ਵਿਚ ਮਦਦ ਕਰੇ।

ਗੁਰਦੁਆਰੇ ਤੋਂ ਕੁਝ ਦੂਰੀ ਉਤੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂਆਂ ਅਤੇ ਹਮਾਇਤੀਆਂ ਨੇ ਸ਼ਮਿਆਨਾ ਲਾ ਕੇ ਸੇਵਾ ਸੰਭਾਲ ਮੋਰਚਾ ਲਾਇਆ ਹੋਇਆ ਹੈ। ਜ਼ਿਕਰਯੋਗ ਹੈ ਕਿ ਸ਼੍ਰੋਮਣੀ ਕਮੇਟੀ ਦੇ ਮੁੱਖ ਦਫ਼ਤਰ ਤੋਂ 100 ਤੋਂ ਵੱਧ ਤੇ ਅੰਮ੍ਰਿਤਸਰ ਤੋਂ ਬਾਹਰਲੇ ਗੁਰਦੁਆਰਿਆਂ ਦੇ 150 ਮੁਲਾਜ਼ਮ ਸੁਰੱਖਿਆ ਦੇ ਮੱਦੇਨਜ਼ਰ ਹਰਿਆਣਾ ਦੇ ਵੱਖ-ਵੱਖ ਗੁਰਦੁਆਰਿਆਂ ਵਿਚ ਤਾਇਨਾਤ ਕੀਤੇ ਹੋਏ ਹਨ। ਇਨ੍ਹਾਂ ਤੋਂ ਬਿਨਾਂ ਹਰਿਆਣਾ ਸਥਿਤ ਗੁਰਦੁਆਰਿਆਂ ਵਿਚ 500 ਤੋਂ ਵੱਧ ਮੁਲਾਜ਼ਮ ਸ਼੍ਰੋਮਣੀ ਕਮੇਟੀ ਵੱਲੋਂ ਨਿਯੁਕਤ ਕੀਤੇ ਹੋਏ ਹਨ, ਜਿਨ੍ਹਾਂ ਵਿਚੋਂ 400 ਤੋਂ ਵੱਧ ਮੁਲਾਜ਼ਮ ਹਰਿਆਣਾ ਨਾਲ ਹੀ ਸਬੰਧਤ ਹਨ। ਇਨ੍ਹਾਂ ਦੀ ਅਗਵਾਈ ਸ਼੍ਰੋਮਣੀ ਅਕਾਲੀ ਦਲ ਦੇ ਆਗੂ, ਸ਼੍ਰੋਮਣੀ ਕਮੇਟੀ ਦੇ ਸੀਨੀਅਰ ਅਧਿਕਾਰੀ, ਵਿਧਾਇਕ ਤੇ ਲੋਕ ਸਭਾ ਮੈਂਬਰ ਕਰ ਰਹੇ ਹਨ। ਦੂਜੇ ਪਾਸੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਯੂਥ ਵਿੰਗ ਵੱਲੋਂ ਕੀਤੀ ਗਈ ਕਾਰਵਾਈ 'ਤੇ ਸਖ਼ਤ ਪ੍ਰਤੀਕਰਮ ਪ੍ਰਗਟ ਕਰਦਿਆਂ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਆਖਿਆ ਸੀ ਕਿ ਦੋਵਾਂ ਧਿਰਾਂ ਨੂੰ ਆਪਸੀ ਵਿਵਾਦ ਨੂੰ ਵਧਾਉਣ ਵਾਲੀ ਕੋਈ ਕਾਰਵਾਈ ਨਹੀਂ ਕਰਨੀ ਚਾਹੀਦੀ ਤੇ ਇਸ ਮਸਲੇ ਨੂੰ ਬਹਿ ਕੇ ਹੱਲ ਕਰਨਾ ਚਾਹੀਦਾ ਹੈ।

ਇਸੇ ਦੌਰਾਨ ਹਰਿਆਣਾ ਕਮੇਟੀ ਦੀ ਕਾਰਜਕਾਰਨੀ ਕਮੇਟੀ ਦੇ ਮੈਂਬਰ ਬਾਬਾ ਬਲਜੀਤ ਸਿੰਘ ਦਾਦੂਵਾਲ ਨੇ ਕਿਹਾ ਹੈ ਕਿ ਹਰਿਆਣਾ ਦੀ ਵੱਖਰੀ ਕਮੇਟੀ ਹੋਂਦ ਵਿਚ ਆ ਚੁੱਕੀ ਹੈ ਤੇ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਬਿਨਾਂ ਕਿਸੇ ਦੇਰੀ ਤੋਂ ਹਰਿਆਣੇ ਦੀ ਕਮੇਟੀ ਨੂੰ ਕਬਜ਼ਾ ਲੈਣ ਵਿਚ ਮਦਦ ਕਰੇ।

## ਗੁਰਦੁਆਰਾ ਐਕਟ ਬਾਰੇ ਸ਼੍ਰੋਮਣੀ ਕਮੇਟੀ ਦੀ ਨੀਅਤ ਸਾਫ ਨਹੀਂ

**ਜਲੰਧਰ:** 1960ਵਿਆਂ ਤੋਂ ਬਾਅਦ ਲੱਗੇ ਮੋਰਚਿਆਂ ਵਿਚ ਅਕਾਲੀ ਦਲ ਵੱਲੋਂ ਆਲ ਇੰਡੀਆ ਗੁਰਦੁਆਰਾ ਐਕਟ ਬਣਾਏ ਜਾਣ ਨੂੰ ਵੱਡੀ ਅਹਿਮੀਅਤ ਦਿੱਤੀ ਜਾਂਦੀ ਰਹੀ ਹੈ ਪਰ ਹਾਲਾਤ ਦੀ ਸਿਤਮ-ਜ਼ਰੀਫੀ ਇਹ ਹੈ ਕਿ ਪਿਛਲੇ 15 ਸਾਲ ਤੋਂ ਇਸ ਬਾਰੇ ਤਿਆਰ ਖਰੜਾ ਸ਼੍ਰੋਮਣੀ ਕਮੇਟੀ ਦੇ ਦਫਤਰਾਂ ਦੀ ਖ਼ਾਕ ਛਾਣ ਰਿਹਾ ਹੈ। ਕੇਂਦਰ ਸਰਕਾਰ ਵੱਲੋਂ ਆਲ ਇੰਡੀਆ ਗੁਰਦੁਆਰਾ ਐਕਟ 1999 ਦੇ ਖਰੜੇ ਬਾਰੇ ਮੰਗੀ ਰਾਇ ਸ਼੍ਰੋਮਣੀ ਕਮੇਟੀ ਨੇ ਭੁਲਾ ਹੀ ਛੱਡੀ ਹੈ। ਮਿਲੀ ਸੂਚਨਾ ਅਨੁਸਾਰ ਭਾਰਤ ਦੇ ਗ੍ਰਹਿ ਮੰਤਰਾਲੇ ਨੇ 25 ਅਗਸਤ, 1999 ਨੂੰ ਆਲ ਇੰਡੀਆ ਗੁਰਦੁਆਰਾ ਐਕਟ ਦਾ ਖਰੜਾ ਸ਼੍ਰੋਮਣੀ ਕਮੇਟੀ ਨੂੰ ਵਿਚਾਰਨ ਤੇ ਪ੍ਰਵਾਨ ਕਰਨ ਲਈ ਭੇਜਿਆ ਸੀ। ਉਸ ਸਮੇਂ ਗੁਰਦੁਆਰਾ ਚੋਣ ਕਮਿਸ਼ਨ ਦੇ ਚੇਅਰਮੈਨ ਜਸਟਿਸ ਹਰਬੰਸ ਸਿੰਘ ਵੱਲੋਂ ਤਿਆਰ ਕਰਕੇ ਭਾਰਤ ਸਰਕਾਰ ਨੂੰ ਭੇਜੇ ਇਸ ਖਰੜੇ ਉੱਪਰ ਕੁਝ ਸਮੇਂ ਤਾਂ ਵਿਚਾਰ-ਵਟਾਂਦਰਾ ਹੋਇਆ, ਪਰ ਸਾਲ 2000 ਤੋਂ ਇਹ ਮਾਮਲਾ ਅਜਿਹਾ ਠੰਢੇ ਬਸਤੇ ਵਿਚ ਪਾਇਆ ਗਿਆ ਕਿ ਕਦੇ ਮੁੜ ਹਵਾ ਨਹੀਂ ਲੱਗਣ ਦਿੱਤੀ ਗਈ।

ਲੋਕ ਹੈਰਾਨ ਹਨ ਕਿ ਮੋਰਚੇ ਲਗਾ ਕੇ ਮੰਗ ਮਨਾਉਣ ਵਾਲੇ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਸਰਕਾਰ ਦੇ ਹੁੰਗਾਰੇ ਬਾਅਦ ਚੁੱਪ ਹੀ ਕਿਉਂ ਸਾਧ ਗਈ ਹੈ? ਹਰਿਆਣਾ ਗੁਰਦੁਆਰਾ ਕਾਨੂੰਨ ਬਣਨ ਬਾਅਦ ਪੈਦਾ ਹੋਏ ਸੰਕਟ ਵਿਚ ਭਾਵੇਂ ਮੂਹਰੇ ਆ ਕੇ ਗੱਲ ਉਠਾਉਣ ਦੀ ਜੁਅਰਤ ਤਾਂ ਅਜੇ ਕੋਈ ਨਹੀਂ ਕਰ ਰਿਹਾ, ਪਰ ਆਲ ਇੰਡੀਆ ਗੁਰਦੁਆਰਾ ਐਕਟ ਨੂੰ ਇਸ ਸੰਕਟ ਦੇ ਹੱਲ ਵਜੋਂ ਜ਼ਰੂਰ ਦੇਖਣ ਲੱਗ ਪਏ ਹਨ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਅਜਿਹਾ ਐਕਟ ਬਣਾਉਣ ਉੱਪਰ ਸਹਿਮਤੀ ਪ੍ਰਗਟ ਕਰਦਿਆਂ ਕਿਹਾ ਕਿ ਮੇਰੀ ਨਿੱਜੀ ਰਾਇ ਆਲ ਇੰਡੀਆ ਗੁਰਦੁਆਰਾ ਐਕਟ ਬਣਨ ਦੇ ਹੱਕ ਵਿਚ ਹੈ, ਪਰ ਇਸ ਬਾਰੇ ਫ਼ੈਸਲਾ ਸਿੰਘ ਸਾਹਿਬਾਨ ਦੀ ਮੀਟਿੰਗ ਹੀ ਕਰ ਸਕਦੀ ਹੈ।

ਅਕਾਲੀ ਦਲ ਦੇ ਸਕੱਤਰ ਜਨਰਲ ਸ. ਸੁਖਦੇਵ ਸਿੰਘ ਢੀਂਡਸਾ ਨੇ ਕਿਹਾ ਕਿ ਅਕਾਲੀ ਦਲ ਤਾਂ ਕਦੋਂ ਦਾ ਇਹ ਮੰਗ ਕਰ ਰਿਹਾ ਹੈ ਤੇ ਅਸੀਂ ਹੁਣ ਵੀ ਚਾਹੁੰਦੇ ਹਾਂ ਕਿ ਪੂਰੇ ਭਾਰਤ ਦੇ ਗੁਰਦੁਆਰਿਆਂ ਦੇ ਪ੍ਰਬੰਧ ਲਈ ਐਕਟ ਬਣੇ ਪਰ ਜਦ ਪੁੱਛਿਆ ਕਿ ਅਜਿਹਾ ਐਕਟ ਬਣਾਉਣ ਲਈ ਅਕਾਲੀ ਲੀਡਰਸ਼ਿਪ ਅਮਲੀ ਕਦਮ ਕਿਉਂ ਨਹੀਂ ਉਠਾ ਰਹੀ ਤੇ ਸ਼੍ਰੋਮਣੀ ਕਮੇਟੀ ਕਿਉਂ ਡੇਢ ਦਹਾਕੇ ਤੋਂ ਖਰੜਾ ਦੱਬੀ ਬੈਠੀ ਹੈ, ਤਾਂ ਉਹ ਦੱਬਵੀਂ ਆਵਾਜ਼ ਵਿਚ ਕਹਿ ਰਹੇ ਸਨ ਕਿ ਕੇਂਦਰ ਸਰਕਾਰ ਨੇ ਹੀ ਸਾਡੀ ਮੰਗ ਨਹੀਂ ਮੰਨੀ।

ਅਕਾਲੀ ਦਲ ਦੇ ਸੀਨੀਅਰ ਆਗੂ ਸ. ਪ੍ਰੇਮ ਸਿੰਘ ਚੰਦੂਮਾਜਰਾ ਅਤੇ ਪ੍ਰੋ: ਕਿਰਪਾਲ ਸਿੰਘ ਬਡੂੰਗਰ ਖੁੱਲ੍ਹੇਆਮ ਆਖ ਰਹੇ ਹਨ ਕਿ ਆਲ ਇੰਡੀਆ ਗੁਰਦੁਆਰਾ ਕਾਨੂੰਨ ਬਣਨਾ ਚਾਹੀਦਾ ਹੈ। ਇਸ ਲਈ ਹੁਣ ਸਭ ਹੀਲੇ ਕੀਤੇ ਜਾਣਗੇ।

## ਅਕਾਲੀਆਂ ਦੇ ਹਰਿਆਣੇ ਵਿਚ ਦਾਖਲੇ ਨੂੰ ਰੋਕੇ ਸਰਕਾਰ: ਝੀਂਡਾ

**ਕੁਰੂਕਸ਼ੇਤਰ:** ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਨੇ ਕਿਹਾ ਹੈ ਕਿ ਹਰਿਆਣਾ ਵਿਚ ਵਿਧਾਨ ਸਭਾ ਚੋਣਾਂ ਸਿਰ 'ਤੇ ਹਨ। ਇਸ ਲਈ ਹਰਿਆਣਾ ਸਰਕਾਰ ਨੂੰ ਸਖ਼ਤ ਹੋਣਾ ਚਾਹੀਦਾ ਹੈ ਤੇ ਹਰਿਆਣਾ ਦਾ ਮਾਹੌਲ ਖਰਾਬ ਕਰਨ ਦਾ ਯਤਨ ਕਰ ਰਹੇ ਅਕਾਲੀਆਂ ਨੂੰ ਇਥੇ ਆਉਣ ਤੋਂ ਰੋਕਣਾ ਚਾਹੀਦਾ ਹੈ। ਇਸ ਲਈ ਹਰਿਆਣਾ ਸਰਕਾਰ, ਕੇਂਦਰ ਸਰਕਾਰ ਨੂੰ ਵੀ ਅਪੀਲ ਕਰ ਸਕਦੀ ਹੈ। ਪੰਜਾਬ ਦੇ ਵਿਧਾਇਕ, ਐਮ.ਪੀ. ਤੇ ਮੰਤਰੀ ਹਰਿਆਣਾ ਦੇ ਵੱਖ-ਵੱਖ ਪਿੰਡਾਂ ਵਿਚ ਜਾ ਕੇ ਸਿੱਖਾਂ ਨੂੰ ਗੁੰਮਰਾਹ ਕਰ ਰਹੇ ਹਨ ਤੇ ਭੜਕਾਊ ਭਾਸ਼ਣ ਦੇ ਕੇ ਉਨ੍ਹਾਂ ਨੂੰ ਭੜਕਾਅ ਕਰ ਰਹੇ ਹਨ।



## ਦੋ ਤਖਤਾਂ ਦੇ ਪ੍ਰਬੰਧਕ ਸ਼੍ਰੋਮਣੀ ਕਮੇਟੀ ਤੋਂ ਨਾਖੁਸ਼

**ਅੰਮ੍ਰਿਤਸਰ:** ਹਰਿਆਣਾ ਵਿਚ ਵੱਖਰੀ ਕਮੇਟੀ ਦੀ ਸਥਾਪਨਾ ਤੋਂ ਬਾਅਦ ਹੁਣ ਤਖ਼ਤ ਸ੍ਰੀ ਹਜ਼ੂਰ ਸਾਹਿਬ ਤੇ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਪ੍ਰਬੰਧਕੀ ਬੋਰਡਾਂ ਵਿਚੋਂ ਸ਼੍ਰੋਮਣੀ ਕਮੇਟੀ ਦੀ ਨੁਮਾਇੰਦਗੀ ਮਨਫ਼ੀ ਕੀਤੇ ਜਾਣ ਦੀ ਚਰਚਾ ਛਿੜ ਗਈ ਹੈ। ਤਖ਼ਤ ਸ੍ਰੀ ਹਜ਼ੂਰ ਸਾਹਿਬ ਪ੍ਰਬੰਧਕੀ ਬੋਰਡ ਦੇ ਨੁਮਾਇੰਦਿਆਂ ਦੀ ਪਿਛਲੇ ਦਿਨੀਂ ਹੋਈ ਮੀਟਿੰਗ ਵਿਚ ਕਾਨੂੰਨ ਵਿਚ ਸੋਧ ਕਰਨ ਬਾਰੇ ਵਿਚਾਰ ਕੀਤਾ ਗਿਆ, ਜਿਸ ਤਹਿਤ ਸ਼੍ਰੋਮਣੀ ਕਮੇਟੀ ਸਮੇਤ ਹੋਰ ਸਿੱਖ ਜਥੇਬੰਦੀਆਂ ਦੀ ਨੁਮਾਇੰਦਗੀ ਘੱਟ ਕਰਕੇ ਨੰਦੇੜ ਨੇੜਲੇ ਇਲਾਕੇ ਦੇ ਸਿੱਖਾਂ ਦੀ ਨੁਮਾਇੰਦਗੀ ਨੂੰ ਵਧਾਉਣ ਦਾ ਫ਼ੈਸਲਾ ਕੀਤਾ ਗਿਆ ਹੈ।

ਬੋਰਡ ਦੇ ਮੈਂਬਰ ਜਰਨੈਲ ਸਿੰਘ ਦਾ ਕਹਿਣਾ ਹੈ ਕਿ ਤਖ਼ਤ ਸ੍ਰੀ ਹਜ਼ੂਰ ਸਾਹਿਬ ਪ੍ਰਬੰਧਕੀ ਬੋਰਡ ਵਿਚ ਸ਼੍ਰੋਮਣੀ ਕਮੇਟੀ ਦੇ ਚਾਰ ਨਾਮਜ਼ਦ ਮੈਂਬਰ ਹਨ। ਇਹ ਮੈਂਬਰ ਕਦੇ ਵੀ ਬੋਰਡ ਦੀ ਮੀਟਿੰਗ ਵਿਚ ਹਾਜ਼ਰ ਨਹੀਂ ਹੋਏ ਤੇ ਨਾ ਹੀ ਇਨ੍ਹਾਂ ਨੇ ਇਥੋਂ ਦੇ ਗੁਰਦੁਆਰਿਆਂ ਦੀ ਸਾਂਭ ਸੰਭਾਲ ਦੇ ਕੰਮ ਵਿਚ ਕੋਈ ਯੋਗਦਾਨ ਪਾਇਆ ਹੈ। ਉਨ੍ਹਾਂ ਕਿਹਾ ਕਿ ਬੋਰਡ ਦਾ ਸੰਵਿਧਾਨ ਕਈ ਦਹਾਕੇ ਪੁਰਾਣਾ ਹੈ ਤੇ ਹੁਣ ਵੱਡੇ ਪੱਧਰ 'ਤੇ ਬਦਲਾਅ ਆ ਚੁੱਕਾ ਹੈ, ਜਿਸ ਤਹਿਤ ਸੰਵਿਧਾਨ ਵਿਚ ਸੋਧ ਕਰਨ ਦੀ ਵੀ ਲੋੜ ਹੈ। ਇਸ ਬਾਰੇ ਮਹਾਰਾਸ਼ਟਰ ਸਰਕਾਰ ਵੱਲੋਂ ਇਕ ਕਮੇਟੀ ਦਾ ਵੀ ਗਠਨ ਕੀਤਾ ਜਾ ਚੁੱਕਾ ਹੈ, ਜਿਸ ਨੇ ਐਕਟ ਵਿਚ ਸੋਧ ਲਈ ਸੁਝਾਅ ਵੀ ਲਏ ਹਨ। ਸ. ਜਰਨੈਲ ਸਿੰਘ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਵਾਂਗ ਹੀ ਨੰਦੇੜ ਸਾਹਿਬ ਦੀ ਹਜ਼ੂਰੀ ਖ਼ਾਲਸਾ ਦੀਵਾਨ ਜਥੇਬੰਦੀ ਦੀ ਨੁਮਾਇੰਦਗੀ ਰੱਦ ਕਰਨ ਦਾ ਵੀ ਸੁਝਾਅ ਦਿੱਤਾ ਗਿਆ ਸੀ।

ਇਸ ਜਥੇਬੰਦੀ ਦੇ ਬੋਰਡ ਵਿਚ ਚਾਰ ਮੈਂਬਰ ਨਾਮਜ਼ਦ ਕੀਤੇ ਜਾਂਦੇ ਹਨ ਪਰ ਇਹ ਪਿਛਲੇ ਕਈ ਸਾਲਾਂ ਤੋਂ ਵਿਵਾਦ ਦਾ ਮੁੱਦਾ ਬਣੀ ਹੋਈ ਹੈ।

## ਬਾਦਲ ਫਿਰ ਕੇਂਦਰ ਦੇ ਦਰਬਾਰ ਵਿਚ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮਾਮਲੇ ਨੂੰ ਸੁਲਝਾਉਣ ਲਈ ਕੇਂਦਰ 'ਤੇ ਦਬਾਅ ਵਧਾ ਦਿੱਤਾ ਹੈ। ਉਨ੍ਹਾਂ ਦਿੱਲੀ ਵਿਚ ਵਿੱਤ ਮੰਤਰੀ ਅਰੁਣ ਜੇਤਲੀ ਨਾਲ ਮੁਲਾਕਾਤ ਕੀਤੀ ਤੇ ਕਿਹਾ ਕਿ ਹਰਿਆਣਾ ਦੀ ਹੁੱਡਾ ਸਰਕਾਰ ਨੇ ਵੱਖਰੀ ਕਮੇਟੀ ਬਣਾ ਕੇ ਸੰਵਿਧਾਨ ਦੀ ਉਲੰਘਣਾ ਕੀਤੀ ਹੈ। ਅਕਾਲੀ ਦਲ ਦੇ ਵਫਦ ਵੱਲੋਂ ਰਾਜਪਾਲ ਹਰਿਆਣਾ ਨਾਲ ਮੁਲਾਕਾਤ ਕਰਕੇ ਉਨ੍ਹਾਂ ਸਾਹਮਣੇ ਵੀ ਅਕਾਲੀ ਦਲ ਦਾ ਪੱਖ ਰੱਖਿਆ ਗਿਆ ਤੇ ਇਸ ਮੁੱਦੇ 'ਤੇ ਕਾਰਵਾਈ ਕਰਨ ਦੀ ਮੰਗ ਕੀਤੀ ਗਈ ਸੀ। ਮੁੱਖ ਮੰਤਰੀ ਵੱਲੋਂ ਉਕਤ ਘਟਨਾਕ੍ਰਮ ਬਾਰੇ ਕੇਂਦਰੀ ਖਜ਼ਾਨਾ ਮੰਤਰੀ ਸ੍ਰੀ ਜੇਤਲੀ ਨੂੰ ਸੂਚਿਤ ਕੀਤਾ ਗਿਆ। ਮਿਲੀ ਜਾਣਕਾਰੀ ਅਨੁਸਾਰ ਹਰਿਆਣਾ ਵਿਚ ਇਤਿਹਾਸਕ ਗੁਰਦੁਆਰਿਆਂ ਕੋਲ ਕੋਈ 2000 ਏਕੜ ਜ਼ਮੀਨ ਹੈ, ਜਿਨ੍ਹਾਂ ਵਿਚੋਂ ਮੁੱਖ ਤੌਰ 'ਤੇ 900 ਏਕੜ ਜੀਂਦ ਵਿਖੇ, 700 ਏਕੜ ਧਮ ਸਾਹਿਬ, 150 ਏਕੜ ਕੁਰੂਕਸ਼ੇਤਰ ਤੇ ਅੰਬਾਲਾ ਤੋਂ ਇਲਾਵਾ ਕੁਝ ਹੋਰ ਗੁਰਦੁਆਰਿਆਂ ਕੋਲ ਵੀ ਜ਼ਮੀਨਾਂ ਮੌਜੂਦ ਹਨ। ਜਾਣਕਾਰ ਹਲਕਿਆਂ ਅਨੁਸਾਰ ਅਕਾਲੀ ਦਲ ਵੱਲੋਂ ਪ੍ਰਗਟਾਏ ਗਏ ਖ਼ਦਸ਼ਿਆਂ ਤੋਂ ਬਾਅਦ ਕੇਂਦਰ ਸਰਕਾਰ ਵੱਲੋਂ ਹਰਿਆਣਾ ਸਰਕਾਰ ਨੂੰ ਗੁਰਦੁਆਰਿਆਂ 'ਤੇ ਕਬਜ਼ੇ ਦੇ ਮੁੱਦੇ 'ਤੇ ਚੌਕਸ ਰਹਿਣ ਤੇ ਅਮਨ ਕਾਨੂੰਨ ਦੀ ਸਥਿਤੀ ਨੂੰ ਸਾਹਮਣੇ ਰੱਖਦਿਆਂ ਅਜਿਹੀ ਕਿਸੇ ਕਾਰਵਾਈ ਦੀ ਇਜਾਜ਼ਤ ਨਾ ਦੇਣ ਦੀ ਰਾਏ ਦਿੱਤੀ ਗਈ ਹੈ ਜਿਸ ਨਾਲ ਹਾਲਾਤ ਵਿਗੜਨ।

## ਵੱਖਰੀ ਕਮੇਟੀ ਦਾ ਮਸਲਾ ਛੇਤੀ ਸੁਲਝਾ ਲਿਆ ਜਾਵੇਗਾ: ਜਥੇਦਾਰ

**ਅੰਮ੍ਰਿਤਸਰ:** ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਹੈ ਕਿ ਵੱਖਰੀ ਹਰਿਆਣਾ ਸਿੱਖ ਗੁਰਦੁਆਰਾ ਕਮੇਟੀ ਦੇ ਮਸਲੇ ਦਾ ਹੱਲ ਜਲਦੀ ਕੱਢ ਲਿਆ ਜਾਵੇਗਾ। ਜਥੇਦਾਰ ਨੇ ਦੋਵਾਂ ਧਿਰਾਂ ਨੂੰ ਹਦਾਇਤ ਕੀਤੀ ਕਿ ਉਹ ਟਕਰਾਅ ਦੀ ਥਾਂ ਅਮਨ ਚੈਨ ਬਣਾਈ ਰੱਖਣ। ਉਨ੍ਹਾਂ ਕਿਹਾ ਕਿ ਇਸੇ ਕਰਕੇ ਹੀ ਉਨ੍ਹਾਂ ਬੀਤੇ ਦਿਨੀਂ ਬਿਆਨ ਜਾਰੀ ਕੀਤਾ ਸੀ ਕਿ ਹਰਿਆਣਾ ਦੇ ਸਿੱਖ ਆਗੂ ਸਟੇਟਸ ਕੋ ਬਣਾਈ ਰੱਖਣ। ਉਨ੍ਹਾਂ ਖਦਸ਼ਾ ਪ੍ਰਗਟਾਇਆ ਕਿ ਸਾਰਥਕ ਹੱਲ ਨਾ ਨਿਕਲਿਆ ਤਾਂ ਸਥਿਤੀ ਵਿਸਫੋਟਕ ਹੋ ਸਕਦੀ ਹੈ। ਇਸ ਲਈ ਦੋਵੇਂ ਧਿਰਾਂ ਫਜ਼ੂਲ ਦੀ ਬਿਆਨਬਾਜ਼ੀ ਕਰਨ ਤੋਂ ਗੁਰੇਜ਼ ਕਰਨ। ਉਨ੍ਹਾਂ ਸਪਸ਼ਟ ਕੀਤਾ ਕਿ ਜੇਕਰ ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰ ਹਰਿਆਣਾ ਦੇ ਸਿੱਖਾਂ ਨਾਲ ਵਿਤਕਰਾ ਨਾ ਕਰਦੇ ਤਾਂ ਨੌਬਤ ਇਥੋਂ ਤੱਕ ਨਹੀਂ ਆਉਣੀ ਸੀ। ਸਿੰਘ ਸਾਹਿਬ ਕਿਹਾ ਕਿ ਹਰਿਆਣਾ ਦੀ ਵੱਖਰੀ ਬਣੀ ਕਮੇਟੀ ਵੱਲੋਂ ਸ਼੍ਰੋਮਣੀ ਕਮੇਟੀ ਮੈਨੇਜਰਾਂ ਨੂੰ ਬੁਲਾਉਣਾ ਗਲਤ ਹੈ।



## ਪੰਜਾਬ ਦੇ ਮਸਲਿਆਂ ਨੂੰ ਲੈ ਕੇ ਸਿੱਖ ਜਥੇਬੰਦੀਆਂ ਨੇ ਬਾਦਲ ਨੂੰ ਘੇਰਿਆ

**ਚੰਡੀਗੜ੍ਹ:** ਪੰਜਾਬ ਦੇ ਮਸਲਿਆਂ ਨੂੰ ਵਿਸਾਰਨ ਦਾ ਦੋਸ਼ ਲਾਉਂਦਿਆਂ ਵੱਖ-ਵੱਖ ਸਿੱਖ ਜਥੇਬੰਦੀਆਂ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਖ਼ਿਲਾਫ਼ ਸੰਘਰਸ਼ ਵਿੱਢ ਦਿੱਤਾ ਹੈ। ਸਿੱਖ ਜਥੇਬੰਦੀਆਂ ਨੇ ਰੋਸ ਮਾਰਚ ਕਰਕੇ ਸ. ਬਾਦਲ ਤੋਂ ਮੰਗ ਕੀਤੀ ਕਿ ਉਹ ਹਰਿਆਣਾ ਦੇ ਸਿੱਖਾਂ ਨਾਲ ਟਕਰਾਅ ਪੈਦਾ ਕਰਨ ਦੀ ਥਾਂ ਕੇਂਦਰ ਵਿਚਲੀ ਭਾਜਪਾ ਸਰਕਾਰ ਕੋਲੋਂ ਆਨੰਦਪੁਰ ਸਾਹਿਬ ਦੇ ਮਤੇ ਲਾਗੂ ਕਰਵਾਉਣ ਸਮੇਤ ਚੰਡੀਗੜ੍ਹ ਪੰਜਾਬ ਨੂੰ ਦਿਵਾਉਣ ਦੀ ਮੰਗ ਕਰਨ।

ਯੂਨਾਈਟਿਡ ਸਿੱਖ ਮੂਵਮੈਂਟ ਵੱਲੋਂ ਸੁਖਨਾ ਝੀਲ ਨੇੜਲੇ ਗੁਰਦੁਆਰਾ ਸੁਖ ਸਾਗਰ ਸਾਹਿਬ ਤੋਂ ਸ. ਬਾਦਲ ਦੀ ਸਰਕਾਰੀ ਰਿਹਾਇਸ਼ ਵੱਲ ਰੋਸ ਮਾਰਚ ਸ਼ੁਰੂ ਕੀਤਾ ਗਿਆ। ਪੁਲਿਸ ਨੇ ਗੁਰਦੁਆਰੇ ਦੇ ਨੇੜੇ ਹੀ ਨਾਕੇ ਲਾ ਕੇ ਪ੍ਰਦਰਸ਼ਨਕਾਰੀਆਂ ਨੂੰ ਰੋਕ ਲਿਆ। ਇਸ ਮੌਕੇ ਕੋਈ ਵੀ ਸੀਨੀਅਰ ਅਧਿਕਾਰੀ ਮੌਜੂਦ ਨਾ ਹੋਣ ਕਾਰਨ ਪੁਲਿਸ ਸਥਿਤੀ 'ਤੇ ਕਾਬੂ ਪਾਉਣ ਵਿਚ ਅਸਮਰਥ ਰਹੀ। ਰੋਸ ਮਾਰਚ ਦੀ ਅਗਵਾਈ ਕਰ ਰਹੇ ਯੂਨਾਈਟਿਡ ਸਿੱਖ ਮੂਵਮੈਂਟ ਦੇ ਪ੍ਰਧਾਨ



ਭਾਈ ਮੋਹਕਮ ਸਿੰਘ ਤੇ ਸਕੱਤਰ ਜਨਰਲ ਗੁਰਦੀਪ ਸਿੰਘ ਬਠਿੰਡਾ ਨੇ ਨਾਕੇ ਤੋੜ ਕੇ ਮੁੱਖ ਮੰਤਰੀ ਦੀ ਕੋਠੀ ਵੱਲ ਚਾਲੇ ਪਾਏ। ਇਸ ਮੌਕੇ ਪ੍ਰਦਰਸ਼ਨਕਾਰੀਆਂ ਤੇ ਪੁਲਿਸ ਵਿਚਾਲੇ ਖਿੱਚ-ਧੂਹ ਵੀ ਹੋਈ। ਭਾਵੇਂ ਮੌਕੇ 'ਤੇ ਜਲ ਤੋਪਾਂ ਤੇ ਅੱਥਰੂ ਗੈਸ ਦੇ ਦਲ ਵੀ ਮੌਜੂਦ ਸਨ ਪਰ ਕੋਈ ਸਮਰੱਥ ਅਧਿਕਾਰੀ ਮੌਕੇ 'ਤੇ ਮੌਜੂਦ ਨਾ ਹੋਣ ਕਾਰਨ ਉਨ੍ਹਾਂ ਨੂੰ ਚਲਾਉਣ ਦੀ ਇਜਾਜ਼ਤ ਦੇਣ ਵਾਲਾ ਨਹੀਂ ਸੀ।

ਸਿੱਖ ਕਾਰਕੁਨ ਕਾਹਲੀ ਨਾਲ ਅੱਗੇ ਨਿਕਲ ਗਏ ਤੇ ਪੁਲਿਸ ਮੁਲਾਜ਼ਮ ਉਨ੍ਹਾਂ ਦੇ ਪਿੱਛੇ-ਪਿੱਛੇ ਚੱਲ ਪਏ। ਫਿਰ ਸੁਖਨਾ ਝੀਲ ਦੀ ਮੁੱਖ ਸੜਕ ਤੱਕ ਪੁੱਜਣ ਤੋਂ ਬਾਅਦ ਪੁਲਿਸ ਨੇ ਪ੍ਰਦਰਸ਼ਨਕਾਰੀਆਂ ਨੂੰ ਮਿੰਨਤਾਂ ਕਰਕੇ ਉਥੇ ਰੋਕਿਆ। ਇਸ ਤੋਂ ਬਾਅਦ ਸਿੱਖ ਮੂਵਮੈਂਟ ਦਾ ਵਫ਼ਦ ਪੁਲਿਸ ਨਾਲ ਮੁੱਖ ਮੰਤਰੀ ਨੂੰ ਮੈਮੋਰੰਡਮ ਦੇਣ ਲਈ ਗਿਆ।

ਸਕੱਤਰ ਜਨਰਲ ਗੁਰਦੀਪ ਸਿੰਘ ਬਠਿੰਡਾ ਨੇ ਸ. ਬਾਦਲ ਤੋਂ ਮੰਗ ਕੀਤੀ ਕਿ ਉਹ ਜਾਂ ਤਾਂ ਕੇਂਦਰ ਦੀ ਮੋਦੀ ਸਰਕਾਰ ਨਾਲ ਗੱਲਬਾਤ ਕਰਨ ਤੇ ਜਾਂ ਮੋਰਚਾ ਲਾ ਕੇ ਆਨੰਦਪੁਰ ਸਾਹਿਬ ਦੇ ਮਤੇ ਨੂੰ ਲਾਗੂ ਕਰਵਾਉਣ ਸਮੇਤ ਪੰਜਾਬੀ ਬੋਲਦੇ ਇਲਾਕੇ ਤੇ ਚੰਡੀਗੜ੍ਹ ਨੂੰ ਪੰਜਾਬ ਦੇ ਹਵਾਲੇ ਕਰਵਾਉਣ ਲਈ ਯਤਨਸ਼ੀਲ ਹੋਣ। ਉਨ੍ਹਾਂ ਜੇਲ੍ਹਾਂ ਵਿਚ ਬੰਦ ਸਿੱਖਾਂ ਦੀ ਰਿਹਾਈ ਕਰਵਾਉਣ ਤੇ ਧਰਮੀ ਫੌਜੀਆਂ ਅਤੇ ਧਰਮਯੁੱਧ ਮੋਰਚੇ ਦੇ ਸ਼ਹੀਦਾਂ ਦੇ ਪਰਿਵਾਰਾਂ ਦੇ ਮੁੜ ਵਸੇਬੇ ਕਰਨ ਦੀ ਮੰਗ ਕੀਤੀ। ਉਨ੍ਹਾਂ ਆਲ ਇੰਡੀਆ ਗੁਰਦੁਆਰਾ ਐਕਟ ਲਾਗੂ ਕਰਵਾਉਣ ਤੇ ਹਰਿਆਣਾ ਦੇ ਸਿੱਖਾਂ ਨਾਲ ਟਕਰਾਅ ਪੈਦਾ ਕਰਨ ਤੋਂ ਗੁਰੇਜ਼ ਕਰਨ ਦੀ ਸਲਾਹ ਦਿੱਤੀ।

# ਜੱਸੀ ਤੇ ਕਾਂਗੜ ਦੀ ਜ਼ੈੱਡ ਸੁਰੱਖਿਆ ਵਾਪਸ ਲੈਣ ਦੀ ਤਿਆਰੀ

**ਬਠਿੰਡਾ:** ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਸਾਬਕਾ ਮੰਤਰੀ ਹਰਮਿੰਦਰ ਸਿੰਘ ਜੱਸੀ ਤੇ ਕਾਂਗਰਸ ਦੇ ਮੀਤ ਪ੍ਰਧਾਨ ਗੁਰਪ੍ਰੀਤ ਸਿੰਘ ਕਾਂਗੜ ਨੂੰ ਦਿੱਤੀ ਕੇਂਦਰੀ ਸੁਰੱਖਿਆ ਦਾ ਮੁੜ ਜਾਇਜ਼ਾ ਲਿਆ ਜਾ ਰਿਹਾ ਹੈ। ਯੂ.ਪੀ.ਏ. ਸਰਕਾਰ ਨੇ ਲੋਕ ਸਭਾ ਚੋਣਾਂ ਤੋਂ ਪਹਿਲਾਂ ਸ੍ਰੀ ਜੱਸੀ ਨੂੰ 'ਜ਼ੈੱਡ' ਕੈਟਾਗਿਰੀ ਤੇ ਸ੍ਰੀ ਕਾਂਗੜ ਨੂੰ 'ਵਾਈ' ਕੈਟਾਗਿਰੀ ਦੀ ਕੇਂਦਰੀ ਸੁਰੱਖਿਆ ਦਿੱਤੀ ਸੀ। ਹੁਣ ਐਨ. ਡੀ. ਏ. ਸਰਕਾਰ ਨੇ ਇਨ੍ਹਾਂ ਕਾਂਗਰਸੀ ਨੇਤਾਵਾਂ ਦੀ ਸੁਰੱਖਿਆ ਦਾ ਮੁੜ ਜਾਇਜ਼ਾ ਲੈਣਾ ਸ਼ੁਰੂ ਕੀਤਾ ਹੈ। ਗ੍ਰਹਿ ਵਿਭਾਗ, ਪੰਜਾਬ ਨੇ ਵੀ ਜ਼ਿਲ੍ਹਾ ਪੁਲਿਸ ਬਠਿੰਡਾ ਤੋਂ ਇਨ੍ਹਾਂ ਆਗੂਆਂ ਤੋਂ ਇਲਾਵਾ ਡੇਰਾ ਸੱਚਾ ਸੌਦਾ ਸਲਾਬਤਪੁਰਾ ਦੇ ਪ੍ਰਬੰਧਕ ਜੋਰਾ ਸਿੰਘ ਦੀ ਸੁਰੱਖਿਆ ਬਾਰੇ ਰਿਪੋਰਟ ਮੰਗੀ ਹੈ।

ਕੇਂਦਰੀ ਗ੍ਰਹਿ ਮੰਤਰਾਲੇ ਨੇ ਜੁਲਾਈ ਵਿਚ ਹਰਮਿੰਦਰ ਸਿੰਘ ਜੱਸੀ ਤੇ ਗੁਰਪ੍ਰੀਤ ਸਿੰਘ ਕਾਂਗੜ ਦੀ ਸੁਰੱਖਿਆ ਬਾਰੇ ਰਿਪੋਰਟ ਕੇਂਦਰੀ ਏਜੰਸੀਆਂ ਰਾਹੀਂ ਪ੍ਰਾਪਤ ਕੀਤੀ ਸੀ। ਹੁਣ ਕੇਂਦਰੀ ਮੰਤਰਾਲੇ ਨੇ ਪੰਜਾਬ ਸਰਕਾਰ ਨੂੰ ਧਮਕੀਗ੍ਰਸਤ ਵੀ.ਆਈ.ਪੀਜ਼. ਦੀ ਸੁਰੱਖਿਆ ਨੂੰ ਰਿਵਿਊ ਕਰਨ ਦੀ ਹਦਾਇਤ ਕੀਤੀ ਹੈ। ਜ਼ਿਲ੍ਹਾ ਪੁਲਿਸ ਬਠਿੰਡਾ ਵੱਲੋਂ ਹੁਣ ਹਰਮਿੰਦਰ ਸਿੰਘ ਜੱਸੀ, ਗੁਰਪ੍ਰੀਤ ਸਿੰਘ ਕਾਂਗੜ ਤੇ ਜੋਰਾ ਸਿੰਘ ਦੀ ਸੁਰੱਖਿਆ ਦੀ ਗਰਾਊਂਡ ਰਿਪੋਰਟ ਪ੍ਰਾਪਤ ਕੀਤੀ ਜਾ ਰਹੀ ਹੈ। ਹੁਣ ਜਦੋਂ ਤਲਵੰਡੀ ਸਾਬੋ ਜਿਮਨੀ ਚੋਣ ਹੋ ਰਹੀ ਹੈ ਤਾਂ ਠੀਕ ਉਸ ਸਮੇਂ ਹੀ ਇਥੋਂ ਕਾਂਗਰਸ ਦੇ ਉਮੀਦਵਾਰ ਵਜੋਂ ਉਤਰੇ ਹਰਮਿੰਦਰ ਸਿੰਘ ਜੱਸੀ ਦੀ ਸੁਰੱਖਿਆ 'ਤੇ ਉਂਗਲ ਉੱਠੀ ਹੈ।

ਪਿਛਲੀ ਯੂ.ਪੀ.ਏ. ਸਰਕਾਰ ਨੇ ਤਕਰੀਬਨ ਸੱਤ ਮਹੀਨੇ ਪਹਿਲਾਂ ਸਾਬਕਾ ਕਾਂਗਰਸੀ ਮੰਤਰੀ ਹਰਮਿੰਦਰ ਸਿੰਘ ਜੱਸੀ, ਜੋ ਕਿ ਡੇਰਾ ਸਿਰਸਾ ਦੇ ਮੁਖੀ ਦੇ ਰਿਸ਼ਤੇਦਾਰ ਵੀ ਹਨ, ਨੂੰ 'ਜ਼ੈੱਡ' ਕੈਟਾਗਿਰੀ ਸੁਰੱਖਿਆ ਦਿੱਤੀ ਸੀ। ਇਸ ਤਹਿਤ ਸੀ.ਆਰ.ਪੀ.ਐਫ. ਦੇ 30 ਮੁਲਾਜ਼ਮਾਂ ਦੀ ਤਾਇਨਾਤੀ ਕੀਤੀ ਹੋਈ ਹੈ। ਹੁਣ ਕੇਂਦਰ ਦੀ ਐਨ.ਡੀ.ਏ. ਸਰਕਾਰ ਨੇ ਸ੍ਰੀ ਜੱਸੀ ਦੀ ਸੁਰੱਖਿਆ ਦੀ ਰਿਪੋਰਟ ਮੰਗੀ ਹੈ।

## ਜੱਜ ਜਿਨਸੀ ਸੋਸ਼ਣ ਮਾਮਲੇ ਦੀ ਜਾਂਚ ਦੇ ਹੁਕਮ

**ਨਵੀਂ ਦਿੱਲੀ:** ਕੇਂਦਰੀ ਕਾਨੂੰਨ ਮੰਤਰੀ ਰਵੀ ਸ਼ੰਕਰ ਪ੍ਰਸਾਦ ਨੇ ਕਿਹਾ ਹੈ ਕਿ ਮੱਧ ਪ੍ਰਦੇਸ਼ ਵਿਚ ਇਕ ਵਧੀਕ ਜ਼ਿਲ੍ਹਾ ਜੱਜ ਵੱਲੋਂ ਹਾਈ ਕੋਰਟ ਦੇ ਇਕ ਜੱਜ ਵਿਰੁੱਧ ਜਿਨਸੀ ਸੋਸ਼ਣ ਦੇ ਲਾਏ ਗਏ ਦੋਸ਼ਾਂ ਦੀ ਜਾਂਚ, ਨਿਰਪੱਖ ਤੌਰ ਉੱਤੇ ਹੋਣੀ ਚਾਹੀਦੀ ਹੈ ਤੇ ਇਸ ਮਗਰੋਂ ਇਸ 'ਤੇ ਬਣਦੀ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਮੰਤਰੀ ਨੇ ਕਿਹਾ ਕਿ ਮੱਧ ਪ੍ਰਦੇਸ਼ ਵਿਚ ਵਧੀਕ ਜ਼ਿਲ੍ਹਾ ਜੱਜ ਵੱਲੋਂ ਹਾਈ ਕੋਰਟ ਦੇ ਇਕ ਜੱਜ ਉੱਤੇ ਲਾਏ ਦੋਸ਼ਾਂ ਬਾਰੇ ਮੀਡੀਆ ਵਿਚ ਆਇਆ ਹੈ।

# 'ਈਦ ਮੁਬਾਰਕ' ਨਾ ਕਹਿਣ 'ਤੇ ਘਿਰੇ ਨਰਿੰਦਰ ਮੋਦੀ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਐਤਕੀਂ ਰਮਜ਼ਾਨ 'ਤੇ ਇਫ਼ਤਾਰ ਦੀ ਦਾਅਵਤ ਨਾ ਦੇਣ ਦਾ ਮੁੱਦਾ ਲੋਕ ਸਭਾ ਵਿਚ ਉਠਾਉਂਦਿਆਂ ਕਾਂਗਰਸ ਦੇ ਇਕ ਮੈਂਬਰ ਨੇ ਆਖਿਆ ਕਿ ਜੇਕਰ ਉਹ ਨੇਪਾਲ ਦੇ ਪ੍ਰਸਿੱਧ ਪਸ਼ੂਪਤੀਨਾਥ ਮੰਦਿਰ ਵਿਚ ਮੱਥਾ ਟੇਕਣ ਜਾ ਸਕਦੇ ਹਨ ਤਾਂ ਹੋਰਨਾਂ ਧਰਮਾਂ ਦਾ ਸਤਿਕਾਰ ਕਰਨਾ ਕਿਵੇਂ ਭੁੱਲ ਗਏ। ਪੱਛਮੀ ਬੰਗਾਲ ਤੋਂ ਲੋਕ ਸਭਾ ਦੇ ਮੈਂਬਰ ਅਧੀਰ ਰੰਜਨ ਚੌਧਰੀ ਨੇ ਆਖਿਆ ਕਿ ਕਿਸੇ ਨੂੰ ਵੀ ਪ੍ਰਧਾਨ ਮੰਤਰੀ ਦੇ ਪਸ਼ੂਪਤੀਨਾਥ ਜਾਂ ਤਿਰੂਪਤੀ ਮੰਦਰ ਜਾਣ 'ਤੇ ਇਤਰਾਜ਼ ਨਹੀਂ ਹੈ ਪਰ ਆਜ਼ਾਦੀ ਤੋਂ ਲੈ ਕੇ ਹੁਣ ਤੱਕ ਪ੍ਰਧਾਨ ਮੰਤਰੀ ਵੱਲੋਂ ਰਮਜ਼ਾਨ 'ਤੇ ਇਫ਼ਤਾਰ ਦੀ ਦਾਅਵਤ ਦੇਣ ਦੀ ਵੀ ਰਵਾਇਤ ਰਹੀ ਹੈ।

ਉਨ੍ਹਾਂ ਕਿਹਾ "ਇਥੋਂ ਤੱਕ ਕਿ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੇ ਵੀ ਇਹ ਰਵਾਇਤ ਜਾਰੀ ਰੱਖੀ ਸੀ ਪਰ ਹੁਣ ਕੀ ਹੋ ਗਿਆ।" ਉਨ੍ਹਾਂ ਦੀ ਇਸ ਟਿੱਪਣੀ 'ਤੇ ਭਾਜਪਾ ਮੈਂਬਰਾਂ ਨੇ ਤਿੱਖਾ ਪ੍ਰਤੀਕਰਮ ਕੀਤਾ, ਜਿਸ ਤੋਂ ਸਪੀਕਰ ਸੁਮਿਤਰਾ ਮਹਾਜਨ ਨੇ ਕਿਹਾ ਕਿ ਕੁਝ ਵੀ ਰਿਕਾਰਡ ਨਹੀਂ ਕੀਤਾ ਜਾਵੇਗਾ। ਸੀ.ਪੀ.ਆਈ. (ਐਮ) ਦੇ ਪੀ.ਕੇ. ਬੀਜੂ ਤੇ ਐਮ.ਬੀ. ਰਾਜੇਸ਼ ਨੇ ਸ੍ਰੀ ਚੌਧਰੀ ਦੀ ਟਿੱਪਣੀ ਦੀ ਪ੍ਰੋੜ੍ਹਤਾ ਕੀਤੀ ਪਰ ਸਪੀਕਰ ਨੇ ਸ੍ਰੀ ਚੌਧਰੀ ਨੂੰ ਆਖਿਆ "ਇਸ ਤਰ੍ਹਾਂ ਦੇ ਨਿੱਜੀ ਮਾਮਲੇ ਰਿਕਾਰਡ 'ਤੇ ਨਹੀਂ ਲਏ ਜਾਣਗੇ। ਮੈਨੂੰ ਅਫਸੋਸ ਹੈ ਕਿ ਇਹ ਸਹੀ ਢੰਗ ਨਹੀਂ ਹੈ। ਜੇਕਰ ਤੁਸੀਂ ਦਾਅਵਤ ਚਾਹੁੰਦੇ ਹੋ ਤਾਂ ਤੁਸੀਂ ਉਨ੍ਹਾਂ ਕੋਲ ਜਾਵੋ।

ਸਿਫ਼ਰ ਕਾਲ ਦੌਰਾਨ ਮੁੱਦਾ ਉਠਾਉਂਦਿਆਂ ਤ੍ਰਿਣਮੂਲ ਕਾਂਗਰਸ ਦੇ ਆਗੂ ਸੁਦੀਪ ਬੰਧੋਪਾਧਿਆਏ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਕਾਠਮੰਡੂ (ਨੇਪਾਲ) ਵਿਚਲੇ ਪਸ਼ੂਪਤੀਨਾਥ ਮੰਦਰ ਦੀ ਯਾਤਰਾ ਤੇ ਉਥੇ ਦੇਸੀ ਘਿਓ ਤੇ 2500 ਕਿਲੋਗ੍ਰਾਮ ਸੰਦਲ ਦੀ ਲੱਕੜ ਦਾਨ ਕਰਨ ਦਾ ਚੇਤਾ ਕਰਾਇਆ।

## ਗਦਰੀ ਬਾਬਿਆਂ ਦਾ ਮੇਲਾ ਹੁਣ 12 ਅਕਤੂਬਰ ਨੂੰ

**ਬੇਕਰਜ਼ਫੀਲਡ (ਬਿਊਰੋ):** ਇੰਡੋ-ਅਮੈਰਿਕਨ ਕਲਚਰਲ ਆਰਗੇਨਾਈਜੇਸ਼ਨ ਵਲੋਂ ਇਸ ਸਾਲ ਗਦਰੀ ਬਾਬਿਆਂ ਦਾ ਮੇਲਾ ਆਉਂਦੀ 12 ਅਕਤੂਬਰ ਨੂੰ ਈਸਟ ਸਟਾਕਟਨ ਬੁਲੇਵਾਰਡ ਹਾਲ ਵਿਚ ਮਨਾਇਆ ਜਾਵੇਗਾ। ਸੰਸਥਾ ਵਲੋਂ ਜਾਰੀ ਬਿਆਨ ਅਨੁਸਾਰ ਪਹਿਲਾਂ ਇਹ ਮੇਲਾ 5 ਅਕਤੂਬਰ ਨੂੰ ਮਨਾਇਆ ਜਾਣਾ ਸੀ ਪਰ ਕੁਝ ਪ੍ਰਬੰਧਕੀ ਕਾਰਨਾਂ ਕਰਕੇ ਇਸ ਮੇਲੇ ਦੀ ਤਾਰੀਖ ਬਦਲਣੀ ਪਈ। ਉਂਜ ਬਾਕੀ ਪ੍ਰੋਗਰਾਮ ਪਹਿਲਾਂ ਦਿੱਤੀ ਸੂਚਨਾ ਅਨੁਸਾਰ ਹੀ ਹੋਣਗੇ।

ਚੇਤੇ ਰਹੇ, ਇਹ ਵਰ੍ਹਾ ਕਾਮਾਗਾਟਾਮਾਰੂ ਸਾਕੇ ਦਾ ਸ਼ਤਾਬਦੀ ਵਰ੍ਹਾ ਹੈ ਜਿਸ ਕਾਰਨ ਇਹ ਮੇਲਾ ਇਸੇ ਸਾਕੇ ਨੂੰ ਸਮਰਪਿਤ ਹੋਵੇਗਾ। ਸੰਸਥਾ ਨੇ ਕਾਰੋਬਾਰੀ ਸੱਜਣਾਂ ਤੇ ਅਦਾਰਿਆਂ ਨੂੰ ਸੰਸਥਾ ਵਲੋਂ ਛਾਪੇ ਜਾ ਰਹੇ ਸੋਵੀਨਾਰ ਲਈ ਆਪਣੇ ਇਸ਼ਤਿਹਾਰ ਦੇਣ ਦੀ ਅਪੀਲ ਕੀਤੀ ਹੈ। ਹੋਰ ਜਾਣਕਾਰੀ ਲਈ ਸੰਸਥਾ ਦੇ ਸਕੱਤਰ ਸਵਰਨ ਸਿੰਘ ਸਿੱਧੂ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਪੰਜਾਬ ਸਰਕਾਰ ਨੂੰ ਰਾਜੋਆਣਾ ਦੀ ਫਾਂਸੀ 'ਤੇ ਕੋਈ ਇਤਰਾਜ਼ ਨਹੀਂ!

**ਅੰਮ੍ਰਿਤਸਰ:** ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਮੁਆਫ਼ੀ ਬਾਰੇ ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਪੰਜਾਬ ਸਰਕਾਰ ਨੂੰ ਭੇਜੇ ਗਏ ਪੱਤਰ 'ਤੇ ਸਰਕਾਰ ਨੇ ਬਿਨਾਂ ਕੋਈ ਟਿੱਪਣੀ ਕੀਤੇ ਇਸ ਨੂੰ ਵਾਪਸ ਭੇਜ ਦਿੱਤਾ ਹੈ। ਰਾਜੋਆਣਾ ਦੀ ਫ਼ਾਂਸੀ ਦੀ ਸਜ਼ਾ ਰੱਦ ਕਰਾਉਣ ਲਈ ਅਕਾਲ ਤਖ਼ਤ ਦੇ ਆਦੇਸ਼ਾਂ 'ਤੇ ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਵੱਲੋਂ ਭਾਰਤ ਦੇ ਰਾਸ਼ਟਰਪਤੀ ਕੋਲ ਰਹਿਮ ਦੀ ਅਪੀਲ ਦਾਇਰ ਕੀਤੀ ਗਈ ਸੀ, ਜਿਸ ਬਾਰੇ ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਪੰਜਾਬ ਸਰਕਾਰ ਦਾ ਪੱਖ ਜਾਣਨ ਲਈ ਪੱਤਰ ਭੇਜਿਆ ਗਿਆ ਸੀ। ਹੁਣ ਇਸ ਮਾਮਲੇ 'ਤੇ ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਆਪਣੇ ਪੱਧਰ 'ਤੇ ਫੈਸਲਾ ਕੀਤਾ ਜਾਵੇਗਾ।

ਇਹ ਦਾਅਵਾ ਸਿੱਖ ਜਥੇਬੰਦੀ ਦਲ ਖ਼ਾਲਸਾ ਨੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਭੇਜੇ ਇਕ ਪੱਤਰ ਵਿੱਚ ਕੀਤਾ ਹੈ। ਇਹ ਪੱਤਰ ਦਲ ਖ਼ਾਲਸਾ ਦੇ ਪ੍ਰਧਾਨ ਹਰਚਰਨਜੀਤ ਸਿੰਘ ਧਾਮੀ ਵੱਲੋਂ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਭੇਜਿਆ ਗਿਆ ਹੈ, ਜਿਸ ਵਿਚ ਬਲਵੰਤ ਸਿੰਘ ਰਾਜੋਆਣਾ ਦੇ ਕੇਸ ਸਮੇਤ ਹੋਰ ਮੁੱਦਿਆਂ ਵੱਲ ਉਨ੍ਹਾਂ ਦਾ ਧਿਆਨ ਦਿਵਾਇਆ ਗਿਆ ਹੈ।


ਪਾਰਟੀ ਦੇ ਬੁਲਾਰੇ ਕੰਵਰਪਾਲ ਸਿੰਘ ਨੇ ਦੱਸਿਆ ਕਿ ਇਹ ਪੱਤਰ ਜਥੇਦਾਰ ਨੂੰ ਈ-ਮੇਲ ਰਾਹੀਂ ਭੇਜਿਆ ਗਿਆ ਹੈ। ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ ਸਰਕਾਰ ਵੱਲੋਂ ਆਪਣਾ ਪੱਖ ਦਰਜ ਬਿਨਾਂ ਹੀ ਇਹ ਪੱਤਰ ਬੇਰੰਗ ਵਾਪਸ ਭੇਜ ਦਿੱਤਾ ਗਿਆ ਹੈ। ਇਸ ਬਾਰੇ ਦਿੱਲੀ ਵਿਚ ਕੁਝ ਖ਼ਬਰਾਂ ਵੀ ਪ੍ਰਕਾਸ਼ਿਤ ਹੋਈਆਂ ਹਨ। ਉਨ੍ਹਾਂ ਦਾਅਵਾ ਕੀਤਾ ਕਿ ਕੇਂਦਰ ਵੱਲੋਂ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਮੁਆਫ਼ ਕੀਤੇ ਜਾਣ ਦੀ ਸੰਭਾਵਨਾ ਨਾਮਾਤਰ ਹੈ।

ਜਥੇਬੰਦੀ ਨੇ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਅਪੀਲ ਕੀਤੀ ਹੈ ਕਿ ਉਹ ਆਪਣਾ ਅਸਰ ਰਸੂਖ ਵਰਤ ਕੇ ਇਸ ਮਾਮਲੇ ਵਿਚ ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਦੇ ਆਗੂਆਂ ਨੂੰ ਖ਼ਬਰਦਾਰ ਕਰਨ।

ਪੱਤਰ ਵਿਚ ਉਨ੍ਹਾਂ ਹਰਿਆਣਾ ਵਿਚ ਵੱਖਰੀ ਕਮੇਟੀ ਦੇ ਮੁੱਦੇ ਨੂੰ ਵੀ ਉਭਾਰਿਆ ਹੈ। ਉਨ੍ਹਾਂ ਆਖਿਆ ਕਿ ਸ਼੍ਰੋਮਣੀ ਕਮੇਟੀ ਦੀ ਵੰਡ ਦੁਖਦਾਈ ਹੈ ਪਰ ਇਸ ਵੰਡ ਲਈ ਅਕਾਲੀ ਦਲ ਹੀ ਜ਼ਿੰਮੇਵਾਰ ਹੈ। ਉਨ੍ਹਾਂ ਨੇ ਅਕਾਲ ਤਖ਼ਤ ਦੇ ਹੁਕਮ ਨੂੰ ਮੰਨਣ ਲਈ ਸ਼੍ਰੋਮਣੀ ਕਮੇਟੀ ਵੱਲੋਂ ਦਿੱਤੇ ਜਾ ਰਹੇ ਇਸ਼ਤਿਹਾਰਾਂ 'ਤੇ ਵੀ ਇਤਰਾਜ਼ ਕੀਤਾ ਹੈ।

## ਪੱਤਰਕਾਰ ਬਲਜੀਤ ਬੱਲੀ ਅਮਰੀਕਾ ਦੌਰੇ 'ਤੇ

**ਸੈਕਰਾਮੈਂਟੋ (ਬਿਊਰੋ):** ਪੱਤਰਕਾਰ ਅਤੇ ਬਾਬੂਸ਼ਾਹੀ ਡਾਟ ਕਾਮ ਦੇ ਮੈਨੇਜਿੰਗ ਐਡੀਟਰ ਬਲਜੀਤ ਬੱਲੀ ਇਨ੍ਹੀਂ ਦਿਨੀਂ ਅਮਰੀਕਾ ਦੌਰੇ 'ਤੇ ਹਨ। ਉਹ 7 ਅਗਸਤ ਨੂੰ ਸੈਕਰਾਮੈਂਟੋ ਪੁੱਜਣਗੇ ਅਤੇ ਹਫ਼ਤੇ ਤੋਂ ਵੱਧ ਸਮਾਂ ਕੈਲੀਫੋਰਨੀਆ ਰਹਿਣਗੇ।



ਇਸ ਪਿਛੋਂ ਸ੍ਰੀ ਬੱਲੀ ਸਿਆਟਲ, ਵੈਨਕੂਵਰ-ਸਰੀ ਤੋਂ ਇਲਾਵਾ ਨਿਊ ਯਾਰਕ ਤੇ ਨਿਊ ਜਰਸੀ ਵੀ ਜਾਣਗੇ। ਉਨ੍ਹਾਂ ਨਾਲ ਸੰਪਰਕ ਫੋਨ 213-568-8754 ਰਾਹੀਂ ਕੀਤਾ ਜਾ ਸਕਦਾ ਹੈ।


SUPER TRAVEL
847-676-9090, 773-465-5566
*E-mail: supertravel2003@yahoo.com*
*Lowest Fares With Excellent Service*
AMERICAN AIR, CONTINENTAL AIR
JET AIRWAYS DELTA, AIR INDIA, KLM, LUFTHANSA.



For Emergency Call anytime at 847-673-3825
EARLY BIRD SALE!!!!
India $545
London $250

Hotel Staff Wanted
Hotel in N. Dakota looking for Housekeepers, Maintenance Person And Desk Clerk with Fluent English.
*Free accommodation will be provided. Good Pay.*
Call, Gill: 701-240-3220
ਹੋਟਲ ਸਟਾਫ ਦੀ ਲੋੜ
ਨਾਰਥ ਡਕੋਟਾ 'ਚ ਸਥਿਤ ਹੋਟਲ ਲਈ ਹਾਊਸਕੀਪਰ, ਦੇਖ-ਭਾਲ ਕਰਨ ਵਾਲੇ ਤੇ ਕਲਰਕ ਦੀ ਲੋੜ ਹੈ
ਸਬੰਧਤ ਵਿਅਕਤੀ ਅੰਗਰੇਜ਼ੀ ਚੰਗੀ ਤਰ੍ਹਾਂ ਜਾਣਦਾ ਹੋਵੇ
ਮੁਫਤ ਰਿਹਾਇਸ਼ ਅਤੇ ਚੰਗੀ ਤਨਖਾਹ
ਕਾਲ ਕਰੋ, ਗਿੱਲ: 701-240-3220
32-35

ਕੈਨਸਸ ਸਿਟੀ ਵਿਚ ਇੰਡੀਅਨ ਰੈਸਟੋਰੈਂਟ ਲਈ ਤੰਦੂਰੀਏ ਤੇ ਡਿਸ਼ ਵਾਸ਼ਰ ਦੀ ਲੋੜ ਹੈ
ਕੈਨਸਸ ਸਿਟੀ, ਮਿਜ਼ੌਰੀ ਵਿਚ ਇੰਡੀਅਨ ਰੈਸਟੋਰੈਂਟ ਲਈ ਤੰਦੂਰੀਏ, ਡਿਸ਼ ਵਾਸ਼ਰ, ਕਿਚਨ ਹੈਲਪਰ, ਸਹਾਇਕ ਕੱਰੀ ਕੁੱਕ, ਵੇਟਰ ਤੇ ਹੈਲਪਰ ਦੀ ਲੋੜ ਹੈ
ਚੰਗੀ ਤਨਖਾਹ ਤੇ ਹੋਰ ਸਹੂਲਤਾਂ
ਸੰਪਰਕ ਕਰੋ
ਫੋਨ: 816-806-6065

LAW OFFICE OF NIRWAN & ASSOCIATES



Jagdip S. Nirwan
SACRAMENTO
1104 Corporate Way
Sacramento, CA 95831
CALL US TODAY
Tel: 916-832-3144
Fax: 925-264-5078
www.nirwanlaw.com
• IMMIGRATION LAW
• TAX LAW
• TAX PREPARATION
• BUSINESS INCORPORATION
• BUSINESS LITIGATION



Security Cameras
Special promotion for limited time only
1000 TVL camera for the price of 700 TVL camera
Limit 4 for each customer only
*For more Details, Contact:*
Balbir S Sidhu-209-495-3905 (Cell)
Toll Free (888) 233-4566
DVRunlimited Inc.
Fax-(209) 982-9133

**Punjab Times**
**Established in 2000**
**15th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਸਿੱਖਾਂ ਦੀ ਸ਼ਨਾਖਤ ਖਾਤਰ ਹਰਲੀਨ ਕੌਰ ਨੇ ਸਜਾਈ ਦਸਤਾਰ

**ਵਾਸ਼ਿੰਗਟਨ:** ਦੋ ਸਾਲ ਪਹਿਲਾਂ ਓਕ ਕਰੀਕ ਗੁਰਦੁਆਰੇ ਵਿਚ ਜਦ ਗੋਰੇ ਬੰਦੂਕਧਾਰੀ ਨੇ ਅੰਨ੍ਹੇਵਾਹ ਗੋਲੀਆਂ ਚਲਾਈਆਂ ਸਨ ਤਾਂ ਦੋ ਹਫ਼ਤਿਆਂ ਬਾਅਦ ਹੀ ਹਰਲੀਨ ਕੌਰ ਨੇ ਆਪਣੀ ਜ਼ਿੰਦਗੀ ਦਾ ਅਹਿਮ ਫ਼ੈਸਲਾ ਕਰ ਲਿਆ ਸੀ। ਅਪਣੀ ਸਿੱਖ ਸ਼ਨਾਖਤ ਦੱਸਣ ਲਈ ਉਸ ਨੇ ਪੱਗ ਬੰਨ੍ਹਣੀ ਸ਼ੁਰੂ ਕਰ ਦਿੱਤੀ।

ਹਰਲੀਨ ਕੌਰ ਦਾ ਕਹਿਣਾ ਹੈ ਕਿ ਕਾਲਜ ਹੋਵੇ ਜਾਂ ਹਵਾਈ ਅੱਡਾ, ਲੋਕ ਹੁਣ ਉਸ ਨੂੰ ਵੱਖਰੀ ਨਜ਼ਰ ਨਾਲ ਵੇਖਦੇ ਹਨ। ਉਹ ਕਹਿੰਦੀ ਹੈ, "ਹੁਣ ਮੈਂ ਜਦ ਹਵਾਈ ਅੱਡੇ 'ਤੇ ਜਾਂਦੀ ਹਾਂ ਤਾਂ ਮੈਨੂੰ ਦੋ ਵਾਰੀ ਸਕ੍ਰੀਨਿੰਗ ਵਿਚੋਂ ਲੰਘਣਾ ਪੈਂਦਾ ਹੈ ਜੋ ਪਹਿਲਾਂ ਨਹੀਂ ਹੁੰਦਾ ਸੀ।" ਪਰ ਉਹ ਪ੍ਰੇਸ਼ਾਨ ਨਹੀਂ ਹੈ। ਉਸ ਦਾ ਕਹਿਣਾ ਹੈ ਕਿ ਉਸ ਨੂੰ ਦੂਜਿਆਂ ਨੂੰ ਸਿੱਖ ਕਦਰਾਂ-ਕੀਮਤਾਂ ਬਾਰੇ ਦੱਸਣ ਦਾ ਮੌਕਾ ਮਿਲਿਆ ਹੈ ਅਤੇ ਉਸ ਦੀ ਪੱਗ ਨਾਲ ਹਰ ਪਲ ਇਹ ਪ੍ਰਗਟ ਵੀ ਹੁੰਦਾ ਰਹਿੰਦਾ ਹੈ। ਅਮਰੀਕਾ 'ਤੇ 11 ਸਤੰਬਰ 2001 ਨੂੰ ਹੋਏ ਦਹਿਸ਼ਤੀ ਹਮਲੇ ਤੋਂ ਬਾਅਦ ਇਥੇ ਰਹਿਣ ਵਾਲੇ ਸਿੱਖਾਂ ਨੂੰ ਮੁਸਲਮਾਨ ਸਮਝ ਕੇ ਉਨ੍ਹਾਂ



'ਤੇ ਕਈ ਵਾਰ ਹਮਲੇ ਹੋਏ ਹਨ ਪਰ ਵਿਸਕਾਨਸਨ ਦੇ ਓਕ ਕਰੀਕ ਇਲਾਕੇ 'ਚ ਗੁਰਦੁਆਰੇ 'ਤੇ ਹੋਏ ਹਮਲੇ ਨੇ ਸਿੱਖਾਂ ਨੂੰ ਹਿਲਾ ਕੇ ਰੱਖ ਦਿਤਾ ਸੀ।

ਹਰਲੀਨ ਓਕ ਕਰੀਕ ਵਿਚ ਪੈਦਾ ਹੋਈ ਅਤੇ ਉਥੇ ਹੀ ਵੱਡੀ ਹੋਈ। ਉਸ ਦਾ ਗੁਰਦੁਆਰੇ ਨਾਲ ਵੀ ਖ਼ਾਸ ਮੋਹ ਸੀ। ਜਦ ਅਮਰੀਕੀ ਗੋਰੇ ਨੇ ਉਥੇ ਗੋਲੀਆਂ ਚਲਾ ਕੇ ਛੇ ਸਿੱਖਾਂ ਨੂੰ ਮਾਰ ਦਿਤਾ ਤਾਂ ਹਰਲੀਨ ਨੂੰ ਅਹਿਸਾਸ ਹੋਇਆ ਕਿ ਉਸ ਦੇ ਆਲੇ-ਦੁਆਲੇ ਦੇ ਲੋਕਾਂ ਨੂੰ ਇਸ ਕੌਮ ਬਾਰੇ ਕਿੰਨੀ ਘੱਟ ਜਾਣਕਾਰੀ ਹੈ। ਇਸ ਹਫ਼ਤੇ ਉਹ ਅਮਰੀਕੀ ਕਾਂਗਰਸ 'ਚ ਲੰਗਰ ਦੀ ਮੇਜ਼ਬਾਨੀ ਕਰਨ ਪੁੱਜੀ ਜਿਸ ਦਾ ਮਕਸਦ ਅਮਰੀਕਾ 'ਚ ਸਿੱਖਾਂ ਬਾਰੇ ਬਿਹਤਰ ਸਮਝ ਪੈਦਾ ਕਰਨਾ ਸੀ।

# ਧਮਾਕੇ ਵਿਚ ਇਮਰਾਨ ਖਾਨ ਦੀ ਪਾਰਟੀ ਦੇ ਆਗੂ ਸਣੇ ਤਿੰਨ ਹਲਾਕ

**ਇਸਲਾਮਾਬਾਦ:** ਸਾਬਕਾ ਕ੍ਰਿਕਟਰ ਇਮਰਾਨ ਖਾਨ ਦੀ ਪਾਰਟੀ ਪਾਕਿਸਤਾਨ ਤਹਿਰੀਕ-ਏ-ਇਨਸਾਫ ਦੇ ਇਕ ਸਥਾਨਕ ਆਗੂ ਸਮੇਤ ਤਿੰਨ ਲੋਕ ਬੰਬ ਧਮਾਕੇ ਵਿਚ ਮਾਰੇ ਗਏ। ਖ਼ੈਬਰ ਪਖਤੂਨਖੁਣਾ ਸੂਬੇ ਵਿਚ ਡੇਰਾ ਇਸਮਾਈਲ ਖਾਨ ਨੇੜੇ ਮੁੱਧੀ ਸੜਕ 'ਤੇ ਇਹ ਬੰਬ ਰੱਖਿਆ ਗਿਆ ਸੀ। ਧਮਾਕੇ ਨਾਲ ਫਕੀਰ ਜਮਸ਼ੀਦ ਅਹਿਮਦ ਦੀ ਗੱਡੀ ਨੁਕਸਾਨੀ ਗਈ ਤੇ ਉਹ ਖੁਦ ਹਲਾਕ ਹੋ ਗਏ। ਉਨ੍ਹਾਂ ਨਾਲ ਗੱਡੀ ਦਾ ਡਰਾਈਵਰ ਤੇ ਨਿੱਜੀ ਸੁਰੱਖਿਆ ਕਰਮੀ ਵੀ ਮਾਰਿਆ ਗਿਆ।

ਧਮਾਕੇ ਦੇ ਦੋਸ਼ ਵਿਚ ਤਿੰਨ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਤੇ ਸੁਰੱਖਿਆ ਬਲਾਂ ਵੱਲੋਂ ਹੋਰ ਛਾਪੇ ਮਾਰੇ ਜਾ ਰਹੇ ਹਨ। ਇਸ ਹਮਲੇ ਦੀ ਕਿਸੇ ਵੀ ਗੁੱਟ ਨੇ ਅਜੇ ਜ਼ਿੰਮੇਵਾਰੀ ਨਹੀਂ ਲਈ ਹੈ। ਸਥਾਨਕ ਆਗੂ ਫਕੀਰ ਜਮਸ਼ੀਦ ਅਹਿਮਦ ਨੇ 2013 ਦੀਆਂ ਚੋਣਾਂ ਲੜੀਆਂ ਸਨ ਪਰ ਉਹ ਹਾਰ ਗਏ ਸਨ।

# ਰੌਕ ਸਟਾਰ ਮਗਰੋਂ ਹੁਣ ਫਿਲਮੀ ਹੀਰੋ ਬਣਿਆ ਡੇਰਾ ਮੁਖੀ

**ਬਠਿੰਡਾ:** ਡੇਰਾ ਸਿਰਸਾ ਮੁਖੀ ਹੁਣ ਛੇਤੀ ਹੀ ਫ਼ਿਲਮ ਵਿਚ ਹੀਰੋ ਵਜੋਂ ਦਿੱਸਣਗੇ। 'ਰੌਕ ਸਟਾਰ' ਬਣਨ ਮਗਰੋਂ ਡੇਰਾ ਮੁਖੀ ਫ਼ਿਲਮ ਜ਼ਰੀਏ ਰੂਹਾਨੀਅਤ ਦੇ ਰੰਗ ਬਿਖੇਰਣਗੇ। ਫ਼ਿਲਮ ਦੀ ਕਿਸ਼ਤਾਂ ਵਿਚ ਸ਼ੂਟਿੰਗ ਚੱਲ ਰਹੀ ਹੈ ਤੇ ਇਹ ਸਾਰੀਆਂ ਭਾਸ਼ਾਵਾਂ ਵਿਚ ਬਣੇਗੀ। ਉਹ ਦੱਖਣੀ ਭਾਰਤ ਵਿਚ ਇਕ ਮਹੀਨਾ ਸ਼ੂਟਿੰਗ ਕਰਨ ਤੋਂ ਬਾਅਦ ਡੇਰਾ ਸਿਰਸਾ ਪਰਤੇ ਹਨ। ਮਿਲੀ ਜਾਣਕਾਰੀ ਮੁਤਾਬਕ ਡੇਰਾ ਮੁਖੀ ਤਕਰੀਬਨ ਇਕ ਮਹੀਨੇ ਤੋਂ ਮਹਾਰਾਸ਼ਟਰ, ਕਰਨਾਟਕ ਤੇ ਕੇਰਲਾ ਵਿਚ ਵੱਖ-ਵੱਖ ਲੋਕੇਸ਼ਨਾਂ 'ਤੇ ਫ਼ਿਲਮ ਦੀ ਸ਼ੂਟਿੰਗ ਵਿਚ ਰੁੱਝੇ ਹੋਏ ਸਨ। ਉਂਜ ਫ਼ਿਲਮ ਦਾ ਅਜੇ ਨਾਂ ਨਹੀਂ ਰੱਖਿਆ ਗਿਆ ਹੈ। ਫ਼ਿਲਮ ਦੇ ਨਿਰਦੇਸ਼ਕ ਤੇ ਪਟਕਥਾ ਲੇਖਕ ਵੀ ਕਾਫ਼ੀ ਸਮੇਂ ਤੋਂ ਡੇਰਾ ਮੁਖੀ ਨਾਲ ਫ਼ਿਲਮ ਦੇ ਮਾਮਲੇ 'ਤੇ ਵਿਚਾਰ ਵਟਾਂਦਰਾ ਕਰ ਰਹੇ ਸਨ। ਫ਼ਿਲਮ ਦੀ ਕਹਾਣੀ ਲਿਖਣ ਵਾਲਿਆਂ ਨੂੰ ਡੇਰਾ ਮੁਖੀ ਵੱਲੋਂ ਖੁਦ ਸੁਝਾਅ ਦਿੱਤੇ ਜਾ ਰਹੇ ਹਨ। ਪਤਾ ਲੱਗਾ ਹੈ ਕਿ 16 ਕਿਸ਼ਤਾਂ ਦੀ ਸ਼ੂਟਿੰਗ ਮੁਕੰਮਲ ਹੋ ਚੁੱਕੀ ਹੈ ਤੇ ਸਤੰਬਰ ਵਿਚ ਮੁੜ ਸ਼ੂਟਿੰਗ ਹੋਣ ਦੀ ਸੰਭਾਵਨਾ ਹੈ। ਡੇਰਾ ਸਿਰਸਾ ਵੱਲੋਂ ਅਗਲੇ ਵਰ੍ਹੇ ਵਿਸ਼ਵ ਭਰ ਵਿਚ ਇਹ ਫ਼ਿਲਮ ਰਲੀਜ਼ ਕਰਨ ਦੀ ਯੋਜਨਾ ਹੈ। ਫ਼ਿਲਮ ਨੂੰ ਵੱਖ-ਵੱਖ ਹਿੱਸਿਆਂ ਵਿਚ ਵੰਡਿਆ ਗਿਆ ਹੈ ਤੇ ਇਸ ਨੂੰ ਚੈਨਲਾਂ 'ਤੇ ਵਿਖਾਇਆ ਜਾਣਾ ਹੈ। ਡੇਰਾ



ਸਿਰਸਾ ਦੇ ਸਿਆਸੀ ਕਮੇਟੀ ਦੇ ਸੀਨੀਅਰ ਮੈਂਬਰ ਗੁਰਬਾਜ ਸਿੰਘ ਦਾ ਕਹਿਣਾ ਹੈ ਕਿ ਨਵੀਂ ਪੀੜ੍ਹੀ ਨੂੰ ਰੂਹਾਨੀਅਤ ਦਾ ਮਾਰਗ ਦਿਖਾਉਣ ਤੇ ਆਮ ਲੋਕਾਂ ਨੂੰ ਸਮਾਜ ਸੇਵਾ ਦੀ ਚੇਟਕ ਲਾਉਣ ਲਈ ਫ਼ਿਲਮ ਤੇ ਸੀਰੀਅਲ ਦਾ ਨਿਰਮਾਣ ਹੋ ਰਿਹਾ ਹੈ। ਉਨ੍ਹਾਂ ਦੱਸਿਆ ਕਿ ਫ਼ਿਲਮ ਵਿਚ ਡੇਰਾ ਸਿਰਸਾ ਵੱਲੋਂ ਕੀਤੇ ਜਾਂਦੇ ਸਮਾਜ ਸੇਵਾ ਦੇ ਕਾਰਜਾਂ ਨੂੰ ਵੀ ਦਿਖਾਇਆ ਜਾਵੇਗਾ। ਡੇਰਾ ਮੁਖੀ ਪ੍ਰੇਰਨਾ ਸਰੋਤ ਵਜੋਂ ਫ਼ਿਲਮ ਵਿਚ ਮੁੱਖ ਭੂਮਿਕਾ ਵਿਚ ਦਿਖਣਗੇ। ਡੇਰਾ ਸਿਰਸਾ ਦੇ ਸੀਨੀਅਰ ਆਗੂ ਤੇ ਸਿਆਸੀ ਵਿੰਗ ਦੇ ਚੇਅਰਮੈਨ ਰਾਮ ਸਿੰਘ ਨੇ ਦੱਸਿਆ ਕਿ ਫ਼ਿਲਮ ਵਿਚ ਉਨ੍ਹਾਂ ਦੀ ਰੂਹਾਨੀ ਭੂਮਿਕਾ ਹੀ ਦਿੱਸੇਗੀ ਤੇ ਪੈਰੋਕਾਰ ਵੀ ਦਿਖਣਗੇ।

# ਕਾਂਗਰਸ ਦਾ ਕਲੇਸ਼ ਬਰਕਰਾਰ, ਹੁਣ ਬਰਾੜ ਦੀ ਵਾਰੀ!

*(ਸਫਾ ਇਕ ਦੀ ਬਾਕੀ)*

ਨੂੰ ਦੇਣ ਦੀ ਥਾਂ ਆਲ ਇੰਡੀਆ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਸ਼ਕੀਲ ਅਹਿਮਦ ਨੂੰ ਭੇਜਿਆ ਹੈ। ਉਨ੍ਹਾਂ ਸਪਸ਼ਟ ਕੀਤਾ ਕਿ ਉਨ੍ਹਾਂ ਨੇ ਪਾਰਟੀ ਪ੍ਰਧਾਨ ਸੋਨੀਆ ਗਾਂਧੀ ਨੂੰ ਛੁੱਟੀ 'ਤੇ ਜਾਣ ਦੀ ਗੱਲ ਨਹੀਂ ਕਹੀ ਸੀ ਪਰ ਉਨ੍ਹਾਂ ਦੇ ਸਲਾਹਕਾਰਾਂ ਨੂੰ ਕਾਂਗਰਸ ਦੀ ਹਾਰ ਲਈ ਜ਼ਿੰਮੇਵਾਰ ਜ਼ਰੂਰ ਠਹਿਰਾਇਆ ਸੀ। ਸ. ਬਰਾੜ ਵੱਲੋਂ ਪਾਰਟੀ ਪ੍ਰਧਾਨ ਸੋਨੀਆ ਗਾਂਧੀ ਤੇ ਮੀਤ ਪ੍ਰਧਾਨ ਰਾਹੁਲ ਗਾਂਧੀ ਨੂੰ ਦੋ ਸਾਲਾਂ ਲਈ ਛੁੱਟੀ 'ਤੇ ਜਾਣ ਦੇ ਦਿੱਤੇ ਕਥਿਤ ਬਿਆਨ ਤੋਂ ਪਾਰਟੀ ਵਿਚ ਕੌਮੀ ਪੱਧਰ ਦਾ ਰੇੜਕਾ ਖੜ੍ਹਾ ਹੋ ਗਿਆ। ਸ. ਬਾਜਵਾ ਨੇ ਸ. ਬਰਾੜ ਨੂੰ ਜਵਾਬ ਦੇਣ ਦੇ ਆਦੇਸ਼ ਦਿੱਤੇ ਸਨ। ਸ. ਬਰਾੜ ਨੇ ਕਿਹਾ ਹੈ ਕਿ ਸ. ਬਾਜਵਾ ਨੂੰ ਉਨ੍ਹਾਂ ਨੂੰ ਨੋਟਿਸ ਜਾਰੀ ਕਰਨ ਦਾ ਕੋਈ ਅਧਿਕਾਰ ਨਹੀਂ ਹੈ ਤੇ ਉਹ ਸ. ਬਾਜਵਾ ਨੂੰ ਜਵਾਬ ਨਹੀਂ ਦੇਣਗੇ। ਸ. ਜਗਮੀਤ ਬਰਾੜ ਨੇ ਕੈਪਟਨ ਅਮਰਿੰਦਰ ਸਿੰਘ 'ਤੇ ਵੀ ਨਿਸ਼ਾਨਾ ਸਾਧਿਆ ਹੈ। ਉਨ੍ਹਾਂ ਕਿਹਾ ਕਿ ਜੇ ਪੰਜਾਬ ਵਿਧਾਨ ਸਭਾ ਦੀਆਂ ਸਾਲ 2007 ਤੇ 2012 ਦੀਆਂ ਚੋਣਾਂ ਦੌਰਾਨ ਪੰਜਾਬ ਕਾਂਗਰਸ ਦੀ ਕਮਾਂਡ ਉਨ੍ਹਾਂ ਦੇ ਹੱਥ ਹੁੰਦੀ ਤਾਂ ਅੱਜ ਪੰਜਾਬ ਵਿਚ ਕਾਂਗਰਸ ਦੀ ਸਰਕਾਰ ਹੋਣੀ ਸੀ। ਇਨ੍ਹਾਂ ਦੋਵਾਂ ਚੋਣਾਂ ਦੌਰਾਨ ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਸਨ।

ਜ਼ਿਕਰਯੋਗ ਹੈ ਕਿ ਪਿਛਲੇ ਸਮੇਂ ਤੋਂ ਸ. ਬਰਾੜ ਪਾਰਟੀ ਵਿਚੋਂ ਇਕ ਤਰ੍ਹਾਂ ਨੁੱਕਰੇ ਲੱਗੇ ਪਏ ਸਨ। ਉਨ੍ਹਾਂ ਨੂੰ ਜਿੱਥੇ ਆਲ ਇੰਡੀਆ ਕਾਂਗਰਸ ਕਮੇਟੀ ਵਿਚ ਕੋਈ ਖਾਸ ਅਹੁਦਾ ਨਹੀਂ ਦਿੱਤਾ ਗਿਆ ਸੀ, ਉਥੇ ਪੰਜਾਬ ਕਾਂਗਰਸ ਵਿਚ ਵੀ ਉਨ੍ਹਾਂ ਦਾ ਕੋਈ ਰੁਤਬਾ ਨਹੀਂ ਹੈ। ਉਹ ਲੰਮੇ ਸਮੇਂ ਤੋਂ ਜਿਥੇ ਪੰਜਾਬ ਕਾਂਗਰਸ ਦੀ ਪ੍ਰਧਾਨਗੀ ਦੇ ਦਾਅਵੇਦਾਰ ਹਨ, ਉਥੇ ਲੰਘੀਆਂ ਲੋਕ ਸਭਾ ਚੋਣਾਂ ਦੌਰਾਨ ਵੀ ਪਾਰਟੀ ਦੀ ਟਿਕਟ ਦੇ ਚਾਹਵਾਨ ਸਨ।

# ਨੂਰਾਂ ਭੈਣਾਂ ਦਾ ਤੋੜ-ਵਿਛੋੜਾ

**ਜਲੰਧਰ:** ਪੰਜਾਬੀ ਲੋਕ ਗਾਇਨ ਵਿਚ ਨੂਰਾਂ ਭੈਣਾਂ ਵਜੋਂ ਮਸ਼ਹੂਰ ਹੋਈਆਂ ਜੋਤੀ ਅਤੇ ਸੁਲਤਾਨਾ ਹੁਣ ਅਲੱਗ-ਅਲੱਗ ਹੋ ਗਈਆਂ ਹਨ। ਇਕੱਠੀਆਂ ਰਹਿਣ ਅਤੇ ਕਦੇ ਵਿਆਹ ਨਾ ਕਰਨ ਦੀ ਗੱਲ ਕਹਿਣ ਵਾਲੀਆਂ ਨੂਰਾਂ ਭੈਣਾਂ ਵਿਚੋਂ ਛੋਟੀ ਭੈਣ ਜੋਤੀ ਨੇ ਕੁਨਾਲ ਨਾਮ ਦੇ ਮੁੰਡੇ ਨਾਲ ਵਿਆਹ ਕਰਵਾ ਲਿਆ ਹੈ। ਉਸ ਨੇ ਤਾਂ ਹੁਣ ਆਪਣੇ ਮਾਤਾ-ਪਿਤਾ ਤੇ ਭੈਣ ਸੁਲਤਾਨਾ ਤੋਂ ਆਪਣੀ ਜਾਨ ਨੂੰ ਖ਼ਤਰਾ ਵੀ ਦੱਸਿਆ ਹੈ। ਜੋਤੀ ਨੇ ਦੱਸਿਆ ਕਿ ਪੈਸਿਆਂ ਲਈ ਉਸ ਦੇ ਮਾਤਾ-ਪਿਤਾ ਉਸ ਨੂੰ ਮਾਰ ਸਕਦੇ ਹਨ। ਉਸ ਨੇ ਸੁਰੱਖਿਆ ਲਈ ਹਾਈਕੋਰਟ ਪਹੁੰਚ ਵੀ ਕਰ ਲਈ ਹੈ ਅਤੇ ਕੋਰਟ ਨੇ ਉਸ ਨੂੰ



ਚੰਡੀਗੜ੍ਹ ਦੇ ਪ੍ਰੋਟੈਕਸ਼ਨ ਹੋਮ ਭੇਜ ਦਿੱਤਾ ਹੈ।

ਵੱਡੀ ਭੈਣ ਸੁਲਤਾਨਾ ਦਾ ਕਹਿਣਾ ਹੈ ਕਿ ਜੋਤੀ ਅਜੇ 16 ਸਾਲ ਦੀ ਹੈ, ਇਸ ਲਈ ਇਹ ਵਿਆਹ ਗ਼ੈਰ-ਕਾਨੂੰਨੀ ਹੈ। ਜੋਤੀ ਦੇ ਪਿਤਾ ਨੇ ਵੀ ਦੱਸਿਆ ਕਿ ਪਾਸਪੋਰਟ ਦੇ ਮੁਤਾਬਿਕ ਜੋਤੀ ਦੀ ਉਮਰ 16 ਸਾਲ ਹੀ ਹੈ ਪਰ ਜੋਤੀ ਨੇ ਕਿਹਾ ਹੈ ਕਿ ਉਹ 20 ਸਾਲ ਦੀ ਹੈ। ਇਸ ਬਾਰੇ ਉਹ ਟੈਸਟ ਕਰਾਉਣ ਲਈ ਵੀ ਤਿਆਰ ਹੈ। ਕੋਰਟ ਵਿਚ ਇਸ ਕੇਸ ਦੀ ਸੁਣਵਾਈ ਹੁਣ 21 ਅਗਸਤ ਨੂੰ ਹੋਣੀ ਹੈ।

# ਕੁਰੂਕਸ਼ੇਤਰ ਫਿਰ ਬਣਿਆ ਰਣਭੂਮੀ

*(ਸਫਾ ਇਕ ਦੀ ਬਾਕੀ)*

ਪ੍ਰਬੰਧਕ ਕਮੇਟੀ ਦੇ ਆਗੂਆਂ ਨਾਲ ਮੀਟਿੰਗ ਹੋਈ ਪਰ ਇਸ ਦਾ ਕੋਈ ਨਤੀਜਾ ਨਹੀਂ ਨਿਕਲਿਆ। ਸ਼੍ਰੋਮਣੀ ਅਕਾਲੀ ਨੇ ਪੰਜ ਮੈਂਬਰੀ ਵਿਦਵਾਨਾਂ ਦੀ ਕਮੇਟੀ ਬਣਾ ਕੇ ਮਸਲੇ ਦਾ ਹੱਲ ਕੱਢਣ ਦਾ ਸੁਝਾਅ ਦਿੱਤਾ ਜਿਸ ਨੂੰ ਹਰਿਆਣਾ ਦੇ ਆਗੂਆਂ ਨੇ ਰੱਦ ਕਰ ਦਿੱਤਾ।

ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਗਦੀਸ਼ ਸਿੰਘ ਝੀਂਡਾ, ਸੀਨੀਅਰ ਮੀਤ ਪ੍ਰਧਾਨ ਦੀਦਾਰ ਸਿੰਘ ਨਲਵੀ ਤੇ ਜਨਰਲ ਸਕੱਤਰ ਜੋਗਾ ਸਿੰਘ ਨੇ ਕਿਹਾ ਹੈ ਕਿ ਹਰਿਆਣਾ ਕਮੇਟੀ ਤੇ ਸ਼੍ਰੋਮਣੀ ਕਮੇਟੀ ਵਿਚਕਾਰ ਹਰਿਆਣਾ ਦੇ ਗੁਰਦੁਆਰਿਆਂ ਦੀ ਸੇਵਾ ਸੰਭਾਲ ਨੂੰ ਲੈ ਕੇ ਚੱਲ ਰਹੇ ਟਕਰਾਅ ਨੂੰ ਹੱਲ ਕਰਨ ਲਈ ਪੰਜ ਮੈਂਬਰੀ ਕਮੇਟੀ ਬਣਾਉਣ ਦੀ ਤਜਵੀਜ਼ 'ਤੇ ਹਰਿਆਣਾ ਕਮੇਟੀ ਸਹਿਮਤ ਨਹੀਂ ਹੈ। ਅਕਾਲੀ ਦਲ ਦੀ ਲੀਡਰਸ਼ਿਪ ਨੇ ਇਹ ਤਜਵੀਜ਼ ਸੇਵਾ ਸੰਭਾਲ ਮੋਰਚੇ ਨੂੰ ਫੇਲ੍ਹ ਕਰਨ ਦੇ ਉਦੇਸ਼ ਨਾਲ ਪੇਸ਼ ਕੀਤੀ ਸੀ।

ਸ. ਝੀਂਡਾ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਨੇ ਪੰਜ ਮੈਂਬਰੀ ਕਮੇਟੀ ਬਣਾਉਣ ਦਾ ਸ਼ੋਸ਼ਾ ਆਪ ਹੀ ਛੱਡਿਆ ਹੈ। ਮੀਟਿੰਗ ਦੌਰਾਨ ਪੰਜ ਮੈਂਬਰੀ ਕਮੇਟੀ ਬਣਾਉਣ ਦੀ ਤਜਵੀਜ਼ ਪੇਸ਼ ਕੀਤੀ ਗਈ ਸੀ ਪਰ ਸਹਿਮਤੀ ਨਹੀਂ ਬਣੀ।

ਸੂਤਰਾਂ ਦਾ ਕਹਿਣਾ ਹੈ ਕਿ ਸ਼੍ਰੋਮਣੀ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਪੰਜ ਮੈਂਬਰੀ ਵਫ਼ਦ ਦੀ ਵੱਖਰੀ ਕਮੇਟੀ ਦੇ ਆਗੂਆਂ ਨਾਲ ਮੀਟਿੰਗ ਸਰਨਾ ਭਰਾਵਾਂ ਦੀ ਪਹਿਲਕਦਮੀ 'ਤੇ ਹੋਈ ਸੀ। ਇਸ ਨੂੰ ਅਕਾਲ ਤਖ਼ਤ ਦਾ ਥਾਪੜਾ ਵੀ ਮਿਲਿਆ ਸੀ ਪਰ ਮੀਟਿੰਗ ਦੀ ਕਾਰਵਾਈ ਟੀ.ਵੀ. ਚੈਨਲ 'ਤੇ ਆਉਣ ਕਰ ਕੇ ਮੀਟਿੰਗ ਵਿਚ ਤੈਅ ਹੋਇਆ ਸਾਰਾ ਮਾਮਲਾ ਖਟਾਈ ਵਿਚ ਪੈ ਗਿਆ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ

# ਕਿਉਂ ਵੱਸਦੈ ਗੁਰਦਾਸ ਮਾਨ ਪੰਜਾਬੀਆਂ ਦੇ ਮਨਾਂ 'ਚ?

## ਸੈਨ ਹੋਜ਼ੇ ਸ਼ੋਅ 'ਤੇ

ਲੰਬੇ ਸਫਰ ਹਿੰਮਤ ਤੋਂ ਬਿਨਾਂ ਤੈਅ ਨਹੀਂ ਕੀਤੇ ਜਾ ਸਕਦੇ ਅਤੇ ਮੰਜ਼ਿਲਾਂ ਸਰ ਕਰਨ ਲਈ ਸਿਦਕ ਤੇ ਸਿਰੜ ਚਾਹੀਦਾ ਹੈ। ਲਹਿੰਦੇ ਪੰਜਾਬ ਤੋਂ ਨੁਸਰਤ ਫਤਹਿ ਅਲੀ ਖਾਨ ਅਤੇ ਇਧਰੋਂ ਉਸਤਾਦ ਲਾਲ ਚੰਦ ਯਮਲਾ ਜੱਟ ਤੇ ਕੁਲਦੀਪ ਮਾਣਕ ਮਰ ਕੇ ਵੀ ਜਿਉਂਦੇ ਨੇ, ਪਰ ਸਾਡੀ ਸੰਗੀਤ ਸ਼ੈਲੀ ਵਿਚ ਜਿਹੜਾ ਇਤਿਹਾਸ ਪਿਛਲੀ ਕਰੀਬ ਇਕ ਸਦੀ ਵਿਚ ਪਹਿਲੀ ਵਾਰ ਬਣਿਆ ਹੈ, ਉਹ ਸਾਰੇ ਦਾ ਸਾਰਾ ਗੁਰਦਾਸ ਮਾਨ ਦੇ ਹਿੱਸੇ ਆਉਂਦਾ ਹੈ। ਸਿਖ਼ਰ ਬਣਾਈ ਰੱਖਣੀ ਅਲਹਿਦੀ ਗੱਲ ਹੈ, ਕਮਰਸ਼ੀਅਲ ਹੋਣਾ ਜ਼ਿੰਦਗੀ ਦਾ ਹਿੱਸਾ ਹੈ, ਗਿਲੇ-ਸ਼ਿਕਵੇ ਉਠ ਖੜ੍ਹਨੇ ਮਨੁੱਖੀ ਸੁਭਾਅ ਹੈ ਪਰ ਪਿਛਲੇ ਕਰੀਬ ਸਾਢੇ ਤਿੰਨ ਦਹਾਕਿਆਂ ਤੋਂ ਨਾ ਸਿਰਫ਼ ਪੰਜਾਬੀ ਲੋਕਾਂ ਦੇ ਮਨਾਂ ਵਿਚ ਵਸ ਜਾਣਾ, ਸਗੋਂ ਧੜਕਣ ਦਾ ਹਿੱਸਾ ਬਣਨਾ ਸਿਰਫ਼ ਤੇ ਸਿਰਫ਼ ਗੁਰਦਾਸ ਮਾਨ ਦੇ ਸੁਭਾਗੀਂ ਆਇਆ ਹੈ। ਬਹੁਤ ਸਾਰੇ ਲੋਕਾਂ ਨੇ ਹੋ ਸਕਦਾ ਹੈ ਉਹਦੇ ਦੂਰੋਂ ਦਰਸ਼ਨ ਕੀਤੇ ਹੋਣ; ਬਹੁਤਿਆਂ ਨੇ ਹੱਥ ਵੀ ਮਿਲਾਇਆ ਹੋਵੇਗਾ, ਕਈਆਂ ਨੇ ਸਿਰਫ਼ ਫੋਟੋਆਂ ਹੀ ਖਿਚਾਈਆਂ ਹੋਣਗੀਆਂ ਪਰ ਇਹ ਗੱਲ ਸਾਰੇ ਰਲ ਕੇ ਕਹਿਣ ਨੂੰ ਤਿਆਰ ਹੋ ਜਾਣਗੇ ਕਿ ਨਿਮਰਤਾ ਦਾ ਜਿਹੜਾ ਗੁਣ ਗੁਰਦਾਸ ਮਾਨ ਕੋਲ ਹੈ, ਉਹ ਬਹੁਤੇ ਗਵੱਈਆਂ ਕੋਲ ਹੈ ਹੀ ਨਹੀਂ।



ਗੁਰਦਾਸ ਮਾਨ ਦਾ ਪੰਜਾਬੀਆਂ ਦੇ ਧੁਰ ਅੰਦਰ ਤੱਕ ਲਹਿ ਜਾਣ ਦਾ ਇਹ ਇਕ ਵੱਡਾ ਕਾਰਨ ਮੰਨ ਲਿਆ ਜਾਵੇਗਾ, ਪਰ ਗੱਲਾਂ ਹੋਰ ਵੀ ਨੇ। ਧਿਆਨ ਦੇ ਕੇ ਦੇਖੋ, ਉਹ ਕਮਾਲ ਦਾ ਸ਼ਾਇਰ ਵੀ ਹੈ; ਪੇਸ਼ਕਾਰ ਵੀ ਹੈ ਤੇ ਅਦਾਕਾਰ ਵੀ ਹੈ। ਉਮਰ ਅੱਗੇ ਹੈ, ਉਹ ਪਿੱਛੇ ਹੋ ਕੇ ਤੁਰ ਰਿਹਾ ਹੈ। ਉਹ ਆਪ ਕਦੇ ਰਾਜਨੀਤੀ ਨਹੀਂ ਕਰਦਾ, ਉਹਦੇ 'ਤੇ ਭਾਵੇਂ ਹੋ ਜਾਂਦੀ ਹੋਵੇ। ਕਈ ਮਾਮਲਿਆਂ ਵਿਚ ਉਹਦੀ ਚੁੱਪ ਬਹੁਤ ਵੱਡੇ ਸਤਿਕਾਰ ਦਾ ਕਾਰਨ ਬਣੀ ਹੈ। ਉਹ ਸੁਨੱਖਾ ਵੀ ਹੈ। ਲੋਕਾਂ ਨੂੰ ਉਹਦੀਆਂ ਫਿਲਮਾਂ ਵੀ ਪ੍ਰਵਾਨ ਹਨ। ਨੀਰੂ ਬਾਜਵਾ ਨਾਲ ਵੀ ਉਹ ਜੁਆਨ ਜਿਹਾ ਲੱਗ ਰਿਹਾ ਹੈ। ਸਟੇਜ ਦੇ ਮਾਮਲੇ ਵਿਚ ਹਾਲੇ ਤੱਕ ਉਹਦੇ ਵਰਗਾ ਕੋਈ ਪ੍ਰਫਾਰਮਰ ਨਹੀਂ, ਤੇ ਜੇ ਇੰਨਾ ਸਫ਼ਰ ਮਾਣ ਨਾਲ ਤੈਅ ਕਰ ਕੇ ਵੀ ਉਹਦੇ ਸ਼ੋਆਂ 'ਤੇ ਇਕੱਠ ਹੋ ਰਿਹਾ ਹੈ ਤਾਂ ਖਾਸ ਗੱਲ ਨਹੀਂ, ਸਗੋਂ ਖਾਸ ਗੱਲ ਇਹ ਹੈ ਕਿ ਪੰਜਾਬੀਆਂ ਦਾ ਢਿੱਡ ਤਾਂ ਨਹੀਂ ਭਰ ਰਿਹਾ, ਕਿਉਂ ਜੋ ਪਰਿਵਾਰਾਂ ਸਮੇਤ ਜੇ ਕਿਤੇ ਜਾਣ ਵਾਲੀ ਥਾਂ ਬਚੀ ਹੈ ਤਾਂ ਉਹ ਸਿਰਫ਼ ਗੁਰਦਾਸ ਮਾਨ ਦਾ ਸ਼ੋਅ ਹੀ ਹੈ।

ਲੋਕੀ ਮੰਨਣ ਜਾਂ ਨਾ, ਪਰ ਗੁਰਦਾਸ ਮਾਨ ਦੀ ਕਾਮਯਾਬੀ ਦਾ ਸਭ ਤੋਂ ਵੱਡਾ ਰਾਜ ਉਹਦੀ ਪਤਨੀ ਮਨਜੀਤ ਮਾਨ ਹੀ ਹੈ। 'ਮਾਮਲਾ ਗੜਬੜ ਹੈ' ਤੋਂ ਗਾਇਕੀ ਦੇ ਸਾਰੇ ਮਾਮਲਿਆਂ ਦੀ ਸਹੀ ਬਾਤ ਪਾ ਕੇ ਲੰਮਾ ਹੁੰਗਾਰਾ ਭਰਾਉਣ ਵਾਲਾ ਗੁਰਦਾਸ ਸੱਚੀਂ ਪੰਜਾਬੀਆਂ ਦੇ ਦਿਲਾਂ 'ਚ ਵਸਦਾ ਹੈ, ਤੇ ਮੈਂ ਤਾਂ ਇਹ ਵੀ ਕਹਾਂਗਾ- 'ਵਸਦਾ ਰਹਿ ਮਿੱਤਰਾ, ਲੰਮੀ ਉਮਰ ਮਾਣੇ ਰੱਜ-ਰੱਜ ਕੇ।'

ਸੈਨ ਹੋਜ਼ੇ ਦੇ ਆਰਟ ਪਰਫਾਰਮਿੰਗ ਸੈਂਟਰ ਵਿਚ 9 ਅਗਸਤ ਨੂੰ ਜੈ ਮਸਤਾਂ ਦੀ ਐਂਟਰਟੇਨਮੈਨ ਵੱਲੋਂ ਅਵਤਾਰ ਲਾਖਾ (ਫੋਨ: 209-200-0818 ਤੇ 510-962-1911) ਦੀ ਅਗਵਾਈ ਹੇਠ ਮਾਸਟਰ ਦੀਪਕ ਦੇ ਸਹਿਯੋਗ ਨਾਲ ਹੋਣ ਵਾਲੇ ਸ਼ੋਅ ਵਿਚ ਪੰਜਾਬੀ ਸੱਚੀਂ ਚਾਅ ਨਾਲ ਪੁੱਜਣਗੇ, ਕਿਉਂਕਿ ਪੁੰਨਿਆ ਵਾਲੇ ਦਿਨ ਚਿਹਰੇ ਰਾਤ ਨੂੰ ਵੀ ਚਮਕਦੇ ਹੁੰਦੇ ਹਨ।

*-ਐਸ. ਅਸ਼ੋਕ ਭੌਰਾ*


# Golden State Realty

**Sacramento Office: 9912 Kapalua Ln., Elk Grove, CA 95624**
**Tel: 916-612-5773**

*Courtesy of Sales Manager Traci Lill, Meadows at Galt*

**The Poppy ~ Plan 1** — 4 Bedrooms, 2 & half Baths, Two-Car Garage

| Address | Lot# | Lot Size | Elevation | Options In Home | Price |
|---|---|---|---|---|---|
| 722 Elk Hills Drive | 22 | 7076 | B | $10,662 | $326,652 |
| 714 Elk Hills Drive | 24 | 6672 | C | $2,750 | $318,740 |

**The Poppy ~ Plan 2** — 4 Bedrooms, 3 Baths, Three-Car Tandem Garage

| Address | Lot# | Lot Size | Elevation | Options In Home | Price |
|---|---|---|---|---|---|
| 718 Elk Hills Drive | 23 | 6667 | C | $7,115 | $330,105 |
| 710 Elk Hills Drive | 25 | 6688 | A | $2,200 | Sold |

**The Poppy ~ Plan 3** — 4 Bedrooms, 3 Baths, Three-Car Tandem Garage

| Address | Lot# | Lot Size | Elevation | Options In Home | Price |
|---|---|---|---|---|---|
| 938 Fermoy Way | 30 | 7559 | A | $8,300 | $341,290 |
| 942 Fermoy Way | 31 | 7167 | C | $7,300 | $340,290 |

**The Poppy ~ Plan 4** — 6 Bedrooms, 3 & half Baths, Three-Car Garage

| Address | Lot# | Lot Size | Elevation | Options In Home | Price |
|---|---|---|---|---|---|
| 950 Fermoy Way | 33 | 7220 | A | $16,980 | $376,970 |
| 926 Fermoy Way | 17 | 6615 | C | $3,725 | $366,715 |
| 934 Fermoy Way | 29 | 6500 | B | $3,475 | $366,465 |



Sohanpreet (Sam) Chahal
CA Lic. 01504071
Realtor/Notary Public
email:samchahal@hotmail.com

*Call: Sohanpreet 'Sam' Chahal*
**@916-612-5773**
Serving from Bay Area to Sacramento

Seller/Builder reserves the right to modify elevations, floor plans, specifications, materials, maps and prices without notice or obligation. All renderings, floor plans and maps are artist conceptions and may not reflect actual depiction. Prices will vary depending upon lot size, exterior elevations and pre-selected optional features. All square footage measurements, elevations, lot sizes, floor plans and room dimensions are approximate. Subject to Prior Sale. This advertisement is for illustration purpose only and not a part of a legal contract. Co-Op policy posted in Sale Office. Homes offered by The Meadows Galt 27, LLC. Built by Beck, Stockton CA. 6.13.14



# Reliable and Experienced Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ

**ਗੁਰਬੰਸ ਸਿੰਘ ਗਿੱਲ, ਫੋਨ: 209-815-1869**

*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay

We Specialize in Bankowned, Foreclosure and Short Sale Homes

For Sale & Purchase of Residential, Commercial Property and AG-Land

*ਘਰ ਖਰੀਦਣ ਦੇ ਚਾਹਵਾਨਾਂ ਲਈ ਖੁਸ਼ਖਬਰੀ*
*ਹੁਣ ਵਿਆਜ ਦਰਾਂ ਬਹੁਤ ਹੀ ਘੱਟ ਹਨ*

*ਬਦਾਮਾਂ ਦੇ ਖੇਤ ਖਰੀਦਣ ਅਤੇ ਵੇਚਣ ਲਈ ਸੰਪਰਕ ਕਰੋ*
*ਗੁਰਬੰਸ ਗਿੱਲ, ਫੋਨ: 209-815-1869*



Gurbans Singh Gill
Realtor
DRE#01227109
15 Years Experiance in Real Estate
e-mail: gurbans@gotracy.com
Fax: 209-836-0706
www.gotracy.com

Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ

REALTY WORLD Millennium

**Gurbans Gill 209-815-1869**



# ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

**National Truck Driving School**

## ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

*ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ*
*ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ*

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



**Call For Special Price**

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058

1816 Main Ave., Secramento CA, 95838

# ਅਕਾਲ ਤਖਤ ਦੇ ਹੁਕਮ ਬਾਰੇ ਇਸ਼ਤਿਹਾਰ ਦੇ ਕੇ ਬੁਰੀ ਫਸੀ ਸ਼੍ਰੋਮਣੀ ਕਮੇਟੀ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਅਕਾਲ ਤਖ਼ਤ ਦੇ ਹੁਕਮਾਂ ਨੂੰ ਮਨਵਾਉਣ ਲਈ ਜਾਰੀ ਕੀਤੇ ਗਏ ਇਸ਼ਤਿਹਾਰ ਨੇ ਸਿੱਖ ਜਗਤ ਵਿਚ ਨਵੀਂ ਚਰਚਾ ਛੇੜ ਦਿੱਤੀ ਹੈ। ਇਸ ਬਾਰੇ ਸਿੱਖ ਵਿਦਵਾਨਾਂ ਦਾ ਮਤ ਹੈ ਕਿ ਇਸ ਨਾਲ ਅਕਾਲ ਤਖ਼ਤ ਦੀ ਮਾਣ ਮਰਿਆਦਾ ਤੇ ਸ਼੍ਰੋਮਣੀ ਕਮੇਟੀ ਦੇ ਵੱਕਾਰ ਨੂੰ ਢਾਹ ਲੱਗੀ ਹੈ। ਜ਼ਿਕਰਯੋਗ ਹੈ ਕਿ ਸ਼੍ਰੋਮਣੀ ਕਮੇਟੀ ਵੱਲੋਂ ਕੁਝ ਅਖ਼ਬਾਰਾਂ ਵਿਚ ਇਸ਼ਤਿਹਾਰ ਦਿੱਤਾ ਗਿਆ ਹੈ, ਜਿਸ ਦੀ ਸ਼ਬਦਾਵਲੀ ਸਿੱਧੇ-ਅਸਿੱਧੇ ਤੌਰ 'ਤੇ ਸਿੱਖਾਂ ਨੂੰ ਅਕਾਲ ਤਖ਼ਤ ਦੇ ਹੁਕਮ ਨੂੰ ਮੰਨਣ ਲਈ ਤਰਲਾ ਮਿੰਨਤ ਕਰਨ ਵਾਲੀ ਹੈ।

ਇਸ ਵਿਚ ਸ੍ਰੀ ਅਕਾਲ ਤਖ਼ਤ ਦੀ ਸਰਵਉਚਤਾ ਨੂੰ ਕਾਇਮ ਰੱਖਣ ਦਾ ਹਵਾਲਾ ਦਿੰਦਿਆਂ ਅਕਾਲ ਤਖ਼ਤ ਦੇ ਹੁਕਮਨਾਮੇ ਤੇ ਆਦੇਸ਼ ਸੰਦੇਸ਼ ਮੰਨਣ ਲਈ ਆਖਿਆ ਗਿਆ ਹੈ। ਇਸ ਬਾਰੇ ਸ਼੍ਰੋਮਣੀ ਕਮੇਟੀ ਦੇ ਸਾਬਕਾ ਸਕੱਤਰ ਤੇ ਸੀਨੀਅਰ ਆਗੂ ਮਨਜੀਤ ਸਿੰਘ ਕਲਕੱਤਾ ਨੇ ਆਖਿਆ ਕਿ ਸ਼੍ਰੋਮਣੀ ਕਮੇਟੀ ਦੀ ਇਸ ਕਾਰਵਾਈ ਨਾਲ ਅਕਾਲ ਤਖ਼ਤ ਦੀ ਮਾਣ ਮਰਿਆਦਾ ਤੇ ਸਤਿਕਾਰ ਨੂੰ ਢਾਹ ਲੱਗੀ ਹੈ। ਉਨ੍ਹਾਂ ਕਿਹਾ ਕਿ ਅਕਾਲ ਤਖ਼ਤ ਵੱਲੋਂ ਜਾਰੀ ਕਿਸੇ ਵੀ ਆਦੇਸ਼-ਸੰਦੇਸ਼ ਜਾਂ ਹੁਕਮਨਾਮੇ ਨੂੰ ਮੰਨਣ ਬਾਰੇ ਕਦੇ ਵੀ ਇਸ਼ਤਿਹਾਰ ਜਾਰੀ ਕਰਨ ਦੀ ਲੋੜ ਨਹੀਂ ਪਈ ਹੈ ਕਿਉਂਕਿ ਇਥੋਂ ਜਾਰੀ ਹੋਏ ਹੁਕਮਨਾਮੇ ਨੂੰ ਸਿੱਖਾਂ ਨੇ ਇਲਾਹੀ ਹੁਕਮ ਵਜੋਂ ਲਿਆ ਹੈ। ਉਨ੍ਹਾਂ ਆਖਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਹਰਿਆਣਾ ਦੀ ਵੱਖਰੀ ਕਮੇਟੀ ਮਾਮਲੇ ਵਿਚ ਦਿੱਤਾ ਗਿਆ ਇਸ਼ਤਿਹਾਰ ਸੰਗਤ ਦੀ ਭੇਟਾ ਨਾਲ ਇਕੱਠੀ ਹੋਈ ਮਾਇਆ ਨਾਲ ਦਿੱਤਾ ਗਿਆ ਹੈ। ਉਨ੍ਹਾਂ ਆਖਿਆ ਕਿ ਹੁਕਮਨਾਮਾ ਮੰਨਣ ਲਈ ਕਹਿਣ ਵਾਲੇ ਖ਼ੁਦ ਇਨ੍ਹਾਂ ਹੁਕਮਨਾਮਿਆਂ ਤੋਂ ਭੱਜਦੇ ਰਹੇ ਹਨ।

## ਸਿੱਖ ਵਿਦਵਾਨ ਅਕਾਲ ਤਖਤ ਉਤੇ ਵਧਦੇ ਸਿਆਸੀ ਪ੍ਰਭਾਵ ਤੋਂ ਫਿਕਰਮੰਦ




ਇਸ ਬਾਰੇ ਉਨ੍ਹਾਂ ਸ੍ਰੀ ਅਕਾਲ ਤਖ਼ਤ ਤੋਂ 31 ਦਸੰਬਰ 1998 ਨੂੰ ਜਾਰੀ ਕੀਤੇ ਹੁਕਮਨਾਮੇ ਦਾ ਹਵਾਲਾ ਦਿੰਦਿਆਂ ਆਖਿਆ ਕਿ ਉਸ ਵੇਲੇ ਜਥੇਦਾਰ ਵੱਲੋਂ ਪ੍ਰਕਾਸ਼ ਸਿੰਘ ਬਾਦਲ ਤੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੂੰ 14 ਅਪਰੈਲ 1999 ਤੱਕ ਇਕ ਦੂਜੇ ਦੇ ਖ਼ਿਲਾਫ਼ ਕੋਈ ਕਾਰਵਾਈ ਨਾ ਕਰਨ ਤੇ ਏਕਤਾ ਬਣਾਈ ਰੱਖਣ ਦੇ ਆਦੇਸ਼ ਦਿੱਤੇ ਗਏ ਸਨ ਪਰ ਇਨ੍ਹਾਂ ਆਦੇਸ਼ਾਂ ਨੂੰ ਅਣਡਿੱਠਾ ਕਰ ਦਿੱਤਾ ਗਿਆ ਸੀ। ਇਸੇ ਤਰ੍ਹਾਂ ਹਾਕਮ ਧਿਰ ਵੱਲੋਂ 1978 ਵਿਚ ਨਿਰੰਕਾਰੀਆਂ ਖ਼ਿਲਾਫ਼ ਤੇ 2007 ਵਿਚ ਡੇਰਾ ਸਿਰਸਾ ਖ਼ਿਲਾਫ਼ ਜਾਰੀ ਹੋਏ ਹੁਕਮਨਾਮੇ ਨੂੰ ਪੂਰੀ ਤਰ੍ਹਾਂ ਨਹੀਂ ਮੰਨਿਆ ਗਿਆ। ਉਨ੍ਹਾਂ ਆਖਿਆ ਕਿ ਇਹ ਇਸ਼ਤਿਹਾਰ ਸਿਰਫ ਵੱਖਰੀ ਕਮੇਟੀ ਦੇ ਗਠਨ ਨੂੰ ਰੋਕਣ ਤੇ ਗੁਰਦੁਆਰਿਆਂ 'ਤੇ ਕਬਜ਼ਾ ਬਣਾਈ ਰੱਖਣ ਦੀ ਕਾਰਵਾਈ ਦਾ ਹਿੱਸਾ ਹੈ।

ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਨੇ ਆਖਿਆ ਕਿ ਅਜਿਹਾ ਪਹਿਲੀ ਵਾਰ ਹੋਇਆ ਹੈ ਕਿ ਅਕਾਲ ਤਖ਼ਤ ਦੇ ਆਦੇਸ਼ਾਂ ਨੂੰ ਮਨਵਾਉਣ ਲਈ ਇਸ਼ਤਿਹਾਰ ਦੇਣ ਦੀ ਲੋੜ ਪਈ ਹੈ। ਇਸ ਤੋਂ ਸਾਬਤ ਹੁੰਦਾ ਹੈ ਕਿ ਸ੍ਰੀ ਅਕਾਲ ਤਖ਼ਤ ਵੱਲੋਂ ਜਾਰੀ ਕੀਤਾ ਗਿਆ ਆਦੇਸ਼ ਸੰਦੇਸ਼ ਕਿਸੇ ਦੇ ਪ੍ਰਭਾਵ ਹੇਠ ਜਾਰੀ ਕੀਤਾ ਗਿਆ ਹੈ, ਜੋ ਇਕਪਾਸੜ ਹੈ ਤੇ ਉਸ ਧਿਰ ਵੱਲੋਂ ਮੰਨਣ ਤੋਂ ਇਨਕਾਰ ਕੀਤਾ ਜਾ ਰਿਹਾ ਹੈ, ਜਿਸ ਤੋਂ ਸਪਸ਼ਟ ਹੈ ਕਿ ਕੁਝ ਗਲਤ ਕੀਤਾ ਗਿਆ ਹੈ। ਉਨ੍ਹਾਂ ਆਖਿਆ ਕਿ ਚਾਹੀਦਾ ਇਹ ਸੀ ਕਿ ਗਲਤ ਕਾਰਵਾਈ ਨੂੰ ਦਰੁਸਤ ਕੀਤਾ ਜਾਵੇ ਪਰ ਇਥੇ ਪੈਸੇ ਦੇ ਜ਼ੋਰ ਨਾਲ ਗਲਤ ਕਾਰਵਾਈ ਨੂੰ ਮਨਵਾਉਣ ਦਾ ਯਤਨ ਕੀਤਾ ਜਾ ਰਿਹਾ ਹੈ, ਜੋ ਕਿ ਨੈਤਿਕ ਆਧਾਰ 'ਤੇ ਠੀਕ ਨਹੀਂ ਹੈ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਕੁਲਪਤੀ ਡਾ. ਐਸ.ਪੀ. ਸਿੰਘ ਨੇ ਆਖਿਆ ਕਿ ਅਕਾਲ ਤਖ਼ਤ ਵੱਲੋਂ ਸਾਰੀਆਂ ਧਿਰਾਂ ਨੂੰ ਪੰਥਕ ਕਾਨਫਰੰਸਾਂ ਰੱਦ ਕਰਨ ਦਾ ਆਦੇਸ਼ ਦੇਣ ਦਾ ਹਰ ਪੱਖੋਂ ਸਵਾਗਤ ਹੋਇਆ ਸੀ ਪਰ ਮੁੜ ਅਗਲੇ ਦਿਨ ਹਰਿਆਣਾ ਕਮੇਟੀ ਦੇ ਗਠਨ ਨੂੰ ਰੋਕਣ ਦਾ ਵਿਰੋਧ ਹੋਇਆ ਹੈ। ਉਨ੍ਹਾਂ ਆਖਿਆ ਕਿ ਅਕਾਲ ਤਖ਼ਤ ਦੀਆਂ ਰਵਾਇਤਾਂ ਅਨੁਸਾਰ ਧਰਮ ਦਾ ਸਥਾਨ ਉਪਰ ਹੈ ਤੇ ਸਿਆਸਤ ਦਾ ਸਥਾਨ ਹੇਠ ਹੈ ਪਰ ਅੱਜ ਕੱਲ੍ਹ ਉਲਟ ਹੋ ਰਿਹਾ ਹੈ। ਇਸ ਬਾਰੇ ਇਸ਼ਤਿਹਾਰਾਂ ਨੇ ਸ਼੍ਰੋਮਣੀ ਕਮੇਟੀ ਦੇ ਵੱਕਾਰ ਨੂੰ ਢਾਹ ਲਾਈ ਹੈ। ਸ਼੍ਰੋਮਣੀ ਕਮੇਟੀ ਦੇ ਮੁਹਾਲੀ ਤੋਂ ਮੈਂਬਰ ਹਰਦੀਪ ਸਿੰਘ ਨੇ ਆਖਿਆ ਕਿ ਅਜਿਹਾ ਕਰਨ ਨਾਲ ਅਕਾਲ ਤਖ਼ਤ ਦੀ ਮਾਣ ਮਰਿਆਦਾ ਨੂੰ ਢਾਹ ਲੱਗੀ ਹੈ, ਜਿਸ ਲਈ ਸਿਆਸੀ ਆਗੂ ਜ਼ਿੰਮੇਵਾਰ ਹਨ। ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਦੇ ਗੁਰਪ੍ਰੀਤ ਸਿੰਘ ਨੇ ਆਖਿਆ ਕਿ ਇਹ ਕਾਰਵਾਈ ਗੁਰੂ ਦੀ ਗੋਲਕ ਦੀ ਦੁਰਵਰਤੋਂ ਹੈ। ਦਲ ਖ਼ਾਲਸਾ ਦੇ ਪ੍ਰਧਾਨ ਐਚ.ਐਸ. ਧਾਮੀ ਨੇ ਆਖਿਆ ਕਿ ਇਸ਼ਤਿਹਾਰ ਦੇਣਾ ਹੈਰਾਨੀਜਨਕ ਕਾਰਵਾਈ ਹੈ ਤੇ ਇਸ ਤੋਂ ਸਾਬਤ ਹੁੰਦਾ ਹੈ ਕਿ ਆਦੇਸ਼ ਨੂੰ ਜਬਰਦਸਤੀ ਮਨਵਾਉਣ ਲਈ ਯਤਨ ਕੀਤੇ ਜਾ ਰਹੇ ਹਨ।

## ਇਸ਼ਤਿਹਾਰ ਦੇਣਾ ਪੰਥ ਰਵਾਇਤਾਂ ਦੇ ਉਲਟ: ਸਰਨਾ



**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ ਦਿੱਲੀ ਦੇ ਜਨਰਲ ਸਕੱਤਰ ਹਰਵਿੰਦਰ ਸਿੰਘ ਸਰਨਾ ਨੇ ਕਿਹਾ ਹੈ ਕਿ ਇਹ ਬੜੇ ਹੀ ਅਫਸੋਸ ਦੀ ਗੱਲ ਹੈ ਕਿ ਸਿੱਖਾਂ ਦੇ ਸਭ ਤੋਂ ਵੱਧ ਸਤਿਕਾਰਯੋਗ ਮੰਨੇ ਜਾਂਦੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੇ ਆਦੇਸ਼ਾਂ ਬਾਰੇ ਅਖਬਾਰਾਂ ਵਿਚ ਇਸ਼ਤਿਹਾਰ ਦੇ ਕੇ ਸਿੱਖਾਂ ਨੂੰ ਮੰਨਣ ਲਈ ਮਜਬੂਰ ਕੀਤਾ ਜਾ ਰਿਹਾ ਹੈ, ਜੋ ਪੰਥਕ ਰਵਾਇਤਾਂ ਤੇ ਪਰੰਪਰਾਵਾਂ ਦੇ ਪੂਰੀ ਤਰ੍ਹਾਂ ਉਲਟ ਹੀ ਨਹੀਂ ਸਗੋਂ ਅਵਤਾਰ ਸਿੰਘ ਮੱਕੜ ਵੱਲੋਂ ਕੀਤੀ ਗਈ ਬੱਜਰ ਗਲਤੀ ਵੀ ਹੈ। ਉਨ੍ਹਾਂ ਕਿਹਾ ਕਿ ਅਕਾਲ ਤਖ਼ਤ ਤੋਂ ਜਾਰੀ ਹੁਕਮਨਾਮਾ ਸਿੱਖ ਪੰਥ ਲਈ ਕਿਸੇ ਵੇਲੇ ਅਲਾਹੀ ਹੁਕਮ ਹੁੰਦਾ ਸੀ ਪਰ ਜਿਸ ਤਰੀਕੇ ਨਾਲ ਅੱਜ ਅਕਾਲ ਤਖ਼ਤ ਤੋਂ ਹੁਕਮਨਾਮੇ ਜਾਰੀ ਕੀਤੇ ਜਾ ਰਹੇ ਹਨ ਤੇ ਸ਼੍ਰੋਮਣੀ ਕਮੇਟੀ ਵੱਲੋਂ ਇਨ੍ਹਾਂ ਨੂੰ ਇਸ਼ਤਿਹਾਰ ਜਾਰੀ ਕਰਕੇ ਸੰਗਤਾਂ ਨੂੰ ਜਾਣਕਾਰੀ ਦਿੱਤੀ ਜਾ ਰਹੀ ਹੈ, ਉਹ ਤਖ਼ਤ ਸਾਹਿਬ ਦੀ ਮਾਣ-ਮਰਿਆਦਾ ਤੇ ਸ਼੍ਰੋਮਣੀ ਕਮੇਟੀ ਦੇ ਵੱਕਾਰ ਨੂੰ ਖੋਰਾ ਲਾਉਣ ਦੇ ਤੁਲ ਹੈ।

# ਕੋਹਲੀ ਦੀ ਮੁੜ ਬਹਾਲੀ ਦਾ ਮਾਮਲਾ ਭਖਿਆ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇੰਟਰਨਲ ਆਡੀਟਰ ਐਸ.ਐਸ. ਕੋਹਲੀ ਦੀਆਂ ਸੇਵਾਵਾਂ ਮੁੜ ਬਹਾਲ ਕਰਨ ਦਾ ਮਾਮਲਾ ਵਿਵਾਦਾਂ ਵਿਚ ਘਿਰ ਗਿਆ ਹੈ। ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੇ ਮੈਂਬਰ ਮੰਗਲ ਸਿੰਘ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਕੋਹਲੀ ਦੀ ਸੇਵਾ ਬਹਾਲੀ ਦੇ ਫ਼ੈਸਲੇ ਨੂੰ ਰੱਦ ਨਾ ਕੀਤਾ ਗਿਆ ਤਾਂ ਉਹ ਇਸ ਮਾਮਲੇ ਨੂੰ ਅਦਾਲਤ ਵਿਚ ਲਿਜਾਣ ਲਈ ਮਜਬੂਰ ਹੋਣਗੇ। ਸ. ਮੰਗਲ ਸਿੰਘ ਨੇ ਦੱਸਿਆ ਕਿ 11 ਜੁਲਾਈ ਨੂੰ ਅੰਤ੍ਰਿੰਗ ਕਮੇਟੀ ਦੀ ਚੰਡੀਗੜ੍ਹ ਵਿਚ ਹੋਈ ਮੀਟਿੰਗ ਵਿਚ ਸਰਬਸੰਮਤੀ ਨਾਲ ਕੀਤੇ ਫ਼ੈਸਲੇ ਤਹਿਤ ਐਸ.ਐਸ. ਕੋਹਲੀ ਦੀਆਂ ਸੇਵਾਵਾਂ ਨੂੰ ਬਰਖ਼ਾਸਤ ਕੀਤਾ ਗਿਆ ਸੀ। ਉਨ੍ਹਾਂ ਆਖਿਆ ਕਿ ਇਹ ਮਾਮਲਾ ਭਾਵੇਂ ਉਸ ਵੇਲੇ ਏਜੰਡੇ ਵਿਚ ਸ਼ਾਮਲ ਨਹੀਂ ਸੀ ਪਰ ਇਸ ਮੁੱਦੇ 'ਤੇ ਸਰਬਸੰਮਤੀ ਤੋਂ ਬਾਅਦ ਇਸ ਨੂੰ ਫੁਟਕਲ ਏਜੰਡੇ ਵਿਚ ਸ਼ਾਮਲ ਕੀਤਾ ਗਿਆ ਸੀ। ਉਨ੍ਹਾਂ ਆਖਿਆ ਕਿ ਅੰਤ੍ਰਿੰਗ




ਕਮੇਟੀ ਦੀ ਮੀਟਿੰਗ ਤੋਂ ਬਾਅਦ ਐਸ.ਐਸ. ਕੋਹਲੀ ਦੀਆਂ ਸੇਵਾਵਾਂ ਬਰਖ਼ਾਸਤ ਕਰ ਦਿੱਤੀਆਂ ਗਈਆਂ ਸਨ ਪਰ 24 ਘੰਟਿਆਂ ਵਿਚ ਹੀ ਉਸ ਦੀਆਂ ਸੇਵਾਵਾਂ ਬਹਾਲ ਕਰ ਦਿੱਤੀਆਂ ਗਈਆਂ।

ਉਨ੍ਹਾਂ ਆਖਿਆ ਕਿ ਅੰਤ੍ਰਿੰਗ ਕਮੇਟੀ ਵਿਚ ਸਰਬਸੰਮਤੀ ਨਾਲ ਕੀਤੇ ਗਏ ਕਿਸੇ ਵੀ ਫ਼ੈਸਲੇ ਨੂੰ ਪ੍ਰਧਾਨ ਆਪਣੀ ਮਰਜ਼ੀ ਨਾਲ ਨਹੀਂ ਬਦਲ ਸਕਦਾ ਹੈ। ਅਜਿਹਾ ਕਰਨਾ ਨਿਯਮਾਂ ਦੇ ਵਿਰੁੱਧ ਹੈ, ਜਿਸ ਨੂੰ ਅਦਾਲਤ ਵਿਚ ਚੁਣੌਤੀ ਵੀ ਦਿੱਤੀ ਜਾ ਸਕਦੀ ਹੈ। ਉਨ੍ਹਾਂ ਚਿਤਾਵਨੀ ਦਿੱਤੀ ਹੈ ਕਿ ਜੇਕਰ ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਕੋਹਲੀ ਦੀਆਂ ਬਹਾਲ ਕੀਤੀਆਂ ਸੇਵਾਵਾਂ ਮੁੜ ਬਰਖ਼ਾਸਤ ਨਾ ਕੀਤੀਆਂ ਗਈਆਂ ਤਾਂ ਉਹ ਅਦਾਲਤ ਜਾਣਗੇ। ਜ਼ਿਕਰਯੋਗ ਹੈ ਕਿ ਸ. ਮੰਗਲ ਸਿੰਘ ਅੰਤ੍ਰਿੰਗ ਕਮੇਟੀ ਵਿਚ ਵਿਰੋਧੀ ਧਿਰ ਪੰਥਕ ਮੋਰਚੇ ਦੇ ਮੈਂਬਰ ਹਨ। ਸ੍ਰੀ ਐਸ.ਐਸ. ਕੋਹਲੀ ਦੀਆਂ ਬਹਾਲ ਕੀਤੀਆਂ ਸੇਵਾਵਾਂ ਦੇ ਮਾਮਲੇ ਨੂੰ ਅਕਾਲੀ ਦਲ (ਪੰਚ ਪ੍ਰਧਾਨੀ) ਦੇ ਆਗੂ ਬਲਦੇਵ ਸਿੰਘ ਸਿਰਸਾ ਵੱਲੋਂ ਸਿੱਖ ਗੁਰਦੁਆਰਾ ਜੁਡੀਸ਼ੀਅਲ ਕਮਿਸ਼ਨ ਵਿਚ ਚੁਣੌਤੀ ਦਿੱਤੀ ਹੋਈ ਹੈ।

## ਅਦਾਲਤ ਵੱਲੋਂ ਗਿੱਪੀ ਗਰੇਵਾਲ ਤਲਬ

**ਚੰਡੀਗੜ੍ਹ:** ਪੰਜਾਬੀ ਗਾਇਕ ਤੇ ਫਿਲਮ ਅਦਾਕਾਰ ਗਿੱਪੀ ਗਰੇਵਾਲ ਨੂੰ ਇਕ ਹੋਰ ਨਵਾਂ ਅਦਾਲਤੀ ਚੱਕਰ ਪੈ ਗਿਆ ਹੈ। ਯੂ.ਟੀ. ਦੇ ਜੁਡੀਸ਼ਲ ਮੈਜਿਸਟ੍ਰੇਟ ਸੀਨੀਅਰ ਡਿਵੀਜ਼ਨ ਕੇ.ਕੇ. ਜੈਨ ਨੇ ਫੋਨ 'ਤੇ ਧਮਕੀਆਂ ਦੇਣ ਦੇ ਦੋਸ਼ ਹੇਠ ਗਿੱਪੀ ਗਰੇਵਾਲ ਨੂੰ 29 ਸਤੰਬਰ ਲਈ ਅਦਾਲਤ ਵਿਚ ਤਲਬ ਕਰ ਲਿਆ ਹੈ। ਉਸ ਵਿਰੁੱਧ ਪਹਿਲਾਂ ਵੀ ਇਸੇ ਅਦਾਲਤ ਵਿਚ ਧੋਖਾਧੜੀ ਦਾ ਫੌਜਦਾਰੀ ਕੇਸ ਚੱਲ ਰਿਹਾ ਹੈ।



ਅਦਾਲਤ ਨੇ ਜਾਰੀ ਕੀਤੇ ਸੰਮਨਾਂ ਵਿਚ ਗਿੱਪੀ ਨੂੰ ਨੌਂ ਸਤੰਬਰ ਨੂੰ ਆਪ ਜਾਂ ਆਪਣੇ ਵਕੀਲ ਰਾਹੀਂ ਪੇਸ਼ ਹੋਣ ਲਈ ਕਿਹਾ ਹੈ ਤੇ ਗ਼ੈਰਹਾਜ਼ਰ ਰਹਿਣ ਦੀ ਸੂਰਤ ਵਿਚ ਇਕਤਰਫਾ ਕਾਰਵਾਈ ਦੀ ਚਿਤਾਵਨੀ ਵੀ ਦਿੱਤੀ ਹੈ। ਇਹ ਵੀ ਕਿਹਾ ਗਿਆ ਹੈ ਕਿ ਅਗਲੀ ਸੁਣਵਾਈ ਵੇਲੇ ਆਪਣੇ ਬਚਾਅ ਵਿਚ ਲੋੜੀਂਦੇ ਦਸਤਾਵੇਜ਼ ਪੇਸ਼ ਕੀਤੇ ਜਾਣ। ਕੇਸ ਵਿਚ ਗਿੱਪੀ ਗਰੇਵਾਲ ਦੇ ਨਾਲ ਉਸ ਦੇ ਭਰਾ ਪੁਸ਼ਪਿੰਦਰ ਸਿੰਘ ਹੈਪੀ ਤੇ ਮੈਨੇਜਰ ਗਿਰੀਸ਼ ਨੂੰ ਵੀ ਧਿਰ ਬਣਾਇਆ ਗਿਆ ਹੈ। ਅਮਨ ਐਡਵਰਟਾਈਜ਼ਿੰਗ ਪ੍ਰਾਈਵੇਟ ਲਿਮਟਿਡ ਕੰਪਨੀ ਦੇ ਮਾਲਕ ਰਮਨ ਅਗਰਵਾਲ ਨੇ 31 ਜੁਲਾਈ ਨੂੰ ਇਕ ਪਟੀਸ਼ਨ ਦਾਇਰ ਕਰਕੇ ਦੋਸ਼ ਲਾਇਆ ਸੀ ਕਿ ਉਸ ਨੇ ਗਿੱਪੀ ਤੋਂ ਇਕ ਸੌਦੇ ਵਿਚੋਂ ਬਕਾਏ ਦੇ ਪੰਜ ਲੱਖ ਰੁਪਏ ਲੈਣੇ ਹਨ। ਉਸ ਵੱਲੋਂ ਸੌਦੇ ਦੀ ਬਕਾਇਆ ਰਕਮ ਦਾ ਬੈਂਕ ਚੈੱਕ ਦਿੱਤਾ ਗਿਆ ਸੀ ਜਿਹੜਾ ਕਿ ਬੈਂਕ ਨੇ ਬੇਰੰਗ ਮੋੜ ਦਿੱਤਾ ਸੀ। ਉਸ ਨੇ ਕਿਹਾ ਹੈ ਕਿ ਪੈਸੇ ਦੀ ਵਸੂਲੀ ਵਾਸਤੇ ਅਦਾਲਤ ਵਿਚ ਕੇਸ ਪਾ ਦਿੱਤਾ ਗਿਆ ਸੀ ਤੇ ਇਸ ਤੋਂ ਬਾਅਦ ਉਸ ਨੂੰ ਝੂਠੇ ਕੇਸ ਵਿਚ ਫਸਾਉਣ ਦੀਆਂ ਧਮਕੀਆਂ ਮਿਲਣੀਆਂ ਸ਼ੁਰੂ ਹੋ ਗਈਆਂ ਹਨ। ਇਸ ਤੋਂ ਪਹਿਲਾਂ ਅਦਾਲਤ ਵਿਚ ਚੈੱਕ ਬਾਊਂਸ ਕੇਸ ਵਿਚ ਵੀ ਪੈਸੇ ਮੰਗਣ ਦੀ ਸੂਰਤ ਵਿਚ ਧਮਕੀਆਂ ਦੇਣ ਦੇ ਦੋਸ਼ ਲਾਏ ਗਏ ਸਨ।

# ਕੇਂਦਰੀ ਫੰਡਾਂ 'ਤੇ ਵੀ ਰੁਜ਼ਗਾਰ ਨਾ ਦੇ ਸਕੀ ਪੰਜਾਬ ਸਰਕਾਰ

**ਚੰਡੀਗੜ੍ਹ:** ਪੰਜਾਬ ਸਰਕਾਰ ਕੇਂਦਰੀ ਫੰਡਾਂ 'ਤੇ ਵੀ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਨਾ ਦੇ ਸਕੀ ਜਿਸ ਕਾਰਨ ਕਰੋੜਾਂ ਦੇ ਫੰਡ ਰੁਕੇ ਪਏ ਹਨ। ਇਸ ਪਾਸੇ ਸਿੱਖਿਆ ਵਿਭਾਗ ਦਾ ਹਾਲ ਸਭ ਤੋਂ ਮਾੜਾ ਹੈ। ਸਰਕਾਰ ਦੀ ਇਸ ਨਾਲਾਇਕੀ ਕਾਰਨ ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ (ਰਮਸਾ) ਸਕੀਮ ਅਧੀਨ ਸੂਬੇ ਵਿਚ ਚੱਲ ਰਹੇ ਸਕੂਲਾਂ ਵਿਚ ਪੀ.ਜੀ. ਟੀਚਰਾਂ, ਮੁੱਖ ਅਧਿਆਪਕਾਂ ਤੇ ਕਲਰਕਾਂ ਦੀਆਂ ਮਨਜ਼ੂਰਸ਼ੁਦਾ ਅਸਾਮੀਆਂ ਖ਼ਾਲੀ ਪਈਆਂ ਹਨ।

ਦੱਸਣਯੋਗ ਹੈ ਕਿ ਇਕ ਪਾਸੇ ਲੋੜੀਂਦੀ ਯੋਗਤਾ ਹਾਸਲ ਕਰਨ ਵਾਲੇ ਬੇਰੁਜ਼ਗਾਰ ਟੈਂਕੀਆਂ 'ਤੇ ਚੜ੍ਹ ਕੇ ਰੁਜ਼ਗਾਰ ਨਾ ਦੇਣ ਦੀ ਸੂਰਤ ਵਿਚ ਖ਼ੁਦਕਸ਼ੀਆਂ ਕਰਨ ਦੀਆਂ ਧਮਕੀਆਂ ਦੇ ਰਹੇ ਹਨ ਤੇ ਦੂਜੇ ਪਾਸੇ ਸਰਕਾਰ ਕੇਂਦਰ ਤੋਂ ਮਿਲੇ ਫੰਡਾਂ ਰਾਹੀਂ ਭਰਤੀ ਕਰਕੇ ਮੁਫ਼ਤੋ-ਮੁਫ਼ਤ ਰੁਜ਼ਗਾਰ ਦੇਣ ਤੋਂ ਅਸਫਲ ਰਹੀ ਹੈ। ਭਾਰਤ ਸਰਕਾਰ ਵੱਲੋਂ ਰਮਸਾ ਸਕੀਮ ਅਧੀਨ ਸਿੱਖਿਆ ਵਿਭਾਗ ਨੂੰ ਕੇਂਦਰੀ ਫੰਡਾਂ ਦੇ ਆਧਾਰ 'ਤੇ ਸੈਂਕੜੇ ਅਧਿਆਪਕ ਤੇ ਮੁਲਾਜ਼ਮ ਭਰਤੀ ਕਰਨ ਦੀਆਂ ਮਨਜ਼ੂਰੀਆਂ ਦਿੱਤੀਆਂ ਗਈਆਂ ਹਨ। ਸੂਤਰਾਂ ਮੁਤਾਬਕ ਇਸ ਲਈ ਕੇਂਦਰ ਸਰਕਾਰ ਵੱਲੋਂ ਪਿਛਲੇ ਸਮਿਆਂ ਦੌਰਾਨ ਪੰਜਾਬ ਸਰਕਾਰ ਨੂੰ ਕਰੋੜਾਂ ਰੁਪਏ ਫੰਡ ਮੁਹੱਈਆ ਕੀਤੇ ਗਏ ਹਨ ਪਰ ਸੂਬਾ ਸਰਕਾਰ ਕੇਂਦਰੀ ਫੰਡਾਂ ਦੇ ਆਧਾਰ 'ਤੇ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਦੇਣ ਤੋਂ ਵੀ ਅਸਫ਼ਲ ਰਹੀ ਹੈ।

ਮਿਲੇ ਅੰਕੜਿਆਂ ਮੁਤਾਬਕ ਰਮਸਾ ਸਕੀਮ ਤਹਿਤ ਭਾਰਤ ਸਰਕਾਰ ਵੱਲੋਂ ਸਿੱਖਿਆ ਵਿਭਾਗ ਵਿਚ 3230 ਅਧਿਆਪਕ ਤੇ ਹੋਰ ਮੁਲਾਜ਼ਮ ਭਰਤੀ ਕਰਨ ਦੀ ਮਨਜ਼ੂਰੀ ਦਿੱਤੀ ਗਈ ਹੈ।

ਰਮਸਾ ਸਕੀਮ 2010 ਤੋਂ ਚੱਲ ਰਹੀ ਹੈ, ਜੋ ਦੇਸ਼ ਭਰ ਦੇ ਸੂਬਿਆਂ ਵਿਚ ਸੈਂਕੜੇ ਸਕੂਲਾਂ ਨੂੰ ਆਪਣੇ ਫੰਡਾਂ ਨਾਲ ਚਲਾਉਂਦੀ ਆ ਰਹੀ ਹੈ। ਰਮਸਾ ਅਧੀਨ ਚੱਲਦੇ ਸਕੂਲਾਂ ਵਿਚਲੇ ਅਧਿਆਪਕਾਂ ਤੇ ਮੁਲਾਜ਼ਮਾਂ ਦੀਆਂ ਤਨਖਾਹਾਂ ਦਾ ਮੁੱਖ ਖ਼ਰਚਾ ਭਾਰਤ ਸਰਕਾਰ ਵੱਲੋਂ ਕੀਤਾ ਜਾਂਦਾ ਹੈ। ਪੰਜਾਬ ਸਰਕਾਰ ਇਨ੍ਹਾਂ ਕੇਂਦਰੀ ਫੰਡਾਂ ਰਾਹੀਂ ਭਰਤੀ ਕੀਤੀਆਂ ਜਾਣ ਵਾਲੀਆਂ ਕੁੱਲ 3230 ਅਸਾਮੀਆਂ ਵਿਚੋਂ ਅੱਜ ਤੱਕ ਸਿਰਫ 37 ਫ਼ੀਸਦ ਅਸਾਮੀਆਂ ਹੀ ਭਰਨ ਦੇ ਸਮਰੱਥ ਹੋਈ ਹੈ। ਇਸ ਕਾਰਨ 2043 ਅਸਾਮੀਆਂ ਖਾਲੀ ਪਈਆਂ ਹਨ ਤੇ ਸਿਰਫ 1187 ਅਸਾਮੀਆਂ ਭਰੀਆਂ ਜਾ ਸਕੀਆਂ ਹਨ। ਰਮਸਾ ਸਕੀਮ ਅਧੀਨ ਸੂਬੇ ਵਿਚ ਛੇ ਆਦਰਸ਼ ਸੀਨੀਅਰ ਸੈਕੰਡਰੀ ਸਕੂਲ, 21 ਮਾਡਲ ਸੀਨੀਅਰ ਸੈਕੰਡਰੀ ਸਕੂਲ ਤੇ 276 ਹਾਈ ਸਕੂਲ ਚੱਲ ਰਹੇ ਹਨ। ਰਮਸਾ ਅਧੀਨ ਚੱਲਦੇ 27 ਮਿਡਲ ਸਕੂਲਾਂ ਵਿਚ ਪ੍ਰਿੰਸੀਪਲਾਂ ਦੀਆਂ ਕੁੱਲ 21 ਅਸਾਮੀਆਂ ਵਿਚੋਂ 10 ਖਾਲੀ ਹਨ ਜਦਕਿ ਟੀ.ਜੀ. ਟੀਚਰਾਂ ਦੀਆਂ ਕੁੱਲ 206 ਮਨਜ਼ੂਰਸ਼ੁਦਾ ਅਸਾਮੀਆਂ ਹੀ ਖਾਲੀ ਪਈਆਂ ਹਨ।

ਪੰਜਾਬ ਸਰਕਾਰ ਵੱਲੋਂ ਇਨ੍ਹਾਂ ਅਸਾਮੀਆਂ 'ਤੇ ਭਰਤੀ ਦੀ ਚਲਾਈ ਗਈ ਪ੍ਰਕਿਰਿਆ ਫਿਲਹਾਲ ਅਧਵਾਟੇ ਪਈ ਹੈ। ਲਾਇਬ੍ਰੇਰੀਅਨ ਦੀਆਂ 21 ਅਸਾਮੀਆਂ ਵਿਚੋਂ ਪੰਜ ਖਾਲੀ ਹਨ। ਰਮਸਾ ਸਕੀਮ ਅਧੀਨ ਸੂਬੇ ਵਿਚ ਚੱਲਦੇ 276 ਹਾਈ ਸਕੂਲਾਂ ਦੇ ਮੁੱਖ ਅਧਿਆਪਕਾਂ ਦੀਆਂ ਸਾਰੀਆਂ 276 ਅਸਾਮੀਆਂ ਖਾਲੀ ਹਨ। ਇਨ੍ਹਾਂ ਵਿਚੋਂ 264 ਅਸਾਮੀਆਂ ਨੂੰ ਭਰਨ ਦੀ ਪ੍ਰਕਿਰਿਆ ਸ਼ੁਰੂ ਕੀਤੀ ਹੈ। ਇਨ੍ਹਾਂ ਸਕੂਲਾਂ ਵਿਚਲੇ ਅਧਿਆਪਕਾਂ ਦੀਆਂ ਕੁੱਲ 1678 ਅਸਾਮੀਆਂ ਵਿਚੋਂ 865 ਅਸਾਮੀਆਂ ਖਾਲੀ ਹਨ। ਇਨ੍ਹਾਂ ਵਿਚੋਂ 764 ਅਧਿਆਪਕਾਂ ਦੀ ਭਰਤੀ ਕਰਨ ਦੀ ਪ੍ਰਕਿਰਿਆ ਚਲਾਈ ਗਈ ਹੈ। ਹੈਰਾਨੀਜਨਕ ਅੰਕੜਿਆਂ ਅਨੁਸਾਰ ਇਨ੍ਹਾਂ ਸਕੂਲਾ ਦੀਆਂ ਕਲਰਕ-ਕਮ-ਲਾਇਬ੍ਰੇਰੀ ਅਸਿਸਟੈਂਟ ਦੀਆਂ ਮਨਜ਼ੂਰਸ਼ੁਦਾ ਕੁੱਲ 276 ਅਸਾਮੀਆਂ ਖਾਲੀ ਪਈਆਂ ਹਨ। ਸਰਕਾਰ ਵੱਲੋਂ ਇਨ੍ਹਾਂ ਵਿਚੋਂ 149 ਅਸਾਮੀਆਂ ਲਈ ਭਰਤੀ ਦਾ ਕੰਮ ਸ਼ੁਰੂ ਕੀਤਾ ਗਿਆ ਹੈ। ਇਨ੍ਹਾਂ ਸਕੂਲਾਂ ਵਿਚਲੀਆਂ ਲੈਬ ਅਟੈਂਡੈਂਟ ਦੀਆਂ ਕੁੱਲ 276 ਅਸਾਮੀਆਂ ਵਿਚੋਂ 173 ਅਸਾਮੀਆਂ ਖਾਲੀ ਪਈਆਂ ਹਨ। ਇਸੇ ਤਰ੍ਹਾਂ ਰਮਸਾ ਸਕੀਮ ਅਧੀਨ ਚੱਲ ਰਹੇ ਛੇ ਆਦਰਸ਼ ਸੀਨੀਅਰ ਸੈਕੰਡਰੀ ਸਕੂਲਾਂ ਵਿਚਲੀਆਂ ਪੀ.ਜੀ. ਟੀਚਰਾਂ ਦੀਆਂ ਕੁੱਲ 38 ਅਸਾਮੀਆਂ ਖਾਲੀ ਹਨ। ਇਨ੍ਹਾਂ ਸਕੂਲਾਂ ਵਿਚ ਟੀ.ਜੀ. ਟੀਚਰਾਂ ਦੀਆਂ ਕੁੱਲ 78 ਅਸਾਮੀਆਂ ਵਿਚੋਂ 16 ਤੇ ਪੀ.ਆਰ. ਟੀਚਰਾਂ ਦੀਆਂ ਕੁੱਲ 60 ਅਸਾਮੀਆਂ ਵਿਚੋਂ 44 ਅਸਾਮੀਆਂ ਖਾਲੀ ਪਈਆਂ ਹਨ।

## ਪੰਜਾਬ ਦੇ ਅਧਿਆਪਕ ਇਸ ਮਹੀਨੇ ਵੀ ਰਹਿਣਗੇ ਤਨਖਾਹਾਂ ਤੋਂ ਵਾਂਝੇ

**ਚੰਡੀਗੜ੍ਹ:** ਪੰਜਾਬ ਦੇ ਹਜ਼ਾਰਾਂ ਅਧਿਆਪਕਾਂ ਨੂੰ ਇਸ ਮਹੀਨੇ ਵੀ ਤਨਖ਼ਾਹ ਨਹੀਂ ਮਿਲੇਗੀ। ਇਸ ਵਿੱਤੀ ਵਰ੍ਹੇ ਦੌਰਾਨ ਅਧਿਆਪਕਾਂ ਦੀਆਂ ਜੂਨ ਤੋਂ ਤਨਖ਼ਾਹਾਂ ਰੁਕੀਆਂ ਪਈਆਂ ਹਨ। ਲੰਮੇ ਸਮੇਂ ਤੋਂ ਸਿੱਖਿਆ ਵਿਭਾਗ ਵੱਲੋਂ ਵਿੱਤ ਵਿਭਾਗ ਕੋਲ ਪਹੁੰਚ ਕਰਕੇ ਤਨਖ਼ਾਹਾਂ ਲਈ ਬਜਟ ਜਾਰੀ ਕਰਨ ਲਈ ਪਹੁੰਚ ਕੀਤੀ ਜਾ ਰਹੀ ਹੈ। ਵਿੱਤ ਵਿਭਾਗ ਨੇ ਸਪਸ਼ਟ ਕੀਤਾ ਸੀ ਕਿ ਵਿਧਾਨ ਸਭਾ ਵਿਚ ਬਜਟ ਪਾਸ ਹੋਣ ਤੋਂ ਬਾਅਦ ਹੀ ਫੰਡ ਜਾਰੀ ਕਰਨੇ ਸੰਭਵ ਹਨ। ਪੰਜਾਬ ਵਿਧਾਨ ਸਭਾ ਦੇ ਸੈਸ਼ਨ ਦੌਰਾਨ 17 ਜੁਲਾਈ ਨੂੰ ਬਜਟ ਪੇਸ਼ ਕੀਤਾ ਗਿਆ ਤੇ 23 ਜੁਲਾਈ ਨੂੰ ਬਜਟ ਨੂੰ ਵਿਧਾਨ ਸਭਾ ਵਿਚ ਪ੍ਰਵਾਨਗੀ ਮਿਲ ਗਈ ਸੀ। ਸੂਬੇ ਦੇ ਕੰਪਿਊਟਰ ਅਧਿਆਪਕਾਂ ਨੂੰ ਵੀ ਅਪਰੈਲ ਦੀ ਤਨਖ਼ਾਹ ਦੋ ਦਿਨ ਪਹਿਲਾਂ ਹੀ ਨਸੀਬ ਹੋਈ ਹੈ, ਜਦੋਂਕਿ ਮਈ, ਜੂਨ ਤੇ ਜੁਲਾਈ ਦੀਆਂ ਤਨਖ਼ਾਹਾਂ ਦਾ ਅਜੇ ਬਜਟ ਪ੍ਰਾਪਤ ਨਹੀਂ ਹੋਇਆ। ਕੁਝ ਜ਼ਿਲ੍ਹਿਆਂ ਦੇ ਪ੍ਰਾਇਮਰੀ ਸਕੂਲਾਂ ਦੇ ਅਧਿਆਪਕ ਵੀ ਤਨਖ਼ਾਹਾਂ ਤੋਂ ਵਾਂਝੇ ਹਨ।

# ਹੁਣ ਰਿਸ਼ਵਤਖੋਰਾਂ ਖਿਲਾਫ ਮੋਰਚਾ ਖੋਲ੍ਹੇਗੀ ਪੰਜਾਬ ਸਰਕਾਰ !

**ਪਟਿਆਲਾ:** ਪੰਜਾਬ ਸਰਕਾਰ ਵੱਲੋਂ ਨਸ਼ਿਆਂ ਖ਼ਿਲਾਫ਼ ਉਲੀਕੇ ਗਏ ਪ੍ਰੋਗਰਾਮ ਵਾਂਗ ਹੁਣ ਸੂਬੇ ਨੂੰ ਭ੍ਰਿਸ਼ਟਾਚਾਰ ਤੋਂ ਮੁਕਤ ਕਰਨ ਲਈ ਕੋਈ ਠੋਸ ਰਣਨੀਤੀ ਘੜੀ ਜਾਣ ਲੱਗੀ ਹੈ। ਸਰਕਾਰ ਕੋਲ ਪੁੱਜੀਆਂ ਗੁਪਤ ਰਿਪੋਰਟਾਂ ਮੁਤਾਬਕ ਅਜੇ ਵੀ ਸੂਬੇ ਦੇ ਲੋਕਾਂ ਨੂੰ ਕਈ ਪੜਾਵਾਂ 'ਤੇ ਰਿਸ਼ਵਤਖ਼ੋਰੀ ਦਾ ਸਹਾਰਾ ਲੈਣ ਲਈ ਮਜਬੂਰ ਹੋਣਾ ਪੈ ਰਿਹਾ ਹੈ। ਚੇਤੇ ਰਹੇ, ਬਾਦਲ ਸਰਕਾਰ ਨੇ ਆਪਣੇ 1997-2002 ਦੇ ਕਾਰਜਕਾਲ ਦੌਰਾਨ ਭ੍ਰਿਸ਼ਟਚਾਰ ਖ਼ਿਲਾਫ਼ ਵੱਡੀ ਮੁਹਿੰਮ ਵਿੱਢਦਿਆਂ ਰਿਸ਼ਵਤ ਲੈਣ ਵਾਲੇ ਮੁਲਾਜ਼ਮਾਂ ਤੇ ਅਧਿਕਾਰੀਆਂ 'ਤੇ ਇਨਾਮ ਤੈਅ ਕਰ ਦਿੱਤੇ ਸਨ। ਗਜ਼ਟਿਡ ਅਫ਼ਸਰ ਨੂੰ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਫੜਾਉਣ ਵਾਲੇ ਨੂੰ 50 ਹਜ਼ਾਰ ਰੁਪਏ ਤੇ ਨਾਨ-ਗਜ਼ਟਿਡ ਲਈ 25 ਹਜ਼ਾਰ ਰੁਪਏ ਇਨਾਮ ਰੱਖਿਆ ਗਿਆ ਸੀ।

ਅਜਿਹੇ ਸਖ਼ਤ ਫੈਸਲੇ ਨਾਲ ਭਾਵੇਂ ਅਧਿਕਾਰੀਆਂ ਤੇ ਮੁਲਾਜ਼ਮਾਂ ਵਿਚ ਸਰਕਾਰ ਖ਼ਿਲਾਫ਼ ਰੋਸ ਤੇ ਭੈਅ ਪੈਦਾ ਹੋ ਗਿਆ ਸੀ ਪਰ ਰਿਸ਼ਵਤਖੋਰੀ ਨੂੰ ਕਾਫ਼ੀ ਹੱਦ ਤੱਕ ਠੱਲ੍ਹ ਪਈ ਸੀ। ਭਾਵੇਂ ਉਦੋਂ ਕੁਝ ਪੱਧਰ 'ਤੇ ਰਿਸ਼ਵਤਖੋਰੀ ਲਈ ਰੱਖੇ ਗਏ ਇਨਾਮਾਂ ਦੀ ਦੁਰਵਰਤੋਂ ਹੋਣ ਦੇ ਖ਼ਦਸ਼ੇ ਵੀ ਉਪਜੇ ਸਨ ਪਰ ਰਿਸ਼ਵਤਖੋਰ ਬਿਰਤੀ ਵਾਲੇ ਮੁਲਾਜ਼ਮਾਂ ਨੇ ਆਮ ਲੋਕਾਂ ਦੇ ਕੰਮਾਂ ਨੂੰ ਸਰਕਾਰੀ ਨਿਰਦੇਸ਼ਾਂ ਵਾਂਗ ਕਰਨ ਨੂੰ ਤਰਜੀਹ ਦੇਣੀ ਆਰੰਭ ਦਿੱਤੀ ਸੀ। ਉਸ ਮਗਰੋਂ 2002 ਵਿਚ ਬਣੀ ਕੈਪਟਨ ਅਮਰਿੰਦਰ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਹੀ ਨਹੀਂ ਬਲਕਿ 2007 ਤੇ 2012 ਵਿਚ ਮੁੜ ਸਥਾਪਤ ਹੋਈ ਬਾਦਲ ਸਰਕਾਰ ਨੇ ਵੀ ਰਿਸ਼ਵਤਖ਼ੋਰੀ ਖ਼ਿਲਾਫ਼ ਇਨਾਮੀ ਰਾਸ਼ੀ ਰੱਖਣ ਤੋਂ ਚੁੱਪੀ ਵੱਟੀ ਰੱਖੀ। ਹੁਣ ਪੰਜਾਬ ਦੀ ਮੌਜੂਦਾ ਬਾਦਲ ਸਰਕਾਰ ਇਸ ਗੱਲੋਂ ਡਾਢੀ ਚਿੰਤਤ ਦੱਸੀ ਜਾ ਰਹੀ ਹੈ ਕਿ ਸੂਬੇ ਵਿਚ ਆਮ ਲੋਕਾਂ ਨੂੰ ਆਪਣੇ ਕੰਮਾਂਕਾਰਾਂ ਲਈ ਰਿਸ਼ਵਤਖੋਰੀ ਦਾ ਸਹਾਰਾ ਲੈਣ ਲਈ ਮਜਬੂਰ ਹੋਣਾ ਪੈ ਰਿਹਾ ਹੈ।

ਸੂਤਰਾਂ ਅਨੁਸਾਰ ਸਰਕਾਰ ਵੱਲੋਂ ਜਦੋਂ ਨਸ਼ਿਆਂ ਖ਼ਿਲਾਫ਼ ਮੁਹਿੰਮ ਅਰੰਭੀ ਗਈ ਸੀ ਤਾਂ ਸਰਕਾਰ ਇਸ ਗੱਲੋਂ ਚਿੰਤਤ ਸੀ ਕਿ ਲੋਕਾਂ ਵਿਚ ਵਿਰੋਧ ਹੀ ਨਾ ਪਣਪ ਪਵੇ, ਜਦੋਂ ਕਿ ਉਲਟਾ ਲੋਕਾਂ ਤੇ ਪੰਜਾਬ ਦੇ ਚਿੰਤਕਾਂ ਵੱਲੋਂ ਸਰਕਾਰ ਦੇ ਇਸ ਕਦਮ ਦੀ ਵੱਡੇ ਪੱਧਰ 'ਤੇ ਸ਼ਲਾਘਾ ਕੀਤੀ ਗਈ ਹੈ। ਅਜਿਹੇ ਵਿਚ ਸਰਕਾਰ ਵੱਡੇ ਹੌਂਸਲੇ 'ਚ ਆਈ ਹੈ ਤੇ ਹੁਣ ਅਗਲੇ ਕਦਮ ਵਜੋਂ ਰਿਸ਼ਵਤਖ਼ੋਰੀ ਖ਼ਿਲਾਫ਼ ਲੋਹਾ ਲੈਣ ਨੂੰ ਤਿਆਰ ਹੋ ਗਈ ਹੈ।

ਆਲਾ ਮਿਆਰੀ ਸੂਤਰਾਂ ਦਾ ਕਹਿਣਾ ਹੈ ਕਿ ਸਰਕਾਰ ਇਸ ਗੱਲੋਂ ਵੱਡੇ ਹੌਂਸਲੇ ਵਿਚ ਹੈ ਕਿ ਜਦੋਂ ਸਰਕਾਰੀ ਤੰਤਰ ਬੁਰਾਈਆਂ ਨੂੰ ਥੰਮਣ ਲਈ ਅੰਗੜਾਈ ਲੈਂਦਾ ਹੈ ਤਾਂ ਲੋਕਾਈ ਵੀ ਨਾਲ ਹੋ ਤੁਰਦੀ ਹੈ। ਸੂਤਰਾਂ ਅਨੁਸਾਰ ਸਰਕਾਰ ਅਜੇ 1997 ਦੇ ਕਾਰਜਕਾਲ ਦੌਰਾਨ ਅਪਣਾਏ ਰਿਸਵਤਖੋਰੀ ਵਿਰੋਧੀ ਫਾਰਮੂਲੇ ਨੂੰ ਵਾਚ ਰਹੀ ਹੈ ਕਿ ਉਦੋਂ ਰਿਸ਼ਵਤਖੋਰਾਂ ਨੂੰ ਫੜਾਉਣ ਲਈ ਰੱਖੀ ਗਈ ਇਨਾਮੀ ਰਾਸ਼ੀ ਦੇ ਫੈਸਲੇ ਵਿਚ ਕੀ ਕਮੀਆਂ ਜਾਂ ਤਰੁੱਟੀਆਂ ਸਨ। ਉਦੋਂ ਅਜਿਹੇ ਫੈਸਲੇ ਤੋਂ ਲੋਕਾਂ ਨੂੰ ਕੀ ਰਾਹਤ ਮਿਲੀ ਜਾਂ ਮੁਲਾਜ਼ਮ ਵਰਗ ਦਾ ਕੀ ਰਵੱਈਆ ਰਿਹਾ, ਨੂੰ ਗੰਭੀਰਤਾ ਨਾਲ ਘੋਖਿਆ ਜਾ ਰਿਹਾ ਹੈ।

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਇਕ ਟੀ.ਵੀ. ਚੈਨਲ ਨੂੰ ਦਿੱਤੇ ਇੰਟਰਵਿਊ ਦੌਰਾਨ ਮੰਨਿਆ ਹੈ ਕਿ ਪੰਜਾਬ ਸਰਕਾਰ ਹੁਣ ਰਿਸ਼ਵਤਖ਼ੋਰੀ ਵਿਰੁੱਧ ਡਟਣ ਦਾ ਮਨ ਬਣਾ ਰਹੀ ਹੈ। ਉਨ੍ਹਾਂ ਦੱਸਿਆ ਕਿ ਰਿਸ਼ਵਤਖੋਰੀ ਦੇ ਵੱਖ-ਵੱਖ ਪੱਖਾਂ ਨੂੰ ਵਾਚਣ ਮਗਰੋਂ ਸਰਕਾਰ ਵੱਲੋਂ ਰਿਸ਼ਵਤਖੋਰੀ ਰੋਕਣ ਲਈ ਕੋਈ ਠੋਸ ਪ੍ਰੋਗਰਾਮ ਇਕ ਮੁਹਿੰਮ ਵਜੋਂ ਆਰੰਭਿਆ ਜਾ ਸਕਦਾ ਹੈ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਵੀ ਪਟਿਆਲਾ ਫੇਰੀ ਮੌਕੇ ਪੁਸ਼ਟੀ ਕੀਤੀ ਹੈ ਕਿ ਸਰਕਾਰ ਰਿਸ਼ਵਤਖੋਰੀ ਸਮੇਤ ਹੋਰ ਲਾਹਨਤਾਂ ਨੂੰ ਪੱਕੇ ਪੈਰੀਂ ਥੰਮਣ ਲਈ ਅਤਿ ਗੰਭੀਰ ਹੈ ਤੇ ਛੇਤੀ ਹੀ ਇਸ ਦੇ ਸਾਰਥਕ ਸਿੱਟੇ ਵੀ ਸਾਹਮਣੇ ਆਉਣਗੇ।


ਹੈਲਪਰ ਦੀ ਲੋੜ ਹੈ

ਬੇਕਰਸਫੀਲਡ ਕੈਲੀਫੋਰਨੀਆਂ ਵਿਖੇ
ਇੰਡੀਅਨ ਰੈਸਟੋਰੈਂਟ ਲਈ ਕਿਚਨ ਹੈਲਪਰ
ਲੇਡੀਜ਼ ਅਤੇ ਪੁਰਸ਼ ਦੀ ਅਤੇ ਸਟੋਰ ਲਈ
ਕੈਸ਼ੀਅਰ ਦੀ ਲੋੜ ਹੈ ।
ਚੰਗੀ ਤਨਖਾਹ ਤੇ ਹੋਰ ਸਹੂਲਤਾਂ

ਸੰਪਰਕ ਕਰੋ
661-364-0341


# ਮਨੁੱਖ ਆਪ ਹੀ ਕਰ ਰਿਹਾ ਹੈ ਤਿਹਾਏ ਮਰਨ ਦਾ ਇੰਤਜ਼ਾਮ

**ਲੰਡਨ:** ਇਕ ਨਵੇਂ ਅਧਿਐਨ ਵਿਚ ਚਿਤਾਵਨੀ ਦਿੱਤੀ ਗਈ ਹੈ ਕਿ ਜੇਕਰ ਲੋਕਾਂ ਨੇ ਊਰਜਾ ਦੀ ਸੰਜਮ ਨਾਲ ਵਰਤੋਂ ਦੀ ਆਦਤ ਨਾ ਪਾਈ ਤਾਂ 2040 ਤੱਕ ਦੁਨੀਆਂ ਭਰ ਵਿਚ ਪਾਣੀ ਲਈ ਹਾਹਾਕਾਰ ਮੱਚ ਜਾਵੇਗੀ। ਤਿੰਨ ਸਾਲਾਂ ਦੀ ਖੋਜ ਤੋਂ ਪਤਾ ਲੱਗਿਆ ਹੈ ਕਿ 2040 ਤੱਕ ਦੁਨੀਆਂ ਵਿਚ ਸਮੁੱਚੀ ਆਬਾਦੀ ਦੀ ਤੇਹ ਮਿਟਾਉਣ ਜੋਗਾ ਪਾਣੀ ਨਹੀਂ ਮਿਲੇਗਾ ਤੇ ਜਿਸ ਤਰੀਕੇ ਨਾਲ ਅਸੀਂ ਅੱਜ ਵਿਹਾਰ ਕਰ ਰਹੇ ਹਾਂ, ਉਸ ਲਿਹਾਜ਼ ਨਾਲ ਮੌਜੂਦਾ ਊਰਜਾ ਤੇ ਬਿਜਲੀ ਸਰੋਤਾਂ ਨੂੰ ਚੱਲਦੇ ਰੱਖਣਾ ਵੀ ਔਖਾ ਹੋ ਜਾਵੇਗਾ।

ਡੈਨਮਾਰਕ ਦੀ ਆਰਹੁਸ ਯੂਨੀਵਰਸਿਟੀ ਤੇ ਅਮਰੀਕਾ ਦੇ ਵਰਮੌਂਟ ਲਾਅ ਸਕੂਲ ਤੇ ਸੀ.ਐਨ.ਏ. ਕਾਰਪੋਰੇਸ਼ਨ ਵੱਲੋਂ ਕੀਤੇ ਗਏ ਇਸ ਅਧਿਐਨ ਵਿਚ ਕਿਹਾ ਗਿਆ ਹੈ ਕਿ ਇਹ ਪੀਣ ਵਾਲੇ ਪਾਣੀ ਤੇ ਊਰਜਾ ਲਈ ਪਾਣੀ ਦੀ ਮੰਗ ਵਿਚਕਾਰ ਵਧ ਰਹੇ ਟਕਰਾਅ ਦੀ ਸੂਰਤ ਬਣ ਰਹੀ ਹੈ। ਬਹੁਤ ਸਾਰੇ ਦੇਸ਼ਾਂ ਵਿਚ ਬਿਜਲੀ ਦੀ ਪੈਦਾਵਾਰ ਲਈ ਸਭ ਤੋਂ ਵੱਧ ਪਾਣੀ ਦੀ ਖਪਤ ਕੀਤੀ ਜਾਂਦੀ ਕਿਉਂਕਿ ਬਿਜਲੀਘਰਾਂ ਨੂੰ ਚਲਾਉਣ ਸਮੇਂ ਠੰਢਾ ਰੱਖਣ ਲਈ ਭਾਰੀ ਮਾਤਰਾ ਵਿਚ ਪਾਣੀ ਦੀ ਲੋੜ ਪੈਂਦੀ ਹੈ। ਜਿਨ੍ਹਾਂ ਊਰਜਾ ਪ੍ਰਣਾਲੀਆਂ ਨੂੰ ਕੂਲਿੰਗ ਵਿਧੀਆਂ ਦੀ ਲੋੜ ਨਹੀਂ ਪੈਂਦੀ, ਉਨ੍ਹਾਂ ਵਿਚ ਪਣ ਤੇ ਸੌਰ ਊਰਜਾ ਪ੍ਰਣਾਲੀਆਂ ਹੀ ਆਉਂਦੀਆਂ ਹਨ ਜਿਸ ਕਰਕੇ ਖੋਜਕਾਰਾਂ ਵੱਲੋਂ ਕੀਤੀ ਗਈ ਮੁੱਖ ਸਿਫਾਰਸ਼ ਇਹ ਹੈ ਕਿ ਪੁਰਾਣੇ ਬਿਜਲੀ ਪਲਾਂਟਾਂ ਦੀ ਥਾਂ ਵਧੇਰੇ ਹੰਢਣਸਾਰ ਪਣ ਤੇ ਸੌਰ ਊਰਜਾ ਪਲਾਂਟ ਲਾਏ ਜਾਣ।

ਖੋਜਕਾਰਾਂ ਦੀ ਇਕ ਦਿਲਚਸਪ ਲੱਭਤ ਇਹ ਹੈ ਕਿ ਬਹੁਤ ਸਾਰੇ ਬਿਜਲੀਘਰਾਂ ਕੋਲ ਪਾਣੀ ਦੀ ਵਰਤੋਂ ਬਾਰੇ ਰਜਿਸਟਰ ਹੀ ਨਹੀਂ ਲਾਇਆ ਹੋਇਆ ਕਿ ਉਨ੍ਹਾਂ ਵੱਲੋਂ ਪਾਣੀ ਦੀ ਕਿੰਨੀ ਖਪਤ ਹੋ ਰਹੀ ਹੈ।

ਆਰਹੁਸ ਯੂਨੀਵਰਸਿਟੀ ਦੇ ਪ੍ਰੋਫੈਸਰ ਬੈਂਜਾਮਿਨ ਸੋਵਾਕੂਲ ਦਾ ਕਹਿਣਾ ਹੈ ਕਿ ਇਹ ਇਕ ਬਹੁਤ ਵੱਡੀ ਸਮੱਸਿਆ ਹੈ ਕਿ ਬਿਜਲੀ ਖੇਤਰ ਨੂੰ ਇਹ ਅਹਿਸਾਸ ਹੀ ਨਹੀਂ ਹੈ ਕਿ ਉਸ ਵੱਲੋਂ ਦਰਅਸਲ ਪਾਣੀ ਦੀ ਕਿੰਨੀ ਖਪਤ ਕੀਤੀ ਜਾ ਰਹੀ ਹੈ ਤੇ ਇਸ ਦੇ ਨਾਲ ਹੀ ਸਾਡੇ ਕੋਲ ਪਾਣੀ ਦੇ ਬਹੁਤ ਜ਼ਿਆਦਾ ਸਰੋਤ ਵੀ ਨਹੀਂ ਹਨ ਜਿਸ ਕਰਕੇ ਜੇ ਇਸ ਬਾਰੇ ਛੇਤੀ ਕਾਰਵਾਈ ਨਾ ਕੀਤੀ ਗਈ ਤਾਂ ਇਕ ਵੱਡਾ ਸੰਕਟ ਪੈਦਾ ਹੋ ਜਾਵੇਗਾ। ਖੋਜ ਦੇ ਸਿੱਟਿਆਂ ਨੂੰ ਪਾਣੀ ਦੀ ਘਾਟ ਤੇ ਆਲਮੀ ਆਬਾਦੀ ਬਾਰੇ ਅਨੁਮਾਨਾਂ ਨਾਲ ਮੇਲ ਕੇ ਇਸ ਨੇ ਦਰਸਾਇਆ ਹੈ ਕਿ 2020 ਤੱਕ ਦੁਨੀਆਂ ਦੇ ਬਹੁਤ ਸਾਰੇ ਖੇਤਰਾਂ ਵਿਚ ਪੀਣ ਲਈ ਸਾਫ ਪਾਣੀ ਨਹੀਂ ਮਿਲੇਗਾ।

ਖੋਜ ਨੇ ਭਵਿੱਖਵਾਣੀ ਕੀਤੀ ਹੈ ਕਿ 2020 ਤੱਕ ਦੁਨੀਆਂ ਦੀ 30-40 ਫੀਸਦੀ ਆਬਾਦੀ ਕੋਲ ਪਾਣੀ ਦੀ ਘਾਟ ਹੋਵੇਗੀ ਤੇ ਖੋਜਕਾਰਾਂ ਮੁਤਾਬਕ ਜਲਵਾਯੂ ਤਬਦੀਲੀ ਕਾਰਨ ਹਾਲਾਤ ਹੋਰ ਵੀ ਖਰਾਬ ਹੋ ਜਾਣਗੇ। ਸ੍ਰੀ ਸੋਵਾਕੂਲ ਨੇ ਆਖਿਆ ਕਿ ਕਿ ਸਾਨੂੰ ਇਹ ਫੈਸਲਾ ਕਰਨਾ ਪਵੇਗਾ ਕਿ ਅਸੀਂ ਭਵਿੱਖ ਵਿੱਚ ਆਪਣਾ ਪਾਣੀ ਕਿੱਥੇ ਵਰਤਣਾ ਹੈ।


**Are You Tired Of All Treatments?**
**Try Homeopathic Natural Medicines (HNM)**

**Gurdip Singh Sandhu**
Homeopathic Practitioner/Consultant
DHMS-Gold Medalist, BAMS, MDEh.- India
**1188 E Santa Clara St., San Jose, CA 95116**

Homeopathic natural medicines supply




**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

EX Member:
The California Homeopathic Society
National Center For Homeopathy- USA

**Ph:(408) 687-1899**
**(408) 729-6691**
Fax:(408)292-6200

Email: Homeomdicine@yahoo.com
Website: www.Homeopathyatoz.com

**Toll Free: 1-877-OK-HOMEO (1-877-654-6636)**


# ਕਾਲਿਆਂ ਵਾਲੇ ਖੂਹ 'ਚੋਂ ਮਿਲੇ ਪਿੰਜਰਾਂ ਬਾਰੇ ਸ਼ੰਕੇ

**ਚੰਡੀਗੜ੍ਹ:** ਅਜਨਾਲੇ ਦੇ ਕਾਲਿਆਂ ਵਾਲੇ ਖੂਹ ਵਿਚੋਂ ਮਿਲੇ ਪਿੰਜਰਾਂ ਨਾਲ ਸਬੰਧਤ ਵਿਅਕਤੀਆਂ ਨੂੰ ਅੰਗਰੇਜ਼ ਫੌਜ ਵੱਲੋਂ ਗੋਲੀਆਂ ਮਾਰੀਆਂ ਗਈਆਂ ਸਨ ਜਾਂ ਇਹ ਸਾਰੀਆਂ ਹੱਡੀਆਂ ਬੰਦਿਆਂ ਦੀਆਂ ਹੀ ਹਨ, ਬਾਰੇ ਕੋਈ ਵੀ ਵਿਗਿਆਨਕ ਸਬੂਤ ਨਹੀਂ ਹਨ। ਇਨ੍ਹਾਂ ਹੱਡੀਆਂ ਦੀ ਅਜੇ ਤੱਕ ਮਾਨਵ ਵਿਗਿਆਨ ਦੇ ਪੱਖੋਂ ਜਾਂਚ ਨਹੀਂ ਹੋਈ, ਜੋ ਕਿ ਕਿਸੇ ਵੀ ਨਤੀਜੇ 'ਤੇ ਪਹੁੰਚਣ ਲਈ ਬਹੁਤ ਜ਼ਰੂਰੀ ਹੈ। ਇਸ ਲਈ ਵਿਗਿਆਨਕ ਜਾਂਚ ਦੀ ਅਣਹੋਂਦ ਵਿਚ ਹੱਡੀ ਪਿੰਜਰਾਂ ਨਾਲ ਸਬੰਧਤ ਵਿਅਕਤੀਆਂ ਦੀ ਮੌਤ ਦਾ ਕਾਰਨ ਸਪਸ਼ਟ ਨਹੀਂ ਹੈ ਤੇ ਨਾ ਹੀ ਇਹ ਕਿਹਾ ਜਾ ਸਕਦਾ ਹੈ ਕਿ ਵਿਅਕਤੀਆਂ ਨੂੰ ਗੋਲੀਆਂ ਮਾਰੀਆਂ ਗਈਆਂ ਸਨ ਜਾਂ ਨਹੀਂ ਮਾਰੀਆਂ ਗਈਆਂ ਸਨ।

ਪੰਜਾਬ ਸਰਕਾਰ ਵੱਲੋਂ ਖੂਹ ਵਿਚੋਂ ਮਿਲੇ ਹੱਡੀ-ਪਿੰਜਰਾਂ ਦੀ ਜਾਂਚ ਲਈ ਗਠਿਤ ਮਾਹਿਰ ਕਮੇਟੀ ਦੇ ਮੈਂਬਰ ਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਮਾਨਵ ਵਿਗਿਆਨ (ਐਂਥ੍ਰੋਪਾਲੋਜੀ) ਦੇ ਵਿਦਵਾਨ ਡਾ. ਜੇ.ਐਸ. ਸ਼ੇਰਾਵਤ ਦਾ ਕਹਿਣਾ ਹੈ ਕਿ ਹੱਡੀਆਂ ਦੀ ਜਾਂਚ ਤੋਂ ਬਿਨਾਂ ਤਾਂ ਇਹ ਵੀ ਸਪਸ਼ਟ ਨਹੀਂ ਹੋ ਸਕਦਾ ਕਿ ਇਹ ਸਾਰੀਆਂ ਹੱਡੀਆਂ ਮਨੁੱਖ ਦੀਆਂ ਹੀ ਹਨ। ਡਾ. ਸ਼ੇਰਾਵਤ ਨੇ ਦੱਸਿਆ ਕਿ ਇਨ੍ਹਾਂ ਹੱਡੀਆਂ ਦੀ ਵਿਗਿਆਨਕ ਜਾਂਚ ਤੋਂ ਹੀ ਸਪਸ਼ਟ ਹੋ ਸਕੇਗਾ ਕਿ ਉਹ ਹੱਡੀਆਂ ਅਸਲ ਵਿਚ ਪੂਰਬੀਆਂ ਦੀਆਂ ਹਨ ਜਾਂ ਨਹੀਂ, ਵਿਅਕਤੀਆਂ ਦੀ ਉਮਰ ਕਿੰਨੀ ਸੀ, ਵਿਅਕਤੀਆਂ ਦੀ ਗਿਣਤੀ ਅਸਲ ਵਿਚ ਕਿੰਨੀ ਸੀ ਤੇ ਕੀ ਉਨ੍ਹਾਂ ਹੱਡੀਆਂ ਵਿਚ ਜਾਨਵਰਾਂ ਦੀਆਂ ਹੱਡੀਆਂ ਤਾਂ ਸ਼ਾਮਲ ਨਹੀਂ।

ਉਨ੍ਹਾਂ ਕਿਹਾ ਕਿ ਜਾਂਚ ਲਈ ਕੁਝ ਹੱਡੀਆਂ ਪੰਜਾਬ ਯੂਨੀਵਰਸਿਟੀ ਲਿਆਂਦੀਆਂ ਗਈਆਂ ਹਨ, ਪਰ ਜਾਂਚ ਆਰੰਭ ਤਾਂ ਹੀ ਹੋਵੇਗੀ, ਜੇਕਰ ਪੰਜਾਬ ਸਰਕਾਰ ਇਸ ਸਾਰੀ ਜਾਂਚ ਦਾ ਬਣਦਾ ਤਕਰੀਬਨ 20 ਲੱਖ ਰੁਪਏ ਖਰਚਾ ਅਦਾ ਕਰੇਗੀ।




# ਹਾਈਕਮਾਨ ਨਾਲ ਆਢਾ ਲਾ ਕੇ ਘਿਰ ਗਏ ਜਗਮੀਤ ਬਰਾੜ

**ਨਵੀਂ ਦਿੱਲੀ:** ਕਾਂਗਰਸ ਦੇ ਸੀਨੀਅਰ ਆਗੂ ਜਗਮੀਤ ਸਿੰਘ ਬਰਾੜ ਪਾਰਟੀ ਦੀ ਕੌਮੀ ਪ੍ਰਧਾਨ ਸੋਨੀਆ ਗਾਂਧੀ ਤੇ ਮੀਤ ਪ੍ਰਧਾਨ ਰਾਹੁਲ ਗਾਂਧੀ ਨੂੰ ਛੁੱਟੀ 'ਤੇ ਜਾਣ ਦੀ ਸਲਾਹ ਦੇ ਕੇ ਬੁਰੀ ਤਰ੍ਹਾਂ ਘਿਰ ਗਏ ਹਨ। ਸ. ਬਰਾੜ ਭਾਵੇਂ ਦਾਅਵਾ ਕਰ ਰਹੇ ਹਨ ਕਿ ਉਨ੍ਹਾਂ ਨੇ 'ਛੁੱਟੀ' ਲਫ਼ਜ਼ ਨਹੀਂ ਵਰਤਿਆ, ਸਗੋਂ ਇੰਨਾ ਹੀ ਕਿਹਾ ਸੀ ਕਿ ਪਾਰਟੀ ਦੇ ਭਵਿੱਖ ਤੇ ਵਡੇਰੇ ਹਿੱਤਾਂ ਲਈ ਦੋਵਾਂ ਆਗੂਆਂ ਨੂੰ ਵਰਕਰਾਂ ਨੂੰ ਮੁੜ ਹੌਸਲਾ ਦੇਣ ਲਈ ਦੇਸ਼ ਦਾ ਦੌਰਾ ਕਰਨਾ ਚਾਹੀਦਾ ਹੈ ਪਰ ਕੇਂਦਰੀ ਲੀਡਰਸ਼ਿੱਪ ਸਮੇਤ ਪੰਜਾਬ ਦੇ ਕਈ ਸੀਨੀਅਰ ਆਗੂ ਸ. ਬਰਾੜ ਦੀ ਇਸ ਬਿਨ ਮੰਗੀ ਸਲਾਹ ਤੋਂ ਖ਼ਫ਼ਾ ਹਨ।



ਇਸ ਵਿਵਾਦਗ੍ਰਸਤ ਬਿਆਨ ਕਰਕੇ ਸ. ਬਰਾੜ ਨੂੰ ਕਾਰਨ ਦੱਸੋ ਨੋਟਿਸ ਵੀ ਜਾਰੀ ਕਰ ਦਿੱਤਾ ਗਿਆ ਹੈ। ਪੰਜਾਬ ਕਾਂਗਰਸ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਮੁਤਾਬਕ ਕੁੱਲ ਹਿੰਦ ਕਾਂਗਰਸ ਦੇ ਜਨਰਲ ਸਕੱਤਰ ਤੇ ਪੰਜਾਬ ਦੇ ਇੰਚਾਰਜ ਸ਼ਕੀਲ ਅਹਿਮਦ ਦੀਆਂ ਹਿਦਾਇਤਾਂ 'ਤੇ ਸ. ਬਰਾੜ ਨੂੰ ਉਨ੍ਹਾਂ ਦੇ ਗੈਰ-ਜ਼ਿੰਮੇਵਾਰਾਨਾ ਵਤੀਰੇ ਕਾਰਨ ਨੋਟਿਸ ਜਾਰੀ ਕੀਤਾ ਗਿਆ ਹੈ। ਸ. ਬਾਜਵਾ ਨੇ ਕਿਹਾ ਕਿ ਉਨ੍ਹਾਂ ਨੇ ਮੀਡੀਆ ਵਿਚ ਆਏ ਬਰਾੜ ਦੇ ਬਿਆਨ ਨੂੰ ਵਾਚਿਆ ਹੈ, ਜਿਸ ਵਿਚ ਉਨ੍ਹਾਂ ਨੇ ਪਾਰਟੀ ਲੀਡਰਸ਼ਿਪ ਦੀ ਆਲੋਚਨਾ ਕੀਤੀ ਹੈ। ਉਨ੍ਹਾਂ ਕਿਹਾ ਕਿ ਬਰਾੜ ਦੇ ਬਿਆਨ ਨੂੰ ਗੰਭੀਰਤਾ ਨਾਲ ਲਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜਦੋਂ ਪਾਰਟੀ ਲੋਕ ਸਭਾ ਚੋਣਾਂ ਵਿਚ ਹੋਈ ਹਾਰ ਬਾਰੇ ਗੰਭੀਰਤਾ ਨਾਲ ਕੰਮ ਕਰ ਰਹੀ ਹੈ ਤਾਂ ਬਰਾੜ ਵਰਗੇ ਆਗੂਆਂ ਤੋਂ ਅਜਿਹੇ ਗੈਰ-ਜ਼ਿੰਮੇਵਾਰਾਨਾ ਬਿਆਨ ਦੀ ਆਸ ਨਹੀਂ ਕੀਤੀ ਜਾ ਸਕਦੀ। ਜੇਕਰ ਉਨ੍ਹਾਂ ਦੇ ਕੁਝ ਮੁੱਦੇ ਹਨ ਤਾਂ ਉਹ ਇਨ੍ਹਾਂ ਨੂੰ ਮੀਡੀਆ ਵਿਚ ਉਛਾਲਣ ਦੀ ਬਜਾਏ ਪਾਰਟੀ ਸਾਹਮਣੇ ਰੱਖ ਸਕਦੇ ਸਨ। ਹੁਣ ਜਦੋਂ ਪੰਜਾਬ ਵਿਚ ਦੋ ਮਹੱਤਵਪੂਰਨ ਸੀਟਾਂ 'ਤੇ ਉਪ-ਚੋਣਾਂ ਹੋਣ ਜਾ ਰਹੀਆਂ ਹਨ ਤਾਂ ਉਨ੍ਹਾਂ ਵਰਗੇ ਆਗੂਆਂ ਵੱਲੋਂ ਦਿੱਤੇ ਜਾ ਰਹੇ ਅਜਿਹੇ ਬਿਆਨਾਂ ਕਾਰਨ ਕਾਂਗਰਸੀ ਉਮੀਦਵਾਰਾਂ ਨੂੰ ਨੁਕਸਾਨ ਹੋ ਸਕਦਾ ਹੈ।

ਦੂਜੇ ਪਾਸੇ ਪਾਰਟੀ ਹਾਈਕਮਾਨ ਨੇ ਇਸ ਬਿਆਨ 'ਤੇ ਪੰਜਾਬ ਪ੍ਰਦੇਸ਼ ਕਾਂਗਰਸ ਤੋਂ ਰਿਪੋਰਟ ਮੰਗੀ ਹੈ। ਪੰਜਾਬ ਲਈ ਕਾਂਗਰਸ ਦੇ ਜਨਰਲ ਸਕੱਤਰ ਸ਼ਕੀਲ ਅਹਿਮਦ ਦਾ ਕਹਿਣਾ ਹੈ ਕਿ ਇਸ ਬਿਆਨ ਨੂੰ ਗੰਭੀਰਤਾ ਨਾਲ ਲਿਆ ਗਿਆ ਹੈ ਤੇ ਇਸ ਬਾਰੇ ਪਾਰਟੀ ਦੀ ਪੰਜਾਬ ਇਕਾਈ ਤੋਂ ਰਿਪੋਰਟ ਮੰਗੀ ਗਈ ਹੈ। ਉਨ੍ਹਾਂ ਨੇ ਕਿਹਾ ਕਿ ਜਗਮੀਤ ਸਿੰਘ ਬਰਾੜ ਪਿਛਲੀਆਂ ਕੁਝ ਚੋਣਾਂ ਹਾਰਦੇ ਆ ਰਹੇ ਹਨ, ਜਿਸ ਕਾਰਨ ਇਸ ਵਾਰ ਉਨ੍ਹਾਂ ਨੂੰ ਉਮੀਦਵਾਰ ਨਹੀਂ ਬਣਾਇਆ ਗਿਆ। ਸ਼ਾਇਦ ਇਸ ਨੂੰ ਲੈ ਕੇ ਉਨ੍ਹਾਂ ਦੇ ਮਨ ਵਿਚ ਕੁਝ ਨਾਰਾਜ਼ਗੀ ਹੋਵੇਗੀ। ਇਸੇ ਦੌਰਾਨ ਕਾਂਗਰਸੀ ਨੇਤਾ ਮਨੀਸ਼ ਤਿਵਾੜੀ ਨੇ ਬਰਾੜ ਦੇ ਬਿਆਨ ਨੂੰ ਗੈਰ-ਜ਼ਰੂਰੀ ਦੱਸਿਆ ਤੇ ਪਾਰਟੀ ਆਗੂਆਂ ਨੂੰ ਇਕ-ਦੂਜੇ 'ਤੇ ਦੋਸ਼ ਲਾਉਣ ਤੋਂ ਬਚਣ ਦੀ ਸਲਾਹ ਦਿੱਤੀ।

ਜ਼ਿਕਰਯੋਗ ਹੈ ਕਿ ਸ. ਬਰਾੜ ਨੇ ਅਸਿੱਧੇ ਤਰੀਕੇ ਨਾਲ ਕੌਮੀ ਲੀਡਰਸ਼ਿਪ ਨੂੰ ਘੇਰਦਿਆਂ ਕਿਹਾ ਸੀ ਕਿ ਖੇਤਰੀ ਇਕਾਈਆਂ ਦੇ ਕਾਬਲ ਆਗੂਆਂ ਨੂੰ ਜਾਣਬੁੱਝ ਕੇ ਖੂੰਜੇ ਲਾਇਆ ਗਿਆ ਤਾਂ ਜੋ ਕੋਈ ਕੌਮੀ ਪੱਧਰ ਦਾ ਆਗੂ ਹੀ ਪੈਦਾ ਨਾ ਹੋ ਜਾਵੇ। ਇਸ ਕਾਰਨ ਪਾਰਟੀ ਸੰਗਠਨ ਵਿਚ ਖੜੋਤ ਆ ਗਈ ਹੈ। ਉਨ੍ਹਾਂ ਇਸ ਦੀ ਉਦਾਹਰਣ ਹਰਿਆਣਾ ਦੇ ਕੱਦਾਵਰ ਆਗੂ ਬਰਿੰਦਰ ਸਿੰਘ ਦੀ ਦਿੱਤੀ, ਜੋ ਨਾਰਾਜ਼ ਹੋ ਕੇ ਪਾਰਟੀ ਤੋਂ ਜਾ ਰਹੇ ਹਨ। ਸ. ਬਰਾੜ ਨੇ ਕਾਂਗਰਸ ਦੇ ਬੁਲਾਰਿਆਂ ਮਨੀਸ਼ ਤਿਵਾੜੀ, ਸ਼ਕੀਲ ਅਹਿਮਦ ਤੇ ਦਿਗਵਿਜੈ ਸਿੰਘ ਨੂੰ 'ਚਮਚੇ' ਤੇ 'ਚੱਲੇ ਹੋਏ ਕਾਰਤੂਸ' ਕਰਾਰ ਦਿੰਦਿਆਂ ਕਿਹਾ ਕਿ ਅਜਿਹੇ ਲੋਕਾਂ ਦੀਆਂ ਸਲਾਹਾਂ ਤੇ ਬੇਥਵੇ ਬਿਆਨਾਂ ਕਾਰਨ ਹੀ ਪਾਰਟੀ ਦੀ ਹੁਣ ਤੱਕ ਦੀ ਸਭ ਤੋਂ ਬੁਰੀ ਦੁਰਗਤ ਹੋਈ ਹੈ। ਇਸ ਲਈ ਇਨ੍ਹਾਂ ਲੋਕਾਂ ਨੂੰ 'ਸਾਂਝੀ ਜ਼ਿੰਮੇਵਾਰੀ' ਲੈਂਦੇ ਹੋਏ ਸਭ ਤੋਂ ਪਹਿਲਾਂ ਅਸਤੀਫ਼ੇ ਦੇਣੇ ਚਾਹੀਦੇ ਸਨ। ਹਾਰ ਲਈ ਸਿਰਫ਼ ਸੋਨੀਆ/ਰਾਹੁਲ ਹੀ ਜ਼ਿੰਮੇਵਾਰ ਨਹੀਂ, ਸਲਾਹਕਾਰ ਵੱਧ ਜ਼ਿੰਮੇਵਾਰ ਹਨ।

ਉਨ੍ਹਾਂ ਖੁਲਾਸਾ ਕੀਤਾ ਕਿ ਡਾ. ਮਨਮੋਹਨ ਸਿੰਘ ਦੀ ਥਾਂ ਜੇ ਯੂ.ਪੀ.ਏ. ਦੀ ਦੂਜੀ ਪਾਰੀ ਦੀ ਜ਼ਿੰਮੇਵਾਰੀ ਸ੍ਰੀ ਪ੍ਰਣਬ ਮੁਖਰਜੀ ਨੂੰ ਦੇ ਦਿੱਤੀ ਜਾਂਦੀ ਤਾਂ ਸ਼ਾਇਦ ਇੰਨੀ ਮਾੜੀ ਹਾਲਤ ਨਾ ਹੁੰਦੀ। ਉਨ੍ਹਾਂ ਇਸ ਗੱਲੋਂ ਇਨਕਾਰ ਕੀਤਾ ਕਿ ਲੋਕ ਸਭਾ ਚੋਣਾਂ ਵਿਚ ਟਿਕਟ ਨਾ ਦੇਣ ਤੋਂ ਉਹ ਕੌਮੀ ਲੀਡਰਸ਼ਿਪ ਤੋਂ ਖ਼ਫ਼ਾ ਹਨ।

ਸ੍ਰੀ ਬਰਾੜ ਨੇ ਦੋਸ਼ ਲਾਇਆ ਕਿ ਦਿਗਵਿਜੈ ਸਿੰਘ ਇਸ ਲਈ ਉਨ੍ਹਾਂ (ਬਰਾੜ) ਖ਼ਿਲਾਫ਼ ਬਿਆਨ ਦੇ ਰਹੇ ਹਨ ਕਿਉਂਕਿ ਉਹ ਹਮੇਸ਼ਾ ਦਿਗਵਿਜੈ ਦੇ ਸਿਆਸੀ ਗੁਰੂ ਅਰਜੁਨ ਸਿੰਘ ਨਾਲ ਖੜ੍ਹੇ ਰਹੇ, ਜਦੋਂ ਕਿ ਦਿਗਵਿਜੈ ਸਿੰਘ ਨੇ 'ਕ੍ਰਿਤਘਣਤਾ' ਦਿਖਾਉਂਦੇ ਹੋਏ ਆਪਣੇ ਗੁਰੂ ਨੂੰ ਧੋਖਾ ਦਿੱਤਾ ਸੀ। ਉਨ੍ਹਾਂ ਸ੍ਰੀ ਨਟਵਰ ਸਿੰਘ ਵੱਲੋਂ ਕਿਤਾਬ ਵਿਚ ਕੀਤੇ ਖੁਲਾਸੇ ਦੀ ਨਿੰਦਾ ਕੀਤੀ।

## ਬਾਜਵਾ ਨੋਟਿਸ ਜਾਰੀ ਨਹੀਂ ਕਰ ਸਕਦਾ: ਬਰਾੜ

**ਚੰਡੀਗੜ੍ਹ:** ਹੁਣ ਕਾਂਗਰਸ ਦੇ ਸੀਨੀਅਰ ਆਗੂ ਜਗਮੀਤ ਸਿੰਘ ਬਰਾੜ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੂੰ ਘੂਰੀਆਂ ਵੱਟਣ ਲੱਗ ਪਏ ਹਨ। ਸ. ਬਰਾੜ ਨੇ ਕਿਹਾ ਹੈ ਕਿ ਬਾਜਵਾ ਨੂੰ ਸੋਨੀਆ ਗਾਂਧੀ ਨੇ ਪ੍ਰਧਾਨ ਬਣਾਇਆ ਹੈ ਤੇ ਉਹ ਸੋਨੀਆ ਗਾਂਧੀ ਦੇ ਫੈਸਲੇ ਦਾ ਆਦਰ ਕਰਦੇ ਹਨ ਪਰ ਪਾਰਟੀ ਦੇ ਸੂਬਾ ਪ੍ਰਧਾਨ ਨੂੰ ਆਪਣੇ ਦਾਇਰੇ ਵਿਚ ਰਹਿਣਾ ਚਾਹੀਦਾ ਹੈ।

ਸ. ਬਰਾੜ ਨੇ ਸ. ਬਾਜਵਾ ਨੂੰ ਨਸੀਹਤ ਦਿੱਤੀ ਕਿ ਉਨ੍ਹਾਂ ਵੱਲੋਂ ਜਨਰਲ ਸਕੱਤਰ ਦੇ ਅਧਾਰ 'ਤੇ ਜਾਰੀ ਕੀਤਾ ਨੋਟਿਸ ਤਕਨੀਕੀ ਤੌਰ 'ਤੇ ਗ਼ਲਤ ਹੈ ਤੇ ਉਨ੍ਹਾਂ ਨੂੰ ਸਿਰਫ ਜਨਰਲ ਸਕੱਤਰ ਸ਼ਕੀਲ ਅਹਿਮਦ ਆਪਣੇ ਦਸਤਖ਼ਤਾਂ ਹੇਠ ਹੀ ਨੋਟਿਸ ਜਾਰੀ ਕਰ ਸਕਦਾ ਹੈ। ਉਹ ਆਲ ਇੰਡੀਆ ਕਾਂਗਰਸ ਕਮੇਟੀ ਦੇ ਮੈਂਬਰ ਹਨ ਤੇ ਕਈ ਸਾਲ ਕਾਰਜਕਾਰਨੀ ਦੇ ਮੈਂਬਰ ਵੀ ਰਹਿ ਚੁੱਕੇ ਹਨ। ਸ. ਬਰਾੜ ਨੇ ਬਾਜਵਾ ਨੂੰ ਇਕ ਹੋਰ ਨਸੀਹਤ ਦਿੱਤੀ ਕਿ ਉਹ ਇਸ ਮਾਮਲੇ ਵਿਚ ਉਨ੍ਹਾਂ ਦੇ ਬਿਆਨ ਨੂੰ ਪੜ੍ਹੇ ਬਿਨਾਂ ਬਿਆਨਬਾਜ਼ੀ ਕਰ ਰਹੇ ਆਪਣੇ ਅਹੁਦੇਦਾਰਾਂ ਤੇ ਵਿਧਾਇਕਾਂ ਨੂੰ ਰੋਕਣ ਕਿਉਂਕਿ ਉਨ੍ਹਾਂ ਦੇ ਵਿਚਾਰ ਪਾਰਟੀ ਦੇ ਹਿੱਤ ਵਿਚ ਹੀ ਹਨ।

# ਗਾਜ਼ਾ ਹਮਲਿਆਂ ਵਿਚ ਫਲਸਤੀਨੀ ਨਾਗਰਿਕਾਂ ਦਾ ਘਾਣ ਜਾਰੀ



*ਇਸਰਾਈਲ ਵਲੋਂ ਗਾਜ਼ਾ ਪੱਟੀ ਵਿਚ ਮਚਾਈ ਤਬਾਹੀ ਦਾ ਇਕ ਦ੍ਰਿਸ਼।*

**ਗਾਜ਼ਾ:** ਫਲਸਤੀਨ ਦੇ ਸਿਹਤ ਵਿਭਾਗ ਨੇ ਕਿਹਾ ਕਿ ਗਾਜ਼ਾ ਪੱਟੀ ਵਿਚ ਇਸਰਾਈਲ ਵੱਲੋਂ ਹਮਾਸ ਖਿਲਾਫ਼ ਸ਼ੁਰੂ ਕੀਤੀ ਗਈ ਮੁਹਿੰਮ ਵਿਚ ਹੁਣ ਤੱਕ 1700 ਤੋਂ ਵੱਧ ਫਲਸਤੀਨੀ ਨਾਗਰਿਕਾਂ ਦੀ ਮੌਤ ਹੋ ਚੁੱਕੀ ਹੈ। ਖ਼ਬਰ ਏਜੰਸੀ ਸਿਨਹੂਆ ਮੁਤਾਬਕ ਵਿਭਾਗ ਨੇ ਬਿਆਨ ਜਾਰੀ ਕਰਕੇ ਜਾਣਕਾਰੀ ਦਿੱਤੀ ਕਿ ਮ੍ਰਿਤਕਾਂ ਵਿਚ 398 ਬੱਚੇ, 207 ਔਰਤਾਂ ਤੇ 74 ਬਜ਼ੁਰਗ ਵੀ ਸ਼ਾਮਲ ਹਨ। ਇਨ੍ਹਾਂ ਹਮਲਿਆਂ ਵਿਚ 9080 ਲੋਕ ਜ਼ਖ਼ਮੀ ਹੋਏ ਹਨ ਜਿਨ੍ਹਾਂ ਵਿਚ 2744 ਬੱਚੇ ਤੇ 1750 ਔਰਤਾਂ ਹਨ।

ਇਸਰਾਈਲ ਨੇ 61 ਸੈਨਿਕਾਂ ਦੀ ਮੌਤ ਦੀ ਪੁਸ਼ਟੀ ਕੀਤੀ ਹੈ ਜਦਕਿ ਫਲਸਤੀਨੀ ਗੋਲਾਬਾਰੀ ਵਿਚ ਤਿੰਨ ਇਸਰਾਈਲੀ ਨਾਗਰਿਕ ਵੀ ਮਾਰੇ ਗਏ ਹਨ। ਗਾਜ਼ਾ ਵਿਚ ਹਮਾਸ ਤੇ ਇਸਰਾਈਲੀ ਸੈਨਿਕਾਂ ਵਿਚ ਸੰਘਰਸ਼ ਜਾਰੀ ਹੈ ਤੇ ਦੋਵਾਂ ਨੇ ਹੀ ਇਹ ਲੜਾਈ ਟੀਚਾ ਹਾਸਲ ਕਰਨ ਤੱਕ ਜਾਰੀ ਰੱਖਣ ਦਾ ਸੰਕਲਪ ਲਿਆ ਹੈ। ਇਸਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਕਿਹਾ ਹੈ ਕਿ ਗਾਜ਼ਾ ਵਿਚ ਸੈਨਿਕ ਮੁਹਿੰਮ ਦੇਸ਼ ਵਿਚ ਸੁਰੱਖਿਆ ਬਹਾਲ ਕਰਨ ਤੱਕ ਪੂਰੀ ਸ਼ਕਤੀ ਨਾਲ ਜਾਰੀ ਰਹੇਗੀ। ਇਧਰ ਹਮਾਸ ਨੇ ਕਿਹਾ ਕਿ ਨੇਤਨਯਾਹੂ ਦਾ ਬਿਆਨ ਇਹ ਵਿਖਾਉਂਦਾ ਹੈ ਕਿ ਉਸ ਦੇ ਸੈਨਿਕ ਗਾਜ਼ਾ ਵਿਚ ਮੁਸ਼ਕਿਲ ਵਿਚ ਘਿਰੇ ਹੋਏ ਹਨ।

ਹਮਾਸ ਨੇ ਇਸ ਦੇ ਨਾਲ ਹੀ ਇਹ ਸੰਕਲਪ ਲਿਆ ਕਿ ਟੀਚੇ ਦੀ ਪ੍ਰਾਪਤੀ ਤੱਕ ਇਹ ਲੜਾਈ ਜਾਰੀ ਰਹੇਗੀ। ਗਾਜ਼ਾ ਦੇ ਕਸਬੇ ਰਾਫਾਹ ਦੇ ਇਕ ਯੂ.ਐਨ.ਸਕੂਲ 'ਤੇ ਕੀਤੇ ਗਏ ਮਿਜ਼ਾਈਲ ਹਮਲੇ ਵਿਚ 10 ਲੋਕਾਂ ਦੀ ਮੌਤ ਹੋ ਗਈ ਤੇ ਤਕਰੀਬਨ 30 ਲੋਕ ਜ਼ਖ਼ਮੀ ਹੋ ਗਏ।


ਇਸਰਾਈਲੀ ਫੌਜ ਨੇ ਤੁਰੰਤ ਕੋਈ ਬਿਆਨ ਦੇਣ ਤੋਂ ਪਾਸਾ ਵੱਟਿਆ ਹੈ। ਪ੍ਰਤੱਖ ਦਰਸ਼ੀਆਂ ਅਨੁਸਾਰ ਇਸਰਾਈਲੀ ਫੌਜ ਜਿਥੇ ਅਤਿਵਾਦੀਆਂ ਨਾਲ ਲੜਾਈ ਲੜ ਰਹੀ ਹੈ ਉਥੇ ਸੈਂਕੜੇ ਅਤਿਵਾਦੀਆਂ ਨੇ ਇਸ ਸਕੂਲ ਵਿਚ ਪਨਾਹ ਲਈ ਹੋਈ ਸੀ।

# ਗ੍ਰਿਫਤਾਰੀ ਦੇ ਡਰੋਂ ਵਿਦੇਸ਼ਾਂ ਵਿਚ ਲਾਏ ਡੇਰੇ

## ਪਾਸਪੋਰਟ ਘੁਟਾਲੇ ਵਿਚ ਸ਼ਾਮਲ ਹਨ 58 ਔਰਤਾਂ ਸਮੇਤ 330 ਵਿਅਕਤੀ

**ਮੋਗਾ:** ਇਥੇ ਥਾਣਾ ਸਿਟੀ ਵਿਖੇ ਛੇ ਸਾਲ ਪਹਿਲਾਂ 13 ਜੁਲਾਈ 2008 ਨੂੰ ਦਰਜ ਹੋਏ ਪਾਸਪੋਰਟ ਘੁਟਾਲੇ ਵਿਚ ਜਾਅਲੀ ਦਸਤਾਵੇਜ਼ਾਂ ਦੇ ਅਧਾਰ 'ਤੇ ਪਾਸਪੋਰਟ ਜਾਰੀ ਕਰਵਾ ਕੇ ਵਿਦੇਸ਼ ਗਏ ਤਕਰੀਬਨ 58 ਔਰਤਾਂ ਸਮੇਤ 330 ਪਰਵਾਸੀ ਭਾਰਤੀ ਗ੍ਰਿਫ਼ਤਾਰੀ ਡਰੋਂ ਆਪਣੇ ਵਤਨ ਆਉਣ ਲਈ ਤਰਸ ਰਹੇ ਹਨ ਤੇ ਇਨ੍ਹਾਂ ਦੀ ਗ੍ਰਿਫ਼ਤਾਰੀ ਲਈ ਐਲ.ਓ.ਸੀ. ਜਾਰੀ ਕੀਤੀ ਹੋਈ ਹੈ। ਇਥੇ ਅਦਾਲਤ ਵਿਚ ਵਿਸ਼ੇਸ਼ ਜਾਂਚ ਟੀਮ ਨੇ ਇਕ ਨਾਬਾਲਗ ਲੜਕੀ ਸਮੇਤ ਛੇ ਫ਼ਰਜ਼ੀ ਪਾਸਪੋਰਟ ਧਾਰਕਾਂ ਖ਼ਿਲਾਫ਼ 15ਵਾਂ ਦੋਸ਼ ਪੱਤਰ ਦਾਇਰ ਕੀਤਾ ਹੈ। ਇਸ ਪਾਸਪੋਰਟ ਘੁਟਾਲੇ ਵਿਚ ਤਕਰੀਬਨ 825 ਸਰਕਾਰੀ ਗਵਾਹ ਹਨ। ਚੀਫ਼ ਜੁਡੀਸ਼ਲ ਮੈਜਿਸਟਰੇਟ ਪੂਜਾ ਅੰਦੋਤਰਾ ਦੀ ਅਦਾਲਤ ਨੇ ਇਸ ਕੇਸ ਦੀ ਅਗਲੀ ਸੁਣਵਾਈ ਲਈ ਅਗਾਮੀ ਛੇ ਸਤੰਬਰ ਦੀ ਤਰੀਕ ਮੁਕਰਰ ਕੀਤੀ ਹੈ।

ਵਿਸ਼ੇਸ਼ ਜਾਂਚ ਟੀਮ ਮੁਤਾਬਕ 2002 ਤੋਂ 2008 ਤੱਕ ਇਸ ਜ਼ਿਲ੍ਹੇ ਨਾਲ ਸਬੰਧਤ 795 ਪਾਸਪੋਰਟ ਫਾਈਲਾਂ ਦੀ ਜਾਂਚ ਦੌਰਾਨ ਤਕਰੀਬਨ 395 ਜਾਅਲੀ ਦਸਤਾਵੇਜ਼ਾਂ ਦੇ ਅਧਾਰ 'ਤੇ ਬਣੇ ਪਾਸਪੋਰਟਾਂ ਦੀ ਪੁਸ਼ਟੀ ਹੋਈ ਸੀ। ਇਸ ਘੁਟਾਲੇ ਵਿਚ ਪਿੰਡ ਜੈਮਲਵਾਲਾ ਵਾਸੀ ਇਕ ਮ੍ਰਿਤਕ ਵਿਅਕਤੀ ਦੇ ਨਾਂ 'ਤੇ ਬਠਿੰਡਾ ਵਿਚ ਸਰਗਰਮ ਇਕ ਗੈਂਗਸਟਰ ਤੋਂ ਇਲਾਵਾ ਡਰੱਗ ਮਾਫ਼ੀਆ ਦੇ ਕਈ ਮੈਂਬਰ ਪਾਸਪੋਰਟ ਬਣਾਉਣ ਵਿਚ ਸਫ਼ਲ ਰਹੇ। ਇਸ ਵਰ੍ਹੇ ਦੀ 30 ਜੂਨ ਤੱਕ 15 ਔਰਤਾਂ ਸਮੇਤ 70 ਫ਼ਰਜ਼ੀ ਪਾਸਪੋਰਟ ਧਾਰਕ, ਚੰਡੀਗੜ੍ਹ ਦੀਆਂ 14 ਟਰੈਵਲ ਏਜੰਸੀਆਂ ਦੇ ਸੰਚਾਲਕ ਤੇ ਛੇ ਏਜੰਟਾਂ ਸਮੇਤ 97 ਮੁਲਜ਼ਮ ਗ੍ਰਿਫ਼ਤਾਰ ਕੀਤੇ ਗਏ ਸਨ। ਇਸ ਵਕਤ ਤਕਰੀਬਨ 91 ਮੁਲਜ਼ਮ ਅਦਾਲਤੀ ਕਾਰਵਾਈ ਦਾ ਸਾਹਮਣਾ ਕਰ ਰਹੇ ਹਨ ਜਿਨ੍ਹਾਂ ਵਿਚੋਂ ਅਦਾਲਤ ਨੇ ਛੇ ਭਗੌੜੇ ਕਰਾਰ ਦੇ ਦਿੱਤੇ ਹਨ ਤੇ ਦਿੱਲੀ ਦੀ ਇਕ ਮਹਿਲਾ ਸਮੇਤ ਪੰਜ ਹੋਰ ਮੁਲਜ਼ਮ ਅਦਾਲਤ ਵਿਚੋਂ ਗੈਰਹਾਜ਼ਰ ਹੋਣ ਕਾਰਨ ਉਨ੍ਹਾਂ ਨੂੰ ਭਗੌੜਾ ਕਰਾਰ ਦੇਣ ਦੀ ਕਾਰਵਾਈ ਅਦਾਲਤ ਵਿਚ ਚੱਲ ਰਹੀ ਹੈ।





ਇਥੇ ਅਦਾਲਤ ਵਿਚ ਗੁਰਦਾਸਪੁਰ ਤੋਂ ਪੇਸ਼ੀ ਭੁਗਤਣ ਆਈ ਫ਼ਰਜ਼ੀ ਪਾਸਪੋਰਟ ਧਾਰਕ ਇਕ ਮਹਿਲਾ ਨੇ ਦੱਸਿਆ ਕਿ ਉਹ ਵਿਧਵਾ ਹੈ ਤੇ ਉਸ ਦੇ ਬੱਚੇ ਕੈਨੇਡਾ ਹਨ ਤੇ ਉਹ ਕਈ ਸਾਲਾਂ ਤੋਂ ਆਪਣੇ ਬੱਚਿਆਂ ਕੋਲ ਜਾਣ ਲਈ ਤਰਸ ਰਹੀ ਹੈ। ਪੀੜਤ ਮਹਿਲਾ ਨੇ ਦੋਸ਼ ਲਾਇਆ ਕਿ ਪੁਲਿਸ ਨੇ ਕਈ ਪਹੁੰਚ ਵਾਲਿਆਂ ਤੋਂ ਮੋਟੀਆਂ ਰਕਮਾਂ ਲੈ ਕੇ ਉਨ੍ਹਾਂ ਨੂੰ ਬੇਗੁਨਾਹ ਕਰਾਰ ਦਿੱਤਾ ਹੈ। ਕਈ ਮੁਲਜ਼ਮਾਂ ਦੇ ਪਾਸਪੋਰਟ ਅਦਾਲਤ ਵਿਚ ਹਨ ਪਰ ਉਹ ਹੋਰ ਜਾਅਲਸਾਜ਼ੀ ਨਾਲ ਪਾਸਪੋਰਟ ਬਣਾ ਕੇ ਮੁੜ ਵਿਦੇਸ਼ਾਂ ਵਿਚ ਪਹੁੰਚ ਗਏ ਹਨ।

# ਫਰੀਦਕੋਟ ਦੇ ਰਾਜੇ ਦੀ ਜਾਇਦਾਦ ਬਾਰੇ ਪਟੀਸ਼ਨ ਖਾਰਜ

**ਚੰਡੀਗੜ੍ਹ:** ਅਦਾਲਤ ਨੇ ਫ਼ਰੀਦਕੋਟ ਦੇ ਰਾਜਾ ਹਰਿੰਦਰ ਸਿੰਘ ਬਰਾੜ ਦੀ 22 ਹਜ਼ਾਰ ਕਰੋੜ ਰੁਪਏ ਦੀ ਜਾਇਦਾਦ ਵਿਚ ਦਿੱਲੀ ਦੇ ਇਕ ਵਪਾਰੀ ਗੁਰਪ੍ਰੀਤ ਸਿੰਘ ਦਾ ਮਾਲਕਾਨਾ ਹੱਕ ਜਮਾਉਣ ਦਾ ਦਾਅਵਾ ਰੱਦ ਕਰ ਦਿੱਤਾ ਹੈ। ਪਟੀਸ਼ਨਰ ਨੇ 22 ਜੁਲਾਈ ਨੂੰ ਅਦਾਲਤ ਵਿਚ ਇਕ ਅਰਜ਼ੀ ਦੇ ਕੇ ਕਿਹਾ ਸੀ ਕਿ ਉਸ ਕੋਲ ਜਾਇਦਾਦ ਦੇ 80 ਫ਼ੀਸਦੀ ਹਿੱਸੇ ਦੇ ਮਾਲਕਾਨਾ ਹੱਕ ਹੋਣ ਦੇ ਕਾਗ਼ਜ਼ਾਤ ਹਨ, ਇਸ ਲਈ ਉਸ ਨੂੰ ਕੇਸ ਵਿਚ ਧਿਰ ਬਣਾਇਆ ਜਾਵੇ। ਅਦਾਲਤ ਨੇ ਇਹ ਅਰਜ਼ੀ ਖ਼ਾਰਜ ਕਰ ਦਿੱਤੀ ਹੈ।

ਅਦਾਲਤ ਵਿਚ ਰਾਜਾ ਦੇ ਛੋਟੇ ਭਰਾ ਕੰਵਰ ਮਨਜੀਤ ਇੰਦਰ ਸਿੰਘ ਦੇ ਬੇਟੇ ਭਰਤਇੰਦਰ ਸਿੰਘ ਦੀ ਜਾਇਦਾਦ ਦੀ ਦੇਖ ਰੇਖ ਕਰਨ ਲਈ ਰਸੀਵਰ ਲਾਏ ਜਾਣ ਦੀ ਅਰਜ਼ੀ 'ਤੇ ਬਹਿਸ ਹੋਈ।

ਅਦਾਲਤ ਨੇ ਫ਼ੈਸਲਾ 14 ਅਗਸਤ ਲਈ ਰਾਖਵਾਂ ਕਰ ਦਿੱਤਾ ਹੈ। ਪਟੀਸ਼ਨਰ ਗੁਰਪ੍ਰੀਤ ਸਿੰਘ ਨੇ ਅਦਾਲਤ ਨੂੰ ਦਿੱਤੀ ਅਰਜ਼ੀ ਵਿਚ ਦਾਅਵਾ ਕੀਤਾ ਸੀ ਕਿ ਉਸ ਕੋਲ ਜਾਇਦਾਦ ਦੇ 80 ਫੀਸਦੀ ਹਿੱਸੇ ਦਾ ਮਾਲਕ ਹੋਣ ਦੇ ਹੱਕ ਹਨ ਤੇ ਇਸ ਬਾਬਤ ਉਸ ਕੋਲ ਪੂਰੇ ਦਸਤਾਵੇਜ਼ ਵੀ ਮੌਜੂਦ ਹਨ। ਇਸ ਦੇ ਉਲਟ ਰਾਜਕੁਮਾਰੀ ਅੰਮ੍ਰਿਤ ਕੌਰ ਦੇ ਵਕੀਲ ਐਮ.ਐਸ. ਖਹਿਰਾ ਦਾ ਕਹਿਣਾ ਸੀ ਕਿ ਜਾਇਦਾਦ ਵਿਚ 80 ਫ਼ੀਸਦੀ ਹਿੱਸਾ ਹੋਣ ਦਾ ਦਾਅਵਾ ਕਰਨ ਦਾ ਕੇਸ ਪਹਿਲਾਂ ਹੀ ਦਿੱਲੀ ਹਾਈ ਕੋਰਟ ਵਿਚ



ਸੁਣਵਾਈ ਅਧੀਨ ਹੈ, ਇਸ ਕਰਕੇ ਕੇਸ ਵਿਚ ਧਿਰ ਬਣਨ ਦੀ ਆਗਿਆ ਨਹੀਂ ਦਿੱਤੀ ਜਾਣੀ ਚਾਹੀਦੀ ਹੈ। ਉਨ੍ਹਾਂ ਨੇ ਇਹ ਵੀ ਕਿਹਾ ਕਿ ਦਿੱਲੀ ਹਾਈ ਕੋਰਟ ਵਿਚ ਕੇਸ ਦਾ ਫ਼ੈਸਲਾ ਹੋਣ ਤੱਕ ਉਹ ਹੇਠਲੀ ਅਦਾਲਤ ਵਿਚ ਇਕ ਨਵਾਂ ਕੇਸ ਦਾਇਰ ਕਰਨ ਦਾ ਅਧਿਕਾਰ ਨਹੀਂ ਰੱਖਦੇ ਹਨ।

ਮਹਿਰਾਵਲ ਖੇਵਾਜੀ ਟਰੱਸਟ ਦੇ ਵਕੀਲ ਚੇਤਨ ਮਿੱਤਲ ਦੀ ਦਲੀਲ ਸੀ ਕਿ ਪਟੀਸ਼ਨਰ ਗੁਰਪ੍ਰੀਤ ਸਿੰਘ ਨੇ ਦਾਅਵਾ ਕੀਤਾ ਹੈ ਕਿ ਰਾਜ ਕੁਮਾਰੀ ਅੰਮ੍ਰਿਤ ਕੌਰ ਨੇ 1996 ਵਿਚ ਜਾਇਦਾਦ ਦੇ ਹੱਕ ਵੇਚ ਦਿੱਤੇ ਸਨ ਜਦੋਂਕਿ ਉਸ ਨੂੰ ਕੇਸ ਵਿਚ ਧਿਰ ਬਣਨ ਦੀ ਯਾਦ 18 ਸਾਲਾਂ ਬਾਅਦ ਆਈ ਹੈ। ਉਨ੍ਹਾਂ ਨੇ ਪਟੀਸ਼ਨ ਨੂੰ ਸ਼ੱਕੀ ਦੱਸਿਆ। ਉਨ੍ਹਾਂ ਨੇ ਅਦਾਲਤ ਦੇ ਧਿਆਨ ਵਿਚ ਲਿਆਂਦਾ ਕਿ ਜਿਸ ਕਾਰੋਬਾਰੀ ਨੂੰ ਰਾਜਕੁਮਾਰੀ ਅੰਮ੍ਰਿਤ ਕੌਰ ਵੱਲੋਂ ਜਾਇਦਾਦ ਦੇ ਹਕ ਵੇਚੇ ਗਏ ਸਨ, ਉਸ ਵਿਚੋਂ ਤਾਂ 33 ਫ਼ੀਸਦ ਹਿੱਸਾ ਅੱਗੇ ਵੇਚੇ ਜਾਣ ਦੀ ਸੂਚਨਾ ਹੈ। ਉਨ੍ਹਾਂ ਨੇ ਆਪਣੀ ਦਲੀਲ ਦੇ ਹੱਕ ਵਿਚ ਦਸਤਾਵੇਜ਼ ਵੀ ਪੇਸ਼ ਕੀਤੇ ਹਨ। ਜ਼ਿਕਰਯੋਗ ਹੈ ਕਿ ਚੰਡੀਗੜ੍ਹ ਦੇ ਚੀਫ ਜੁਡੀਸ਼ਲ ਮੈਜਿਸਟ੍ਰੇਟ ਨੇ ਰਾਜਾ ਦੀ 22 ਹਜ਼ਾਰ ਕਰੋੜ ਦੀ ਪ੍ਰਾਪਰਟੀ ਦਾ ਮਾਲਕਾਨਾ ਹੱਕ ਉਸ ਦੀ ਬੇਟੀ ਰਾਜਕੁਮਾਰੀ ਅੰਮ੍ਰਿਤ ਕੌਰ ਤੇ ਮਹਾਰਾਣੀ ਦਪਿੰਦਰ ਕੌਰ ਨੂੰ ਦੇ ਦਿੱਤਾ ਸੀ। ਦਪਿੰਦਰ ਕੌਰ ਇਸ ਵੇਲੇ ਕੋਲਕਾਤਾ ਰਾਜ ਘਰਾਣੇ ਦੀ ਮਹਾਰਾਣੀ ਹੈ।

# ਰੇਡੀਅਮ ਵੰਨ ਦੇ ਸਾਬਕਾ ਸੀ.ਈ.ਓ. ਗੁਰਬਖਸ਼ ਚਾਹਲ ਨੇ ਨਵੀਂ ਕੰਪਨੀ ਬਣਾਈ

**ਸੈਨ ਫਰਾਂਸਿਸਕੋ, ਕੈਲੀਫੋਰਨੀਆ (ਬਿਊਰੋ):** 'ਰੇਡੀਅਮ ਵੰਨ' ਕੰਪਨੀ ਦੇ ਸਾਬਕਾ ਸੀ.ਈ.ਓ. ਅਤੇ ਇਸ਼ਤਿਹਾਰਾਂ ਦੀ ਦੁਨੀਆਂ ਦੀ ਅਹਿਮ ਸ਼ਖ਼ਸੀਅਤ ਗੁਰਬਖ਼ਸ਼ ਚਾਹਲ ਨੇ ਸੈਨ ਫਰਾਂਸਿਸਕੋ ਤੋਂ ਆਪਣੀ ਵੱਖਰੀ ਕੰਪਨੀ 'ਗਰੈਵਿਟੀ 4' ਬਣਾ ਲਈ ਹੈ। ਇਸ ਦੇ ਨਾਲ ਹੀ ਉਸ ਨੇ ਆਪਣੀ ਪਹਿਲੀ ਕੰਪਨੀ 'ਰੇਡੀਅਮ ਵੰਨ' ਨਾਲ ਸਾਰੇ ਵਿਵਾਦ ਵੀ ਨਜਿੱਠ ਲਏ ਹਨ। ਗੌਰਤਲਬ ਹੈ ਕਿ ਗੁਰਬਖਸ਼ ਚਾਹਲ ਉਤੇ ਆਪਣੀ ਸਾਬਕਾ ਪ੍ਰੇਮਿਕਾ ਨਾਲ ਘਰੇਲੂ ਹਿੰਸਾ ਕਰਨ ਦੇ ਦੋਸ਼ ਲੱਗਣ ਤੋਂ ਬਾਅਦ 'ਰੇਡੀਅਮ ਵੰਨ' ਵਿਚੋਂ ਉਸ ਨੂੰ ਕੱਢ ਦਿੱਤਾ ਗਿਆ ਸੀ।



ਸ੍ਰੀ ਚਾਹਲ ਅਤੇ 'ਰੇਡੀਅਮ ਵੰਨ' ਵੱਲੋਂ ਜਾਰੀ ਕੀਤੇ ਸਾਂਝੇ ਬਿਆਨ ਵਿਚ ਕਿਹਾ ਗਿਆ ਹੈ ਕਿ ਦੋਹਾਂ ਪਾਰਟੀਆਂ ਵਿਚਕਾਰ ਸਾਰੇ ਵਿਵਾਦ ਹੁਣ ਸੁਲਝਾ ਲਏ ਗਏ ਹਨ। 'ਰੇਡੀਅਮ ਵੰਨ' ਨੇ ਸ੍ਰੀ ਚਾਹਲ ਦੇ ਉਸ ਫੈਸਲੇ ਦਾ ਵੀ ਸਮਰਥਨ ਕੀਤਾ ਹੈ ਜਿਸ ਵਿਚ ਉਸ ਨੇ ਕੰਪਨੀ, ਕੰਪਨੀ ਦੇ ਮੁਲਾਜ਼ਮਾਂ ਅਤੇ ਗਾਹਕਾਂ ਦੇ ਹਿਤਾਂ ਨੂੰ ਧਿਆਨ ਵਿਚ ਰੱਖਦਿਆਂ, ਅਦਾਲਤ ਤੋਂ ਪੂਰੀ ਤਰ੍ਹਾਂ ਦੋਸ਼ ਮੁਕਤੀ ਦੀ ਥਾਂ ਕੁਝ ਅਪਰਾਧ ਦੀ ਅਪੀਲ ਸਵੀਕਾਰ ਲਈ ਹੈ। ਇਸੇ ਦੌਰਾਨ ਆਪਣੇ ਕੇਸ ਬਾਰੇ ਉਸ ਨੇ ਕਿਹਾ ਹੈ ਕਿ ਸ਼ੋਸ਼ਲ ਨੈਟਵਰਕਿੰਗ ਸਾਈਟਾਂ ਅਤੇ ਮੀਡੀਆ ਵਿਚ ਉਸ ਨਾਲ ਸਬੰਧਤ ਤੱਥਾਂ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ ਗਿਆ ਸੀ ਜਦਕਿ ਸੱਚ ਕੁਝ ਹੋਰ ਸੀ।

ਆਪਣੀ ਨਵੀਂ ਕੰਪਨੀ ਬਾਰੇ ਸ੍ਰੀ ਚਾਹਲ ਨੇ ਦਾਅਵਾ ਕੀਤਾ ਹੈ ਕਿ ਇਹ ਆਨਲਾਈਨ ਇਸ਼ਤਿਹਾਰਾਂ ਦੀ ਪ੍ਰਕਿਰਿਆ ਨੂੰ ਆਸਾਨ ਬਣਾਉਣ ਵਿਚ ਸਹਾਈ ਹੋਵੇਗੀ। ਇਸ ਕਾਰਜ ਲਈ ਉਸ ਨੇ ਐਪਲ, ਯਾਹੂ ਅਤੇ ਮਾਈਕ੍ਰੋਸੌਫਟ ਵਰਗੀਆਂ ਵੱਡੀਆਂ ਕੰਪਨੀਆਂ ਦੇ ਸਾਬਕਾ ਇੰਜੀਨੀਅਰਾਂ ਅਤੇ ਹੋਰ ਅਧਿਕਾਰੀਆਂ ਨਾਲ ਮਸ਼ਵਰੇ ਕੀਤੇ ਹਨ।

## ਨਿਠਾਰੀ ਕਾਂਡ: ਪੰਧੇਰ ਨੂੰ ਪੰਜ ਕੇਸਾਂ ਵਿਚ ਮਿਲੀ ਜ਼ਮਾਨਤ

**ਇਲਾਹਾਬਾਦ:** ਇਲਾਹਾਬਾਦ ਹਾਈ ਕੋਰਟ ਨੇ ਨਿਠਾਰੀ ਕਾਂਡ ਦੇ ਮੁੱਖ ਮੁਲਜ਼ਮ ਮਨਿੰਦਰ ਸਿੰਘ ਪੰਧੇਰ ਨੂੰ ਪੰਜ ਕੇਸਾਂ ਵਿਚ ਜ਼ਮਾਨਤ ਦੇ ਦਿੱਤੀ ਹੈ। ਉਂਜ ਪੰਧੇਰ ਦਾ ਜੇਲ੍ਹ ਤੋਂ ਬਾਹਰ ਆਉਣਾ ਮੁਸ਼ਕਲ ਹੈ ਕਿਉਂਕਿ ਉਸ ਖਿਲਾਫ ਕਤਲ ਦੇ ਅੱਠ ਹੋਰ ਕੇਸ ਅਜੇ ਲੰਬਿਤ ਪਏ ਹਨ। ਪੰਧੇਰ ਤੇ ਉਸ ਦੇ ਨੌਕਰ ਸੁਰਿੰਦਰ ਕੌਲੀ ਨੂੰ ਕਤਲਾਂ ਦੇ ਜੁਰਮ ਵਿਚ ਗ੍ਰਿਫਤਾਰ ਕੀਤਾ ਗਿਆ ਸੀ। ਇਕ ਮਾਮਲੇ ਵਿਚ ਸੀ.ਬੀ.ਆਈ. ਅਦਾਲਤ ਨੇ ਦੋਹਾਂ ਨੂੰ ਮੌਤ ਦੀ ਸਜ਼ਾ ਸੁਣਾਈ ਸੀ।

# ਸ਼ਹੀਦ ਊਧਮ ਸਿੰਘ ਤੇ ਮਦਨ ਲਾਲ ਢੀਂਗਰਾ ਨੂੰ ਸਮਰਪਿਤ ਸਮਾਗਮ

**ਫਰਿਜ਼ਨੋ (ਬਿਊਰੋ):** ਇੰਡੋ ਅਮੈਰੀਕਨ ਹੈਰੀਟੇਜ ਫੋਰਮ ਵਲੋਂ ਸ਼ਹੀਦ ਊਧਮ ਸਿੰਘ ਸੁਨਾਮ ਅਤੇ ਸ਼ਹੀਦ ਮਦਨ ਲਾਲ ਢੀਂਗਰਾ ਦੀ ਸ਼ਹੀਦੀ ਨੂੰ ਸਮਰਪਿਤ ਇਕ ਸਮਾਗਮ ਲੰਘੀ 2 ਅਗਸਤ ਨੂੰ ਕਰਵਾਇਆ ਗਿਆ। ਸਮਾਗਮ ਡਾ. ਗੁਰੂਮੇਲ ਸਿੱਧੂ, ਗੁਰਦੀਪ ਸਿੰਘ ਗਿੱਲ (ਪ੍ਰਧਾਨ, ਇੰਡੋ ਅਮੈਰਿਕਨ ਹੈਰੀਟੇਜ ਫੋਰਮ) ਅਤੇ ਨਵਰੀਤ ਧਾਲੀਵਾਲ (ਪੋਤਰਾ, ਸ਼ਹੀਦ ਨਛੱਤਰ ਸਿੰਘ ਧਾਲੀਵਾਲ) ਦੀ ਪ੍ਰਧਾਨਗੀ ਵਿਚ ਹੋਇਆ।



*ਡਾ. ਗੁਰੂਮੇਲ ਸਿੱਧੂ ਦੀ ਕਿਤਾਬ 'ਗਦਰ ਦਾ ਦੂਜਾ ਪੱਖ' ਜਾਰੀ ਕਰਦੇ ਹੋਏ*

ਮੰਚ ਸੰਚਾਲਨ ਕਰਦਿਆਂ ਹਰਜਿੰਦਰ ਢੇਸੀ ਨੇ ਸ਼ਹੀਦ ਊਧਮ ਸਿੰਘ ਤੇ ਮਦਨ ਲਾਲ ਢੀਂਗਰਾ ਦੀਆਂ ਸ਼ਹੀਦੀਆਂ ਦਾ ਇਤਿਹਾਸਕ ਪੱਖ ਬਿਆਨਦਿਆਂ ਸ਼ਰਧਾਂਜਲੀ ਭੇਟ ਕੀਤੀ। ਰਾਜ ਬਰਾੜ ਨੇ ਇਕ ਗੀਤ ਪੇਸ਼ ਕੀਤਾ ਅਤੇ ਲਛਮਣ ਸਿੰਘ ਰਾਠੌਰ ਨੇ ਇਕ ਕਵਿਤਾ ਰਾਹੀਂ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਮਾਸਟਰ ਹਰਭਜਨ ਸਿੰਘ ਬਾਸੀ ਨੇ ਹਿੰਦੋਸਤਾਨ ਦੀ ਆਜ਼ਾਦੀ ਦੇ ਸੰਘਰਸ਼ ਵਿਚ ਸ਼ਹੀਦਾਂ ਵਲੋਂ ਪਾਏ ਯੋਗਦਾਨ ਦਾ ਸਮੇਂ ਦੀਆਂ ਸਰਕਾਰਾਂ ਵਲੋਂ ਬਣਦਾ ਸਤਿਕਾਰ ਨਾ ਕਰਨ ਪ੍ਰਤੀ ਰੋਸ ਜਤਾਇਆ ਅਤੇ ਇਜ਼ਰਾਇਲ ਵਲੋਂ ਫਲਸਤੀਨ ਦੇ ਲੋਕਾਂ 'ਤੇ ਕੀਤੇ ਜਾ ਰਹੇ ਅਣਮਨੁੱਖੀ ਤਸ਼ੱਦਦ ਦੀ ਨਿੰਦਾ ਵੀ ਕੀਤੀ। ਗੁਰਦੀਪ ਸਿੰਘ ਅਣਖੀ ਨੇ ਸਮੂਹ ਲੋਕਾਂ ਅਤੇ ਪਾਰਟੀਆਂ ਨੂੰ ਸ਼ਹੀਦਾਂ ਨੂੰ ਜਾਤਾਂ-ਪਾਤਾਂ, ਧਰਮਾਂ ਤੇ ਮਜ਼ਹਬਾਂ ਵਿਚ ਨਾ ਵੰਡ ਕੇ ਸ਼ਹੀਦਾਂ ਦੇ ਲੋਕਪੱਖੀ ਵਿਚਾਰਾਂ ਨੂੰ ਅਪਨਾਉਣ ਦੀ ਅਪੀਲ ਕੀਤੀ। ਕਿਰਪਾਲ ਸਿੰਘ ਸੰਧੂ ਨੇ ਆਪਣੀ ਸੰਖੇਪ ਤਕਰੀਰ ਵਿਚ ਸ਼ਹੀਦ ਊਧਮ ਸਿੰਘ ਦੀ ਸ਼ਹੀਦੀ ਦੇ ਇਤਿਹਾਸਕ ਪੱਖਾਂ ਦਾ ਵਰਣਨ ਕੀਤਾ। ਮਹਿੰਦਰ ਸਿੰਘ ਗਰੇਵਾਲ ਹੋਰਾਂ ਨੇ ਹਮੇਸ਼ਾ ਮਾਨਵਾਦੀ ਸੋਚ ਅਪਨਾਈ ਰੱਖਣ 'ਤੇ ਜ਼ੋਰ ਦਿਤਾ।

ਸਮਾਗਮ ਵਿਚ ਬੱਚਿਆਂ ਦੀ ਸ਼ਮੂਲੀਅਤ ਵੀ ਅਹਿਮ ਸੀ ਜਿਨ੍ਹਾਂ ਵਿਚ ਮਨਵੀਰ ਕੌਰ ਧਾਲੀਵਾਲ, ਕਿਰਨ ਮਹਿਮੀ, ਹਰਜੋਤ ਸਿੰਘ, ਆਚਲ ਹੇਅਰ, ਸਿੰਮਵੀਰ ਹੇਅਰ ਤੇ ਸ਼ਿੰਦਰ ਸਿੰਘ ਮਾਹੀ ਨੇ ਹਿੱਸਾ ਲਿਆ। ਇਨ੍ਹਾਂ ਵਲੋਂ ਪੇਸ਼ ਭਾਵਪੂਰਤ ਕਵਿਤਾਵਾਂ ਨੂੰ ਸਮੂਹ ਲੋਕਾਂ ਦੇ ਬਹੁਤ ਸਰਾਹਿਆ। ਜੀ ਐਚ ਜੀ ਡਾਂਸ ਅਤੇ ਸੰਗੀਤ ਅਕੈਡਮੀ ਦੇ ਬੱਚਿਆਂ ਨੇ ਭੰਗੜਾ ਪੇਸ਼ ਕੀਤਾ। ਸਿਮਰਨ ਹੇਅਰ ਵਲੋਂ ਤਿਆਰ ਗਿਧੇ ਦੀ ਟੀਮ ਨੇ ਵੀ ਖੂਬ ਰੌਣਕ ਲਾਈ। ਹਰਜੋਤ ਅਤੇ ਦਿਲਜੋਤ ਨੇ ਵੀ ਭੰਗੜੇ ਦੇ ਰੰਗ ਦਿਖਾਏ। ਬੱਚਿਆਂ ਦਾ ਟਰਾਫੀਆਂ ਨਾਲ ਸਨਮਾਨ ਕੀਤਾ ਗਿਆ।

ਪ੍ਰੋਗਰਾਮ ਦੇ ਦੂਜੇ ਹਿਸੇ ਵਿਚ ਡਾ. ਗੁਰੂਮੇਲ ਸਿੱਧੂ ਦੀ ਕਿਤਾਬ 'ਗਦਰ ਦਾ ਦੂਜਾ ਪੱਖ' ਜਾਰੀ ਕੀਤੀ ਗਈ। ਗੁਰਦੀਪ ਸਿੰਘ ਅਣਖੀ ਨੇ ਡਾ. ਸਿੱਧੂ ਦਾ ਇਸ ਕਿਤਾਬ ਰਾਹੀਂ ਇਤਿਹਾਸਕ ਤੱਥਾਂ ਨੂੰ ਸਾਂਭਣ ਲਈ ਪਾਏ ਯੋਗਦਾਨ ਲਈ ਧੰਨਵਾਦ ਕੀਤਾ। ਉਨ੍ਹਾਂ ਜਗਜੀਤ ਸਿੰਘ ਥਿੰਦ ਦਾ ਵੀ ਉਚੇਚਾ ਧੰਨਵਾਦ ਕੀਤਾ। ਹਰਜਿੰਦਰ ਕੰਗ ਨੇ ਇਸ ਕਿਤਾਬ ਬਾਰੇ ਵੱਖ ਵੱਖ ਹਿਸਿਆਂ ਦਾ ਬੜੀ ਰੌਚਿਕਤਾ ਨਾਲ ਵਰਣਨ ਕੀਤਾ। ਇਸ ਮੌਕੇ ਡਾ. ਗੁਰੂਮੇਲ ਸਿੱਧੂ ਨੂੰ ਇਕ ਸ਼ਾਲ ਤੇ ਫੁੱਲਾਂ ਦਾ ਗੁਲਦਸਤਾ ਭੇਟ ਕੀਤਾ ਗਿਆ।

## Matrimonial

### ਕੰਨਿਆ ਦੀ ਲੋੜ

Saini Radha Swami family looking suitable match for their handsome, well settled, mechanical engineer son, 26, 5'-8". Contact: 443-875-3933

ਸੈਣੀ ਸਿੱਖ, 28 ਸਾਲ, 5'-10", ਐਮ ਐਸ (ਇੰਜੀਨੀਅਰ), ਸਟੂਡੈਂਟ ਵੀਜ਼ੇ 'ਤੇ ਆਏ ਅਤੇ ਹੁਣ ਐਚ 1-ਬੀ, ਲੜਕੇ ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ ਕਰੋ, ਫੋਨ: 860-833-9913, ਈਮੇਲ: balisaini2284@gmail.com 31 to 34

ਜੱਟ ਸਿੱਖ, 40 ਸਾਲ, ਕੱਦ 6'-2", ਬੇਕਰਜ਼ਫੀਲਡ, ਕੈਲੀਫੋਰਨੀਆ ਰਹਿੰਦੇ ਨੌਜਵਾਨ ਲਈ ਅਮਰੀਕੀ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੀ ਦੀ ਲੋੜ ਹੈ। ਤਲਾਕਸ਼ੁਦਾ (ਬੱਚੇ ਤੋਂ ਬਗੈਰ) ਵਾਲੀ 'ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਸੰਪਰਕ ਕਰੋ, ਫੋਨ: 661-240-8889 ਜਾਂ 661-364-4700 31 to 34

ਜੱਟ ਸਿੱਖ, ਕਲੀਨਸ਼ੇਵ, 24 ਸਾਲ, ਕੱਦ 6 ਫੁੱਟ, ਕੈਲੀਫੋਰਨੀਆ ਰਹਿੰਦੇ, ਫੈਡਰਲ ਗੌਰਮਿੰਟ ਦੀ ਜੌਬ ਕਰਦੇ ਲੜਕੇ ਲਈ ਪੜ੍ਹੀ-ਲਿਖੀ ਤੇ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕੀ ਗਰੀਨ ਕਾਰਡ ਹੋਲਡਰ ਜਾਂ ਅਮੈਰਿਕਨ ਸਿਟੀਜ਼ਨ ਹੋਵੇ। ਵਿਆਹ ਬਿਨਾ ਦਾਜ-ਦਹੇਜ ਤੋਂ। ਸਿਰਫ ਕੈਲੀਫੋਰਨੀਆ ਸਟੇਟ ਵਾਲੇ ਹੀ ਸੰਪਰਕ ਕਰਨ, sikhjatt1@yahoo.com 30 to 33

ਸੈਣੀ ਸਿੱਖ, 28 ਸਾਲ, ਕੱਦ 5'-8", ਇੰਡੀਆ ਰਹਿੰਦੇ ਬੀ.ਏ. ਪਾਸ ਲੜਕੇ ਲਈ ਅਮਰੀਕੀ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਦੀ ਲੋੜ ਹੈ। ਸੰਪਰਕ ਕਰੋ, ਫੋਨ: 571-428-5175 ਜਾਂ 91-99159-72923 (ਭਾਰਤ) 30 to 33

### ਵਰ ਦੀ ਲੋੜ


ਯੂ ਐਸ ਸਿਟੀਜ਼ਨ ਜੱਟ ਸਿੱਖ ਤਲਾਕਸ਼ੁਦਾ ਲੜਕੀ ਉਮਰ 35 ਸਾਲ (ਇਕ ਬੱਚੀ) ਲਈ 35-40 ਸਾਲ ਦੇ ਲੜਕੇ ਦੀ ਲੋੜ ਹੈ। ਕੇਵਲ ਮਾਝੇ ਤੇ ਮਾਲਵੇ ਵਾਲੇ ਹੀ 9 ਤੋਂ 5 ਦਰਮਿਆਨ ਫੋਨ: 510-943-9100 'ਤੇ ਸੰਪਰਕ ਕਰਨ। 30 to 33

Punjab Times
Ph: 847-359-0746
Visit us on the web:
punjabtimesusa.com

Prince's Barber Shop
37477 Fremont Blvd, suite C, Fremont, CA 94536
Men & Children's Hair Cut
*Threading *Custom Text
*Men's Facials *Hair Coler
*Custom Designing *Shave &
*Line-ups *Head Massage
ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ

Business hours:
Mon thru Thursday 9am to 8pm
Friday, Sat-Sunday- 9am to 7pm
(Tuesday Closed)

Cell: (510)-677-9942
Shop: (510)-505-9605
www.princebarbershop.com

MRP TRAVEL
Lowest International and Domestic Fares
ARC FLY ANY AIRLINE OF YOUR CHOICE IATA
Providing the lowest Air-fare, Cruise and Travel Packages to Asia, Africa, Europe, the Middle East and North America
408-929-8005
E-mail:mrptravel@gmail.com
2123 Port Way, San Jose, CA 95133
CST: 2097308-40
Passport & Visa services also available

Asiana Airlines Emirates Korean Air Singapore Airlines Cathay Pacific Lufthansa China Airlines
India Vacation tour package also available.

40 ਟਰੱਕ ਰਿਪੇਅਰ-ਓਕਲਹੋਮਾ
ਮਕੈਨਿਕਾਂ ਦੀ ਜ਼ਰੂਰਤ ਹੈ
ਕਾਰਾਂ ਅਤੇ ਡੀਜ਼ਲ ਟਰੱਕਾਂ ਬਾਰੇ ਚੰਗੀ ਜਾਣਕਾਰੀ ਰੱਖਣ ਵਾਲੇ ਮਕੈਨਿਕਾਂ ਦੀ ਜ਼ਰੂਰਤ ਹੈ

ਹੋਰ ਜਾਣਕਾਰੀ ਲਈ ਸੰਪਰਕ ਕਰੋ
ਫੋਨ: 832-512-7172

FARMERS INSURANCE GROUP
FARMERS
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com

Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

ਪੰਜਾਬ ਟਾਈਮਜ਼

*ਸਨਿਚਰਵਾਰ, 9 ਅਗਸਤ 2014*

## ਪੰਜਾਬ ਦੀ ਸਿਆਸਤ ਅਤੇ ਮੁੱਦੇ

ਪਿਛਲੇ ਕੁਝ ਮਹੀਨਿਆਂ ਤੋਂ ਪੰਜਾਬ ਦੀ ਸਿਆਸਤ ਅਤੇ ਮੀਡੀਆ ਵਿਚ ਹਰਿਆਣਾ ਗੁਰਦੁਆਰਾ ਕਮੇਟੀ ਦਾ ਮੁੱਦਾ ਛਾਇਆ ਹੋਇਆ ਹੈ। ਪੰਜਾਬ ਵਿਚ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅੱਜ ਕੱਲ੍ਹ ਇਨ੍ਹਾਂ ਨੂੰ ਆਪਣੀ ਮਰਜ਼ੀ ਅਤੇ ਮੱਤ (ਗੁਰਮਤਿ ਨਹੀਂ) ਨਾਲ ਚਲਾ ਰਹੇ ਬਾਦਲਾਂ ਦੀ ਸਿਆਸਤ ਖੂਬ ਭਖੀ ਹੋਈ ਹੈ। ਬਾਦਲਾਂ ਬਾਰੇ ਮੀਡੀਆਂ ਵਿਚ ਦੋ ਤਰ੍ਹਾਂ ਦੇ ਵਿਚਾਰ ਪ੍ਰਚੰਡ ਰੂਪ ਵਿਚ ਸਾਹਮਣੇ ਆਏ ਹਨ। ਇਕ ਤਾਂ ਇਹ ਕਿ ਹਰਿਆਣਾ ਕਮੇਟੀ ਨਾਲ ਬਾਦਲਾਂ ਦੀ ਸਿਆਸਤ ਨੂੰ ਵੱਡੀ ਵੰਗਾਰ ਪੈ ਗਈ ਹੈ ਅਤੇ ਇਸ ਵੰਗਾਰ ਨੂੰ ਬਾਦਲਾਂ ਦੀ ਸਿਆਸਤ ਨੂੰ ਲੱਗੇ ਖੋਰੇ ਦੇ ਰੂਪ ਵਿਚ ਦੇਖਿਆ ਜਾ ਰਿਹਾ ਹੈ। ਦੂਜਾ ਵਿਚਾਰ ਬਾਦਲਾਂ ਦੇ ਪੈਰ ਹੇਠ ਆਪੇ ਆ ਗਏ ਬਟੇਰੇ ਬਾਰੇ ਹੈ। ਇਸ ਵਿਚਾਰ ਮੁਤਾਬਕ ਬਾਦਲ ਪੰਜਾਬ ਵਿਚ ਬੁਰੀ ਤਰ੍ਹਾਂ ਫਸੇ ਹੋਏ ਸਨ। ਵੱਖ-ਵੱਖ ਮੁੱਦਿਆਂ ਕਾਰਨ ਉਨ੍ਹਾਂ ਉਤੇ ਬੜੇ ਤਿੱਖੇ ਹਮਲੇ ਹੋ ਰਹੇ ਸਨ ਅਤੇ ਇਸ ਹਾਲਾਤ ਵਿਚੋਂ ਨਿਕਲਣ ਲਈ ਇਨ੍ਹਾਂ ਨੂੰ ਕੋਈ ਵੀ ਰਾਹ ਨਹੀਂ ਸੀ ਮਿਲ ਰਿਹਾ। ਹਰਿਆਣਾ ਗੁਰਦੁਆਰਾ ਕਮੇਟੀ ਦਾ ਮੁੱਦਾ ਭਖਣ ਨਾਲ ਬਾਦਲਾਂ ਦਾ ਇਸ ਕਸੂਤੀ ਸਥਿਤੀ ਤੋਂ ਬਚਾ ਹੋ ਗਿਆ ਹੈ। ਇਨ੍ਹਾਂ ਨੇ ਬੜੀ ਫੁਰਤੀ ਅਤੇ ਚਲਾਕੀ ਨਾਲ ਆਵਾਮ ਦਾ ਸਾਰਾ ਧਿਆਨ ਹਰਿਆਣਾ ਗੁਰਦੁਆਰਾ ਕਮੇਟੀ ਵੱਲ ਲਾ ਦਿੱਤਾ ਹੈ। ਮੋਰਚੇ ਦੇ ਐਲਾਨ ਨਾਲ ਗੱਲ ਸਿਖਰਾਂ 'ਤੇ ਪਹੁੰਚਾ ਦਿੱਤੀ। ਕਹਿਣ ਨੂੰ ਭਾਵੇਂ ਸ੍ਰੀ ਅਕਾਲ ਤਖਤ ਦੇ ਜਥੇਦਾਰ ਦੇ ਦਖਲ ਨਾਲ ਪੰਥਕ ਕਨਵੈਨਸ਼ਨਾਂ ਰੱਦ ਹੋ ਗਈਆਂ, ਪਰ ਮੀਡੀਆ ਨੇ ਇਹ ਗੱਲ ਸਪਸ਼ਟ ਰੂਪ ਵਿਚ ਦਰਜ ਕੀਤੀ ਕਿ ਸਾਰੀ ਦੀ ਸਾਰੀ ਸਰਗਰਮੀ ਬਾਦਲਾਂ ਦੀ ਨਿਗਰਾਨੀ ਹੇਠ ਹੀ ਹੋਈ ਹੈ। ਇਸ ਤਰ੍ਹਾਂ ਬਾਦਲਾਂ ਵਲੋਂ ਇਸ ਮੁੱਦੇ ਉਤੇ ਸਿਆਸਤ ਪੂਰੀ ਤਰ੍ਹਾਂ ਭਖਾ ਕੇ ਆਵਾਮ ਦਾ ਧਿਆਨ ਪੰਜਾਬ ਦੇ ਮੁੱਦਿਆਂ ਤੋਂ ਲਾਂਭੇ ਕਰ ਦਿੱਤਾ ਗਿਆ ਹੈ।

ਉਂਜ, ਇਸ ਵਾਰ ਇਕ ਗੱਲ ਐਨ ਨਿੱਤਰ ਕੇ ਸਾਫ ਹੋ ਗਈ। ਆਵਾਮ ਨੇ ਵੀ ਅਤੇ ਮੀਡੀਆ ਨੇ ਵੀ ਇਹ ਨਿਤਾਰਾ ਸਪਸ਼ਟ ਰੂਪ ਵਿਚ ਕੀਤਾ ਕਿ ਬਾਦਲਾਂ ਦੀ ਸਮੁੱਚੀ ਸਰਗਰਮੀ ਆਪਣੀ ਪਾਰਟੀ ਜਾਂ ਪੰਥ ਲਈ ਨਹੀਂ ਸੀ, ਨਿਰੋਲ ਆਪਣੇ ਲਈ ਸੀ। ਹਰਿਆਣਾ ਦੇ ਸਿੱਖ ਆਗੂ ਇਸ ਵਾਰ ਇਹ ਤੱਥ ਉਭਾਰਨ ਵਿਚ ਕਾਮਯਾਬ ਰਹੇ ਕਿ ਗੁਰਦੁਆਰਾ ਸਿਆਸਤ ਦੇ ਪ੍ਰਸੰਗ ਵਿਚ ਹਰਿਆਣਾ ਦੇ ਸਿੱਖਾਂ ਨਾਲ ਲਗਾਤਾਰ ਵਿਤਕਰਾ ਹੋਇਆ ਹੈ। ਇਨ੍ਹਾਂ ਦੀਆਂ ਮੰਗਾਂ ਅਤੇ ਮਸਲਿਆਂ ਵੱਲ ਬਣਦਾ ਧਿਆਨ ਹੀ ਨਹੀਂ ਦਿੱਤਾ ਗਿਆ। ਇਹ ਗੱਲ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਵੀ ਸਵੀਕਾਰ ਕੀਤੀ ਹੈ। ਇਸੇ ਕਰ ਕੇ ਜਦੋਂ ਬਾਦਲਾਂ ਨੇ ਹਰਿਆਣਾ ਗੁਰਦੁਆਰਾ ਕਮੇਟੀ ਦੇ ਮੁੱਦੇ ਨੂੰ 'ਪੰਥ ਨੂੰ ਵੰਗਾਰਾਂ' ਨਾਲ ਜੋੜਨ ਦਾ ਯਤਨ ਕੀਤਾ ਤਾਂ ਕਿਸੇ ਨੇ ਵੀ ਇਸ ਨੂੰ ਸਵੀਕਾਰ ਨਹੀਂ ਕੀਤਾ। ਹਰਿਆਣਾ ਦੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ ਭਾਵੇਂ ਹਰਿਆਣਾ ਕਮੇਟੀ ਦਾ ਮਾਮਲਾ ਹਰਿਆਣਾ ਦੇ ਸਿੱਖਾਂ ਦੀਆਂ ਵੋਟਾਂ ਨੂੰ ਧਿਆਨ ਵਿਚ ਰੱਖ ਕੇ ਹੀ ਅੱਗੇ ਵਧਾਇਆ, ਪਰ ਲੋਕਾਂ ਨੇ ਬਾਦਲਾਂ ਦੀ ਇਹ ਗੱਲ ਅਣਸੁਣੀ ਕਰ ਦਿੱਤੀ ਕਿ ਕਾਂਗਰਸ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਦਖਲ ਦੇ ਰਹੀ ਹੈ। ਬਾਦਲਾਂ ਨੇ ਇਸ ਮੁੱਦੇ ਉਤੇ ਵਾਰ-ਵਾਰ ਕਾਂਗਰਸ ਦਾ ਜ਼ਿਕਰ ਕੀਤਾ, ਪਰ ਮੀਡੀਆ ਨੇ ਵੀ ਉਨ੍ਹਾਂ ਦੀ ਇਸ ਸਿਆਸਤ ਨੂੰ ਸਿੱਖਾਂ ਦੇ ਧਾਰਮਿਕ ਮਸਲਿਆਂ ਵਿਚ ਕਾਂਗਰਸ ਦੇ ਦਖਲ ਦੀ ਥਾਂ ਹਰਿਆਣਾ ਦੇ ਸਿੱਖਾਂ ਨਾਲ ਹੋਏ ਵਿਤਕਰੇ ਨਾਲ ਜੋੜਿਆ। ਅਸਲ ਵਿਚ ਪਿਛਲੇ ਸਮੇਂ ਦੌਰਾਨ ਸਮੁੱਚੇ ਪੰਜਾਬੀਆਂ, ਖਾਸ ਕਰ ਕੇ ਸਿੱਖਾਂ ਦੇ ਮਨਾਂ ਵਿਚ ਇਹ ਗੱਲ ਡੂੰਘੀ ਉਤਰ ਗਈ ਹੈ ਕਿ ਬਾਦਲ, ਪੰਥ ਜਾਂ ਪਾਰਟੀ ਦੀ ਥਾਂ ਸਾਰਾ ਧਿਆਨ ਆਪਣੇ ਪਰਿਵਾਰ ਵੱਲ ਦੇ ਰਹੇ ਹਨ। ਮੀਡੀਆ ਵਿਚ ਵੀ ਇਹੀ ਚਰਚਾ ਭਾਰੂ ਰਹੀ ਹੈ ਕਿ ਬਾਦਲਾਂ ਨੇ ਆਪਣੇ ਪਰਿਵਾਰ ਅਤੇ ਕਾਰੋਬਾਰ ਲਈ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਹਰ ਮੰਚ ਅਤੇ ਮੋਹਰਾ ਵਰਤਿਆ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਭਾਵੇਂ ਲੋਕਾਂ ਨੂੰ ਇਹ ਮੱਤਾਂ ਦਿੰਦੇ ਹਨ ਕਿ ਸਿਆਸਤਦਾਨਾਂ ਨੂੰ ਕਾਰੋਬਾਰ ਨਹੀਂ ਕਰਨੇ ਚਾਹੀਦੇ, ਪਰ ਉਨ੍ਹਾਂ ਦੇ ਆਪਣੇ ਫਰਜ਼ੰਦ ਸੁਖਬੀਰ ਸਿੰਘ ਬਾਦਲ ਨੇ ਪੰਜਾਬ ਦਾ ਹਰ ਵੱਡਾ ਤੇ ਮੁਨਾਫਾਮੁਖੀ ਕਾਰੋਬਾਰ ਆਪਣੀ ਜੇਬ ਵਿਚ ਪਾ ਲਿਆ ਹੈ।

ਪੰਜਾਬ ਦੇ ਇਸ ਤਰ੍ਹਾਂ ਦੇ ਹਾਲਾਤ ਵਿਚ ਲੋਕਾਂ ਨੂੰ ਇਕ ਵਾਰ ਫਿਰ ਜਥੇਦਾਰ ਗੁਰਚਰਨ ਸਿੰਘ ਟੌਹੜਾ ਵਰਗੇ ਸਿਆਸਤਦਾਨਾਂ ਦਾ ਚੇਤਾ ਆ ਗਿਆ ਹੈ। ਜਥੇਦਾਰ ਟੌਹੜਾ ਦਹਾਕਿਆਂ ਤੱਕ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਰਹੇ। ਉਨ੍ਹਾਂ ਬਾਰੇ ਇਹ ਤਾਂ ਅਕਸਰ ਕਿਹਾ ਜਾਂਦਾ ਹੈ ਕਿ ਉਨ੍ਹਾਂ ਆਪਣੀ ਪੈਂਠ ਬਣਾਈ ਰੱਖਣ ਲਈ ਆਪਣੇ ਹਿਸਾਬ ਨਾਲ ਸਿਆਸਤ ਚਲਾਈ ਅਤੇ ਉਹ ਅਜਿਹੀ ਸਿਆਸਤ ਦੇ ਮਾਹਰ ਵੀ ਮੰਨੇ ਜਾਂਦੇ ਸਨ, ਪਰ ਇਹ ਮੰਨਣ ਲਈ ਕੋਈ ਵੀ ਤਿਆਰ ਨਹੀਂ ਕਿ ਉਨ੍ਹਾਂ ਇਹ ਸਾਰਾ ਕੁਝ ਆਪਣੇ ਪਰਿਵਾਰ ਨੂੰ ਅਗਾਂਹ ਵਧਾਉਣ ਜਾਂ ਕਿਸੇ ਨਿੱਜੀ ਲਾਭ ਲਈ ਕੀਤਾ। ਉਨ੍ਹਾਂ ਨੇ ਆਪਣੀ ਵੱਖਰੀ ਜ਼ਮੀਨ-ਜਾਇਦਾਦ ਬਣਾਉਣ ਵੱਲ ਉਕਾ ਹੀ ਧਿਆਨ ਨਹੀਂ ਕੀਤਾ। ਪੂਰੀ ਚੜ੍ਹਤ ਦੇ ਦਿਨਾਂ ਵਿਚ ਵੀ ਉਨ੍ਹਾਂ ਦਾ ਹੈਡਕੁਆਰਟਰ ਉਨ੍ਹਾਂ ਦਾ ਜੱਦੀ ਪਿੰਡ ਟੌਹੜਾ ਹੀ ਰਿਹਾ। ਲੋਕਾਂ ਵਿਚ ਬਾਦਲਾਂ ਬਾਰੇ ਸੁਨੇਹਾ ਇਸ ਦੇ ਐਨ ਉਲਟ ਗਿਆ ਹੈ। ਹੋਰ ਤਾਂ ਹੋਰ ਪੰਜਾਬ ਵਿਚ ਨਸ਼ਿਆਂ ਦਾ ਜਿਹੜਾ ਛੇਵਾਂ ਦਰਿਆ ਵਗਿਆ ਹੈ ਅਤੇ ਜਿਸ ਵਿਚ ਪੰਜਾਬ ਦੀ ਜਵਾਨੀ ਹੜ੍ਹ ਹੀ ਚੱਲੀ ਹੈ, ਇਸ ਬਾਰੇ ਹਰ ਸੰਜੀਦਾ ਸ਼ਖਸ ਦੀ ਉਂਗਲ ਬਾਦਲਾਂ ਵੱਲ ਹੀ ਉਠੀ ਹੈ। ਇਨ੍ਹਾਂ ਲੋਕਾਂ ਦਾ ਕਹਿਣਾ ਹੈ ਕਿ ਬਾਦਲਾਂ ਨੇ ਇਹ ਸਭ ਆਪਣੀ ਸਿਆਸਤ ਦੇ ਮੁਫਾਦ ਖਾਤਰ ਹੋ ਲੈਣ ਦਿੱਤਾ। ਸਮੁੱਚੇ ਪ੍ਰਸ਼ਾਸਨ ਨੇ ਇਸ ਨੂੰ ਠੱਲ੍ਹ ਤਾਂ ਕੀ ਪਾਉਣੀ ਸੀ, ਅਕਾਲੀ ਦਲ ਦੇ ਕਈ ਮੰਤਰੀਆਂ, ਵਿਧਾਇਕਾਂ ਅਤੇ ਆਗੂਆਂ ਦੇ ਨਾਂ ਨਸ਼ਾ ਤਸਕਰੀ ਵਿਚ ਵੱਜ ਰਹੇ ਹਨ। ਇਸੇ ਕਰ ਕੇ ਬਾਦਲਾਂ ਵੱਲੋਂ ਪਾਈ ਹਾਲ ਪਾਹਰਿਆ ਦੇ ਬਾਵਜੂਦ ਲੋਕਾਂ ਦੇ ਦਿਲਾਂ ਵਿਚ ਬਾਦਲਾਂ ਖਿਲਾਫ ਗੁੱਸਾ ਬਰਕਰਾਰ ਹੈ। ਲੋਕ ਸਭਾ ਵਿਚ ਲੋਕਾਂ ਨੇ ਇਹ ਗੁੱਸਾ ਜ਼ਾਹਿਰ ਵੀ ਕੀਤਾ। ਸੰਭਵ ਹੈ ਕਿ ਆਉਣ ਵਾਲੇ ਦਿਨਾਂ ਵਿਚ ਸਿਆਸਤ ਕੋਈ ਹੋਰ ਮੋੜ ਕੱਟੇ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਪਰਨਾਲਾ ਉਥੇ ਦਾ ਉਥੇ !*

ਹਰ ਅਖਬਾਰ ਦੇ ਸਫੇ ਬੇਸ਼ਰਮ ਕਰਦੇ, ਆਉਂਦੀ ਖਬਰ ਰੋਜ਼ ਹੈ ਉਧਾਲਿਆਂ ਦੀ।
ਸਿੱਖੀ-ਸੇਵਕੀ ਦਿਨ-ਬ-ਦਿਨ ਵਧੀ ਜਾਂਦੀ, ਸਿਰ 'ਤੇ ਵਿਹਲੜਾਂ ਤਾਈਂ ਬਹਾਲਿਆਂ ਦੀ।
ਲੀਡਰ ਫੇਰ ਉਹ ਗੱਦੀ 'ਤੇ ਆਣ ਬਹਿੰਦੇ, ਪਾਉਂਦੇ ਲੁੱਟ ਜੋ ਘਾਲਿਆਂ-ਮਾਲਿਆਂ ਦੀ।
ਸੂਰਜ ਸੱਦਿਆ ਸਾਰ ਨਾ ਲਈ ਉਸ ਨੇ, ਮਿਹਨਤਕਸ਼ਾਂ ਨੂੰ ਲੱਗ ਰਹੇ ਪਾਲਿਆਂ ਦੀ।
ਕਿਹੜੀ ਲਿਖਤ ਨੇ ਕਦੋਂ ਸੀ ਲੱਤ ਭੰਨੀ, ਨਾਢੂ ਖਾਨਾਂ ਦੇ ਬਣ ਗਏ ਸਾਲਿਆਂ ਦੀ।
ਕਲਮਾਂ ਲਿਖਦੀਆਂ ਲਿਖਦੀਆਂ ਹੰਭੀਆਂ ਨੇ, ਬਦਲੀ ਥਾਂ ਨਾ ਵਹਿੰਦੇ ਪਰਨਾਲਿਆਂ ਦੀ।

# ਮੋਰਚਾ ਲਾਉਣ ਵਾਲਿਆਂ ਨੂੰ ਮੋਰਚਿਆਂ ਤੋਂ ਹੀ ਖਤਰਾ !

ਪੰਜਾਬ ਵਿਧਾਨ ਸਭਾ ਇਜਲਾਸ ਵਿਚ 'ਪੰਜਾਬ (ਸਰਕਾਰੀ ਤੇ ਨਿੱਜੀ ਸੰਪਤੀ ਦਾ ਨੁਕਸਾਨ ਰੋਕੂ) ਕਾਨੂੰਨ-2014' ਬਣਾ ਦਿੱਤਾ ਗਿਆ। ਇਹ ਕਾਨੂੰਨ 2010 ਵਿਚ ਵੀ ਵਿਧਾਨ ਸਭਾ ਨੇ ਪਾਸ ਕਰ ਕੇ ਰਾਜਪਾਲ ਦੀ ਮਨਜ਼ੂਰੀ ਲਈ ਭੇਜਿਆ ਸੀ। ਆਵਾਮ ਦੇ ਤਿੱਖੇ ਵਿਰੋਧ ਅਤੇ 2012 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਸਮੇਂ ਸਿਆਸੀ ਲਾਹੇਬੰਦੀ ਦੇ ਮੱਦੇਨਜ਼ਰ ਇਹ ਵਾਪਿਸ ਲੈ ਲਿਆ ਗਿਆ ਸੀ। ਉਸ ਸਮੇਂ ਦੌਰਾਨ ਪਾਸ ਕੀਤਾ 'ਪੰਜਾਬ ਵਿਸ਼ੇਸ਼ ਸੁਰੱਖਿਆ ਗਰੁਪ ਬਿੱਲ-2010' ਵੀ ਵਾਪਿਸ ਲੈਣਾ ਪਿਆ ਸੀ। ਉਂਜ, ਰੱਦ ਹੋਣ ਦੇ ਬਾਵਜੂਦ ਇਸ ਕਾਨੂੰਨ 'ਤੇ ਅਮਲ ਜਾਰੀ ਰਿਹਾ। ਸਰਕਾਰ ਨੇ ਵੀ.ਵੀ.ਆਈ.ਪੀਜ਼ ਖ਼ਾਸ ਕਰ ਕੇ ਬਾਦਲਕਿਆਂ ਦੀ, ਸੁਰੱਖਿਆ ਨੂੰ 'ਗੰਭੀਰ' ਖ਼ਤਰਾ ਦੱਸ ਕੇ ਇਸਰਾਈਲ ਦੀ ਨਿਗਰਾਨੀ ਹੇਠ 'ਵਿਸ਼ੇਸ਼ ਸੁਰੱਖਿਆ ਦਸਤਾ' ਬਣਾ ਲਿਆ। ਯਾਦ ਰਹੇ ਕਿ ਕੇਂਦਰ ਸਰਕਾਰ ਦੁਆਰਾ 1984 'ਚ ਪਾਸ ਕੀਤਾ 'ਜਨਤਕ ਜਾਇਦਾਦ ਨੁਕਸਾਨ ਰੋਕੂ ਕਾਨੂੰਨ' ਪਹਿਲਾਂ ਹੀ ਕਾਨੂੰਨੀ ਕਿਤਾਬਾਂ ਦਾ ਹਿੱਸਾ ਹੈ। ਇਹ ਕਾਨੂੰਨ ਇੰਦਰਾ ਗਾਂਧੀ ਦੀ ਸਰਕਾਰ ਨੇ ਲਾਗੂ ਕੀਤਾ ਸੀ।

ਨਵੀਂ ਮਨਜ਼ੂਰੀ ਵਾਲੇ 'ਪੰਜਾਬ (ਸਰਕਾਰੀ ਤੇ ਨਿੱਜੀ ਸੰਪਤੀ ਦਾ ਨੁਕਸਾਨ ਰੋਕੂ) ਕਾਨੂੰਨ-2014' ਦਾ ਮੰਤਵ ਕਹਿੰਦਾ ਹੈ ਕਿ 'ਪੰਜਾਬ ਵਿਚ ਪਿਛਲੇ ਕੁਝ ਸਮੇਂ ਤੋਂ ਹਿੰਸਕ ਧਰਨਿਆਂ, ਮੁਜ਼ਾਹਰਿਆਂ ਦੀਆਂ ਕਈ ਘਟਨਾਵਾਂ ਵਾਪਰੀਆਂ ਹਨ ਜਿਨ੍ਹਾਂ ਵਿਚ ਜਨਤਕ ਤੇ ਨਿੱਜੀ ਜਾਇਦਾਦ ਦਾ ਨੁਕਸਾਨ ਹੋਇਆ ਹੈ। ਇਨ੍ਹਾਂ ਧਰਨਿਆਂ, ਮੁਜ਼ਾਹਰਿਆਂ ਨੂੰ ਕੰਟਰੋਲ ਕਰਨ, ਜਨਤਕ ਤੇ ਨਿੱਜੀ ਜਾਇਦਾਦ ਦੇ ਨੁਕਸਾਨ ਨੂੰ ਬਚਾਉਣ ਲਈ ਤੇ ਸ਼ਰਾਰਤੀ ਤੱਤਾਂ ਤੋਂ ਨੁਕਸਾਨ ਦਾ ਮੁਆਵਜ਼ਾ ਲੈਣ ਲਈ ਕੋਈ ਢੁਕਵਾਂ ਕਾਨੂੰਨ ਨਹੀਂ ਹੈ। ਅਜਿਹੀਆਂ ਘਟਨਾਵਾਂ ਸਮੇਂ ਜਨਤਕ ਤੇ ਨਿੱਜੀ ਜਾਇਦਾਦ ਦਾ ਨੁਕਸਾਨ ਕਰਨ ਵਾਲੇ ਦੋਸ਼ੀ ਲੋਕਾਂ ਨੂੰ ਸਖ਼ਤ ਸਜ਼ਾਵਾਂ ਦਿਵਾਉਣਾ ਅਤਿ ਜ਼ਰੂਰੀ ਹੈ।'

ਸ਼ਰਾਰਤੀ ਤੱਤ ਵਰਗੇ ਸ਼ਬਦ ਵਰਤ ਕੇ ਇਹ ਸਾਫ ਕਰ ਦਿੱਤਾ ਹੈ ਕਿ ਉਸ ਲਈ ਆਵਾਮ, ਸਮਝ ਵਿਹੂਣੀ ਹੈ। ਲੋਕ ਆਪ-ਮੁਹਾਰੇ ਸੜਕਾਂ 'ਤੇ ਧਰਨੇ, ਰੈਲੀਆਂ ਕਰਨ ਨਹੀਂ ਆਉਂਦੇ, ਸਗੋਂ ਕੁਝ 'ਸ਼ਰਾਰਤੀ ਜਾਂ ਗੈਰ-ਸਮਾਜਕ' ਤੱਤ ਉਨ੍ਹਾਂ ਨੂੰ ਭੜਕਾ ਕੇ ਲੈ ਆਉਂਦੇ ਹਨ।

ਸਰਕਾਰ ਲੋਕ ਸੰਘਰਸ਼ਾਂ ਨੂੰ ਇਸ ਨਜ਼ਰ ਨਾਲ ਦੇਖ ਰਹੀ ਹੈ। ਦਿਲਚਸਪ ਗੱਲ ਇਹ ਕਿ ਲਗਭਗ ਅਜਿਹੇ ਸ਼ਬਦ 1984 ਵਾਲੇ ਕਾਨੂੰਨ ਦਾ 'ਸ਼ਿੰਗਾਰ' ਬਣੇ ਸਨ। ਉਦੋਂ ਕੇਂਦਰ ਸਰਕਾਰ ਖ਼ਿਲਾਫ ਖ਼ੁਦਮੁਖ਼ਤਾਰੀ ਦੀ ਲੜਾਈ ਲੜ ਰਹੇ ਸ਼੍ਰੋਮਣੀ ਅਕਾਲੀ ਦਲ ਸਮੇਤ ਅਨੇਕਾਂ ਖੇਤਰੀ ਪਾਰਟੀਆਂ ਤੇ ਜਨ-ਸੰਗਠਨਾਂ ਨੂੰ ਇਨ੍ਹਾਂ ਸ਼ਬਦਾਂ ਨਾਲ ਸੰਬੋਧਤ ਕੀਤਾ ਗਿਆ ਸੀ। ਹੁਣ ਸੱਤਾ ਦਾ ਸੁੱਖ ਭੋਗ ਰਿਹਾ ਅਕਾਲੀ ਦਲ ਬਦਲਕਿਆਂ ਦੀ ਸਰਪ੍ਰਸਤੀ 'ਚ ਸਮੁੱਚੀ ਲੋਕਾਈ ਲਈ ਉਹੀ ਭਾਸ਼ਾ ਵਰਤ ਰਿਹਾ ਹੈ।

ਨਵੇਂ ਕਾਨੂੰਨ ਦੀ ਧਾਰਾ 2 (ਬੀ) ਨੇ ਵਿਅਕਤੀ, ਵਿਅਕਤੀਆਂ ਦੇ ਸਮੂਹ, ਸਮਾਜਕ, ਧਾਰਮਿਕ ਜਾਂ ਸਿਆਸੀ ਜਥੇਬੰਦੀਆਂ ਦੁਆਰਾ ਕੀਤੇ ਜਾਂਦੇ ਧਰਨੇ, ਮੁਜ਼ਾਹਰੇ, ਹੜਤਾਲ, ਪ੍ਰਦਰਸ਼ਨ, ਮਾਰਚ, ਬੰਦ, ਰੈਲੀ, ਰੇਲ ਜਾਂ ਸੜਕ ਰੋਕਣ ਦੀਆਂ ਕਾਰਵਾਈਆਂ ਦੌਰਾਨ ਸਰਕਾਰੀ ਤੇ ਨਿੱਜੀ ਜਾਇਦਾਦ ਦਾ 'ਨੁਕਸਾਨ ਜਾਂ ਹਾਨੀ ਜਾਂ ਭੰਨ-ਤੋੜ' ਦੀਆਂ ਘਟਨਾਵਾਂ ਵਾਪਰਨ ਉਤੇ 'ਨੁਕਸਾਨਯੋਗ ਕਾਰਵਾਈ' ਐਲਾਨਿਆ ਹੈ, ਪਰ ਕਾਨੂੰਨ ਵਿਚ 'ਨੁਕਸਾਨ' ਸ਼ਬਦ ਦੀ ਵਿਆਖਿਆ ਨਹੀਂ ਕੀਤੀ ਗਈ। ਕਿਸ ਘਟਨਾ ਨੂੰ 'ਨੁਕਸਾਨ' ਦੀ ਸ਼੍ਰੇਣੀ ਵਿਚ ਰੱਖਿਆ ਜਾਵੇਗਾ, ਇਸ ਬਾਰੇ ਕਾਨੂੰਨ ਅਸਪਸ਼ਟ ਹੈ। ਇਸੇ ਕਾਰਨ ਇਸ ਸ਼ਬਦ ਦਾ ਦਾਇਰਾ ਬਹੁਤ ਵਸੀਹ ਹੋ ਗਿਆ ਹੈ। ਧਾਰਾ 8 ਅਨੁਸਾਰ 'ਨੁਕਸਾਨਯੋਗ ਕਾਰਵਾਈ' ਨੂੰ ਗ਼ੈਰ-ਜ਼ਮਾਨਤੀ ਜੁਰਮ ਸਮਝਿਆ ਜਾਵੇਗਾ।

ਕਾਨੂੰਨ ਦੀਆਂ ਧਾਰਾਵਾਂ 6 ਤੇ 7 ਅਨੁਸਾਰ ਸਰਕਾਰ ਦੁਆਰਾ ਗਠਿਤ ਕੰਪੀਟੈਂਟ ਅਥਾਰਟੀ 'ਹਾਨੀ ਜਾਂ ਨੁਕਸਾਨ' ਦਾ ਹੋਣਾ ਤੇ ਇਹ ਨੁਕਸਾਨ ਕਿੰਨਾ ਹੋਇਆ ਹੈ, ਇਸ ਨੂੰ ਤੈਅ ਕਰੇਗੀ। ਇਸ ਨੂੰ ਜਥੇਬੰਦੀਆਂ ਦੇ ਪ੍ਰਬੰਧਕਾਂ ਤੇ 'ਨੁਕਸਾਨਯੋਗ ਕਾਰਵਾਈ' ਵਿਚ ਹਿੱਸਾ ਲੈਣ ਵਾਲਿਆਂ ਕੋਲੋਂ 'ਨੁਕਸਾਨ ਦਾ ਮੁਆਵਜ਼ਾ ਹਾਸਿਲ ਕਰਨ' ਦੀ ਜ਼ਿੰਮੇਵਾਰੀ ਵੀ ਸੌਂਪ ਦਿੱਤੀ ਗਈ ਹੈ। ਕਾਨੂੰਨ ਅਨੁਸਾਰ ਪ੍ਰਬੰਧਕ ਉਨ੍ਹਾਂ ਨੂੰ ਮੰਨ ਲਿਆ ਜਾਵੇਗਾ ਜੋ ਜਥੇਬੰਦੀ, ਯੂਨੀਅਨ ਜਾਂ ਪਾਰਟੀ ਦੇ ਅਹੁਦੇਦਾਰ ਹਨ ਤੇ 'ਨੁਕਸਾਨਯੋਗ ਕਾਰਵਾਈ' ਕਰਨ ਲਈ 'ਉਕਸਾਉਣਗੇ', 'ਸਾਜ਼ਿਸ਼ ਰਚਣਗੇ', 'ਸਲਾਹ ਦੇਣਗੇ' ਜਾਂ 'ਦਿਸ਼ਾ ਦੇਣਗੇ (ਗਾਈਡ ਕਰਨਗੇ)'। ਇਹ ਸਾਰੇ ਸ਼ਬਦ ਵੀ ਬਿਨਾਂ ਵਿਆਖਿਆ ਤੋਂ ਹਨ ਜਿਨ੍ਹਾਂ ਦੇ ਅਰਥ ਸਰਕਾਰ ਦੁਆਰਾ ਗਠਿਤ ਅਥਾਰਟੀ ਆਪਣੇ ਤਰੀਕੇ ਨਾਲ ਕੱਢ ਸਕਦੀ ਹੈ। ਇਸ ਅਸਪਸ਼ਟਤਾ ਨੂੰ ਪਹਿਲਾਂ ਪਾਸ ਹੋਏ ਲੋਕ ਵਿਰੋਧੀ ਕਾਲੇ ਕਾਨੂੰਨ ਦੀ ਲੜੀ ਦੇ ਹਿੱਸੇ ਵਜੋਂ ਦੇਖਿਆ ਜਾ ਸਕਦਾ ਹੈ। ਸਰਕਾਰ ਨੇ ਆਪਣੀ ਮਨਮਰਜ਼ੀ ਕਰਨ ਦਾ ਰਾਹ ਪੱਕਾ ਕਰ ਲਿਆ ਹੈ।

ਕਾਨੂੰਨ ਪੁਲਿਸ ਨੂੰ 'ਨੁਕਸਾਨ' ਰੋਕਣ ਲਈ ਫੌਰੀ ਤੇ ਯੋਗ ਕਾਰਵਾਈ ਕਰਨ ਦੀ ਲੋੜ ਤੋਂ ਮੁਕਤ ਕਰਦਾ ਹੈ। ਕਾਨੂੰਨ ਦੀ ਧਾਰਾ 3 (2) ਅਨੁਸਾਰ ਰਾਜ ਸਰਕਾਰ 'ਨੁਕਸਾਨਯੋਗ ਕਾਰਵਾਈ' ਦੀ ਵੀਡੀਓਗ੍ਰਾਫੀ ਕਰਵਾ ਸਕਦੀ ਹੈ ਜਿਸ ਨੂੰ ਧਾਰਾ 10 ਮੁਤਾਬਿਕ ਤਸੱਲੀਬਖ਼ਸ਼ ਸਬੂਤ ਮੰਨਿਆ ਜਾਵੇਗਾ। ਪੁਲਿਸ ਹੋ ਰਹੇ 'ਨੁਕਸਾਨ' ਦੀ ਵੀਡੀਓਗ੍ਰਾਫੀ ਕਰਨ 'ਚ ਜ਼ਿਆਦਾ ਦਿਲਚਸਪੀ ਦਿਖਾਏਗੀ ਤਾਂ ਜੋ ਨੁਕਸਾਨ ਵੱਧ ਹੋਵੇ ਤੇ ਸਜ਼ਾ ਤੇ ਮਾਲੀ ਜੁਰਮਾਨਾ ਜਥੇਬੰਦੀਆਂ ਨੂੰ ਵੱਧ ਭਰਨਾ ਪਵੇ। ਵੀਡੀਓ ਨਾਲ ਛੇੜ-ਛਾੜ ਕਰ ਕੇ ਦ੍ਰਿਸ਼ਾਂ ਨੂੰ ਪਾਉਣ ਤੇ ਕੱਢਣ ਦੇ ਹੁਨਰ ਨੂੰ ਵੀ ਖ਼ੂਬ ਵਰਤਿਆ ਜਾਵੇਗਾ। ਇਹ ਸਬੂਤ ਮਾਣ-ਮੱਤੇ ਲੋਕ ਸੰਘਰਸ਼ਾਂ ਵਿਰੁਧ ਕੂੜ ਪ੍ਰਚਾਰ ਦੇ ਸਾਧਨ ਵਜੋਂ ਵਰਤਿਆ ਜਾਵੇਗਾ। ਅਸਿੱਧੇ ਤੌਰ 'ਤੇ ਸਰਕਾਰ ਨੇ ਧਰਨਿਆਂ, ਰੈਲੀਆਂ ਆਦਿ ਨੂੰ ਬੇਰਹਿਮ ਪੁਲਿਸੀ ਜਬਰ ਨਾਲ ਰੋਕਣ ਲਈ ਨਵੀਂ ਕਾਨੂੰਨੀ ਮਸ਼ਕ ਕਰ ਲਈ ਹੈ।

**ਡਾ. ਜਤਿੰਦਰ ਸਿੰਘ**
**ਫੋਨ: 91-97795-30032**

ਇਸ ਕਾਨੂੰਨ ਰਾਹੀਂ ਸਰਕਾਰ ਸਿੱਧੇ ਤੌਰ 'ਤੇ ਲੋਕਾਈ ਦੇ ਮਨਾਂ ਵਿਚ ਜੇਲ੍ਹਾਂ ਵਿਚ ਡੱਕੇ ਜਾਣ ਦਾ ਖ਼ੌਫ ਪੈਦਾ ਕਰ ਕੇ ਉਨ੍ਹਾਂ ਨੂੰ ਜਥੇਬੰਦ ਹੋ ਕੇ ਸੰਘਰਸ਼ ਕਰਨ ਤੋਂ ਰੋਕਣਾ ਚਾਹੁੰਦੀ ਹੈ। ਇਸ ਮਕਸਦ ਨੂੰ ਪੂਰਾ ਕਰਨ ਲਈ ਸਰਕਾਰ ਜਾਂ ਪੁਲਿਸ ਸੋਚੀ-ਸਮਝੀ ਸਾਜ਼ਿਸ਼ ਤਹਿਤ ਮੁਜ਼ਾਹਰਿਆਂ ਵਿਚ ਗ਼ੈਰ-ਸਮਾਜਕ ਤੱਤਾਂ ਨੂੰ ਸ਼ਾਮਿਲ ਕਰਵਾ ਕੇ ਵੱਡੇ ਪੱਧਰ 'ਤੇ ਭੰਨ-ਤੋੜ ਤੇ ਨੁਕਸਾਨ ਦੀ ਕਾਰਵਈ ਕਰਵਾ ਸਕਦੀ ਹੈ ਜਿਸ ਦਾ ਦੋਸ਼ ਮੁਜ਼ਾਹਰਾ ਕਰਦੇ ਸਮੂਹਾਂ ਜਾਂ ਜਥੇਬੰਦੀਆਂ ਦੇ ਆਗੂਆਂ ਸਿਰ ਮੜ੍ਹ ਕੇ ਉਨ੍ਹਾਂ ਨੂੰ ਦਬਾਉਣ ਦੇ ਯਤਨ ਕੀਤੇ ਜਾ ਸਕਦੇ ਹਨ। ਸਾਰ-ਤੱਤ ਇਹ ਕਿ ਸਰਕਾਰ ਦੁਆਰਾ ਆਪਣੀਆਂ ਲੋਕ-ਦੋਖੀ ਨਵ-ਉਦਾਰਵਾਦੀ ਨੀਤੀਆਂ ਖ਼ਿਲਾਫ ਉਠ ਰਹੀ ਹਰ ਤਰ੍ਹਾਂ ਦੀ ਆਵਾਜ਼ ਨੂੰ ਦਬਾਅ ਦੇਣ ਦਾ ਅਗਲਾ ਕਦਮ ਹੈ।

ਦਰਅਸਲ ਪੰਜਾਬ ਦੀ ਮੌਜੂਦਾ ਸਮਾਜਕ ਤੇ ਆਰਥਿਕ ਸਥਿਤੀ ਨੂੰ ਸਮਝ ਕੇ ਹੀ ਇਸ ਕਾਨੂੰਨ ਦੀ ਪ੍ਰਸੰਗ ਸਹਿਤ ਵਿਆਖਿਆ ਕੀਤੀ ਜਾ ਸਕਦੀ ਹੈ। ਨਵ-ਉਦਾਰਵਾਦੀ ਨੀਤੀਆਂ ਨੂੰ ਪੂਰੀ ਤਨਦੇਹੀ ਨਾਲ ਲਾਗੂ ਕਰ ਰਹੀ ਪੰਜਾਬ ਸਰਕਾਰ ਲੋਕਾਈ ਨੂੰ ਮਾਣ-ਮੱਤੀ ਜ਼ਿੰਦਗੀ ਜਿਊਣ ਦੇ ਵਸੀਲੇ ਦੇਣ ਤੋਂ ਅਸਮਰਥ ਹੈ। ਸੜਕਾਂ 'ਤੇ ਆਪਣੇ ਹਕੂਕ ਦੀ ਲੜਾਈ ਲੜਦੀ ਲੋਕਾਈ ਲਈ ਸਰਕਾਰ ਕੋਲ ਦੇਣ ਨੂੰ ਲਾਠੀਚਾਰਜ, ਅੱਥਰੂ ਗੈਸ ਦੇ ਗੋਲੇ, ਬੰਦੂਕਾਂ ਦੀਆਂ ਗੋਲੀਆਂ ਤੇ ਜੇਲ੍ਹਾਂ ਤੋਂ ਸਿਵਾਏ ਕੁਝ ਨਹੀਂ ਹੈ।

ਇੱਕ ਲੱਖ ਨੜਿੱਨਵੇਂ ਹਜ਼ਾਰ ਕਰੋੜ ਦੇ ਕਰਜ਼ੇ ਹੇਠ ਦਬੀ, ਕਰਜ਼ੇ ਦਾ ਵੱਡਾ ਹਿੱਸਾ ਸਿਰਫ ਮੁਲਾਜ਼ਮਾਂ ਦੀਆਂ ਤਨਖ਼ਾਹਾਂ 'ਤੇ ਖ਼ਰਚ ਕਰਨ ਵਾਲੀ, ਹਰ ਮਹੀਨੇ ਤਕਰੀਬਨ 700 ਕਰੋੜ ਰੁਪਏ ਸਿਰ ਚੜ੍ਹੇ ਕਰਜ਼ੇ ਦਾ ਵਿਆਜ਼ ਮੋੜਨ ਵਾਲੀ, ਆਮਦਨ ਲਈ ਸਰਕਾਰੀ ਜਾਇਦਾਦ ਵੇਚਣ ਵਾਲੀ, ਸਰਕਾਰੀ ਅਦਾਰਿਆਂ ਨੂੰ ਅਰਬਾਂ ਰੁਪਏ ਦੇ ਘਾਟਿਆਂ 'ਚ ਪਹੁੰਚਾਉਣ ਵਾਲੀ, ਪੰਚਾਇਤੀ ਜ਼ਮੀਨਾਂ ਨੂੰ ਆਮਦਨ ਦਾ ਸਾਧਨ ਸਮਝਣ ਵਾਲੀ, ਖੇਤੀ ਖੇਤਰ ਨੂੰ ਵਿਸਾਰ ਚੁੱਕੀ, ਜ਼ਮੀਨੀ ਸੁਧਾਰਾਂ ਦੀ ਗੱਲ ਤੋਂ ਕੋਹਾਂ ਦੂਰ, ਹਰ ਸਾਲ ਸਿੱਖਿਆ ਦਾ ਨਿੱਜੀਕਰਨ ਤੇ ਵਪਾਰੀਕਰਨ ਕਰ ਰਹੀ, ਪੰਜਾਹ ਲੱਖ ਦੇ ਕਰੀਬ ਬੇਰੁਜ਼ਗਾਰਾਂ ਤੇ ਫੈਕਟਰੀ ਮਜ਼ਦੂਰਾਂ ਦੀਆਂ ਮੰਗਾਂ ਤੋਂ ਕਿਨਾਰਾਕਸ਼ੀ ਕਰ ਰਹੀ, ਨਸ਼ੀਆਂ ਦੀ ਤਸਕਰੀ ਕਰ ਰਹੀ, ਔਰਤਾਂ ਪ੍ਰਤੀ ਵੱਧ ਰਹੀ ਹਿੰਸਾ ਪ੍ਰਤੀ ਗੈਰ-ਸੰਜੀਦਾ, ਲਾਪਤਾ ਸਕੇ-ਸਬੰਧੀਆਂ ਨੂੰ ਲੱਭਣ 'ਚ ਅਵੇਸਲੀ ਸਰਕਾਰ ਤੋਂ ਉਮੀਦ ਵੀ ਕੀ ਕੀਤੀ ਜਾ ਸਕਦੀ ਹੈ? ਇਹ ਸਿਰਫ ਉਦਾਹਰਣ ਮਾਤਰ ਹਨ, ਇਨ੍ਹਾਂ 'ਚ ਅਨੇਕਾਂ ਹੋਰ ਜੁੜ ਸਕਦੀਆਂ ਹਨ। ਪੰਜਾਬ ਦੀ ਰਾਜਨੀਤਕ, ਸਮਾਜਕ ਤੇ ਆਰਥਿਕ ਸਥਿਤੀ ਗਹਿਰੀ ਤੇ ਵਿਸਥਾਰਤ ਪੜਚੋਲ ਦੀ ਮੰਗ ਕਰਦੀ ਹੈ ਜਿਸ ਦੀਆਂ ਜੜ੍ਹਾਂ ਭਾਰਤੀ ਸਟੇਟ ਤੋਂ ਅੱਗੇ ਸੰਸਾਰ ਬੈਂਕ, ਕੌਮਾਂਤਰੀ ਮੁਦਰਾ ਕੋਸ਼, ਵਿਸ਼ਵ ਵਪਾਰ ਸੰਗਠਨ ਆਦਿ ਆਲਮੀ ਸੰਸਥਾਵਾਂ ਰਾਹੀਂ ਸਾਮਰਾਜਵਾਦ ਨਾਲ ਜਾ ਜੁੜਦੀਆਂ ਹਨ।

ਦਿਲਚਸਪ ਗੱਲ ਇਹ ਕਿ ਇੱਕ ਪਾਸੇ ਮੌਜੂਦਾ ਸੱਤਾਧਾਰੀ ਧਿਰ ਲੋਕਾਂ ਨੂੰ ਧਰਨੇ, ਰੈਲੀਆਂ ਕਰਨ ਤੋਂ ਰੋਕਣ ਲਈ ਬਜ਼ਿਦ ਹੈ, ਦੂਜੇ ਪਾਸੇ ਆਪ ਮੋਰਚਾ ਸਿਆਸਤ ਕਰ ਰਹੀ ਹੈ। ਭਾਜਪਾ ਵਿਧਾਇਕ ਆਪਣੀ ਸਰਕਾਰ ਵਿਰੁਧ ਧਰਨੇ ਲਗਾਉਣ ਲੱਗੇ ਹਨ। ਸ਼੍ਰੋਮਣੀ ਅਕਾਲੀ ਦਲ (ਬਾਦਲ) ਨੇ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਰੱਦ ਕਰਵਾਉਣ ਲਈ ਹਰਿਆਣਾ ਸਰਕਾਰ ਖ਼ਿਲਾਫ ਆਰ-ਪਾਰ ਦੀ ਲੜਾਈ ਲੜਨ ਦਾ ਐਲਾਨ ਕੀਤਾ ਹੋਇਆ ਹੈ। ਦਾਅਵਾ ਕੀਤਾ ਜਾ ਰਿਹਾ ਹੈ ਕਿ ਹਰਿਆਣਾ ਸਰਕਾਰ ਦੇ ਇਸ ਫੈਸਲੇ ਵਿਰੁਧ ਧਾਰਮਿਕ ਤੇ ਸਿਆਸੀ ਮੁਹਾਜ਼ 'ਤੇ ਮੂੰਹ-ਤੋੜ ਜਵਾਬ ਦਿੱਤਾ ਜਾਵੇਗਾ। ਇਸ ਨੂੰ 'ਪੰਥ ਤੇ ਕਾਂਗਰਸ ਵਿਚਕਾਰ ਲੜਾਈ' ਗਰਦਾਨਿਆ ਗਿਆ ਹੈ। ਵੱਖਰੀ ਗੁਰਦੁਆਰਾ ਕਮੇਟੀ ਬਣਨ ਨੂੰ 'ਸਿੱਖ ਕੌਮ ਦੀ ਗੈਰਤ ਨੂੰ ਲਲਕਾਰ' ਐਲਾਨਿਆ ਗਿਆ ਹੈ।

ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਕਾਰਕੁਨਾਂ ਵਲੋਂ ਕਾਂਗਰਸ ਦੀ ਕੌਮੀ ਪ੍ਰਧਾਨ ਸੋਨੀਆ ਗਾਂਧੀ ਦੇ ਘਰ ਨੇੜੇ ਪ੍ਰਦਰਸ਼ਨ ਕੀਤਾ ਗਿਆ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਵਿਧਾਨ ਸਭਾ ਦਾ ਇਜਲਾਸ ਛੱਡ ਦਿੱਲੀ 'ਚ ਡੇਰੇ ਲਾਏ। ਹਰਿਆਣਾ ਦੀ ਕਾਂਗਰਸ ਸਰਕਾਰ ਵਲੋਂ ਸਿੱਖਾਂ ਦੇ ਧਾਰਮਿਕ ਮਸਲਿਆਂ 'ਚ ਦਖ਼ਲ ਨੂੰ ਰੋਕਣ ਲਈ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੂੰ ਦਖ਼ਲ ਦੇਣ ਦੀ ਅਪੀਲ ਕੀਤੀ ਗਈ। ਸਿਆਸਤ ਦੀ ਅਜਬ ਖੇਡ ਹੈ ਕਿ ਇੱਕ ਸਰਕਾਰ ਦੇ ਦਖ਼ਲ ਨੂੰ ਰੋਕਣ ਲਈ ਦੂਜੀ ਸਰਕਾਰ ਕੋਲ ਅਪੀਲ ਕੀਤੀ ਗਈ ਹੈ। ਇਸ ਪੈਂਤੜੇ ਨਾਲ ਰਾਜਨੀਤਕ ਦਖ਼ਲ ਕਿਵੇਂ ਰੁਕੇਗਾ, ਇਹ ਤਾਂ ਬਾਦਲਕਿਆਂ ਦਾ ਲਾਣਾ ਹੀ ਸਮਝਾ ਸਕਦਾ ਹੈ। ਬਾਦਲ ਮੁਤਾਬਕ ਉਨ੍ਹਾਂ ਨੂੰ ਮੋਰਚਾ ਲਾਉਣ ਲਈ ਹਰਿਆਣੇ ਦੀ ਕਾਂਗਰਸ ਸਰਕਾਰ ਨੇ ਅਜਿਹਾ ਕਰਨ ਲਈ ਮਜਬੂਰ ਕੀਤਾ ਸੀ। ਉਧਰ ਧਰਨੇ, ਪ੍ਰਦਰਸ਼ਨ ਕਰ ਰਹੇ ਤੇ ਟੈਂਕੀਆਂ 'ਤੇ ਚੜ੍ਹ ਰਹੇ ਨੌਜਵਾਨ ਵੀ ਇਹੋ ਕਹਿੰਦੇ ਹਨ ਕਿ ਅਜਿਹਾ ਕਰਨ ਲਈ ਉਨ੍ਹਾਂ ਨੂੰ ਪੰਜਾਬ ਸਰਕਾਰ ਨੇ ਮਜਬੂਰ ਕੀਤਾ ਹੈ। ਉਨ੍ਹਾਂ ਨੂੰ ਵੀ ਮੋਰਚੇ ਲਾਉਣ ਦਾ ਕੋਈ ਸ਼ੌਂਕ ਨਹੀਂ ਹੈ।

ਬਾਦਲਕਿਆਂ ਨੂੰ ਪੁੱਛਣਾ ਬਣਦਾ ਹੈ ਕਿ ਜੇ ਉਹ ਆਪਣੇ ਸਿਆਸੀ ਵੱਕਾਰ ਦੀ ਲੜਾਈ ਨੂੰ 'ਕਾਂਗਰਸ ਤੇ ਪੰਥ ਵਿਚਕਾਰ ਲੜਾਈ' ਦੱਸਦੇ ਹਨ ਤਾਂ ਉਨ੍ਹਾਂ ਦੀ ਸਰਕਾਰ ਦੀਆਂ ਲੋਕ-ਮਾਰੂ ਨੀਤੀਆਂ ਖ਼ਿਲਾਫ ਸੰਘਰਸ਼ ਕਰ ਰਹੀ ਸੰਗਤ ਆਪਣੀ ਲੜਾਈ ਨੂੰ 'ਬਾਦਲਕਿਆਂ ਤੇ ਪੰਥ ਵਿਚਕਾਰ ਲੜਾਈ' ਕਿਉਂ ਨਾ ਐਲਾਨੇ! ਜੇ ਬਾਦਲਕਿਆਂ ਦੀ ਸਿਆਸੀ ਹੋਂਦ ਨੂੰ ਖ਼ਤਰਾ 'ਸਿੱਖ ਕੌਮ ਦੀ ਗੈਰਤ ਨੂੰ ਲਲਕਾਰ' ਹੈ ਤਾਂ ਪੰਜਾਬ ਦੀ ਸੰਗਤ ਦੀ ਗੈਰਤ ਨੂੰ ਕਿਹੜਾ ਸਿਉਂਕ ਲੱਗ ਗਈ ਹੈ। ਅਣਖ਼ ਤੇ ਗੈਰਤ ਕੋਈ ਰੇਤਾ, ਬਜਰੀ ਨਹੀਂ ਜਿਸ 'ਤੇ ਕਬਜ਼ਾ ਹੋ ਸਕਦਾ ਹੋਵੇ। ਇਹ ਮਨੁੱਖ ਦਾ ਮੁੱਢਲਾ ਖ਼ੁਆਬ ਤੇ ਹਕੂਕ ਹੈ ਜਿਸ ਦਾ ਹਰ ਪਹਿਰ ਸਨਮਾਨ ਹੋਣਾ ਚਾਹੀਦਾ ਹੈ। ਹਕੂਮਤਾਂ ਦਾ ਕਾਨੂੰਨ ਦੀ ਆੜ 'ਚ ਕੀਤਾ ਜਬਰ ਖ਼ੁਆਬਾਂ ਦਾ ਕਤਲ ਨਹੀਂ ਕਰ ਸਕਦਾ:

ਮਨੂੰ ਸਾਡੀ ਦਾਤਰੀ,
ਅਸੀਂ ਮਨੂੰ ਦੇ ਸੋਏ;
ਜਿਉਂ-ਜਿਉਂ ਮਨੂੰ ਵੱਢਦਾ,
ਅਸੀਂ ਦੂਣ ਸਵਾਏ ਹੋਏ।

# ਮੋਦੀ ਹਕੂਮਤ ਦਾ ਹਿੰਦੂਤਵ ਏਜੰਡਾ

***ਮੋਦੀ ਵਜ਼ਾਰਤ ਵਲੋਂ ਪ੍ਰੋਫੈਸਰ ਵਾਈ. ਸੁਦਰਸ਼ਨ ਰਾਓ ਨੂੰ ਭਾਰਤੀ ਇਤਿਹਾਸ ਖੋਜ ਕੌਂਸਲ (ਇੰਡੀਅਨ ਕੌਂਸਲ ਫਾਰ ਹਿਸਟਾਰੀਕਲ ਰਿਸਰਚ) ਦਾ ਮੁਖੀ ਬਣਾਉਣਾ ਅਤੇ ਦੀਨਾ ਨਾਥ ਬਤਰਾ ਦੀ ਅਗਵਾਈ ਵਿਚ ਆਰ.ਐਸ.ਐਸ. ਦੀਆਂ ਹਦਾਇਤਾਂ ਅਨੁਸਾਰ ਸਿੱਖਿਆ ਦੇ ਭਗਵੇਂਕਰਨ ਲਈ 'ਭਾਰਤੀ ਸਿਖਿਆ ਨੀਤੀ ਕਮਿਸ਼ਨ' ਬਣਾਉਣਾ ਹਿੰਦੂਤਵੀ ਏਜੰਡੇ ਦੇ ਉਭਰਵੇਂ ਇਜ਼ਹਾਰ ਹਨ। ਪ੍ਰੋਫੈਸਰ ਰਾਓ ਉਹ ਸ਼ਖ਼ਸ ਹੈ ਜਿਸ ਨੇ ਰਮਾਇਣ ਤੇ ਮਹਾਭਾਰਤ ਦੇ ਮਿਥਿਹਾਸ ਨੂੰ ਇਤਿਹਾਸ ਸਾਬਤ ਕਰਨ ਲਈ ਦਿਨ-ਰਾਤ ਇਕ ਕੀਤਾ ਹੋਇਆ ਹੈ। ਉਹ ਸੰਘ ਦੇ ਸਾਬਕਾ ਮੁਖੀ ਐਮ.ਐਸ. ਗੋਲਵਾਲਕਰ ਦੇ ਪਾਏ ਪੂਰਨਿਆਂ 'ਤੇ ਚੱਲਦਿਆਂ ਪੁਰਾਤਨ ਭਾਰਤ ਦੇ 'ਸੁਨਹਿਰੀ ਯੁਗ' ਦਾ ਮੂੰਹਫਟ ਢੰਡੋਰਚੀ ਹੈ। ਉਸ ਮੁਤਾਬਿਕ ਪੁਰਾਤਨ ਜਾਤਪਾਤੀ ਪ੍ਰਬੰਧ ਬਿਲਕੁਲ ਸਹੀ ਕੰਮ ਕਰ ਰਿਹਾ ਸੀ। ਸਾਰੇ ਵਿਗਾੜਾਂ ਦੀ ਜੜ੍ਹ ਮੁਸਲਮਾਨਾਂ ਦਾ ਸੱਤ ਸਦੀਆਂ ਦਾ ਰਾਜ ਹੈ। ਇਹ ਨਿਯੁਕਤੀਆਂ ਵਿਰਲੀ-ਟਾਂਵੀਂ ਮਿਸਾਲ ਨਹੀਂ ਹਨ। ਰਾਜਤੰਤਰ ਨੂੰ ਥੋਕ ਰੂਪ ਵਿਚ ਹਿੰਦੂਤਵੀ ਰੰਗ 'ਚ ਰੰਗਣ ਲਈ ਅੰਦਰੋ-ਅੰਦਰੀ ਲੰਮੇ ਸਮੇਂ ਤੋਂ ਕਿਵੇਂ ਬਾਰੀਕੀ 'ਚ ਵਿਉਂਤਬੰਦੀ ਚੱਲਦੀ ਆ ਰਹੀ ਹੈ, ਇਸ ਬਾਰੇ ਤੱਥਪੂਰਨ ਖੁਲਾਸਾ ਪੱਤਰਕਾਰ ਬ੍ਰਿਜੇਸ਼ ਸਿੰਘ ਦੀ ਇਹ ਰਿਪੋਰਟ ਕਰਦੀ ਹੈ। ਇਹ ਰਿਪੋਰਟ ਅਸੀਂ ਰਤਾ ਕੁ ਸੰਖੇਪ ਕਰ ਕੇ ਛਾਪ ਰਹੇ ਹਾਂ। 'ਤਹਿਲਕਾ' ਵਿਚ ਛਪੀ ਇਸ ਰਿਪੋਰਟ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ (ਫੋਨ: 91-94634-74342) ਨੇ ਕੀਤਾ ਹੈ।***

ਅਜੀਤ ਡੋਵਾਲ, ਨ੍ਰਿਪਿੰਦਰ ਮਿਸ਼ਰਾ ਅਤੇ ਪੀ.ਕੇ. ਮਿਸ਼ਰਾ ਦੀ ਸਾਂਝੀ ਤੰਦ ਕਿਹੜੀ ਹੈ? ਨਿਸ਼ਚੇ ਹੀ, ਉਹ ਚੋਟੀ ਦੇ ਐਸੇ ਨੌਕਰਸ਼ਾਹ ਹਨ ਜਿਨ੍ਹਾਂ ਨੂੰ ਮੋਦੀ ਨੇ ਆਪਣੀ ਟੀਮ ਲਈ ਚੁਣਿਆ ਹੈ। ਇਨ੍ਹਾਂ ਦੀ ਇਕ ਸਾਂਝ ਹੋਰ ਵੀ ਹੈ। ਇਹ ਸਾਰੇ ਨਵੀਂ ਦਿੱਲੀ ਆਧਾਰਤ ਥਿੰਕ ਟੈਂਕ ਵਿਵੇਕਾਨੰਦ ਇੰਟਰਨੈਸ਼ਨਲ ਫਾਊਂਡੇਸ਼ਨ (ਵੀ.ਆਈ.ਐਫ.) ਨਾਲ ਸਬੰਧਤ ਹਨ। ਮੋਦੀ ਦਾ ਕੌਮੀ ਸੁਰੱਖਿਆ ਸਲਾਹਕਾਰ ਲਾਏ ਜਾਣ ਤੋਂ ਪਹਿਲਾਂ ਅਜੀਤ ਡੋਵਾਲ (ਇੰਟੈਲੀਜੈਂਸ ਬਿਊਰੋ ਦਾ ਸਾਬਕਾ ਡਾਇਰੈਕਟਰ) ਵੀ.ਆਈ.ਐਫ. ਦੇ ਮੋਢੀ ਨਿਰਦੇਸ਼ਕ ਵਜੋਂ ਕੰਮ ਕਰ ਰਿਹਾ ਸੀ। ਸਰਕਾਰ ਬਣਾਏ ਜਾਣ ਤੋਂ ਪਹਿਲਾਂ ਹੀ ਉਹ ਮੋਦੀ ਨੂੰ ਮਸ਼ਵਰੇ ਦੇ ਰਿਹਾ ਸੀ। ਦਰਅਸਲ, ਦੱਖਣੀ ਏਸ਼ੀਆ ਦੇ ਆਗੂਆਂ ਨੂੰ ਮੋਦੀ ਦੇ ਸਹੁੰ-ਚੁੱਕ ਸਮਾਗਮ 'ਚ ਸੱਦਣਾ ਡੋਵਾਲ ਦੇ ਦਿਮਾਗ ਦੀ ਕਾਢ ਸੀ।

ਨ੍ਰਿਪਿੰਦਰ ਮਿਸ਼ਰਾ 2ਜੀ ਸਪੈਕਟਰਮ ਘੁਟਾਲੇ ਦਾ ਨਿਗਰਾਨ ਸੀ। ਟੈਲੀਕਾਮ ਰੈਗੂਲੇਟਰੀ ਅਥਾਰਟੀ ਆਫ਼ ਇੰਡੀਆ (ਟਰਾਈ) ਦੇ ਚੇਅਰਮੈਨ ਦਾ ਕਾਰਜ ਕਾਲ ਖ਼ਤਮ ਹੁੰਦੇ ਸਾਰ ਹੀ ਉਹ ਵੀ.ਆਈ.ਐਫ. ਦੀ ਕਾਰਜਕਾਰੀ ਕੌਂਸਲ ਦਾ ਮੈਂਬਰ ਬਣ ਗਿਆ ਸੀ। ਹੁਣ ਉਹ ਮੋਦੀ ਦਾ ਪ੍ਰਮੁੱਖ ਸਕੱਤਰ ਹੈ। ਇਸ ਅਹੁਦੇ 'ਤੇ ਉਸ ਦੀ ਨਿਯੁਕਤੀ 'ਚ ਇਕ ਕਾਨੂੰਨੀ ਉਲਝਣ ਸੀ। ਟਰਾਈ ਦਾ ਕਾਨੂੰਨ ਕਿਉਂਕਿ ਆਪਣੇ ਸਾਬਕਾ ਚੇਅਰਮੈਨ ਨੂੰ ਸਰਕਾਰੀ ਅਹੁਦੇ ਲੈਣ ਤੋਂ ਰੋਕਦਾ ਹੈ, ਪਰ ਮੋਦੀ ਨੂੰ ਉਸ ਦੀ ਲੋੜ ਐਨੀ ਸ਼ਿੱਦਤ ਨਾਲ ਮਹਿਸੂਸ ਹੋ ਰਹੀ ਸੀ ਕਿ ਉਸ ਨੇ ਇਸ ਕਾਨੂੰਨ ਵਿਚ ਸੋਧ ਕਰਨ ਲਈ ਆਰਡੀਨੈਂਸ ਪਾਸ ਕਰ ਦਿੱਤਾ।

ਸਾਬਕਾ ਕੇਂਦਰੀ ਖੇਤੀਬਾੜੀ ਸਕੱਤਰ ਪੀ.ਕੇ. ਮਿਸ਼ਰਾ ਸੀਨੀਅਰ ਫੈਲੋ ਵਜੋਂ ਵੀ.ਆਈ.ਐਫ. ਨਾਲ ਜੁੜਿਆ ਹੋਇਆ ਸੀ। ਹੁਣ ਉਹ ਪ੍ਰਧਾਨ ਮੰਤਰੀ ਦਾ ਵਧੀਕ ਪ੍ਰਮੁੱਖ ਸਕੱਤਰ ਹੈ। ਮੋਦੀ ਹਕੂਮਤ ਨੇ ਇਸ ਥਿੰਕ ਟੈਂਕ ਦੇ ਮੈਂਬਰਾਂ ਦਾ ਯੋਗਦਾਨ ਪੁਆਉਣ ਲਈ ਜਿਨ੍ਹਾਂ ਨੂੰ ਚੁਣਿਆ ਹੈ, ਉਨ੍ਹਾਂ ਵਿਚ ਖੁਫ਼ੀਆ ਏਜੰਸੀ 'ਰਾਅ' ਦਾ ਸਾਬਕਾ ਮੁਖੀ ਸੀ.ਡੀ. ਸਹਾਏ, ਸਾਬਕਾ ਸ਼ਹਿਰੀ ਵਿਕਾਸ ਸਕੱਤਰ ਅਨਿਲ ਬੈਜਲ, ਰੂਸ ਵਿਚ ਸਫ਼ੀਰ ਰਿਹਾ ਪ੍ਰਭਾਤ ਸ਼ੁਕਲਾ, ਇੰਡੀਅਨ ਏਅਰ ਫੋਰਸ ਦਾ ਸਾਬਕਾ ਮੁਖੀ ਐਸ.ਜੀ. ਇਨਾਮਦਾਰ ਅਤੇ ਬੀ.ਐਸ.ਐਫ. ਦਾ ਸਾਬਕਾ ਮੁਖੀ ਪ੍ਰਕਾਸ਼ ਸਿੰਘ ਸ਼ਾਮਲ ਹਨ।

ਫ਼ੌਜ ਦੇ ਸਾਬਕਾ ਮੁਖੀ (ਸੇਵਾਮੁਕਤ) ਐੱਨ.ਸੀ. ਵਿਜ ਨੇ ਡੋਵਾਲ ਦੀ ਥਾਂ ਵੀ.ਆਈ.ਐਫ. ਦੇ ਡਾਇਰੈਕਟਰ ਦਾ ਅਹੁਦਾ ਸੰਭਾਲਿਆ ਹੈ। ਸੂਤਰਾਂ ਦਾ ਦਾਅਵਾ ਹੈ ਕਿ ਛੇਤੀ ਹੀ ਵੀ.ਆਈ.ਐਫ. ਦੇ ਹੋਰ ਕਈ ਮੈਂਬਰਾਂ ਨੂੰ ਹਕੂਮਤ ਵਿਚ ਅਹਿਮ ਅਹੁਦਿਆਂ 'ਤੇ ਲਗਾਏ ਜਾਣ ਦੀ ਸੰਭਾਵਨਾ ਹੈ। ਰਿਪੋਰਟਾਂ ਇਹ ਵੀ ਹਨ ਕਿ ਡੀ.ਆਰ.ਡੀ.ਓ. ਦੇ ਸਾਬਕਾ ਡਾਇਰੈਕਟਰ ਜਨਰਲ ਵੀ.ਕੇ. ਸਰਸਵਤ ਨੂੰ ਮੁੱਖ ਵਿਗਿਆਨਕ ਸਲਾਹਕਾਰ ਵਜੋਂ ਆਰ. ਚਿਦੰਬਰਮ ਦੀ ਜਗ੍ਹਾ ਲਿਆ ਜਾਣਾ ਹੈ ਜੋ ਇਸ ਵਕਤ ਵੀ.ਆਈ.ਐਫ. ਵਿਖੇ ਵਿਗਿਆਨ ਤੇ ਤਕਨਾਲੋਜੀਕਲ ਅਧਿਐਨ ਲਈ ਕੇਂਦਰ ਦਾ ਡੀਨ ਹੈ। ਦਿਲਚਸਪ ਗੱਲ ਇਹ ਹੋਈ ਕਿ ਅਹੁਦਾ ਸੰਭਾਲਦੇ ਸਾਰ ਮੋਦੀ ਵਲੋਂ 'ਗੈਟਿੰਗ ਇੰਡੀਆ ਬੈਕ ਆਨ ਟਰੈਕ' ਕਿਤਾਬ ਰਿਲੀਜ਼ ਕੀਤੀ ਗਈ। ਇਸ ਦਾ ਸੰਪਾਦਕ ਬਿਬੇਕ ਡੈਬਰੋਏ ਵੀ.ਆਈ.ਐਫ. ਦੇ ਅਰਥ ਸ਼ਾਸਤਰ ਅਧਿਐਨ ਲਈ ਕੇਂਦਰ ਦਾ ਡੀਨ ਹੈ।

ਲਿਹਾਜ਼ਾ, ਵੀ.ਆਈ.ਐਫ.ਹੈ ਕੀ? ਇਸ ਨਾਲ ਜੁੜੇ ਲੋਕ ਕੌਣ ਹਨ? ਇਹ ਥਿੰਕ ਟੈਂਕ ਮੋਦੀ ਦੇ ਨੌਕਰਸ਼ਾਹ ਅਮਲੇ ਦੇ ਉਮੀਦਵਾਰਾਂ ਦੀ ਜੰਮਣ-ਭੋਇੰ ਕਦੋਂ ਤੇ ਕਿਵੇਂ ਬਣਿਆ? ਇਹ ਕਾਫ਼ੀ ਰੌਚਕ ਮਾਮਲਾ ਹੈ। ਦਰਅਸਲ, ਵੀ.ਆਈ.ਐਫ. ਡੋਵਾਲ ਦੇ ਦਿਮਾਗ ਦੀ ਕਾਢ ਹੈ। 2005 ਵਿਚ ਆਈ.ਬੀ. ਤੋਂ ਸੇਵਾ ਮੁਕਤ ਹੋਣ ਤੋਂ ਪਿਛੋਂ ਉਸ ਨੇ ਆਪਣੀ ਤਾਕਤ ਥਿੰਕ ਟੈਂਕ ਉਸਾਰਨ ਵਿਚ ਲਾ ਦਿੱਤੀ। 10 ਦਸੰਬਰ 2009 ਨੂੰ ਮਾਤਾ ਅੰਮ੍ਰਿਤ ਨੰਦਾਮਈ ਅਤੇ ਜਸਟਿਸ ਵੈਂਕਟਾਚਲਈਆ ਨੇ ਇਸ ਫਾਊਂਡੇਸ਼ਨ ਦਾ ਉਦਘਾਟਨ ਕੀਤਾ।

ਵੀ.ਆਈ.ਐਫ. ਕੰਨਿਆਕੁਮਾਰੀ ਆਧਾਰਤ ਵਿਵੇਕਾਨੰਦ ਕੇਂਦਰ ਨਾਲ ਜੁੜੀ ਹੋਈ ਹੈ ਜਿਸ ਦੀ ਸਥਾਪਨਾ ਆਰ.ਐਸ.ਐਸ. ਦੇ ਆਰਗੇਨਾਈਜ਼ਰ ਏਕਨਾਥ ਰਾਨਾਡੇ ਨੇ 1970 ਵਿਚ ਕੀਤੀ ਸੀ। 1993 ਵਿਚ ਨਰਸਿਮਹਾ ਰਾਓ ਹਕੂਮਤ ਨੇ ਚਾਣਕਿਆਪੁਰੀ ਵਿਚ ਵਿਵੇਕਾਨੰਦ ਕੇਂਦਰ ਨੂੰ ਜ਼ਮੀਨ ਦਿੱਤੀ ਅਤੇ ਉਸੇ ਜਗ੍ਹਾ ਉਪਰ ਵੀ.ਆਈ.ਐਫ. ਬਣਾਈ ਗਈ। ਇਸ ਥਿੰਕ ਟੈਂਕ ਦੀ ਵੈੱਬਸਾਈਟ ਦੱਸਦੀ ਹੈ: "ਵੀ.ਆਈ.ਐਫ. ਵਿਵੇਕਾਨੰਦ ਕੇਂਦਰ ਦੀ ਛਤਰ-ਛਾਇਆ ਹੇਠ ਭਾਰਤ ਦੇ ਮੋਹਰੀ ਸੁਰੱਖਿਆ ਮਾਹਰਾਂ, ਕੂਟਨੀਤਕਾਂ, ਸਨਅਤਕਾਰਾਂ ਅਤੇ ਪਰਉਪਕਾਰੀਆਂ ਦੇ ਸਾਂਝੇ ਯਤਨਾਂ ਨਾਲ ਬਣਿਆ ਨਵੀਂ ਦਿੱਲੀ ਆਧਾਰਤ ਥਿੰਕ ਟੈਂਕ ਹੈ। ਵੀ.ਆਈ.ਐਫ. ਦਾ ਮਨੋਰਥ ਨਵੇਂ ਖ਼ਿਆਲਾਂ ਤੇ ਸੋਚਾਂ ਪੈਦਾ ਕਰਨ ਵਾਲੀ ਸ੍ਰੇਸ਼ਟ ਬੌਧਿਕਤਾ ਦਾ ਕੇਂਦਰ ਬਣਨਾ ਹੈ ਜੋ ਆਲਮੀ ਮਾਮਲਿਆਂ ਵਿਚ ਆਪਣੀ ਨਿਸ਼ਚਿਤ ਭੂਮਿਕਾ ਨਿਭਾਉਣ ਵਾਲੇ ਵਧੇਰੇ ਤਾਕਤਵਰ, ਮਹਿਫ਼ੂਜ਼ ਅਤੇ ਖੁਸ਼ਹਾਲ ਭਾਰਤ ਦਾ ਨਿਰਮਾਣ ਕਰ ਸਕੇ।"

ਇਸ ਦੀ ਦ੍ਰਿਸ਼ਟੀ ਤੇ ਮਿਸ਼ਨ ਬਾਰੇ ਵੈੱਬਸਾਈਟ ਕਹਿੰਦੀ ਹੈ: "ਵੀ.ਆਈ.ਐਫ. ਆਜ਼ਾਦ, ਨਿਰਪੱਖ ਸੰਸਥਾ ਹੈ ਜੋ ਕਵਾਲਿਟੀ ਵਾਲੀ ਖੋਜ ਤੇ ਡੂੰਘੇ ਅਧਿਐਨ ਦਾ ਵਿਕਾਸ ਕਰਦੀ ਹੈ ਅਤੇ ਇਹ ਗੱਲਬਾਤ ਤੇ ਟਕਰਾਵਾਂ ਨੂੰ ਹੱਲ ਲਈ ਮੰਚ ਹੈ। ਇਹ ਭਾਰਤ ਦੇ ਬਿਹਤਰੀਨ ਦਿਮਾਗਾਂ ਨੂੰ ਅਹਿਮ ਕੌਮੀ ਤੇ ਕੌਮਾਂਤਰੀ ਮੁੱਦਿਆਂ ਬਾਰੇ ਦਿਮਾਗ ਲੜਾਉਣ ਲਈ ਸਿਰ ਜੋੜ ਕੇ ਬੈਠਾਉਣ ਦਾ ਤਰੱਦਦ ਕਰਦੀ ਹੈ; ਇਹ ਸ਼ਾਂਤੀ ਤੇ ਆਲਮੀ ਸਦਭਾਵਨਾ ਦੇ ਕਾਜ ਨੂੰ ਅੱਗੇ ਵਧਾਉਣ ਵਾਲੀਆਂ ਪਹਿਲਕਦਮੀਆਂ ਨੂੰ ਵਿਕਸਤ ਕਰਦੀ ਹੈ; ਇਹ ਭਾਰਤ ਦੀ ਏਕਤਾ ਤੇ ਅਖੰਡਤਾ ਉਪਰ ਅਸਰ ਪਾਉਣ ਵਾਲੇ ਸਮਾਜੀ, ਆਰਥਿਕ ਅਤੇ ਸਿਆਸੀ ਰੁਝਾਨਾਂ 'ਤੇ ਤਿੱਖੀ ਨਜ਼ਰ ਰੱਖਦੀ ਹੈ।"

ਫ਼ੌਜ ਦੇ ਸਾਬਕਾ ਮੁਖੀਆਂ, ਸਾਬਕਾ ਸਫ਼ੀਰਾਂ, ਵਿਦੇਸ਼ ਸਕੱਤਰਾਂ, 'ਰਾਅ' ਤੇ ਆਈ.ਬੀ. ਦੇ ਸੇਵਾਮੁਕਤ ਅਫਸਰਾਂ ਅਤੇ ਕੇਂਦਰ ਵਿਚ ਚੋਟੀ ਦੇ ਅਹੁਦਿਆਂ 'ਤੇ ਰਹਿ ਚੁੱਕੇ ਅਹਿਮ ਅਧਿਕਾਰੀਆਂ ਤੋਂ ਇਲਾਵਾ ਬਹੁਤ ਸਾਰੇ ਵਿਦਵਾਨ ਵੀ ਇਸ ਦੀਆਂ ਸਲਾਹਕਾਰ ਤੇ ਕਾਰਜਕਾਰੀ ਕੌਂਸਲਾਂ ਦੇ ਮੈਂਬਰ ਹਨ। ਵੀ.ਆਈ.ਐਫ. ਮੁੱਖ ਤੌਰ 'ਤੇ ਅੱਠ ਵੱਖੋ-ਵੱਖਰੇ ਖੇਤਰਾਂ ਵਿਚ ਕੰਮ ਕਰਦੀ ਹੈ: ਕੌਮੀ ਸੁਰੱਖਿਆ ਤੇ ਯੁੱਧਨੀਤਕ ਅਧਿਐਨ, ਕੌਮਾਂਤਰੀ ਸਬੰਧ ਤੇ ਕੂਟਨੀਤੀ, ਗੁਆਂਢੀ ਮੁਲਕਾਂ ਦੇ ਅਧਿਐਨ, ਸਰਕਾਰਾਂ ਚਲਾਉਣ ਅਤੇ ਸਿਆਸੀ ਮਾਮਲਿਆਂ ਦੇ ਅਧਿਐਨ, ਆਰਥਿਕ ਅਧਿਐਨ, ਇਤਿਹਾਸ ਅਤੇ ਸਭਿਅਤਾ ਦੇ ਅਧਿਐਨ, ਤਕਨਾਲੋਜੀ ਅਤੇ ਵਿਗਿਆਨਕ ਅਧਿਐਨ ਅਤੇ ਮੀਡੀਆ ਅਧਿਐਨ। ਵੀ.ਆਈ.ਐਫ. ਕਾਨਫਰੰਸਾਂ ਅਤੇ ਲੈਕਚਰਾਂ ਲਈ ਕੁਲ ਆਲਮ ਵਿਚੋਂ ਵਿਦਵਾਨ ਅਤੇ ਮਾਹਰ ਬੁਲਾਉਂਦੀ ਹੈ। ਇਹ ਨਵੀਂ ਦਿੱਲੀ ਆਧਾਰਤ ਕੂਟਨੀਤਕ ਭਾਈਚਾਰੇ ਅੱਗੇ ਭਾਰਤ ਦਾ ਨਜ਼ਰੀਆ ਪੇਸ਼ ਕਰਦੀ ਹੈ ਅਤੇ ਮੁਲਕ ਦੇ ਸਿਆਸੀ, ਯੁੱਧਨੀਤਕ, ਆਰਥਿਕ ਤੇ ਸਭਿਆਚਾਰਕ ਮਾਮਲਿਆਂ ਨੂੰ ਅੱਗੇ ਵਧਾਉਣ ਲਈ ਉਨ੍ਹਾਂ ਦਾ ਯੋਗਦਾਨ ਪੁਆਉਂਦੀ ਹੈ। ਇਹ ਤਾਜ਼ਾ ਮਾਮਲਿਆਂ ਬਾਰੇ ਨੀਤੀਘਾੜਿਆਂ ਨਾਲ ਵਿਚਾਰ-ਵਟਾਂਦਰੇ ਜਥੇਬੰਦ ਕਰਦੀ ਹੈ। ਇਹ ਹਕੂਮਤੀ ਨੁਮਾਇੰਦਿਆਂ, ਸੰਸਦ ਮੈਂਬਰਾਂ, ਨਿਆਂਪ੍ਰਣਾਲੀ ਤੇ ਸਿਵਲ ਸੁਸਾਇਟੀ ਦੇ ਮੈਂਬਰਾਂ ਨੂੰ ਨੀਤੀਆਂ ਬਾਰੇ ਮਸ਼ਵਰਾ ਦਿੰਦੀ ਹੈ। ਇਹ ਅਕਾਦਮਿਕ ਸੰਸਥਾਵਾਂ ਅਤੇ ਖੋਜ ਕੇਂਦਰਾਂ ਨਾਲ ਵੀ ਵਿਚਾਰਾਂ ਦਾ ਆਦਾਨ-ਪ੍ਰਦਾਨ ਕਰਦੀ ਹੈ।

'ਰਾਅ' ਦਾ ਸਾਬਕਾ ਮੁਖੀ ਆਨੰਦ ਵਰਮਾ ਜੋ ਹੁਣ ਵੀ.ਆਈ.ਐਫ. ਦੇ ਸਲਾਹਕਾਰ ਬੋਰਡ ਦਾ ਮੈਂਬਰ ਹੈ, ਕਹਿੰਦਾ ਹੈ: "ਲੰਘੇ ਪੰਜ-ਛੇ ਸਾਲਾਂ ਵਿਚ ਫਾਊਂਡੇਸ਼ਨ ਨੇ ਸਲਾਹੁਣਯੋਗ ਕੰਮ ਕੀਤਾ ਹੈ। ਵੱਖੋ-ਵੱਖਰੇ ਖੇਤਰਾਂ ਵਿਚ ਉਚ-ਪਾਏ ਦੀ ਖੋਜ ਕੀਤੀ ਗਈ ਹੈ। ਕੌਮੀ ਤੇ ਕੌਮਾਂਤਰੀ ਅਹਿਮੀਅਤ ਵਾਲੇ ਬਹੁਤ ਸਾਰੇ ਸੈਮੀਨਾਰ ਕੀਤੇ ਗਏ ਹਨ। ਇਸ ਨੇ ਵੱਖੋ-ਵੱਖਰੇ ਆਲਮੀ ਥਿੰਕ ਟੈਂਕਾਂ ਨਾਲ ਵਿਚਾਰ ਚਰਚਾ ਕਰਵਾਈਆਂ ਹਨ। ਉਨ੍ਹਾਂ ਵਿਚ ਕੁਲ ਆਲਮ 'ਚੋਂ ਸਰਕਾਰੀ ਤੇ ਗ਼ੈਰ-ਸਰਕਾਰੀ ਸੀਨੀਅਰ ਅਧਿਕਾਰੀਆਂ ਨੂੰ ਸੱਦਿਆ ਜਾਂਦਾ ਹੈ। ਇਸ ਥਿੰਕ ਟੈਂਕ ਦੇ ਆਪਣੇ ਕਾਇਦੇ-ਕਾਨੂੰਨ ਹੋਣ ਕਾਰਨ ਬਹੁਤ ਸਾਰੀਆਂ ਵਿਚਾਰ ਚਰਚਾਵਾਂ ਜਨਤਕ ਨਹੀਂ ਕੀਤੀਆਂ ਜਾਂਦੀਆਂ।"




ਮੋਦੀ ਵੀ.ਆਈ.ਐਫ. ਨਾਲ ਲੰਮੇ ਸਮੇਂ ਤੋਂ ਜੁੜਿਆ ਹੋਇਆ ਹੈ। ਜਦੋਂ ਉਹ ਗੁਜਰਾਤ ਦਾ ਮੁੱਖ ਮੰਤਰੀ ਸੀ, ਉਦੋਂ ਉਹ ਆਰਥਿਕ ਤੇ ਸੁਰੱਖਿਆ ਮੁੱਦਿਆਂ ਸਬੰਧੀ ਇਸ ਸੰਸਥਾ ਤੋਂ ਲਗਾਤਾਰ ਸਲਾਹ ਲੈਂਦਾ ਰਿਹਾ। ਦਰਅਸਲ ਉਸ ਦੀ ਚੋਣ ਮੁਹਿੰਮ ਦੀ ਵਿਉਂਤ ਘੜਨ ਵਾਲੀ ਵੀ.ਆਈ.ਐਫ. ਦੀ ਹੀ ਮੁੱਖ ਟੀਮ ਸੀ।

ਵੀ.ਆਈ.ਐਫ. ਦੀ ਟੀਮ ਦਾ ਇਕ ਮੈਂਬਰ ਕਹਿੰਦਾ ਹੈ: "ਸਾਨੂੰ ਭਰੋਸਾ ਸੀ ਕਿ ਮੋਦੀ ਪ੍ਰਧਾਨ ਮੰਤਰੀ ਚੁਣਿਆ ਜਾਵੇਗਾ। ਇਸੇ ਕਾਰਨ ਅਸੀਂ ਵਿਦੇਸ਼, ਸੁਰੱਖਿਆ ਅਤੇ ਆਰਥਿਕ ਨੀਤੀਆਂ ਉਪਰ ਕੰਮ ਕਰਨ ਵਿਚ ਜੁਟੇ ਰਹੇ। ਲੋਕ ਸਭਾ ਚੋਣਾਂ ਦੀ ਤਿਆਰੀ ਦੌਰਾਨ ਵੀ.ਆਈ.ਐਫ. ਵਲੋਂ ਉਸ ਨੂੰ ਵੱਖੋ-ਵੱਖਰੇ ਮੁੱਦਿਆਂ ਉਪਰ ਹਰ ਜ਼ਰੂਰੀ ਜਾਣਕਾਰੀ ਮੁਹੱਈਆ ਕਰਾਈ ਗਈ। ਦਰਅਸਲ ਆਸਾਮ, ਅਰੁਨਾਚਲ ਪ੍ਰਦੇਸ਼ ਅਤੇ ਜੰਮੂ ਵਿਚ ਉਸ ਦੀ ਸਿਆਸੀ ਮੁਹਿੰਮ ਲਈ ਮੁੱਖ ਬੌਧਿਕ ਮਸਾਲਾ ਫਾਊਂਡੇਸ਼ਨ ਨੇ ਹੀ ਜੁਟਾਇਆ ਸੀ।"

ਫਾਊਂਡੇਸ਼ਨ ਅੰਦਰਲੇ ਸੂਤਰ ਵੀ ਫਾਊਂਡੇਸ਼ਨ ਪ੍ਰਤੀ ਮੋਦੀ ਦੇ ਝੁਕਾਅ ਦੀ ਤਸਦੀਕ ਕਰਦੇ ਹਨ। ਭਾਜਪਾ ਤੇ ਸੰਘ ਪਰਿਵਾਰ ਦੇ ਪ੍ਰਮੁੱਖ ਆਗੂ ਸਰਕਾਰ ਚਲਾਉਣ ਦੀਆਂ ਅੜਾਉਣੀਆਂ ਬਾਰੇ ਜਾਣਕਾਰੀ ਲੈਣ ਲਈ ਇਸੇ ਦਾ ਦਰਵਾਜ਼ਾ ਖੜਕਾਉਂਦੇ ਹਨ। ਮੋਦੀ ਅਤੇ ਵੀ.ਆਈ.ਐਫ. ਦਰਮਿਆਨ ਸਬੰਧ ਪਿਛਲੇ ਸਾਲ ਜੱਗ-ਜ਼ਾਹਰ ਹੋਏ। ਜਦੋਂ ਕਾਂਗਰਸ ਨੇ ਇਸ਼ਰਤ ਜਹਾਂ ਫਰਜ਼ੀ ਮੁਕਾਬਲੇ ਦੇ ਕੇਸ ਵਿਚ ਮੋਦੀ ਨੂੰ ਨਿਸ਼ਾਨਾ ਬਣਾਇਆ ਤਾਂ ਅਜੀਤ ਡੋਵਾਲ ਝੱਟ ਉਸ ਦੇ ਬਚਾਅ ਲਈ ਅੱਗੇ ਆ ਗਿਆ। ਉਸ ਨੇ ਦਲੀਲ ਦਿੱਤੀ ਕਿ ਇਸ਼ਰਤ ਜਹਾਂ ਪਾਕਿਸਤਾਨ ਆਧਾਰਤ ਜਥੇਬੰਦੀ ਲਸ਼ਕਰ-ਏ-ਤੋਇਬਾ ਦੀ ਮੈਂਬਰ ਸੀ ਅਤੇ ਯੂ.ਪੀ.ਏ. ਸਰਕਾਰ ਸਮੁੱਚੇ ਕੇਸ ਨੂੰ ਸਿਆਸੀ ਰੰਗਤ ਦੇਣ ਦੀ ਖੇਡ ਖੇਡ ਰਹੀ ਸੀ।

ਆਮ ਚੋਣਾਂ ਦੀ ਤਿਆਰੀ ਵਿਚ, ਜਦੋਂ 'ਆਪ' ਦੇ ਆਗੂ ਅਰਵਿੰਦ ਕੇਜਰੀਵਾਲ ਨੇ ਮੋਦੀ ਦੀ ਸਰਕਾਰ ਉਪਰ ਸਨਅਤਕਾਰਾਂ ਨੂੰ ਮੋਟੇ ਮੁਨਾਫ਼ੇ ਕਮਾਉਣ ਦੀ ਖੁੱਲ੍ਹ ਦੇਣ ਅਤੇ ਢੌਂਗੀ ਵਿਕਾਸ ਦਾ ਇਲਜ਼ਾਮ ਲਾਇਆ ਤਾਂ ਇਕਦਮ 'ਫ਼ਿਕਰਮੰਦ ਸ਼ਹਿਰੀ' ਨਾਂ ਦਾ ਟੋਲਾ ਅਚਾਨਕ ਉਭਰ ਆਇਆ। ਇਸ ਨੇ ਦਲੀਲ ਦਿੱਤੀ ਕਿ ਆਮ ਚੋਣਾਂ ਵਿਚ ਕਾਂਗਰਸ ਦੀ ਮਦਦ ਕਰਨ ਲਈ ਹੀ ਆਮ ਆਦਮੀ ਪਾਰਟੀ ਬੇਸਿਰ-ਪੈਰ ਇਲਜ਼ਾਮ ਲਗਾ ਰਹੀ ਹੈ। ਡੋਵਾਲ, ਲੇਖਕ ਐਮ.ਵੀ. ਕਾਮਤ, ਪੱਤਰਕਾਰ ਐਮ.ਜੇ. ਅਕਬਰ, ਜੰਮੂ ਕਸ਼ਮੀਰ ਦੇ ਸਾਬਕਾ ਗਵਰਨਰ ਐਸ.ਕੇ. ਸਿਨਹਾ, ਸਾਬਕਾ ਨੌਕਰਸ਼ਾਹ ਐਮ.ਐਨ. ਬੁਚ ਅਤੇ ਅਰਥ ਸ਼ਾਸਤਰੀ ਬਿਬੇਕ ਡੈਬਰੋਏ ਇਸ ਦੇ ਮੈਂਬਰ ਸਨ। ਸਾਫ਼ ਤੌਰ 'ਤੇ ਇਹ ਫਾਊਂਡੇਸ਼ਨ ਦੀ ਯੁੱਧਨੀਤੀ ਦਾ ਹਿੱਸਾ ਸੀ।

ਪਿਛਲੇ ਸਾਲਾਂ ਵਿਚ ਯੂ.ਪੀ.ਏ. (ਭਾਵ ਕਾਂਗਰਸ) ਦੇ ਖ਼ਿਲਾਫ਼ ਮਾਹੌਲ ਬਣਾਉਣਾ ਵੀ.ਆਈ.ਐਫ. ਦਾ ਵੱਡਾ ਹਾਸਲ ਰਿਹਾ ਹੈ। ਫਾਊਂਡੇਸ਼ਨ ਦੇ ਕਰੀਬੀ ਸੂਤਰ ਦਾਅਵਾ ਕਰਦੇ ਹਨ ਕਿ ਫਾਊਂਡੇਸ਼ਨ ਦੇ ਮੈਂਬਰਾਂ ਨੇ 2011 ਵਿਚ ਪੂਰੇ ਮੁਲਕ ਅੰਦਰ ਭ੍ਰਿਸ਼ਟਾਚਾਰ ਵਿਰੋਧੀ ਲਹਿਰ ਲਾਮਬੰਦ ਕਰਨ ਵਿਚ ਅਹਿਮ ਭੂਮਿਕਾ ਨਿਭਾਈ ਸੀ। ਨਾਂ ਗੁਪਤ ਰੱਖੇ ਜਾਣ ਦੀ ਸ਼ਰਤ 'ਤੇ ਫਾਊਂਡੇਸ਼ਨ ਦੇ ਇਕ ਮੈਂਬਰ ਨੇ ਖੁਲਾਸਾ ਕੀਤਾ ਹੈ: "ਅਪਰੈਲ 2011 ਵਿਚ ਬਾਬਾ ਰਾਮਦੇਵ ਦੀ ਅਗਵਾਈ 'ਚ ਭ੍ਰਿਸ਼ਟਾਚਾਰ ਵਿਰੋਧੀ ਮੰਚ ਬਣਾਉਣ ਦਾ ਫ਼ੈਸਲਾ ਕੀਤਾ ਗਿਆ। ਲਗਭਗ ਇਕ ਸਾਲ ਵਿਉਂਤਬੰਦੀ ਹੁੰਦੀ ਰਹੀ। ਕੇ.ਐਨ. ਗੋਵਿੰਦਾਚਾਰੀਆ ਦੇ ਰਾਸ਼ਟਰੀ ਸਵੈਭਿਮਾਨ ਅੰਦੋਲਨ ਨਾਲ ਮਿਲ ਕੇ ਫਾਊਂਡੇਸ਼ਨ ਨੇ ਪਹਿਲੀ ਅਪਰੈਲ 2011 ਨੂੰ ਕਾਲੇ ਧਨ ਅਤੇ ਭ੍ਰਿਸ਼ਟਾਚਾਰ ਬਾਰੇ ਦੋ-ਦਿਨਾ ਸੈਮੀਨਾਰ ਕਰਵਾਇਆ। ਬਾਬਾ ਰਾਮਦੇਵ, ਅਰਵਿੰਦ ਕੇਜਰੀਵਾਲ ਅਤੇ ਕਿਰਨ ਬੇਦੀ ਇਸ ਵਿਚ ਸ਼ਾਮਲ ਹੋਏ। ਸੈਮੀਨਾਰ ਦੇ ਅਖ਼ੀਰ ਵਿਚ, ਬਾਬਾ ਰਾਮਦੇਵ ਨੂੰ ਸਰਪ੍ਰਸਤ ਅਤੇ ਗੋਵਿੰਦਾਚਾਰੀਆ ਨੂੰ ਆਰਗੇਨਾਈਜ਼ਰ ਲੈ ਕੇ ਭ੍ਰਿਸ਼ਟਾਚਾਰ ਵਿਰੋਧੀ ਮੁਹਾਜ਼ ਬਣਾਇਆ ਗਿਆ। ਅਜੀਤ ਡੋਵਾਲ, ਭੀਸ਼ਮ ਅਗਨੀਹੋਤਰੀ (ਪਿਛਲੀ ਐਨ.ਡੀ.ਏ. ਹਕੂਮਤ ਸਮੇਂ ਅਮਰੀਕਾ ਵਿਚ ਸਫ਼ੀਰ), ਆਈ.ਆਈ.ਐਮ. ਬੰਗਲੌਰ ਤੋਂ ਪ੍ਰੋਫੈਸਰ ਆਰ. ਵੈਦਿਆਨਾਥਨ, ਬਾਬਾ ਰਾਮਦੇਵ ਦਾ ਨਜ਼ਦੀਕੀ ਪੱਤਰਕਾਰ ਵੇਦ ਪ੍ਰਤਾਪ ਵੈਦਿਕ ਅਤੇ ਲੇਖਕ ਤੇ ਵਿੱਤੀ ਮਾਮਲਿਆਂ ਦਾ ਮਾਹਰ ਐਸ. ਗੁਰੂਮੂਰਤੀ ਇਸ ਦੇ ਮੈਂਬਰ ਸਨ।"

ਇਸ ਦੌਰਾਨ ਗੋਵਿੰਦਾਚਾਰੀਆ ਨੇ ਅੰਨਾ ਹਜ਼ਾਰੇ ਅਤੇ ਬਾਬਾ ਰਾਮਦੇਵ ਦੀ ਮੀਟਿੰਗ ਕਰਵਾਈ। ਫਾਊਂਡੇਸ਼ਨ ਦੇ ਮੈਂਬਰਾਂ ਦੀ ਯੁੱਧਨੀਤੀ ਅਨੁਸਾਰ ਇਹ ਦੋਵੇਂ ਭ੍ਰਿਸ਼ਟਾਚਾਰ ਵਿਰੋਧੀ ਲਹਿਰ ਅੱਗੇ ਜੁੱਪਣਗੇ। ਸੈਮੀਨਾਰ ਤੋਂ ਤਿੰਨ ਦਿਨ ਬਾਅਦ ਹੀ ਹਜ਼ਾਰੇ ਨੇ ਜੰਤਰ ਮੰਤਰ ਵਿਖੇ ਮਰਨ ਵਰਤ ਰੱਖ ਲਿਆ। ਅਪਰੈਲ ਦੇ ਅਖ਼ੀਰ 'ਚ ਬਾਬਾ ਰਾਮਦੇਵ ਨੇ ਵੀ 4 ਜੂਨ ਤੋਂ ਨਵੀਂ ਦਿੱਲੀ ਦੇ ਰਾਮਲੀਲ੍ਹਾ ਮੈਦਾਨ ਤੋਂ ਯੂ.ਪੀ.ਏ. ਦੇ ਖ਼ਿਲਾਫ਼ ਰੋਸ ਪ੍ਰਦਰਸ਼ਨ ਕਰਨ ਦਾ ਐਲਾਨ ਕਰ ਦਿੱਤਾ। ਅਫਵਾਹ ਇਹ ਸੀ ਕਿ ਵੀ.ਆਈ.ਐਫ. ਵਲੋਂ ਇਹ ਯੋਜਨਾ ਕਾਂਗਰਸ ਨੂੰ ਖੂੰਜੇ ਲਾਉਣ ਲਈ ਭਾਜਪਾ ਤੇ ਆਰ.ਐਸ.ਐਸ. ਦੇ ਇਸ਼ਾਰੇ 'ਤੇ ਬਣਾਈ ਗਈ ਸੀ। ਕਾਂਗਰਸ ਦਾ ਸੀਨੀਅਰ ਆਗੂ ਦਿਗਵਿਜੇ ਸਿੰਘ ਲਗਾਤਾਰ ਦੁਹਾਈ ਦਿੰਦਾ ਰਿਹਾ ਕਿ ਭ੍ਰਿਸ਼ਟਾਚਾਰ ਵਿਰੋਧੀ ਲਹਿਰ ਆਰ.ਐਸ.ਐਸ. ਦੀ ਸਾਜ਼ਿਸ਼ ਹੈ ਪਰ ਲਹਿਰ ਦੇ ਸਿਖਰਾਂ ਛੂਹ ਲੈਣ ਅਤੇ ਯੂ.ਪੀ.ਏ. ਸਰਕਾਰ ਵਲੋਂ ਹਾਲਾਤ ਨਾਲ ਨਜਿੱਠਣ ਲਈ ਵਾਹਯਾਤ ਤਰੀਕੇ ਅਖ਼ਤਿਆਰ ਕਰਨ ਕਰ ਕੇ ਕਿਸੇ ਨੇ ਉਸ ਦੀ ਗੱਲ ਨਾ ਗੌਲੀ।

ਸੰਘ ਦੇ ਆਗੂਆਂ ਦਾ ਵੀ.ਆਈ.ਐਫ. ਵਿਚ ਆਮ ਆਉਣ-ਜਾਣ ਹੈ, ਜਦਕਿ ਆਰ.ਐਸ.ਐਸ. ਦਾ ਮੁਖੀ ਮੋਹਨ ਭਾਗਵਤ ਅਤੇ ਭਾਜਪਾ ਆਗੂ ਐਲ.ਕੇ. ਅਡਵਾਨੀ ਇਸ ਨਾਲ ਜੁੜ ਕੇ ਸਰਗਰਮੀ ਕਰ ਰਹੇ ਹਨ। ਪਿਛੇ ਜਿਹੇ ਭਾਗਵਤ ਨੇ ਸਾਬਕਾ ਕੂਟਨੀਤਕ ਓ.ਪੀ. ਗੁਪਤਾ ਦੀ ਕਿਤਾਬ 'ਡਿਫਾਈਨਿੰਗ ਹਿੰਦੂਤਵ' ਵੀ.ਆਈ.ਐਫ. ਤੋਂ ਰਿਲੀਜ਼ ਕੀਤੀ।

ਆਲੋਚਕ ਫਾਊਂਡੇਸ਼ਨ ਦੇ ਸੱਜੇਪੱਖੀ ਝੁਕਾਅ ਦੀਆਂ ਮਿਸਾਲਾਂ ਦਿੰਦੇ ਹਨ ਕਿ ਜਦੋਂ ਵੈਂਡੀ ਡੋਨੀਗਰ ਦੀ ਕਿਤਾਬ 'ਦਿ ਹਿੰਦੂ: ਐਨ ਆਲਟਰਨੇਟਿਵ ਹਿਸਟਰੀ' ਬਾਰੇ ਵਿਵਾਦ ਛਿੜਿਆ ਤਾਂ ਇਸ ਦੇ ਸੀਨੀਅਰ ਫੈਲੋ ਮੱਖਨ ਲਾਲ ਨੇ ਲਿਖਿਆ ਕਿ ਇਸ ਨਾਲ ਨਕਲੀ ਧਰਮਨਿਰਪੱਖਤਾਵਾਦੀਆਂ ਅਤੇ ਹਿੰਦੂ ਵਿਰੋਧੀਆਂ ਨੂੰ ਆਪਣੀ ਪੁਰਾਣੀ ਚਾਲ ਖੇਡਣ ਦਾ ਮੌਕਾ ਮਿਲ ਗਿਆ ਹੈ ਜਿਸ ਤਹਿਤ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਦੇ ਨਾਂ ਹੇਠ ਉਹ ਹਿੰਦੂਆਂ ਨੂੰ ਭੰਡਦੇ ਹਨ। ਲੋਕ ਸਭਾ ਚੋਣਾਂ ਦੇ ਫਤਵੇ ਦਾ ਵਿਸ਼ਲੇਸ਼ਣ ਕਰਦੇ ਹੋਏ, ਫਾਊਂਡੇਸ਼ਨ ਦੇ ਜਾਇੰਟ ਡਾਇਰੈਕਟਰ ਪ੍ਰਭਾਤ ਸ਼ੁਕਲਾ ਨੇ ਲਿਖਿਆ ਕਿ ਇਹ ਨਤੀਜੇ ਸਦੀਆਂ ਤੋਂ ਹੋ ਰਹੇ ਹਿੰਦੂਆਂ ਦੇ ਸ਼ੋਸ਼ਣ ਦਾ ਫ਼ਲ ਸਨ। ਇਕ ਹੋਰ ਫੈਲੋ ਅਨਿਰਬਾਨ ਗਾਂਗੁਲੀ ਨੇ ਆਪਣੇ ਖੋਜ ਪੱਤਰ 'ਭਾਰਤ ਵਿਚ ਮਨੁੱਖ ਅਤੇ ਵਾਤਾਵਰਨ: ਬੀਤੇ ਦੀ ਰਵਾਇਤ ਅਤੇ ਹਾਲੀਆ ਚੁਣੌਤੀਆਂ' ਵਿਚ ਜ਼ੋਰ ਦਿੱਤਾ ਕਿ ਹਿੰਦੂਵਾਦ ਤਾਂ ਕੁਦਰਤੀ ਚੌਗਿਰਦੇ ਦੀ ਰਗ-ਰਗ ਤੋਂ ਜਾਣੂ ਹੈ ਅਤੇ ਇਸ ਰਵਾਇਤ ਦਾ ਜ਼ਿਕਰ ਤਾਂ ਵੇਦਾਂ ਤੇ ਅਰਥ ਸ਼ਾਸਤਰਾਂ ਵਿਚ ਵੀ ਮਿਲਦਾ ਹੈ। ਆਲੋਚਕ ਕਹਿੰਦੇ ਹਨ ਕਿ ਜੇ ਇਹ ਸੱਜੇਪੱਖੀ ਵਿਚਾਰਧਾਰਾ ਨਹੀਂ, ਤਾਂ ਫਿਰ ਹੋਰ ਕੀ ਹੈ?

ਐਪਰ ਫਾਊਂਡੇਸ਼ਨ ਦੇ ਰਸਾਲੇ 'ਪੱਤ੍ਰਿਕਾ' ਦਾ ਸੰਪਾਦਕ ਕੇ.ਜੀ. ਸੁਰੇਸ਼ ਅਜਿਹੇ ਇਲਜ਼ਾਮਾਂ ਨੂੰ ਖ਼ਾਰਜ ਕਰਦਿਆਂ ਕਹਿੰਦਾ ਹੈ: "ਫਾਊਂਡੇਸ਼ਨ ਨੂੰ ਆਰ.ਐਸ.ਐਸ. ਨਾਲ ਜੋੜਨਾ ਗ਼ਲਤ ਹੈ। ... ਇਹ ਸੱਚ ਹੈ ਕਿ ਭਾਜਪਾ ਅਤੇ ਆਰ.ਐਸ.ਐਸ. ਦੀ ਆਹਲਾ ਲੀਡਰਸ਼ਿਪ ਵੱਖੋ-ਵੱਖਰੇ ਮੁੱਦਿਆਂ ਬਾਰੇ ਸਾਡੇ ਤੋਂ ਜਾਣਕਾਰੀ ਲੈਂਦੀ ਹੈ, ਪਰ ਕਾਂਗਰਸ ਦੇ ਆਗੂ ਵੀ ਤਾਂ ਸਾਡੇ ਸੈਮੀਨਾਰਾਂ ਵਿਚ ਆਉਂਦੇ ਹਨ।"

ਸੁਰੇਸ਼ ਕਹਿੰਦਾ ਹੈ: "ਭਾਰਤੀ ਇਤਿਹਾਸ ਦਾ ਕੌਮੀਕਰਨ ਜ਼ਰੂਰੀ ਹੈ। ਖੱਬੀ ਧਿਰ ਪਹਿਲਾਂ ਹੀ ਸਿਆਸੀ ਤੌਰ 'ਤੇ ਹਾਸ਼ੀਏ 'ਤੇ ਧੱਕੀ ਜਾ ਚੁੱਕੀ ਹੈ। ਹੁਣ, ਇਹ ਬੌਧਿਕ ਤੌਰ 'ਤੇ ਵੀ ਹਾਸ਼ੀਏ 'ਤੇ ਧੱਕ ਦਿੱਤੀ ਜਾਵੇਗੀ। ਹੁਣ ਤਾਈਂ ਅਸੀਂ ਹਾਸ਼ੀਏ 'ਤੇ ਧੱਕੇ ਰਹੇ ਹਾਂ, ਹੁਣ ਉਨ੍ਹਾਂ ਦੀ ਵਾਰੀ ਹੈ।" ਵੀ.ਆਈ.ਐਫ. ਦਾ ਇਕ ਹੋਰ ਮੈਂਬਰ ਇਹੀ ਭਾਵਨਾ ਦੁਹਰਾਉਂਦਿਆਂ ਕਹਿੰਦਾ ਹੈ: "ਜ਼ਿਆਦਾਤਰ ਥਿੰਕ ਟੈਂਕਾਂ ਉਪਰ ਖੱਬੇ ਪੱਖੀਆਂ ਦੀ ਸਰਦਾਰੀ ਰਹੀ ਹੈ। ਸਾਡਾ ਮੰਚ ਗ਼ੈਰ-ਖੱਬੇਪੱਖੀਆਂ ਅਤੇ ਰਾਸ਼ਟਰਵਾਦੀਆਂ ਦਾ ਹੈ ਜਿਨ੍ਹਾਂ ਨੂੰ ਬੁੱਧੀਜੀਵੀ ਜਗਤ ਅੰਦਰ ਅਛੂਤ ਸਮਝਿਆ ਜਾਂਦਾ ਸੀ।" ਜਿਉਂ-ਜਿਉਂ ਵੀ.ਆਈ.ਐਫ. ਦੇ ਵਧੇਰੇ ਤੋਂ ਵਧੇਰੇ ਮੈਂਬਰ ਨਰੇਂਦਰ ਮੋਦੀ ਸਰਕਾਰ ਵਿਚ ਸ਼ਾਮਲ ਹੁੰਦੇ ਜਾਂਦੇ ਹਨ, ਥਿੰਕ ਟੈਂਕ ਲਈ ਮੁਲਕ ਦੇ ਵਿਦੇਸ਼ੀ, ਆਰਥਿਕ ਅਤੇ ਸੁਰੱਖਿਆ ਮਾਮਲਿਆਂ ਬਾਰੇ ਨੀਤੀਆਂ ਘੜਨ ਵਿਚ ਅਹਿਮ ਭੂਮਿਕਾ ਨਿਭਾਉਣੀ ਸੁਖਾਲੀ ਹੋ ਗਈ ਹੈ।

# ਹੇ ਮੇਘ

*(‘ਮੇਘਦੂਤ’ ਕਾਲੀਦਾਸ ਦੀ ਪੰਦਰਾਂ ਸੌ ਸਾਲ ਪੁਰਾਣੀ ਅਦੁੱਤੀ ਰਚਨਾ ਹੈ ਜਿਸ ਵਿਚ ਕਹਾਣੀ ਨਾਂ ਦੀ ਚੀਜ਼ ਕੋਈ ਨਹੀਂ। ਇਸ ਕਾਵਿ ਦੇ ਨਾਇਕ ਯੱਕਸ਼ ਨੂੰ ਆਪਣੇ ਘਰੋਂ ਦੂਰ ਪਰਦੇਸ ਵਿਚ ਜਾਣਾ ਪੈ ਗਿਆ ਹੈ। ਉਸ ਨੂੰ ਘਰ ਵਿਚ ਪਿੱਛੇ ਰਹਿ ਗਈ ਆਪਣੀ ਪਤਨੀ ਯਾਦ ਆਉਂਦੀ ਹੈ ਤਾਂ ਬੱਦਲ ਨੂੰ ਰੋਕ ਕੇ ਕੁਝ ਸੁਨੇਹੇ ਦਿੰਦਾ ਹੈ। ਰਾਹ ਵਿਚ ਪੈਂਦੇ ਇਲਾਕਿਆਂ ਬਾਰੇ, ਲੋਕਾਂ ਬਾਰੇ, ਤੀਰਥ ਸਥਾਨਾਂ ਤੇ ਨਦੀਆਂ ਬਾਰੇ ਦੱਸਦਾ ਹੋਇਆ ਹਦਾਇਤਾਂ ਕਰਦਾ ਹੈ ਕਿ ਕਿਥੋਂ ਲੰਘਣ ਵੇਲੇ ਕੀ-ਕੀ ਕਰਨਾ ਹੈ। ਬੱਸ ਇਹੀ ਸਾਰੀ ਕਹਾਣੀ ਹੈ। ਅੱਜ ਦੇ ਸਾਡੇ ਕਵੀਆਂ ਨੂੰ ਮੇਘਦੂਤ ਵਿਚ ਇਕ ਕਮੀ ਨਜ਼ਰ ਆਉਂਦੀ ਹੈ। ਕਮੀ ਇਹ ਹੈ ਕਿ ਕਾਲੀਦਾਸ ਦੀ ਪ੍ਰੇਮਿਕਾ, ਨਾਇਕ ਦੀ ਪਤਨੀ ਹੈ। ਪਤਨੀ, ਪਤਨੀ ਹੈ ਤੇ ਪ੍ਰੇਮਿਕਾ, ਪ੍ਰੇਮਿਕਾ। ਦੋਵੇਂ ਇਕ ਨਹੀਂ ਹੋ ਸਕਦੀਆਂ। ਇਕ ਪੰਜਾਬੀ ਪਿਆਰੇ ਨੇ ਕਿਹਾ ਸੀ ਕਿ ਸੱਤਵੇਂ ਫੇਰੇ/ਚੌਥੀ ਲਾਂਵ ਉਪਰੰਤ ਪ੍ਰੇਮਿਕਾ ਸੁਆਸ ਤਿਆਗ ਦਿੰਦੀ ਹੈ ਤੇ ਪਤਨੀ ਦਾ ਜਨਮ ਹੁੰਦਾ ਹੈ। ਇਹ ਹਿੱਸੇ ਜਿਹੜੇ ਤੁਸੀਂ ਪੜ੍ਹੋਗੇ, ਸਖਤ ਸ਼ਾਬਦਿਕ ਅਨੁਵਾਦ ਨਹੀਂ ਹਨ। ‘ਮੇਘਦੂਤ’ ਗ੍ਰੰਥ ਦਾ ਪਾਠ ਕੀਤਾ। ਉਪਰੰਤ ਜੋ ਭਾਵ ਹਿਰਦੇ ਵਿਚ ਪ੍ਰਗਟ ਹੋਏ, ਉਹ ਆਪਣੀ ਦੇਸੀ ਬੋਲੀ ਵਿਚ ਲਿਖ ਦਿੱਤੇ। ਮੇਘਦੂਤ ਜਿਵੇਂ ਸਮਝ ਆਇਆ, ਇਹ ਉਹ ਕੁਝ ਹੈ। ਚੁਮਾਸੇ ਦੇ ਮਹੀਨੇ ਪੰਜਾਬੀ ਪਾਠਕਾਂ ਲਈ ਇਹ ਠੀਕ ਸੁਗਾਤ ਹੈ। ਦੋਸਤੋਵਸਕੀ ਅਨੁਸਾਰ ਵਿਚਾਰ ਬੱਦਲ ਹਨ, ਇਨ੍ਹਾਂ ਵਿਚੋਂ ਸ਼ਬਦ ਝੜੀਆਂ ਬਣ-ਬਣ ਡਿਗਦੇ ਹਨ, ਤਬਾਹੀ ਮਚਾ ਦਿੰਦੇ ਹਨ।)*



**ਹਰਪਾਲ ਸਿੰਘ ਪੰਨੂ**
**ਫੋਨ: 91-94642-51454**

### *ਮੇਘਲੇ ਅੱਗੇ ਪ੍ਰਾਰਥਨਾ*

ਪੁਸ਼ਕਰ ਦੀ ਵੰਸ਼ ਵਿਚ ਜਨਮੇ ਹੇ ਮੇਘ! ਤੂੰ ਇੰਦਰ ਮਹਾਰਾਜ ਦਾ ਬੁੱਧੀਵਾਨ ਵਜ਼ੀਰ ਹੈਂ। ਤੂੰ ਇੱਛਾਧਾਰੀ ਹਸਤੀ ਹੈਂ। ਵਿਜੋਗ ਕਾਰਨ ਅਲਕਾਪੁਰੀ ਝੁਲਸੀ ਪਈ ਹੈ। ਉਥੇ ਜਾ ਕੇ ਸ਼ਾਂਤ ਬਰਸ। ਤੇਰੇ ਅੱਗੇ ਮੇਰੀ ਇਹ ਅਰਦਾਸ ਹੈ। ਜੇ ਤੂੰ ਮੇਰੀ ਅਰਦਾਸ ਠੁਕਰਾ ਦਏਂਗਾ, ਤਦ ਵੀ ਮੈਂ ਬੁਰਾ ਨਹੀਂ ਮਨਾਵਾਂਗਾ। ਦੁਸ਼ਟ ਬੰਦੇ ਤੋਂ ਬੇਨਤੀ ਮਨਵਾਉਣ ਨਾਲੋਂ ਤਾਂ ਭਲੇ ਬੰਦੇ ਤੋਂ ਠੋਕਰ ਖਾਧੀ ਚੰਗੀ। ਮੈਂ ਨੀਚਾਂ ਬਦਨੀਤਾਂ ਅੱਗੇ ਪ੍ਰਾਰਥਨਾ ਕਦੀ ਨਹੀਂ ਕਰਾਂਗਾ। ਬੁਰਿਆਂ ਤੋਂ ਸਨਮਾਨਿਤ ਹੋਣ ਨਾਲ ਭਾਰੀ ਸ਼ਰਮਿੰਦਗੀ ਹੁੰਦੀ ਹੈ। ਮੇਰੀ ਬੇਨਤੀ ਮੰਨਣੀ ਨਾ ਮੰਨਣੀ ਤੇਰੇ ਵਸ।

-ਹੇ ਮੇਘ! ਹਿਮਾਲਾ ਪਰਬਤ ਉਪਰੋਂ ਦੀ ਲੰਘਣ ਲੱਗਿਆਂ ਥੋੜ੍ਹੀ ਧੀਮੀ ਗਤੀ ਕਰ ਲਵੀਂ ਅਤੇ ਹੇਠਾਂ ਵੱਲ ਦੇਖਦਾ ਜਾਈਂ। ਇਕ ਪਹਾੜੀ ਉਪਰ ਅਜਿਹੀ ਸ਼ਿਲਾ ਹੈ ਜਿਸ ਉਤੇ ਸ਼ਿਵਜੀ ਦੇ ਚਰਨਾਂ ਦੇ ਨਿਸ਼ਾਨ ਉਕਰੇ ਪਏ ਸਾਫ ਦਿਸਦੇ ਹਨ। ਸ਼ਿਲਾ ਨੂੰ ਪ੍ਰਣਾਮ ਕਰੀਂ ਤੇ ਪਹਾੜੀ ਦੁਆਲੇ ਪਰਿਕਰਮਾ ਕਰੀਂ।

ਹੇ ਮੇਘ! ਇਨ੍ਹਾਂ ਹੀ ਪਹਾੜੀਆਂ ਵਿਚ ਸ਼ਿਵ ਦੀ ਤਲਾਸ਼ ਵਿਚ ਇਧਰ ਉਧਰ ਭਟਕਦੀ ਹੋਈ ਉਚੇ ਨੀਵੇਂ ਰਸਤਿਆਂ ਉਪਰ ਤੁਰਦੀ ਹੋਈ ਸ਼ਾਇਦ ਪਾਰਬਤੀ ਵੀ ਤੈਨੂੰ ਕਿਧਰੇ ਦਿਸ ਪਵੇ। ਜੇ ਤੈਨੂੰ ਪਾਰਬਤੀ ਦਿਸੇ ਤਾਂ ਮੂਰਖਾਂ ਵਾਂਗ ਉਸ ਦੇ ਸਿਰ ਉਪਰ ਮੰਡਰਾਂਦਾ ਨਾ ਫਿਰੀਂ। ਤੁਰੰਤ ਬਰਫ ਬਣ ਕੇ ਉਸ ਦੇ ਕਦਮਾਂ ਹੇਠ ਵਿਛ ਜਾਈਂ ਹੇ ਮੇਘ!

ਆਪਣੇ ਹੱਥਾਂ ਵਿਚ ਪਹਿਨੇ ਹੋਏ ਸੱਪਾਂ ਦੇ ਕੰਗਣ ਉਤਾਰ ਕੇ ਸ਼ੰਕਰ, ਜੇ ਪਾਰਬਤੀ ਨੂੰ ਹੱਥ ਦਾ ਸਹਾਰਾ ਦੇਣ ਲੱਗਣ ਤਾਂ ਚੜ੍ਹਾਈ ਚੜ੍ਹਦੀ ਪਾਰਬਤੀ ਦੇ ਕਦਮਾਂ ਹੇਠ ਆਪਣੀ ਬਰਫ ਦੀਆਂ ਪੌੜੀਆਂ ਬਣਾ ਲਵੀਂ ਤਾਂ ਕਿ ਉਹ ਮਣੀ-ਤਟ ਤੱਕ ਪੁੱਜ ਸਕੇ।

ਸ਼ਿਵਾਲਿਕ ਪਹਾੜੀਆਂ ਪਿਛੋਂ ਆਰੀਆ-ਵਰਤ ਦੇਸ ਆਏਗਾ। ਇਥੋਂ ਦੀ ਲੰਘਦਾ ਹੋਇਆ ਇੰਨਾ ਨੀਵਾਂ ਆਈਂ ਕਿ ਬਨੇਰਿਆਂ ਨੂੰ ਛੂਹੇਂ। ਆਰੀਆ-ਵਰਤ ਦੀਆਂ ਸੁੰਦਰੀਆਂ ਆਪਣੇ ਵਿਹੜਿਆਂ ਵਿਚ ਨਿਕਲ ਕੇ ਖਿੜੇ ਹੋਠਾਂ ਨਾਲ ਤੈਨੂੰ ਪ੍ਰਣਾਮ ਕਰਨਗੀਆਂ, ਕਿਉਂਕਿ ਇਨ੍ਹਾਂ ਦੀ ਕਿਸਮਤ ਤੂਹੀਂ ਹੈਂ ਹੇ ਮੇਘ! ਇਨ੍ਹਾਂ ਤੋਂ ਬਚ ਕੇ ਲੰਘੀਂ ਕਿਉਂਕਿ ਅੱਖਾਂ ਨਾਲ ਹੀ ਇਹ ਤੈਨੂੰ ਪੀਣ ਦਾ ਯਤਨ ਕਰਨਗੀਆਂ।

ਜਦੋਂ ਇਨ੍ਹਾਂ ਸੁੰਦਰੀਆਂ ਨੂੰ ਦੇਖਣ ਲਈ ਤੂੰ ਨੀਵਾਂ ਉਤਰੇਂ ਤਾਂ ਬਿਜਲੀਆਂ ਨੂੰ ਆਪਣੇ ਨਾਲ ਨਾਂ ਲੈ ਕੇ ਜਾਈਂ। ਬਿਜਲੀਆਂ ਨੂੰ ਆਕਾਸ਼ ਵਿਚ ਉਚੇ ਹੀ ਛੱਡ ਆਈਂ ਹੇ ਮੇਘ!

ਕੋਈ ਜ਼ਿੱਦੀ ਬਿਜਲੀ ਜੇ ਮਿੰਨਤਾਂ ਕਰੇ ਕਿ ਉਹ ਵੀ ਇਨ੍ਹਾਂ ਸੁੰਦਰੀਆਂ ਨੂੰ ਨੇੜੇ ਹੋ ਕੇ ਦੇਖਣ ਦੀ ਇੱਛੁਕ ਹੈ ਤਾਂ ਕਹੀਂ ਕਿ ਜੁਗਨੂੰ ਬਣ ਕੇ ਚੱਲ। ਸੁੰਦਰਤਾ ਦੇ ਦਰਸ਼ਨ ਕਰਨ ਲਈ ਕਿੰਨਾ ਨਿਮਰ ਹੋਣਾ ਪੈਂਦਾ ਹੈ, ਬਿਜਲੀਆਂ ਨੂੰ ਪਤਾ ਨਹੀਂ ਹੈ। ਤੂੰ ਦੱਸ ਦਈਂ ਹੇ ਮੇਘ!

ਫਿਰ ਬੀਰ-ਭੂਮੀ ਕੁਰੂਕਸ਼ੇਤਰ ਆਏਗੀ। ਕ੍ਰਿਸ਼ਨ ਜੀ ਦੇ ਕਹਿਣ ਉਤੇ ਅਰਜਨ ਨੇ ਧਨੁੱਖ ਚੁੱਕ ਲਿਆ ਸੀ ਤਾਂ ਅਣਗਿਣਤ ਸਿਰ ਉਡ ਗਏ ਸਨ। ਲਹੂ ਦੀ ਬਾਰਸ਼ ਜਮ ਕੇ ਹੋਈ ਸੀ, ਪੂਰਾਂ ਦੇ ਪੂਰ ਖਪ ਗਏ ਸਨ, ਪਰ ਕਹਿੰਦੇ ਹਨ ਕਿ ਇਹ ਧਰਮ ਯੁੱਧ ਸੀ। ਮਾਂਵਾਂ ਦੇ ਲੱਖ ਪੁਤਰ ਸੌਂ ਗਏ ਸਨ ਹੇ ਮੇਘ! ਪਰ ਕਹਿੰਦੇ ਹਨ ਕਿ ਇਥੇ ਧਰਮ-ਧੁਜਾ ਲਹਿਰਾਈ ਸੀ।

ਕੁਰੂਕਸ਼ੇਤਰ ਵਿਚੋਂ ਦੀ ਸਰਸਵਤੀ ਨਦੀ ਲੰਘਦੀ ਹੈ। ਬਲਰਾਮ ਜੀ ਜਿਹੜੇ ਕੌਰਵਾਂ ਤੇ ਪਾਂਡਵਾਂ-ਦੋਵਾਂ ਧਿਰਾਂ ਨੂੰ ਬੇਅੰਤ ਪਿਆਰ ਕਰਦੇ ਸਨ, ਇਥੇ ਵਸਦੇ ਸਨ। ਵਾਰ-ਵਾਰ ਸਮਝਾਉਣ ਦੇ ਬਾਵਜੂਦ ਜਦੋਂ ਕੌਰਵ-ਪਾਂਡਵ ਆਪਸ ਵਿਚ ਲੜ ਪਏ, ਤਾਂ ਬਲਰਾਮ ਜੀ ਇੰਨੇ ਉਦਾਸ ਹੋ ਗਏ ਸਨ ਕਿ ਉਨ੍ਹਾਂ ਸਦਾ ਲਈ ਸ਼ਰਾਬ ਪੀਣੀ ਛੱਡ ਦਿੱਤੀ ਸੀ। ਫਿਰ ਉਹ ਅੰਤਿਮ ਸਵਾਸਾਂ ਤੱਕ ਸਰਸਵਤੀ ਨਦੀ ਦਾ ਪਵਿੱਤਰ ਜਲ ਹੀ ਪੀਆ ਕਰਦੇ ਸਨ। ਤੂੰ ਵੀ ਇਸ ਦਾ ਨਿਰਮਲ ਜਲ ਪੀ ਕੇ ਜਾਈਂ। ਗੱਜੀ ਨਾ। ਚੁੱਪ ਚਾਪ ਲੰਘੀਂ। ਇਸ ਧਰਤੀ ਨੇ ਬੜੇ ਦੁਖ ਦੇਖੇ ਹਨ ਹੇ ਮੇਘ!

ਉਜੈਨ ਸ਼ਹਿਰ ਤੈਨੂੰ ਬੜਾ ਸੋਹਣਾ ਲੱਗੇਗਾ, ਤੇ ਤੂੰ ਰੁਕ ਕੇ ਸੋਚਣ ਲੱਗੇਂਗਾ, ਇੰਨਾ ਸੁਹਣਾ ਸ਼ਹਿਰ ਕਿਵੇਂ ਬਣ ਗਿਆ? ਮੈਂ ਦੱਸਦਾ ਹਾਂ। ਸਾਧੂਆਂ ਨੇ ਬੜਾ ਤਪ ਕੀਤਾ। ਰੱਬ ਨੇ ਖੁਸ਼ ਹੋ ਕੇ ਕੁਝ ਮੰਗਣ ਲਈ ਕਿਹਾ ਤਾਂ ਉਨ੍ਹਾਂ ਨੇ ਸੁਰਗ ਦਾ ਹਿੱਸਾ ਮੰਗਿਆ। ਸੁਰਗ ਦਾ ਇਕ ਟੁਕੜਾ ਧਰਤੀ ਉਪਰ ਭੇਜਦਿਆਂ ਹੋਇਆਂ ਰੱਬ ਨੇ ਕਿਹਾ, ਇਸ ਦਾ ਨਾਮ ਉਜੈਨੀ ਰੱਖਣਾ।

ਗੰਗਾ ਨਦੀ ਦਾ ਜਲ ਪੀਣ ਲਈ ਹੇਠਾਂ ਉਤਰੀਂ। ਜਦੋਂ ਇਸ ਨਦੀ ਦਾ ਪਾਣੀ ਪੀਣ ਲਈ ਝੁਕੇਂਗਾ ਤਾਂ ਤੈਨੂੰ ਨਿਰਮਲ ਜਲ ਵਿਚੋਂ ਆਪਣਾ ਅਕਸ ਦਿਸੇਗਾ। ਜਦੋਂ ਤੈਨੂੰ ਆਪਣੀ ਸ਼ਕਲ ਨਦੀ ਵਿਚ ਦਿਸੇਗੀ, ਤਦ ਪਤਾ ਲੱਗੇਗਾ ਕਿ ਕੇਵਲ ਪ੍ਰਯਾਗ ਦੇ ਸਥਾਨ ਉਤੇ ਨਹੀਂ; ਸੰਸਾਰ ਵਿਚ ਤਾਂ ਥਾਂ-ਥਾਂ ਲੱਖਾਂ ਸੰਗਮ ਹੋ ਰਹੇ ਹਨ। ਹੇ ਆਕਾਸ਼ ਵਿਚ ਤੈਰਦੇ ਹੋਏ ਤਾਕਤਵਰ ਦਰਿਆ! ਕਦੀ ਤੂੰ ਨਦੀਆਂ ਦਾ ਪਾਣੀ ਪੀਣ ਲਈ ਝੁਕਦਾ ਹੈਂ, ਕਦੀ ਇਨ੍ਹਾਂ ਨੂੰ ਪਾਣੀ ਪਿਲਾਉਣ ਲਈ ਉਤਰਦਾ ਹੈਂ, ਇਹ ਖਾਮੋਸ਼ ਸੰਗਮ ਘੱਟ ਲੋਕਾਂ ਨੇ ਦੇਖੇ ਹਨ।

ਮਗਧ ਦੇਸ਼ ਦੀਆਂ ਨੀਲੀਆਂ ਝੀਲਾਂ ਦਾ ਪਾਣੀ ਬੜਾ ਸਵੱਛ ਹੈ। ਇਨ੍ਹਾਂ ਦਾ ਜਲ ਪੀਣ ਲਈ ਜਦੋਂ ਨੀਵਾਂ ਉਤਰੇਂਗਾ ਤਾਂ ਪਾਣੀ ਦੇ ਤਲ ਉਪਰ ਦਾਇਰਿਆਂ ਵਿਚ ਤੈਰਦੇ ਹੋਏ ਸਫੈਦ ਹੰਸ ਦਿਸਣਗੇ। ਦਾਇਰਿਆਂ ਵਿਚ ਤੈਰਦੇ ਹੰਸ ਦੇਖ ਕੇ ਤੂੰ ਸੋਚਣ ਲੱਗੇਂਗਾ, “ਕੋਈ ਕਿਉਂ ਇੰਨੀਆਂ ਸੋਹਣੀਆਂ ਝਾਂਜਰਾਂ ਭੁੱਲ ਗਿਆ ਹੈ ਇਥੇ? ਕੌਣ ਸੀ ਉਹ ਜਿਸ ਨੇ ਰਾਤ ਭਰ ਇਸ ਬਲੌਰੀ ਮੰਚ ਉਪਰ ਨਾਚ ਕੀਤਾ ਸੀ? ਤੂੰ ਪਿਆਸਾ ਹੋਏਂਗਾ ਪਰ ਇੰਨੀਆਂ ਸੋਹਣੀਆਂ ਝਾਂਜਰਾਂ ਦੇਖ ਕੇ ਕੁਝ ਦੇਰ ਲਈ ਪਾਣੀ ਪੀਣਾ ਭੁੱਲ ਜਾਏਂਗਾ ਹੇ ਮੇਘ!

ਫਿਰ ਮੰਦਾਕਣੀ ਨਦੀ ਆਏਗੀ। ਉਤਰਾਖੰਡ ਵਿਚ ਮਸਤ ਹਾਥੀਆਂ ਦੇ ਝੁੰਡ ਜੰਗਲਾਂ ਵਿਚ ਘੁੰਮਦੇ ਹਨ। ਇਨ੍ਹਾਂ ਹਾਥੀਆਂ ਕੋਲੋਂ ਲੰਘਦਿਆਂ ਹੋਇਆਂ ਗੱਜੀਂ ਨਾ, ਕਿਉਂਕਿ ਫਿਰ ਇਹ ਤੈਨੂੰ ਆਪਣਾ ਬਦਤਮੀਜ਼ ਬੱਚਾ ਸਮਝ ਕੇ ਤੇਰੇ ਉਪਰ ਹੱਲਾ ਬੋਲ ਸਕਦੇ ਹਨ। ਇਹ ਹਾਥੀ, ਮੰਦਾਕਣੀ ਨਦੀ ਦਾ ਜਲ ਪੀਂਦੇ ਹਨ ਤੇ ਇਸੇ ਵਿਚ ਇਸ਼ਨਾਨ ਕਰਦੇ ਹਨ। ਜਦੋਂ ਤੂੰ ਪਾਣੀ ਪੀਣ ਲਈ ਉਤਰੇਂ ਤਾਂ ਹੋ ਸਕਦਾ ਹੈ ਥੋੜ੍ਹੀ ਦੇਰ ਪਹਿਲਾਂ ਹਾਥੀ ਇਸ਼ਨਾਨ ਕਰ ਕੇ ਗਏ ਹੋਣ। ਇਹ ਸੋਚ ਕੇ ਕਿ ਪਾਣੀ ਗੰਧਲਿਆਂ ਹੋਇਆ ਹੈ, ਪੀਣ ਤੋਂ ਝਿਜਕ ਨਾ ਜਾਈਂ। ਜਿਥੇ ਮਹਾਂਪੁਰਖਾਂ ਦੇ ਚਰਨ ਪਏ ਹੋਣ, ਉਹ ਜਲ ਪਵਿੱਤਰ ਹੁੰਦੇ ਹਨ।

ਹੇ ਮੇਘ! ਤੂੰ ਰੱਜ ਕੇ ਜਮਨਾ ਨਦੀ ਦਾ ਪਾਣੀ ਪੀਏਂਗਾ ਤਾਂ ਭਾਰਾ ਹੋ ਜਾਵੇਂਗਾ। ਫਿਰ ਹਵਾ ਦੇ ਬੁੱਲੇ ਤੈਨੂੰ ਡੁਲਾ ਨਹੀਂ ਸਕਣਗੇ। ਫਿਰ ਤੂੰ ਹਾਥੀ ਵਾਂਗ ਆਤਮ ਵਿਸ਼ਵਾਸ ਨਾਲ, ਟਿਕੇ ਵੇਗ ਉਡਦਾ ਜਾਏਂਗਾ। ਹੌਲਿਆਂ ਦਾ ਤਾਂ ਥਾਂ ਥਾਂ ਅਪਮਾਨ ਹੁੰਦਾ ਹੈ ਹੇ ਮੇਘ!

ਮੰਦਾਕਣੀ ਦੇ ਘਾਟਾਂ ਉਪਰ ਮੰਦਾਰ ਬਿਰਖਾਂ ਦੇ ਝੁੰਡ ਹਨ। ਕਿਨਾਰਿਆਂ ਦਾ ਰੇਤਾ ਸੋਨਰੰਗਾ ਹੈ। ਯੱਕਸ਼ ਸੁੰਦਰੀਆਂ ਇਸ ਰੇਤੇ ’ਚ ਮਣੀਆਂ ਨੂੰ ਲੁਕਾਣ ਤੇ ਲੱਭਣ ਦੀ ਖੇਡ ਆਮ ਖੇਡਦੀਆਂ ਹਨ।

ਸੰਘਣੇ ਜੰਗਲਾਂ ਅੰਦਰ ਪਗਡੰਡੀਆਂ ਬਣੀਆਂ ਹੋਈਆਂ ਹਨ। ਹੇਠਾਂ ਆ ਕੇ ਦੇਖੀਂ। ਇਨ੍ਹਾਂ ਡੰਡੀਆਂ ਉਪਰ ਕਿਤੇ-ਕਿਤੇ ਚਮੇਲੀ ਦਾ ਕੋਈ ਕੋਈ ਫੁੱਲ ਡਿਗਿਆ ਮਿਲੇਗਾ। ਤੂੰ ਸੋਚਣ ਲੱਗੇਂਗਾ ਕਿ ਇਥੇ ਨੇੜੇ ਚੰਬੇ ਦਾ ਰੁੱਖ ਤਾਂ ਹੈ ਨਹੀਂ, ਫਿਰ ਰਾਤ ਨੂੰ ਕੌਣ ਇਹ ਪੁਸ਼ਪ ਖਲਾਰ ਗਿਆ ਹੈ? ਜੰਗਲੀ ਸੁੰਦਰੀਆਂ ਫੁੱਲਾਂ ਦੇ ਗਹਿਣੇ ਪਹਿਨਦੀਆਂ ਹਨ। ਜਦੋਂ ਕਦੀ ਚੁੱਪ-ਚੁਪੀਤਾ ਇਨ੍ਹਾਂ ਪਗਡੰਡੀਆਂ ਉਪਰ ਤੁਰੇਂਗਾ ਤਾਂ ਜੀਵਨ ਦੇ ਅਨੰਤ ਰੰਗੀਨ ਭੇਤ ਤੇਰੇ ਅੱਗੇ ਖੁੱਲ੍ਹਦੇ ਜਾਣਗੇ ਹੇ ਮੇਘ!

ਆਕਾਸ਼ ਵਿਚ ਜਦੋਂ ਉਚਾ ਉਡੇਂਗਾ ਤਾਂ ਧੌਣਾਂ ਲੰਮੀਆਂ ਕਰ ਕੇ ਹੰਸ ਤੇਰੇ ਨਾਲ ਉਡਣਗੇ। ਇਉਂ ਲੱਗੇਗਾ ਜਿਵੇਂ ਤੂੰ ਵੱਡੇ-ਵੱਡੇ ਸਫੈਦ ਮੋਤੀਆਂ ਦੀ ਮਾਲਾ ਪਹਿਨ ਲਈ ਹੋਵੇ। ਸੁਹਣਾ ਲੱਗੇਂਗਾ ਬੜਾ। ਇਹ ਹੰਸ ਰਾਹ ਦੱਸਣਗੇ। ਜਿੱਧਰ ਜਾਣ, ਉਧਰੇ ਤੂੰ ਜਾਈਂ। ਇਨ੍ਹਾਂ ਨੂੰ ਰਾਹਾਂ ਦਾ ਪੱਕਾ ਪਤਾ ਹੈ।

ਨਿਰਵਿੰਧਿਆ ਨਦੀ ਵੀ ਦੇਖੀਂ ਭਰਾ। ਉਛਲਦੀਆਂ ਲਹਿਰਾਂ ਉਪਰ ਪੰਛੀਆਂ ਦੀਆਂ ਕਤਾਰਾਂ ਉਡਦੀਆਂ ਦੇਖ ਕੇ ਕਹੇਂਗਾ, ਵਾਹ! ਕਿੰਨਾ ਸੋਹਣਾ ਕਮਰਬੰਦ ਬੰਨ੍ਹ ਕੇ ਨਦੀ ਪੂਰੀ ਤਾਕਤ ਨਾਲ ਨੱਚੀ ਹੈ।

ਕਿਤੇ-ਕਿਤੇ ਰਿਸ਼ੀਆਂ ਦੀਆਂ ਕੋਮਲ ਨਾਰੀਆਂ ਤੈਨੂੰ ਦੇਖ ਕੇ ਡਰ ਜਾਣਗੀਆਂ ਕਿ ਏਡੇ ਭਾਰੀ ਪਰਬਤ ਨੂੰ ਕਿਵੇਂ ਪੌਣ ਚੁੱਕੀ ਲਿਆ ਰਹੀ ਹੈ। ਕਿਤੇ ਇਹ ਪਹਾੜ ਸਾਡੇ ਉਪਰ ਡਿਗ ਹੀ ਨਾ ਪਵੇ, ਉਹ ਤੇਜ ਕਦਮੀਂ ਘਰਾਂ ਵਿਚ ਜਾ ਵੜਨਗੀਆਂ।

ਰੂਪਮਤੀਆਂ ਭੋਲੀਆਂ ਭਾਲੀਆਂ ਨਿਰਛਲ ਜੱਟੀਆਂ ਤੈਨੂੰ ਦੇਖ ਕੇ ਖੁਸ਼ੀ ਨਾਲ ਇਉਂ ਨੱਚ ਉਠਣਗੀਆਂ ਜਿਵੇਂ ਉਨ੍ਹਾਂ ਨੂੰ ਗੁਆਚੀ ਹੋਈ ਕੋਈ ਦੁਰਲਭ ਵਸਤੂ ਮਿਲ ਗਈ ਹੋਵੇ। ਉਨ੍ਹਾਂ ਦੀ ਸੁੱਚੀ ਮੁਸਕਾਣ ਦੇਖਦਿਆਂ ਹੀ ਤਾਜ਼ੇ ਵਾਹੇ ਖੇਤਾਂ ਉਪਰ ਜਮ ਕੇ ਬਾਰਸ਼ ਕਰੀਂ ਹੇ ਮੇਘ!


ਨਰਬਦਾ ਨਦੀ ਤੇਜੀ ਨਾਲ ਬੜੇ ਤਿੱਖੇ ਮੋੜ ਕਟਦੀ ਹੈ ਜਿਵੇਂ ਕੋਈ ਨਟੀ ਨੱਚਦੀ ਜਾਂਦੀ ਹੋਵੇ। ਪਰਬਤ ਵਿਚ ਇਸ ਦੀਆਂ ਸੈਂਕੜੇ ਧਾਰਾਂ ਇੰਜ ਲਗਦੀਆਂ ਹਨ ਜਿਵੇਂ ਹਾਥੀ ਦੀ ਪਿੱਠ ਉਪਰ ਕਿਸੇ ਨੇ ਜਾਲ ਸੁੱਟ ਦਿੱਤਾ ਹੋਵੇ।

ਕ੍ਰਿਸ਼ਨ ਦਾ ਕਾਲਾ ਰੰਗ ਚੁਰਾ ਕੇ ਤੇਜ ਦੌੜੀਂ ਅਤੇ ਅਸਮਾਨ ਦੇ ਕਿਸੇ ਕੋਨੇ ਵਿਚ ਲੁਕਣ ਦਾ ਯਤਨ ਕਰੀਂ। ਇਉਂ ਕਰੇਂਗਾ ਤਾਂ ਤੇਰੇ ਪਿੱਛੋਂ ਦੀ ਸਤਰੰਗੀ ਪੀਂਘ ਲਹਿਰਾਏਗੀ। ਲੋਕ ਕਹਿਣਗੇ, ਜੂੜੇ ਵਿਚ ਮੋਰ ਖੰਭ ਟੰਗ ਕੇ ਇਹ ਤਾਂ ਕ੍ਰਿਸ਼ਨ ਜੀ ਮਹਾਰਾਜ ਪ੍ਰਗਟ ਹੋਏ ਹਨ। ਸਭ ਤੈਨੂੰ ਪ੍ਰਣਾਮ ਕਰਨਗੇ। ਵੱਡਿਆਂ ਦੀਆਂ ਨਿਸ਼ਾਨੀਆਂ ਪ੍ਰਾਪਤ ਕਰਨ ਵਾਲਾ ਪੂਜਨੀਕ ਹੋ ਜਾਂਦਾ ਹੈ ਹੇ ਮੇਘ!

ਹੰਸਣੀਆਂ ਨੂੰ ਖੁਸ਼ ਕਰਨ ਲਈ ਹੰਸ ਹਵਾ ਵਿਚ ਨੱਚਣਗੇ। ਬਬੀਹੇ ਕਿੱਕਲੀਆਂ ਪਾਉਣਗੇ ਤੇ ਭੰਵਰੇ ਲਗਾਤਾਰ ਅਲਾਪ ਲੈਂਦੇ ਹੋਏ ਲੰਮਾ ਸਮਾਂ ਗਾਇਨ ਕਰਨਗੇ। ਚਾਰੇ ਪਾਸੇ ਮਲਹਾਰ ਰਾਗ ਗੂੰਜਦਾ ਸੁਣ ਕੇ ਤੂੰ ਵੀ ਫਿਰ ਆਪਣੇ ਢੋਲ ਉਪਰ ਡੱਗਾ ਲਾ ਦਈਂ ਹੇ ਮੇਘ!

ਬਾਗਾਂ ਵਿਚ ਕੰਮ ਕਰਦੀਆਂ ਸੋਹਣੀਆਂ ਮਾਲਣਾਂ, ਪਸੀਨੇ ਵਿਚ ਨਹਾਤੀਆਂ ਹੋਈਆਂ, ਸਖਤ ਮੁਸ਼ੱਕਤ ਅਤੇ ਸਖਤ ਗਰਮੀ ਵਿਚ ਅਧਜਲੀਆਂ ਹੋਈਆਂ ਪਈਆਂ ਹਨ। ਤੈਨੂੰ ਦੇਖ ਕੇ ਆਪਣੇ ਮੂੰਹ ਜਦੋਂ ਉਪਰ ਚੁੱਕਣ ਤਾਂ ਇਨ੍ਹਾਂ ਦੇ ਤਾਂਬੇ ਰੰਗੇ ਸੁੰਦਰ ਮੁਖੜੇ ਤੁਰੰਤ ਧੋ ਦਈਂ।

ਕੋਈ-ਕੋਈ ਨਦੀ ਰੁਕ-ਰੁਕ ਇੰਜ ਚਲਦੀ ਹੈ ਜਿਵੇਂ ਕੋਈ ਸ਼ਰਮਾਕਲ ਮੁਟਿਆਰ ਇੰਜ ਤੁਰੀ ਜਾਂਦੀ ਹੋਵੇ ਹੌਲੇ-ਹੌਲੇ, ਜਿਵੇਂ ਪਤਾ ਨਾ ਲੱਗੇ ਉਸ ਤੋਂ ਕੀ ਭੁੱਲ ਹੋ ਗਈ ਹੈ।




*ਕਾਲੀਦਾਸ ਦੀ ਰਚਨਾ ‘ਮੇਘਦੂਤ’ ਦਾ ਟਾਈਟਲ ਅਤੇ ਇਕ ਚਿੱਤਰਕਾਰ ਦੀ ਨਜ਼ਰ ਵਿਚ ਮੇਘਦੂਤ।*

ਵਿਸ਼ਵ ਦਾ ਨਾਸ ਕਰਨ ਵੇਲੇ ਭੋਲੇ ਨਾਥ ਆਪਣੇ ਲੱਕ ਦੁਆਰੇ ਹਾਥੀ ਦੀ ਲਹੂ ਲਿਬੜੀ ਤਾਜੀ ਖੱਲ ਲਪੇਟ ਕੇ ਤਾਂਡਵ ਨਾਚ ਕਰਿਆ ਕਰਦੇ ਹਨ। ਤਦ ਪਰਲੋ ਸੰਸਾਰ ਦਾ ਖਾਤਮਾ ਕਰ ਦਿੰਦੀ ਹੈ। ਜਦੋਂ ਸੂਰਜ ਅਸਤ ਹੋਣ ਲੱਗੇਗਾ ਤਾਂ ਪੱਛਮ ਵਿਚ ਖਲੋਤਾ ਤੂੰ ਲਹੂ ਲਿਬੜਿਆ ਖੱਲ ਦਾ ਟੋਟਾ ਲੱਗੇਂਗਾ। ਤੈਨੂੰ ਦੇਖਣ ਸਾਰ ਗੋਰੀ ਮਾਂ ਦਾ ਹਿਰਦਾ ਕੰਬ ਉਠੇਗਾ। ਹੋਣੀ ਦੀਆਂ ਗੁੱਝੀਆਂ ਰਮਜ਼ਾਂ ਸਭ ਤੋਂ ਪਹਿਲਾਂ ਮਾਂਵਾਂ ਨੂੰ ਸਮਝ ਪੈਂਦੀਆਂ ਹਨ ਹੇ ਮੇਘ!

ਕੌਲ-ਇਕਰਾਰ ਅਨੁਸਾਰ ਹੋ ਸਕਦਾ ਹੈ, ਰਾਤ ਨੂੰ ਸਹਿਜੇ-ਸਹਿਜੇ ਕੋਈ ਮੁਟਿਆਰ ਆਪਣੇ ਪ੍ਰੀਤਮ ਨੂੰ ਮਿਲਣ ਨਿਕਲੇ। ਨਾ ਲਿਸ਼ਕੀਂ ਨਾ ਗੱਜੀਂ। ਇੱਕ ਪੱਤਾ ਹਿੱਲਣ ਨਾਲ ਤਾਂ ਇਸ ਦਾ ਦਿਲ ਕੰਬ ਜਾਂਦਾ ਹੈ। ਇੰਨੇ ਸਹਿਮੇ ਹੋਇਆਂ ਨੂੰ ਡਰਾਉਣ ਵਿਚ ਕੀ ਸੂਰਬੀਰਤਾ ਭਰਾ? ਬੇਅੰਤ ਸੁੰਦਰ ਵਾਦੀਆਂ ਦੇਖ ਕੇ ਮਦਹੋਸ਼ ਨਾ ਹੋਈਂ। ਇਥੇ ਮਾਤਲੋਕ ਵਿਚ ਸਭ ਕੁਝ ਬੜੀ ਜਲਦੀ ਛਾਈਂ ਮਾਈਂ ਹੋ ਜਾਣ ਵਾਲਾ ਹੈ।

ਚੜ੍ਹਦੇ ਸੂਰਜ ਕਲੀਆਂ ਨੂੰ ਮਿਲਣ ਲਈ ਭੰਵਰੇ ਨਿਕਲ ਪੈਣਗੇ। ਇਨ੍ਹਾਂ ਦੇ ਰਸਤੇ ਵਿਚ ਆਉਣ ਦਾ ਅਪਰਾਧ ਨਾ ਕਰੀਂ। ਤੈਨੂੰ ਇਨ੍ਹਾਂ ਦੇ ਅਨੰਦ ਵਿਚ ਵਿਘਨ ਪਾਣ ਦਾ ਹੱਕ ਨਹੀਂ। ਚੰਗਾ ਇਹੀ ਹੈ ਕਿ ਸੂਰਜ ਚੜ੍ਹਨ ਤੋਂ ਕਾਫੀ ਸਮਾਂ ਪਹਿਲੋਂ ਹੀ ਉੱਚਾ ਉਡ ਜਾਏਂ।

ਗੰਗਾ ਜਦੋਂ ਪਹਿਲੀ ਵਾਰ ਆਕਾਸ਼ ਵਿਚੋਂ ਹੇਠਾਂ ਉਤਰੀ ਤਾਂ ਸ਼ਿਵ ਨੇ ਉਸ ਨੂੰ ਆਪਣੀਆਂ ਜਟਾਂ ਵਿਚ ਸਮਾ ਲਿਆ ਸੀ। ਇਉਂ ਲਗਦਾ ਸੀ ਜਿਵੇਂ ਬਾਬੇ ਨੇ ਗੋਟੇ ਨਾਲ ਮੜ੍ਹੀ ਸੁੱਚੀ ਦਸਤਾਰ ਬੰਨ੍ਹ ਲਈ ਹੋਵੇ। ਸ਼ਿਵ ਦੇ ਮੱਥੇ ਵਿਚ ਚੰਦਰਮਾ ਅਤੇ ਸੀਸ ਵਿਚ ਗੰਗਾ ਦੇਖ ਕੇ ਪਾਰਬਤੀ ਨੇ ਬਹੁਤ ਰੋਸ ਕੀਤਾ ਸੀ।

ਅਲਕਾ ਨਗਰੀ ਦੇ ਪਰਿੰਦਿਆਂ ਨੈਣੀ ਹੰਝੂਆਂ ਦੀ ਧਾਰ ਦੇਖੀਂ ਹੇ ਮੇਘ! ਸੱਤੇ ਸੁਰਾਂ ਦੇ ਅਭਿਆਸੀ, ਖੰਭਾਂ ਵਾਲੇ ਇਹ ਨਿੱਕੇ-ਨਿੱਕੇ ਰਾਗੀ, ਅਕਾਸ਼ ’ਚ ਉਚੇ ਉਡ ਕੇ ਮਨੋਹਰ ਕੀਰਤਨ ਕਰਦੇ ਹਨ। ਇਨ੍ਹਾਂ ਨੂੰ ਸੁਣ ਕੇ ਤੇਰੀਆਂ ਅੱਖਾਂ ਨਮ ਹੋਣਗੀਆਂ। ਮਨੁੱਖਾਂ ਨੇ ਇਨ੍ਹਾਂ ਉਸਤਾਦਾਂ ਤੋਂ ਥੋੜ੍ਹਾ ਕੁ ਸੰਗੀਤ ਬੜੀ ਮਿਹਨਤ ਕਰ ਕੇ ਸਿੱਖਿਆ ਹੈ।

ਪਰ ਇਸ ਨਗਰੀ ਦੇ ਲੋਕ ਸ਼ਰਾਬ ਪੀਂਦੇ ਹਨ। ਮੈਂ ਸੁਣਿਆ ਹੈ ਕਿ ਸ਼ਰਾਬ ਪੀਣ ਵਾਲਿਆਂ ਨੂੰ ਰੱਬ ਆਪਣੀ ਰਾਜਧਾਨੀ ਵਿਚੋਂ ਸੁਗਾਤਾਂ ਨਹੀਂ ਭੇਜਦਾ। ਤੈਨੂੰ ਤਾਂ ਪਤਾ ਹੋਵੇਗਾ, ਕੀ ਇਹ ਗੱਲ ਠੀਕ ਹੈ ਪਿਆਰੇ ਮੇਘ?

ਅਲਕਾ ਦੀਆਂ ਸੁੰਦਰੀਆਂ ਸਾਹਮਣੇ ਝੁਕ ਕੇ ਦੇਵਤੇ ਭੀਖ ਮੰਗਦੇ ਆਮ ਦਿਖਾਈ ਦਿੰਦੇ ਹਨ। ਇਨ੍ਹਾਂ ਸੁੰਦਰੀਆਂ ਦੇ ਘਰ ਦੀਵੇ ਨਹੀਂ ਜਗਦੇ, ਰਤਨ ਜਵਾਹਰ ਰੋਸ਼ਨੀ ਕਰਦੇ ਹਨ। ਕਿਉਂਕਿ ਇਹ ਰਤਨਦੀਪ ਕਦੀ ਬੁਝਦੇ ਨਹੀਂ; ਇਸ ਲਈ ਇਹ ਜੋਬਨ ਮੱਤੀਆਂ ਕਦੀ-ਕਦੀ ਸ਼ਰਮਾਉਂਦੀਆਂ ਹੋਈਆਂ ਚਾਹੁੰਦੀਆਂ ਹਨ ਕਿ ਥੋੜ੍ਹੀ ਕੁ ਦੇਰ ਲਈ ਰਤਨਦੀਪਾਂ ਨੂੰ ਬੁਝਣਾ ਵੀ ਚਾਹੀਦਾ ਹੈ।

ਹਿਮ ਪਰਬਤ ਦੇ ਬਾਂਸ-ਜੰਗਲਾਂ ਵਲ ਵੀ ਝਾਤ ਮਾਰੀਂ। ਅਣਗਿਣਤ ਭੰਵਰੇ ਬਾਂਸ ਦੀਆਂ ਪੋਰੀਆਂ ਵਿਚ ਤੇਜੀ ਨਾਲ ਸੁਰਾਖ ਕੱਢ-ਕੱਢ ਬੀਨਾਂ ਬਣਾਉਂਦੇ ਦਿਖਾਈ ਦੇਣਗੇ। ਉਨ੍ਹਾਂ ਦੇ ਮਧੁਰ ਸਾਜ਼ਾਂ ਨਾਲ ਦੇਵ ਕੰਨਿਆਵਾਂ ਜਦੋਂ ਜੰਗਲ ਵਿਚ ਸੁਰਾਂ ਮਿਲਾ ਕੇ ਵਿਜੈ ਗੀਤ ਗਾਉਣ ਤਦ ਤੂੰ ਵੀ ਆਪਣੀ ਮਰਦੰਗ ਇੰਨੀ ਜ਼ਬਰਦਸਤ ਵਜਾਈਂ ਕਿ ਗੁਫਾਵਾਂ ਵਿਚ ਗੁੰਜਾਰਾਂ ਪੈ ਜਾਣ ਤੇ ਰਿਸ਼ੀ ਦੰਗ ਹੋ ਜਾਣ।

ਆਪਣੇ ਸੁੰਡ ਉਚੇ ਕਰ-ਕਰ ਜੰਗਲੀ ਹਾਥੀ ਜਦੋਂ ਤੇਰਾ ਸਵਾਗਤ ਕਰਨ ਲੱਗਣ, ਤਦ ਤੂੰ ਉਨ੍ਹਾਂ ਦੇ ਗਲਾਂ ਵਿਚ ਜਲ-ਮਣੀਆਂ ਦੇ ਹਾਰ ਪਾ ਦੇਈਂ। ਕਲਪ ਬਿਰਖਾਂ ਦੀਆਂ ਕਰੂੰਬਲਾਂ ਕੋਮਲ ਝੰਡੀਆਂ ਵਰਗੀਆਂ ਹੁੰਦੀਆਂ ਹਨ। ਇਨ੍ਹਾਂ ਨੂੰ ਸਹਿਜੇ-ਸਹਿਜੇ ਸਹਿਲਾਈਂ।

ਮਥਰਾ ਨਗਰੀ ਦੇ ਰੌਣਕਾਂ ਭਰੇ ਬਾਜ਼ਾਰਾਂ ਦੀ ਚਹਿਲ-ਪਹਿਲ ਕਮਾਲ ਦੀ ਹੈ। ਤੇਰਾ ਵੀ ਦਿਲ ਕਰੇਗਾ ਕਿ ਤੂੰ ਕਿਸੇ ਬਾਜ਼ਾਰ ਵਿਚ ਘੁੰਮੇਂ। ਜੇ ਬਾਜ਼ਾਰ ਵਿਚ ਜਾਏਂ ਤਾਂ ਜੇਬਾਂ ਕੱਸ ਕੇ ਫੜ ਰੱਖੀਂ। ਇਥੇ ਸਿਰੇ ਦੇ ਹੰਢੇ ਹੋਏ ਚੋਰ ਵਸਦੇ ਹਨ। ਫੜੇ ਜਾਣ ਦੀ ਸੂਰਤ ਵਿਚ ਸ਼ਰਮਿੰਦੇ ਹੋਣ ਦੀ ਥਾਂ ਆਖਦੇ ਹਨ, ਕ੍ਰਿਸ਼ਨ ਜੀ ਇਥੇ ਲੰਮਾ ਸਮਾਂ ਰਹੇ, ਅਸੀਂ ਉਨ੍ਹਾਂ ਪਾਸੋਂ ਸਾਰੀਆਂ ਵਿਦਿਆਵਾਂ ਸਿੱਖੀਆਂ ਹਨ।

ਅਲਕਾਪੁਰੀ ਦੇ ਤਾਂ ਕਹਿਣੇ ਹੀ ਕੀ। ਇਥੋਂ ਦੀਆਂ ਸੁੰਦਰੀਆਂ ਕੰਵਲ-ਨਾੜ ਦੇ ਕੜੇ ਪਹਿਨਦੀਆਂ ਹਨ। ਲੋਧਰ ਫੁੱਲਾਂ ਦੀ ਧੂੜੀ ਚਿਹਰੇ ‘ਤੇ ਮਲਦੀਆਂ ਹਨ, ਗੁੱਤਾਂ ਵਿਚ ਕਲੀਆਂ ਟੰਗ ਲੈਂਦੀਆਂ ਹਨ, ਕੰਨਾਂ ਵਿਚ ਸਰੀਂਹ ਦੇ ਫੁੱਲ ਪਹਿਨਦੀਆਂ ਹਨ, ਕਦੰਬ ਪੁਸ਼ਪਾਂ ਵਿਚ ਮਟਕਦੀਆਂ ਨੂੰ ਦੇਖ ਕੇ ਰਾਹੀ ਰੁਕ ਜਾਂਦੇ ਹਨ ਤੇ ਅਸਮਾਨੀਂ ਉਡਦੇ ਪੰਛੀ ਹੇਠਾਂ ਡਿਗਦੇ ਹਨ।

ਗੰਗਾ ਦਾ ਦੁਪੱਟਾ ਮੇਰੀ ਅਲਕਾਪੁਰੀ ਨੇ ਓੜ੍ਹਿਆ ਤਾਂ ਸਿਰ ਉਪਰ ਹੀ ਸੀ ਪਰ ਉਹ ਹੇਠਾਂ ਢਲਕਦਾ ਹੋਇਆ ਇਸ ਦੇ ਸਾਰੇ ਸਰੀਰ ਉਪਰ ਫੈਲ ਗਿਆ ਹੈ।

ਮੇਰੀ ਪ੍ਰੀਤਮਾ ਜੇ ਤੇਰੇ ਪੁੱਜਣ ਵੇਲੇ ਸੁੱਤੀ ਪਈ ਹੋਵੇ ਤਾਂ ਗਰਜਾਂ ਧਮਕਾਂ ਨਾਲ ਡਰਾਈਂ ਨਾ। ਉਸ ਦੇ ਸੁਫਨਿਆਂ ਵਿਚ ਮੈਂ ਮੌਜੂਦ ਹੁੰਦਾ ਹਾਂ। ਉਸ ਦੇ ਜਾਗਣ ਤੱਕ ਤੂੰ ਉਸ ਦਾ ਸੋਹਣਾ ਮੁਖੜਾ ਨਿਸ਼ੰਗ ਦੇਖਦਾ ਰਹੀਂ।

ਜਿਸ ਪਾਸ ਇਹ ਸੁਨੇਹੇ ਲੈ ਕੇ ਜਾਣੇ ਹਨ, ਮੇਰੀ ਪਤਨੀ ਬਾਰੇ ਤੈਨੂੰ ਕਿਸੇ ਤੋਂ ਪੁੱਛਣ ਦੀ ਲੋੜ ਨਹੀਂ ਪਵੇਗੀ। ਘਰ ਦੇ ਅੰਦਰ ਕਦੀ ਬਾਹਰ ਨੀਵੀਂ ਪਾਈ ਕੰਮ-ਕਾਜ ਕਰਦੀ ਉਹ ਇਉਂ ਲਗੇਗੀ ਜਿਵੇਂ ਬੱਦਲਵਾਈ ਦੇ ਦਿਨ ਕੰਵਲ ਫੁੱਲ ਫੈਸਲਾ ਨਹੀਂ ਕਰ ਸਕਦਾ, ਖਿੜਾਂ ਕਿ ਬੰਦ ਹੋਵਾਂ। ਉਸ ਨੂੰ ਦੇਖਦਿਆਂ ਤੈਨੂੰ ਆਪੇ ਵਿਸ਼ਵਾਸ ਹੋ ਜਾਵੇਗਾ ਕਿ ਬ੍ਰਹਮਾ ਜੀ ਦੀ ਪਹਿਲੀ ਰਚਨਾ ਉਹੀ ਹੈ। ਨਾ ਉਸ ਤੋਂ ਪਹਿਲਾਂ ਕੁਝ ਸੀ, ਨਾ ਬਾਅਦ ਵਿਚ। ਬਾਕੀ ਦਾ ਸੰਸਾਰ ਦੇਵਤਿਆਂ ਨੇ ਬਣਾਇਆ ਸੀ।

# ਪੰਜਾਬ 'ਚ ਨਵੀਂ ਰਾਜਸੀ ਕਤਾਰਬੰਦੀ ਦੇ ਸੰਕੇਤ!

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

***ਉਹ ਵੀ ਦਿਨ ਸਨ, ਜਦੋਂ ਅਕਾਲੀ ਦਲ ਨੇ ਦਿੱਲੀ ਜਾ ਕੇ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੂੰ ਕਿਹਾ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵੋਟਰਾਂ ਵਿਚੋਂ ਸਹਿਜਧਾਰੀ ਸਿੱਖਾਂ ਦੇ ਨਾਂ ਕਟਵਾਉਣ ਦੀ ਮੱਦ ਪਾਸ ਕਰਨ ਦਾ ਨੋਟੀਫਿਕੇਸ਼ਨ ਜਾਰੀ ਕਰਵਾ ਲਿਆ ਸੀ। ਦੂਸਰੇ ਦਿਨ ਅੱਜ ਵਾਲੇ ਹਨ ਕਿ ਹਰਿਆਣੇ ਦੇ ਸਿੱਖਾਂ ਦੀ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੰਗ ਮੰਨਣ ਦਾ ਮਤਾ ਹਰਿਆਣੇ ਦੀ ਵਿਧਾਨ ਸਭਾ ਵਿਚ ਆਏ ਤੋਂ ਭਾਜਪਾ ਮੈਂਬਰਾਂ ਨੇ ਵਿਰੋਧ ਨਹੀਂ ਕੀਤਾ, ਮਤਾ ਪੜ੍ਹਨ ਦਾ ਵਕਤ ਘੱਟ ਮਿਲਣ ਦਾ ਬਹਾਨਾ ਮਾਰ ਕੇ ਵਾਕ ਆਊਟ ਕਰ ਗਏ ਤੇ ਜਾਣ-ਬੁੱਝ ਕੇ ਮਤਾ ਪਾਸ ਹੋਣ ਦਿੱਤਾ।***

ਦਿੱਲੀ ਦਾ ਰਾਜਸੀ ਦ੍ਰਿਸ਼ ਬਦਲ ਜਾਣ ਤੋਂ ਬਾਅਦ ਪੰਜਾਬ ਵਿਚ ਵੀ ਰਾਜਸੀ ਦ੍ਰਿਸ਼ ਬਦਲਦਾ ਹੋਣ ਦੀ ਚਰਚਾ ਕਈ ਥਾਂ ਚੱਲਣ ਲੱਗ ਪਈ ਹੈ। ਕਿਸੇ ਨੂੰ ਚਿੜਾਉਣ ਲਈ 'ਹਵਾਈ ਕੁੱਕੜ' ਦਾ ਸ਼ਬਦ ਆਮ ਹੀ ਵਰਤਿਆ ਜਾਂਦਾ ਹੈ, ਜਿਸ ਦਾ ਭਾਵ ਇਹ ਹੁੰਦਾ ਹੈ ਕਿ ਇਹ ਬੰਦਾ ਜਿੱਧਰ ਹਵਾ ਚੱਲਦੀ ਮਹਿਸੂਸ ਕਰ ਲਵੇ, ਓਸੇ ਪਾਸੇ ਮੂੰਹ ਕਰ ਲੈਂਦਾ ਹੈ। ਅਸਲ ਵਿਚ ਇਹੋ ਜਿਹੇ ਹਵਾਈ ਕੁੱਕੜ ਰਾਜਸੀ ਹਵਾ ਦੇ ਸਭ ਤੋਂ ਵੱਡੇ ਪ੍ਰਤੀਕ ਹੁੰਦੇ ਹਨ। ਜਿਸ ਨੇ ਇਹ ਗੱਲ ਸਮਝਣੀ ਹੋਵੇ ਕਿ ਅਗਲੇ ਦਿਨਾਂ ਵਿਚ ਰਾਜਨੀਤੀ ਕਿੱਧਰ ਨੂੰ ਜਾਵੇਗੀ, ਉਹ ਇਨ੍ਹਾਂ 'ਹਵਾਈ ਕੁੱਕੜ' ਜਾਪਦੇ ਬੰਦਿਆਂ ਦੇ ਰੌਂਅ ਤੋਂ ਅੰਦਾਜ਼ਾ ਲਾ ਸਕਦਾ ਹੈ, ਤੇ ਮੱਧ ਵਰਗ ਦੀ ਮਾਨਸਿਕਤਾ ਤੋਂ ਵੀ। ਪਿਛਲੀਆਂ ਲੋਕ ਸਭਾ ਚੋਣਾਂ ਵੇਲੇ ਜਦੋਂ ਤੱਕ ਹਵਾ ਦਾ ਰੁਖ ਸਾਫ ਨਹੀਂ ਸੀ ਹੋਇਆ, ਸਾਡੇ ਸਮੇਤ ਬਹੁਤ ਸਾਰੇ ਲੋਕ ਇਹ ਆਖਦੇ ਸਨ ਕਿ ਅੱਧੇ ਭਾਰਤ ਵਿਚ ਭਾਜਪਾ ਦਾ ਦੀਵਾ ਨਹੀਂ ਜਗਦਾ, ਉਸ ਦਾ ਆਗੂ ਨਰਿੰਦਰ ਮੋਦੀ ਪ੍ਰਧਾਨ ਮੰਤਰੀ ਨਹੀਂ ਬਣ ਸਕਣਾ। ਅਖੀਰਲੇ ਦਿਨਾਂ ਵਿਚ ਜਦੋਂ ਰੇਲ ਗੱਡੀਆਂ ਤੇ ਬੱਸਾਂ ਵਿਚ ਬਿਨਾਂ ਜਾਣ-ਪਛਾਣ ਤੋਂ ਇਕੱਠੇ ਸਫਰ ਕਰਦੇ ਮੁਸਾਫਰ ਵੀ ਮੋਦੀ ਦੇ ਜਿੱਤਣ ਦੀਆਂ ਗੱਲਾਂ ਆਪੋ ਵਿਚ ਕਰਨ ਲੱਗ ਪਏ, ਉਦੋਂ ਇਹ ਭਾਵੇਂ ਨਹੀਂ ਸੀ ਲੱਗਦਾ ਕਿ ਭਾਜਪਾ ਆਪਣੇ ਸਿਰ ਬਹੁ-ਸੰਮਤੀ ਲੈ ਜਾਵੇਗੀ, ਪਰ ਉਸ ਦੇ ਗੱਠਜੋੜ ਦੇ ਜਿੱਤਣ ਦੀ ਗੱਲ ਲਗਭਗ ਸਾਰੇ ਮੰਨਣ ਲੱਗ ਪਏ ਸਨ। ਇਹੋ ਮੌਕਾ ਸੀ ਜਦੋਂ ਸਾਰੀ ਉਮਰ ਦੇ ਕਾਂਗਰਸ ਦੇ ਨੇੜੂ ਕੁਝ ਪੱਤਰਕਾਰ ਵੀ ਰਾਤੋ-ਰਾਤ ਬੋਲੀ ਬਦਲ ਗਏ ਸਨ। ਅੱਜ ਪੰਜਾਬ ਵਿਚ ਐਨ ਇਹੋ ਕੁਝ ਮੱਧ ਵਰਗ, ਤੇ ਖਾਸ ਕਰ ਕੇ ਹਿੰਦੂ ਮੱਧ-ਵਰਗ ਵਿਚ ਅਕਾਲੀ-ਭਾਜਪਾ ਸਬੰਧਾਂ ਦੇ ਪ੍ਰਸੰਗ ਵਿਚ ਦਿੱਸਣ ਲੱਗ ਪਿਆ ਹੈ। ਬਾਹਰਲੇ ਲੋਕ ਇਸ ਨੂੰ ਨੋਟ ਕਰਨ ਜਾਂ ਨਾ, ਅਕਾਲੀ ਲੀਡਰਸ਼ਿਪ ਇਸ ਤੋਂ ਫਿਕਰਮੰਦ ਹੈ।

ਮੋਰਾਰਜੀ ਡਿਸਾਈ ਦੀ ਸਰਕਾਰ ਦੇ ਟੁੱਟਣ ਨਾਲ ਟੁੱਟੇ ਹੋਏ ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਦੇ ਸਬੰਧ ਉਦੋਂ ਦੋਬਾਰਾ ਬਣੇ ਸਨ, ਜਦੋਂ ਪੰਜਾਬ ਵਿਚ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਤੋਂ ਬਾਅਦ ਮੁੱਖ ਮੰਤਰੀ ਬਣੇ ਹਰਚਰਨ ਸਿੰਘ ਬਰਾੜ ਦੀ ਢਿੱਲੀ ਕਮਾਨ ਨਾਲ ਕਾਂਗਰਸ ਕਮਜ਼ੋਰ ਹੋ ਗਈ ਸੀ। ਉਸ ਦੇ ਖਿਲਾਫ ਆਢਾ ਲਾ ਕੇ ਬੀਬੀ ਰਾਜਿੰਦਰ ਕੌਰ ਭੱਠਲ ਮੁੱਖ ਮੰਤਰੀ ਬਣ ਗਈ, ਪਰ ਉਦੋਂ ਤੱਕ ਏਨਾ ਨੁਕਸਾਨ ਹੋ ਚੁੱਕਾ ਸੀ ਕਿ ਕਾਂਗਰਸ ਵਿਚ ਬੈਠੇ ਕਈ ਲੋਕ ਅਗਲੇ ਦਿਨ ਕਰਨ ਵਾਲਾ ਕੰਮ ਪ੍ਰਕਾਸ਼ ਸਿੰਘ ਬਾਦਲ ਤੋਂ ਪੁੱਛਣ ਲੱਗ ਪਏ ਸਨ। ਅਕਾਲੀ-ਭਾਜਪਾ ਦਾ ਗੱਠਜੋੜ ਜਿੱਤ ਗਿਆ, ਪਰ ਪਹਿਲੇ ਪੰਜ ਸਾਲ ਦਾ ਸਮਾਂ ਇੱਕ ਦੂਸਰੇ ਨੂੰ ਆਪੋ ਆਪਣੀ ਹੱਦ ਵਿਚ ਰੱਖਣ ਲਈ ਅੱਖਾਂ ਕੱਢਦੇ ਹੋਏ ਬਰਾਬਰੀ ਦੇ ਸਬੰਧਾਂ ਨਾਲ ਲੰਘਿਆ ਸੀ। ਜਦੋਂ ਅਮਰਿੰਦਰ ਸਿੰਘ ਦੇ ਪੰਜ ਸਾਲ ਦੇ ਰਾਜ ਪਿਛੋਂ ਕਾਂਗਰਸ ਪਾਰਟੀ ਦੀ ਪ੍ਰਧਾਨਗੀ ਫਿਰ ਬੀਬੀ ਭੱਠਲ ਨੂੰ ਸੌਂਪ ਦਿੱਤੀ ਗਈ ਤੇ ਕਾਂਗਰਸ ਪਾਰਟੀ ਪੰਚਾਇਤਾਂ ਤੇ ਨਗਰ ਕੌਂਸਲਾਂ ਦੇ ਚੋਣ ਮੈਦਾਨ ਵਿਚੋਂ ਅਕਾਲੀਆਂ ਦੀ ਕੁੱਟ ਤੋਂ ਡਰਦੀ ਬਾਹਰ ਹੋ ਗਈ, ਉਦੋਂ ਭਾਜਪਾ ਨੇ ਕਾਂਗਰਸ ਦਾ ਖਾਲੀ ਕੀਤਾ ਸ਼ਹਿਰੀ ਵੋਟਰ ਵਾਲਾ ਮੈਦਾਨ ਮੱਲਣ ਦਾ ਯਤਨ ਕੀਤਾ। ਉਸ ਦਾ ਖਿਆਲ ਸੀ ਕਿ ਸ਼ਹਿਰ ਦਾ ਹਿੰਦੂ ਮੱਧ ਵਰਗ ਅਤੇ ਹਿੰਦੂ ਵਪਾਰੀ ਰਵਾਇਤੀ ਤੌਰ ਉਤੇ ਸਾਡਾ ਜਾਂ ਕਾਂਗਰਸ ਦਾ ਰਿਹਾ ਹੈ, ਅਕਾਲੀਆਂ ਵੱਲ ਜਾਣਾ ਨਹੀਂ, ਇਸ ਨੂੰ ਸਾਂਭ ਲਿਆ ਜਾਵੇ ਤਾਂ ਅਕਾਲੀਆਂ ਨਾਲ ਬੰਨੇ ਉਤੇ ਅੱਧੋ-ਅੱਧ ਦੀ ਗੱਲ ਕੀਤੀ ਜਾ ਸਕਦੀ ਹੈ।

ਅਕਾਲੀ ਦਲ ਦੀ ਕਮਾਨ ਅਣ-ਐਲਾਨੇ ਤੌਰ ਉਤੇ ਸੰਭਾਲ ਚੁੱਕੇ ਸੁਖਬੀਰ ਸਿੰਘ ਬਾਦਲ ਦੀ ਨੀਤੀ ਉਦੋਂ ਤੱਕ ਇਹ ਬਣ ਗਈ ਸੀ ਕਿ ਦਿੱਲੀ ਵਿਚ ਮਨਮੋਹਨ ਸਿੰਘ ਕਾਂਗਰਸ ਤੋਂ ਵੱਧ ਸਾਡਾ ਹੈ, ਪੰਜਾਬ ਦੇ ਕਾਂਗਰਸੀ ਭੱਜ ਖੜੋਤੇ ਹਨ, ਲੱਗੇ ਹੱਥ ਹੁਣ ਭਾਜਪਾ ਦੇ ਭਾਂਡੇ ਵੀ ਮੂਧੇ ਮਰਵਾ ਦਿੱਤੇ ਜਾਣ। ਇਸ ਨੀਤੀ ਅਧੀਨ ਜਿਸ ਵੀ ਸ਼ਹਿਰ ਦੀ ਨਗਰ ਕੌਂਸਲ ਚੋਣ ਵਿਚ ਕੋਈ ਬੰਦਾ ਭਾਜਪਾ ਤੋਂ ਬਾਗੀ ਹੋ ਕੇ ਖੜੋ ਗਿਆ, ਉਸ ਦੀ ਮਦਦ ਕਰ ਕੇ ਜਿਤਾ ਦਿੱਤਾ ਤੇ ਭਾਜਪਾ ਨੂੰ ਠਿੱਬੀ ਲਾ ਦਿੱਤੀ। ਜਲੰਧਰ ਵਿਚ ਭਾਜਪਾ ਦੇ ਕੌਂਸਲਰ ਇਸ ਗੱਠਜੋੜ ਵਿਚ ਅਕਾਲੀਆਂ ਤੋਂ ਫੇਰ ਵੀ ਦੋ ਵੱਧ ਜਿੱਤ ਗਏ, ਪਰ ਜਿਹੜੇ ਚਾਰ ਭਾਜਪਾ ਦੇ ਬਾਗੀ ਜਿੱਤੇ ਸਨ, ਉਨ੍ਹਾਂ ਨੂੰ ਰਾਤੋ-ਰਾਤ ਅਕਾਲੀ ਦਲ ਵਿਚ ਲੈ ਕੇ ਅਗਲੇ ਦਿਨ ਸੁਖਬੀਰ ਸਿੰਘ ਬਾਦਲ ਨੇ ਜਲੰਧਰ ਵਿਚ ਪ੍ਰੈਸ ਕਾਨਫਰੰਸ ਕਰ ਦਿੱਤੀ ਕਿ ਹੁਣ ਭਾਜਪਾ ਤੋਂ ਸਾਡੇ ਦੋ ਕੌਂਸਲਰ ਵੱਧ ਹਨ, ਮੇਅਰ ਵੀ ਜਲੰਧਰ ਵਿਚ ਸਾਡਾ ਬਣੇਗਾ। ਇਸ ਝਟਕੇ ਨਾਲ ਬੌਂਦਲੇ ਭਾਜਪਾ ਵਾਲੇ ਦਿੱਲੀ ਨੂੰ ਦੌੜੇ ਤੇ ਅਡਵਾਨੀ ਤੋਂ ਵੱਡੇ ਬਾਦਲ ਨੂੰ ਅਖਵਾਇਆ ਕਿ ਦਿਨ ਸਦਾ ਇਹੋ ਨਹੀਂ ਰਹਿਣੇ, ਅਗਲੀ ਵਾਰ ਕੇਂਦਰ ਵਿਚ ਮਨਮੋਹਨ ਸਿੰਘ ਦੀ ਥਾਂ ਅਸੀਂ ਵੀ ਆ ਸਕਦੇ ਹਾਂ, ਸਾਂਝ ਬਣੀ ਰਹਿਣ ਦਿਓ। ਵੱਡੇ ਬਾਦਲ ਸਾਹਿਬ ਨੇ ਅਗਲੇ ਦਿਨ ਜਲੰਧਰ ਆ ਕੇ ਪ੍ਰੈਸ ਕਾਨਫਰੰਸ ਕਰ ਕੇ ਕਿਹਾ ਕਿ ਮੇਅਰ ਇਥੇ ਭਾਜਪਾ ਦਾ ਹੀ ਬਣੇਗਾ ਤੇ ਜਿਹੜੇ ਭਾਜਪਾ ਦੇ ਚਾਰ ਬਾਗੀ ਸਾਡੇ ਵਿਚ ਆ ਗਏ ਸਨ, ਉਨ੍ਹਾਂ ਨੂੰ ਅਸੀਂ ਨਹੀਂ ਲੈ ਰਹੇ। ਫਿਰ ਵੀ ਇਸ ਘਟਨਾ ਨਾਲ ਗੱਠਜੋੜ ਵਿਚ ਤਰੇੜ ਪੈ ਗਈ ਸੀ।





ਇਸ ਤਰੇੜ ਦੇ ਨਤੀਜੇ ਵਜੋਂ ਅਕਾਲੀ-ਭਾਜਪਾ ਸਬੰਧਾਂ ਵਿਚ ਨਵੀਂ ਖਿੱਚੋਤਾਣ ਪੈਦਾ ਹੋ ਗਈ। ਅਕਾਲੀ ਦਲ ਨੇ ਹਿੰਦੂ ਵੋਟ ਬੈਂਕ ਵਿਚ ਸੰਨ੍ਹ ਲਾਉਣ ਲਈ ਉਸ ਭਾਈਚਾਰੇ ਦੇ ਪ੍ਰਭਾਵ ਵਾਲੇ ਬੰਦਿਆਂ ਨੂੰ ਟਿਕਟਾਂ ਦੇਣ ਅਤੇ ਭਾਜਪਾ ਨੂੰ ਖੂੰਜੇ ਲਾਉਣ ਦਾ ਕੰਮ ਸ਼ੁਰੂ ਕਰ ਦਿੱਤਾ। ਭਾਜਪਾ ਤੇ ਇਸ ਦੇ ਪਿੱਛੇ ਖੜੇ ਆਰ ਐਸ ਐਸ ਨੇ ਸਿੱਖਾਂ, ਤੇ ਖਾਸ ਕਰ ਕੇ ਜੱਟ ਸਿੱਖਾਂ, ਵਿਚੋਂ ਬੰਦੇ ਉਭਾਰਨੇ ਸ਼ੁਰੂ ਕਰ ਦਿੱਤੇ ਤੇ ਪਿੰਡਾਂ ਵਿਚ ਸ਼ਾਖਾ ਲਾਉਣ ਦਾ ਕੰਮ ਤੇਜ਼ ਕਰ ਕੇ ਅਕਾਲੀ ਦਲ ਨੂੰ ਨਵੀਂ ਵੰਗਾਰ ਪੇਸ਼ ਕਰ ਦਿੱਤੀ। ਭਾਜਪਾ ਤੇ ਅਕਾਲੀ ਦਲ ਦੀ ਲੀਡਰਸ਼ਿਪ ਦੀ ਇਸੇ ਖਿੱਚੋਤਾਣ ਵਿਚ ਨਵਜੋਤ ਸਿੱਧੂ ਖੂੰਜੇ ਲਾਇਆ ਗਿਆ ਅਤੇ ਭਾਜਪਾ ਚੁੱਪ ਕਰ ਕੇ ਬੇਇੱਜ਼ਤੀ ਬਰਦਾਸ਼ਤ ਕਰ ਗਈ। ਜਦੋਂ ਅਗਲੀ ਵਾਰੀ ਫਿਰ ਦਿੱਲੀ ਵਿਚ ਮਨਮੋਹਨ ਸਿੰਘ ਜਿੱਤ ਗਿਆ, ਉਸ ਨਾਲ ਅਕਾਲੀ ਦਲ ਦੀ ਇਸ ਨੀਤੀ ਵਿਚ ਹੋਰ ਤੇਜ਼ੀ ਆ ਗਈ ਅਤੇ ਉਹ ਭਾਜਪਾ ਦੇ ਲੀਡਰਾਂ ਨੂੰ ਅਣ-ਐਲਾਨੇ ਤੌਰ ਉਤੇ ਹਾਸ਼ੀਏ ਉਤੇ ਧੱਕਣ ਲੱਗ ਪਏ। ਭਾਜਪਾ ਲੀਡਰਾਂ ਦੀ ਪਛੇਤ ਦੇ ਇਸ ਪ੍ਰਭਾਵ ਹੇਠ ਸ਼ਹਿਰਾਂ ਵਿਚੋਂ ਹਿੰਦੂ ਮੱਧ ਵਰਗ ਅਤੇ ਵਪਾਰੀ-ਕਾਰੋਬਾਰੀ ਵਰਗ ਭਾਜਪਾ ਦੀ ਥਾਂ ਅਕਾਲੀ ਦਲ ਦੀ ਤੱਕੜੀ ਦੇ ਛਾਬੇ ਵਿਚ ਪੈਣ ਲੱਗ ਪਿਆ, ਪਰ ਹੁਣ ਹਾਲਤ ਫਿਰ ਉਲਟੇ ਬਾਂਸ ਬਰੇਲੀ ਨੂੰ ਜਾਣ ਵਰਗੀ ਹੋ ਗਈ ਹੈ।

ਉਹ ਵੀ ਦਿਨ ਸਨ, ਜਦੋਂ ਅਕਾਲੀ ਦਲ ਨੇ ਦਿੱਲੀ ਜਾ ਕੇ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੂੰ ਕਿਹਾ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵੋਟਰਾਂ ਵਿਚੋਂ ਸਹਿਜਧਾਰੀ ਸਿੱਖਾਂ ਦੇ ਨਾਂ ਕਟਵਾਉਣ ਦੀ ਮੱਦ ਪਾਸ ਕਰਨ ਦਾ ਨੋਟੀਫਿਕੇਸ਼ਨ ਜਾਰੀ ਕਰਵਾ ਲਿਆ ਸੀ। ਦੂਸਰੇ ਦਿਨ ਅੱਜ ਵਾਲੇ ਹਨ ਕਿ ਹਰਿਆਣੇ ਦੇ ਸਿੱਖਾਂ ਦੀ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੰਗ ਮੰਨਣ ਦਾ ਮਤਾ ਹਰਿਆਣੇ ਦੀ ਵਿਧਾਨ ਸਭਾ ਵਿਚ ਆਏ ਤੋਂ ਭਾਜਪਾ ਮੈਂਬਰਾਂ ਨੇ ਵਿਰੋਧ ਨਹੀਂ ਕੀਤਾ, ਮਤਾ ਪੜ੍ਹਨ ਦਾ ਵਕਤ ਘੱਟ ਮਿਲਣ ਦਾ ਬਹਾਨਾ ਮਾਰ ਕੇ ਵਾਕ ਆਊਟ ਕਰ ਗਏ ਤੇ ਜਾਣ-ਬੁੱਝ ਕੇ ਮਤਾ ਪਾਸ ਹੋਣ ਦਿੱਤਾ। ਜਦੋਂ ਅਕਾਲੀ ਲੀਡਰਸ਼ਿਪ ਨੇ ਇਸ ਦੇ ਖਿਲਾਫ ਮੋਰਚਾ ਲਾਉਣ ਵੱਲ ਮੂੰਹ ਕੀਤਾ ਤਾਂ ਹਿਮਾਚਲ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਸ਼ਾਂਤਾ ਕੁਮਾਰ ਨੂੰ ਦਿੱਲੀਓਂ ਉਚੇਚਾ ਭੇਜ ਕੇ ਕਹਿ ਦਿੱਤਾ ਕਿ ਮੋਰਚਾ ਨਹੀਂ ਲਾਉਣ ਦੇਣਾ। ਅਕਾਲੀ ਦਲ ਜੇ ਮੋਰਚਾ ਲਾਉਂਦਾ ਤਾਂ ਨਰਿੰਦਰ ਮੋਦੀ ਨਾਰਾਜ਼ ਹੁੰਦਾ ਤੇ ਜੇ ਰੱਦ ਕਰਦਾ ਤਾਂ ਸਿੱਖਾਂ ਨੂੰ ਮੂੰਹ ਵਿਖਾਉਣਾ ਔਖਾ ਸੀ, ਇਸ ਲਈ ਅਕਾਲ ਤਖਤ ਦੇ ਜਥੇਦਾਰ ਤੋਂ ਆਦੇਸ਼ ਜਾਰੀ ਕਰਵਾ ਕੇ ਮੋਰਚੇ ਤੋਂ ਬਚਣ ਦਾ ਰਾਹ ਕੱਢਿਆ ਗਿਆ। ਇਸ ਪਿਛੋਂ ਅਕਾਲੀ ਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਭਾਵੇਂ ਇਹ ਆਖਦੇ ਰਹੇ ਕਿ ਕਿਸੇ ਦਾ ਦਬਾਅ ਨਹੀਂ, ਅਕਾਲ ਤਖਤ ਦੇ ਜਥੇਦਾਰ ਦੇ ਕਹੇ ਉਤੇ ਮੋਰਚਾ ਰੱਦ ਕੀਤਾ ਹੈ, ਪਰ ਭਾਜਪਾ ਵਾਲੇ ਵੀ ਨਾਲੋ-ਨਾਲ ਕਹੀ ਗਏ ਕਿ ਮੋਰਚਾ ਰੱਦ ਅਕਾਲੀਆਂ ਨੇ ਕੀਤਾ ਨਹੀਂ, ਅਸੀਂ ਦਬਾਅ ਪਾ ਕੇ ਕਰਵਾਇਆ ਹੈ। ਉਨ੍ਹਾਂ ਦਾ ਇਹ ਕਹਿਣਾ ਅਕਾਲੀਆਂ ਨੂੰ ਚਿੜਾਉਣ ਲਈ ਨਹੀਂ, ਪੰਜਾਬ ਦੇ ਰਵਾਇਤੀ ਹਿੰਦੂ ਵੋਟ ਬੈਂਕ ਨੂੰ ਦੱਸਣ ਲਈ ਸੀ ਕਿ ਚਿੰਤਾ ਨਾ ਕਰੋ, ਹੁਣ ਅਸੀਂ ਅਕਾਲੀਆਂ ਦੇ ਥੱਲੇ ਲੱਗਣ ਦੇ ਦੌਰ ਵਿਚੋਂ ਨਿਕਲ ਕੇ ਉਨ੍ਹਾਂ ਉਤੇ ਦਬਾਅ ਪਾ ਕੇ ਆਪਣੀ ਗੱਲ ਮੰਨਵਾਉਣ ਜੋਗੇ ਹੋ ਗਏ ਹਾਂ। ਜਿਹੜਾ ਪ੍ਰਭਾਵ ਭਾਜਪਾ ਪਾਉਣਾ ਚਾਹੁੰਦੀ ਸੀ, ਉਸ ਦੇ ਲੱਛਣ ਹੁਣ ਮੱਧ ਵਰਗ ਦੇ ਲੋਕਾਂ ਦੀਆਂ ਗੱਲਾਂ ਵਿਚੋਂ ਪ੍ਰਗਟ ਹੋਣ ਲੱਗ ਪਏ ਹਨ। ਵੈਟ ਟੈਕਸ ਦੀ ਇੱਕ ਸੋਧ ਦੇ ਮੁੱਦੇ ਉਤੇ ਜਿਹੜੀ ਭਾਜਪਾ ਨੇ ਤਿੰਨ ਮਹੀਨੇ ਪਹਿਲਾਂ ਕੁਸਕਣ ਦੀ ਜੁਰਅੱਤ ਨਹੀਂ ਸੀ ਕਰਨੀ, ਜਦੋਂ ਉਹ ਸੋਧ ਵੀ ਉਸ ਨੇ ਰੱਦ ਕਰਵਾ ਲਈ ਹੈ ਤਾਂ ਇਸ ਨਾਲ ਅਕਾਲੀ ਦਲ ਦੀ ਲੀਡਰਸ਼ਿਪ ਦੀ ਸਥਿਤੀ ਸ਼ਹਿਰਾਂ ਵਿਚ ਹੋਰ ਕਮਜ਼ੋਰ ਹੋ ਗਈ ਹੈ।

ਮੌਜੂਦਾ ਦੌਰ ਵਿਚ ਅਕਾਲੀ ਲੀਡਰਸ਼ਿਪ ਦੀ ਕਮਜ਼ੋਰੀ ਦਾ ਲਾਭ ਲੈਣ ਲਈ ਕਾਂਗਰਸ ਪਾਰਟੀ ਕੁਝ ਕਰਨ ਦੀ ਥਾਂ ਆਪੋ ਵਿਚ ਭਿੜਨ ਲੱਗੀ ਹੋਈ ਹੈ, ਪਰ ਭਾਜਪਾ ਆਪਣੇ ਟੀਚੇ ਲਈ ਸਰਗਰਮ ਹੈ। ਪਿਛਲੇ ਦਿਨਾਂ ਵਿਚ ਕਾਂਗਰਸ ਦੇ ਅੱਗੜ-ਪਿੱਛੜ ਦੋ ਵਿਧਾਇਕ, ਮੋਗੇ ਤੇ ਤਲਵੰਡੀ ਸਾਬੋ ਵਾਲਾ, ਜਦੋਂ ਅਕਾਲੀ ਦਲ ਵਿਚ ਸ਼ਾਮਲ ਹੋ ਗਏ ਸਨ ਤਾਂ ਸੁਖਬੀਰ ਸਿੰਘ ਬਾਦਲ ਨੇ ਠੀਕ ਕਿਹਾ ਸੀ ਕਿ ਕੁਝ ਹੋਰ ਵਿਧਾਇਕ ਵੀ ਅਕਾਲੀ ਦਲ ਵਿਚ ਆਉਣ ਨੂੰ ਆਪਣੇ ਵੱਲੋਂ ਅਰਜ਼ੋਈਆਂ ਕਰ ਰਹੇ ਹਨ। ਉਨ੍ਹਾਂ ਵਿਚੋਂ ਦੋ ਸਿੱਖ ਵਿਧਾਇਕ, ਇੱਕ ਤਾਂ ਪੁਰਾਣਾ ਖਾਲਿਸਤਾਨੀ ਲਹਿਰ ਨਾਲ ਜੁੜਿਆ ਹੋਇਆ ਵੀ ਹੈ, ਤੇ ਤਿੰਨ ਹਿੰਦੂ ਵਿਧਾਇਕ ਓਧਰ ਜਾਣ ਨੂੰ ਤਿਆਰ ਬੈਠੇ ਸਨ। ਹੁਣ ਉਹ ਇਸ ਪਾਸੇ ਚੁੱਪ ਵੱਟ ਗਏ ਹਨ ਤੇ ਭਾਜਪਾ ਲੀਡਰਸ਼ਿਪ ਨਾਲ ਸੰਪਰਕ ਕਰ ਰਹੇ ਹਨ ਕਿ ਪੰਜਾਬ ਵਿਚ ਅਕਾਲੀ ਦਲ ਦੇ ਰਾਜ ਦੀ ਬਦ-ਅਮਨੀ ਤੋਂ ਲੋਕ ਤੰਗ ਹਨ, ਜੇ ਭਾਜਪਾ ਚਾਹੇ ਤਾਂ ਉਹ ਉਸ ਨੂੰ ਮਜ਼ਬੂਤ ਕਰਨ ਲਈ ਭਾਜਪਾ ਨਾਲ ਜੁੜ ਸਕਦੇ ਹਨ।

ਕਾਂਗਰਸ ਦੇ ਲੀਡਰ ਭਾਜਪਾ ਨੂੰ ਅਤੇ ਇਸ ਤੋਂ ਪਹਿਲਾਂ ਜਨ ਸੰਘ ਨੂੰ ਵੀ ਸਿਰੇ ਦੀ ਫਿਰਕੂ ਆਖਦੇ ਰਹੇ ਸਨ, ਇਸ ਕਰ ਕੇ ਕਈ ਲੋਕਾਂ ਨੂੰ ਇਸ ਤੋਂ ਹੈਰਾਨੀ ਹੁੰਦੀ ਹੈ ਕਿ ਉਹ ਭਾਜਪਾ ਵਿਚ ਕਿਵੇਂ ਜਾਣਗੇ? ਲੋਕਾਂ ਵਿਚ ਜਾ ਕੇ ਭਾਜਪਾ ਨੂੰ ਹੀ ਨਹੀਂ, ਕਾਂਗਰਸ ਦੇ ਆਗੂ ਅਕਾਲੀਆਂ ਨੂੰ ਵੀ ਫਿਰਕੂ ਕਹਿੰਦੇ ਰਹੇ ਹਨ। ਜੇ ਉਨ੍ਹਾਂ ਵਿਚਲੇ ਕੁਝ ਸੱਜਣ ਅਕਾਲੀ ਦਲ ਦੀ ਨੀਲੀ ਪੱਗ ਬੰਨ੍ਹਣ ਨੂੰ ਤਿਆਰ ਹੋ ਗਏ ਸਨ ਤਾਂ ਭਾਜਪਾ ਵਿਚ ਜਾਣ ਵੇਲੇ ਵੀ ਉਨ੍ਹਾਂ ਨੂੰ ਔਖ ਨਹੀਂ ਹੋਣ ਲੱਗੀ। ਭਾਜਪਾ ਨੂੰ ਵੀ ਉਨ੍ਹਾਂ ਦੇ ਪੁਰਾਣੇ ਬਿਆਨਾਂ ਦੀ ਕੋਈ ਪ੍ਰਵਾਹ ਨਹੀਂ। ਨਰਸਿਮਹਾ ਰਾਓ ਸਰਕਾਰ ਵੇਲੇ ਦੇ ਦੋ ਮੰਤਰੀ, ਜਿਹੜੇ ਭਾਜਪਾ ਵਾਲਿਆਂ ਨੂੰ ਪਾਰਲੀਮੈਂਟ ਵਿਚ ਬੋਲਣ ਨਹੀਂ ਸਨ ਦਿੰਦੇ ਹੁੰਦੇ, ਅੱਜ ਦੀ ਮੋਦੀ ਸਰਕਾਰ ਵਿਚ ਹਨ ਤੇ ਇੱਕ ਇਹੋ ਜਿਹਾ ਮਨਮੋਹਨ ਸਿੰਘ ਦੇ ਵਕਤ ਦਾ ਕਾਂਗਰਸ ਦਾ ਬੁਲਾਰਾ ਵੀ ਹੁਣ ਮੰਤਰੀ ਹੈ। ਪੁੱਛੇ ਜਾਣ ਉਤੇ ਭਾਜਪਾ ਕਹਿੰਦੀ ਹੈ ਕਿ ਉਹ ਬੰਦਾ ਕਾਂਗਰਸ ਵਿਚ ਹੁੰਦਿਆਂ ਵੀ ਬਾਬਰੀ ਮਸਜਿਦ ਢਾਹੁਣ ਵੇਲੇ ਕਾਰ-ਸੇਵਕ ਬਣ ਕੇ ਸਾਡੇ ਜਥੇ ਵਿਚ ਸ਼ਾਮਲ ਹੋ ਗਿਆ ਸੀ। ਏਦਾਂ ਦੇ ਕਈ ਕਾਂਗਰਸੀ ਲੀਡਰ ਪੰਜਾਬ ਵਿਚ ਵੀ ਹਨ, ਜਿਹੜੇ ਅਕਾਲੀਆਂ ਦੇ ਮੋਰਚੇ ਦੀ ਹਮਾਇਤ ਵੀ ਕਰਦੇ ਰਹੇ ਤੇ ਸਾਧਵੀ ਰਿਤੰਬਰਾ ਵੱਲੋਂ ਜਲੰਧਰ ਵਿਚ 'ਕਸਮ ਰਾਮ ਕੀ ਖਾਤੇ ਹੈਂ, ਮੰਦਰ ਵਹੀਂ ਬਨਾਏਂਗੇ' ਵਾਲੇ ਨਾਅਰੇ ਦੇ ਮਗਰ ਬਾਂਹਾਂ ਉਚੀਆਂ ਕਰ ਕੇ ਨਾਅਰਾ ਲਾਉਣ ਦੀਆਂ ਫੋਟੋਆਂ ਵੀ ਅਜੇ ਤੱਕ ਰੱਖੀ ਫਿਰਦੇ ਹਨ, ਤਾਂ ਕਿ ਲੋੜ ਵੇਲੇ ਇਨ੍ਹਾਂ ਨੂੰ ਵਰਤ ਸਕਣ। ਹੱਦ ਤਾਂ ਇਹ ਕਿ ਅਕਾਲੀ ਦਲ ਦੀ ਲੀਡਰਸ਼ਿਪ ਦੇ ਵਿਹਾਰ ਦੇ ਦੁਖੀ ਕੀਤੇ ਹੋਏ ਕਈ ਅਕਾਲੀ ਵਿਧਾਇਕ ਵੀ ਹੁਣ ਜਦੋਂ ਆਪੋ ਵਿਚ ਬੈਠਦੇ ਹਨ ਤਾਂ ਉਥੇ ਬਾਦਲ ਨਾਲੋਂ ਮੋਦੀ ਦੀ ਚਰਚਾ ਵੱਧ ਹੁੰਦੀ ਹੈ। ਹਕੀਕੀ ਹਾਲਾਤ ਦੇ ਹਵਾਈ-ਕੁੱਕੜਾਂ ਦਾ ਬਦਲਿਆ ਹੋਇਆ ਵਹਿਣ ਇਸ ਵਕਤ ਜੇ ਕਿਸੇ ਨੂੰ ਚਿੰਤਾ ਵਿਚ ਪਾ ਰਿਹਾ ਹੈ ਤਾਂ ਇਹ ਅਕਾਲੀ ਦਲ ਦੀ ਉਹ ਲੀਡਰਸ਼ਿਪ ਹੈ, ਜਿਹੜੀ ਮਸਾਂ ਤਿੰਨ ਮਹੀਨੇ ਪਹਿਲਾਂ ਤੱਕ ਪੰਜਾਬ ਦੀ ਰਾਜਨੀਤੀ ਵਿਚ ਆਪਣੀ 'ਚਾਰੇ ਚੱਕ ਜਗੀਰ' ਸਮਝ ਕੇ ਚੱਲਦੀ ਹੁੰਦੀ ਸੀ।



10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ
AMANTEL.COM
$25 ਵਿਚ 2600 ਮਿੰਟ (43.5 ਘੰਟੇ)
ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ
ਵਧੀਆ ਅਤੇ ਭਰੋਸੇਮੰਦ ਸਰਵਿਸ, ਜਿੰਨੀ ਕਾਲ ਕਰੋਗੇ ਓਨੇ ਹੀ ਮਿੰਟ ਕੱਟੇ ਜਾਣਗੇ।
ਆਪਣੇ ਪਿਆਰਿਆਂ ਨਾਲ ਫੋਨ 'ਤੇ ਲੰਮੀਆਂ ਅਤੇ ਢੇਰ ਸਾਰੀਆਂ ਗੱਲਾਂ ਕਰੋ।
ਪੰਜਾਬ ਟਾਈਮਜ਼ ਦਾ ਨਾਂ ਲਓ ਅਤੇ 50 ਮਿੰਟ ਮੁਫਤ ਲਓ
24/7 Customer Service Available
Same rate for lanline and mobile.
ਟੌਲ ਫਰੀ ਨੰਬਰ 1-888-652-6268
732-983-4332/4333

# ਜੀ ਐਚ ਜੀ ਅਕੈਡਮੀ ਨੇ ਕਰਵਾਇਆ ਛੇਵਾਂ ਅੰਤਰਰਾਸ਼ਟਰੀ ਯੂਥ ਮੇਲਾ

**ਫਰਿਜ਼ਨੋ (ਬਿਊਰੋ):** ਸਥਾਨਕ ਸੰਸਥਾ ਗੁਰੂ ਹਰਗੋਬਿੰਦ ਅਕੈਡਮੀ (ਜੀ ਐਚ ਜੀ) ਨੇ ਬੱਚਿਆਂ ਨੂੰ ਸਿੱਖ ਧਰਮ ਅਤੇ ਸਭਿਆਚਾਰ ਨਾਲ ਜੋੜੀ ਰੱਖਣ ਲਈ ਵੱਡੇ ਪੱਧਰ 'ਤੇ ਛੇਵਾਂ ਅੰਤਰਰਾਸ਼ਟਰੀ ਯੂਥ ਮੇਲਾ ਕਰਵਾਇਆ। ਰੋਇਡਿੰਗ ਪਾਰਕ ਵਿਚ ਹੋਏ ਇਸ ਮੇਲੇ ਵਿਚ ਕਰੀਬ 600 ਬੱਚਿਆਂ ਨੇ ਹਾਜ਼ਰੀ ਭਰੀ। ਸੰਸਥਾ ਨੇ ਇਸ ਮੇਲੇ ਤੋਂ ਪਹਿਲਾਂ 15 ਰੋਜ਼ਾ ਕੈਂਪ ਵੀ ਲਾਇਆ ਸੀ।



ਮੇਲੇ ਦਾ ਅਰੰਭ ਡਾ. ਦਲਜਿੰਦਰ ਸਿੰਘ ਜੌਹਲ ਨੇ ਸਿੱਖ ਰਹੁਰੀਤਾਂ ਅਨੁਸਾਰ ਅਰਦਾਸ ਨਾਲ ਕੀਤਾ। ਉਪਰੰਤ ਢੇਸੀ ਪਰਿਵਾਰ ਦੇ ਬੱਚਿਆਂ ਨੇ ਸ਼ਬਦ ਗਾਇਕ ਕੀਤਾ। ਇਸ ਮੌਕੇ ਹੋਏ ਅੰਤਰਰਾਸ਼ਟਰੀ ਭੰਗੜਾ ਮੁਕਾਬਲੇ ਵਿਚ ਬਾਰਾਂ ਟੀਮਾਂ ਨੇ ਹਿੱਸਾ ਲਿਆ। ਇਕ ਤੋਂ ਚੜ੍ਹਤ ਇਕ ਟੀਮ ਨੇ ਜੱਜਾਂ ਨੂੰ ਫੈਸਲਾ ਦੇਣ ਸਮੇਂ ਦੁਚਿੱਤੀ 'ਚ ਪਾਈ ਰੱਖਿਆ। ਲਾਈਵ ਗਰੁਪ ਵਿਚ ਪਹਿਲਾ ਤੇ ਦੂਜਾ ਥਾਂ ਸੋਲਾਨੋ ਕਾਊਂਟੀ ਭੰਗੜਾ ਟੀਮਾਂ ਦੇ ਹਿੱਸੇ ਆਇਆ। ਸੈਕਰਾਮੈਂਟੋ ਦੀ ਗੱਭਰੂ ਪੰਜਾਬ ਦੇ ਟੀਮ ਤੀਜੇ ਥਾਂ ਆਈ। ਪਹਿਲਾ ਇਨਾਮ ਸੁਖਦੇਵ ਸਿੰਘ ਅਤੇ ਦੂਜਾ ਇਨਾਮ ਸਿਮਰਨਜੀਤ ਸਿੰਘ ਧਾਲੀਵਾਲ ਨੇ ਦਿੱਤਾ ਜਦਕਿ ਤੀਜਾ ਇਨਾਮ ਸੁੱਖਾ ਅਤੇ ਪੰਮਾ ਸੈਦੋਕੇ ਨੇ ਦਿੱਤਾ।

ਸੰਗੀਤ ਮੁਕਾਬਲੇ ਵਿਚ ਸ਼ਾਨੇ ਪੰਜਾਬ ਨੇ ਕ੍ਰਮਵਾਰ ਪਹਿਲਾ ਤੇ ਦੂਜਾ ਸਥਾਨ ਪ੍ਰਾਪਤ ਕਰਕੇ ਸਰੀ, ਕੈਨੇਡਾ ਦਾ ਨਾਂ ਰੌਸ਼ਨ ਕੀਤਾ। ਤੀਜੇ ਥਾਂ 'ਤੇ ਵੈਸਟ ਸਾਈਡ ਤੇ ਭੰਗੜਾ ਨਾਈਟਸ ਟੀਮਾਂ ਰਹੀਆਂ। ਇਸ ਮੁਕਾਬਲੇ ਲਈ ਪਹਿਲਾ ਇਨਾਮ ਅਵਤਾਰ ਗਿੱਲ ਤੇ ਹੈਰੀ ਗਿੱਲ ਅਤੇ ਦੂਜਾ ਇਨਾਮ ਡੇਵਿਡ ਢਿੱਲੋਂ ਤੇ ਸਨੀ ਸ਼ਰਮਾ ਨੇ ਦਿੱਤਾ ਜਦਕਿ ਤੀਜਾ ਇਨਾਮ ਜਗਦੀਪ ਸਿੰਘ ਵਲੋਂ ਦਿੱਤਾ ਗਿਆ। ਇਸ ਪਿਛੋਂ ਹਰਸ਼ਪਿੰਦਰ ਮਾਨ ਦੀ ਤਿਆਰ ਭੰਗੜਾ ਟੀਮ ਨੇ ਆਪਣੀ ਕਲਾ ਦੇ ਜੌਹਰ ਵਿਖਾਏ। ਲੜਕੀਆਂ ਦੀ ਸੀਨੀਅਰ ਗਿੱਧਾ ਟੀਮ ਨੇ ਵੀ ਖੂਬ ਕਮਾਲ ਕੀਤੀ। ਜੱਜਾਂ ਦੀ ਭੂਮਿਕਾ ਕੁਲਜਿੰਦਰ ਸੇਖੋਂ, ਜਰਨੈਲ ਧਨੇਰ, ਗੁਰਬਿੰਦਰ ਖਹਿਰਾ, ਹਰਜਾਪ ਅਟਵਾਲ, ਮਰੀਅਮ ਅਫਜ਼ਲ, ਕਰਮਜੋਤ ਗਰੇਵਾਲ ਅਤੇ ਪਰਮਜੀਤ ਕੌਰ ਨੇ ਨਿਭਾਈ।

ਅਮਰੀਕਾ ਤੇ ਕੈਨੇਡਾ ਦੇ ਹੋਰਨਾਂ ਸ਼ਹਿਰਾਂ ਤੋਂ ਆਈਆਂ ਭੰਗੜੇ ਦੀਆਂ ਟੀਮਾਂ ਦੇ ਮਾਣ ਵਿਚ ਪਾਰਟੀ ਦਾ ਪ੍ਰਬੰਧ ਕੀਤਾ ਗਿਆ ਜਿਸ ਦੇ ਸਪਾਂਸਰ ਇੰਡੀਆ ਓਵਨ ਵਾਲੇ ਸਨ। ਇਸ ਮੌਕੇ ਬੱਚਿਆਂ ਨੇ ਆਪਸ ਵਿਚ ਯਾਦਾਂ ਅਤੇ ਵਿਚਾਰ ਸਾਂਝੇ ਕੀਤੇ। ਸੁਖਪ੍ਰੀਤ ਧਾਲੀਵਾਲ ਤੇ ਉਸ ਦੀ ਟੀਮ ਨੇ ਇਸ ਲਈ ਉਚੇਚਾ ਸਹਿਯੋਗ ਦਿੱਤਾ।

ਕੈਂਪ ਵਿਚ ਸਿਖਲਾਈ ਪ੍ਰਾਪਤ ਯੁਵਕਾਂ ਦੀਆਂ 28 ਟੀਮਾਂ ਨੇ ਆਪਣੀ ਕਲਾ ਦਾ ਪ੍ਰਦਸ਼ਨ ਸੁਜੱਚੇ ਢੰਗ ਨਾਲ ਕੀਤਾ। ਇਸ ਵਾਰ ਕੈਂਪ ਅਤੇ ਯੂਥ ਮੇਲੇ ਵਿਚ ਲੜਕੀਆਂ ਦੀ ਗਿਣਤੀ ਜ਼ਿਆਦਾ ਸੀ।

ਤਰਨਜੀਤ ਕਲੇਰ, ਸੋਨੀਆ ਸ਼ੇਰਗਿੱਲ, ਹਰਮਨਪ੍ਰੀਤ ਕੌਰ, ਮਨਵੀਰ ਧਾਲੀਵਾਲ, ਹਰਪ੍ਰੀਤ ਸਿੱਧੂ, ਨੀਨਾ ਸਿੱਧੂ, ਹਰਬਾਵਰੀ ਕੌਰ, ਹਰਮਨ



ਬਾਹੀਆ, ਜਗਮੀਤ ਮਠਾੜੂ ਅਤੇ ਸ਼ਗਨਦੀਪ ਵੜੈਚ ਨੇ ਲੜਕੀਆਂ ਨੂੰ ਕੋਚਿੰਗ ਦੇਣ ਵਿਚ ਅਹਿਮ ਭੂਮਿਕਾ ਨਿਭਾਈ। ਕਰੀਬ 4 ਤੋਂ 18 ਸਾਲ ਤੱਕ ਭੰਗੜੇ ਦੀਆਂ ਟੀਮਾਂ ਨੇ ਖੂਬ ਧਮਾਲਾਂ ਪਾਈਆਂ ਕਿ ਦਰਸ਼ਕ ਅਸ਼ ਅਸ਼ ਕਰ ਉਠੇ। ਢੋਲ ਦੀ ਸੇਵਾ ਨਿਭਾਉਂਦਿਆਂ ਸਖਜੋਤ ਸਿੰਘ ਮਾਨ ਬੈਸਟ ਢੋਲੀ ਅਤੇ ਜਸਪ੍ਰੀਤ ਸਿੱਧੂ ਨੇ ਬੈਸਟ ਕੋਚ ਆਫ ਦਾ ਈਅਰ ਐਵਾਰਡ ਜਿੱਤਿਆ। ਪ੍ਰੀਤਮ ਸਿੰਘ ਪਾਸਲਾ ਨੇ ਬੈਸਟ ਆਰਗੇਨਾਈਜ਼ਰ ਦਾ ਮਾਣ ਹਾਸਲ ਕੀਤਾ। ਲੜਕੀਆਂ ਵਿਚੋਂ ਸ਼ਗਨਦੀਪ ਵੜੈਚ ਤੇ ਤਰਨਜੀਤ ਕਲੇਰ ਨੂੰ ਇਹ ਮਾਣ ਹਾਸਲ ਹੋਇਆ।

ਮੇਲੇ ਦੌਰਾਨ ਹੋਏ ਬੈਸਟ ਪੰਜਾਬਣ ਅਤੇ ਧੀ ਆਫ ਜੀ ਐਚ ਜੀ ਅਕੈਡਮੀ-2014 ਦਾ ਮੁਕਾਬਲਾ ਘਰੇਲੂ ਯੋਗਤਾ ਦੇ ਆਧਾਰ 'ਤੇ ਕਰਵਾਇਆ ਗਿਆ। 13 ਬੱਚੀਆਂ ਫਾਈਨਲ ਰਾਊਂਡ ਵਿਚ ਪੁੱਜੀਆਂ ਅਤੇ ਇਨ੍ਹਾਂ ਵਿਚੋਂ ਮਨਵੀਰ ਕੌਰ ਧਾਲੀਵਾਲ ਨੇ ਪਹਿਲਾ, ਜੈਸਿਕਾ ਧਾਲੀਵਾਨ ਨੇ ਦੂਜਾ ਅਤੇ ਤਾਨੀਆ ਸਿੱਧੂ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਇਹ ਮੁਕਾਬਲਾ ਤਰਨਜੀਤ ਕੌਰ ਕਲੇਰ ਅਤੇ ਸ਼ਗਨਦੀਪ ਵੜੈਚ ਦੀ ਅਗਵਾਈ ਹੇਠ ਕੀਤਾ ਗਿਆ। ਟਰੇਸੀ ਤੋਂ ਮੇਲੇ ਵਿਚ ਉਚੇਚਾ ਸ਼ਿਕਰਤ ਕਰਨ ਪੁੱਜੀ ਜਸਕੀਰਤ ਕੰਦੋਲਾ ਨੇ ਢੋਲ ਵਜਾਇਆ ਅਤੇ ਹੁਨਰ ਕਲੇਰ ਨੇ ਆਪਣੀ ਕਵਿਤਾ ਰਾਹੀਂ ਭਰੂਣ ਹੱਤਿਆ ਜਿਹੀ ਸਮਾਜਿਕ ਬੁਰਾਈ 'ਤੇ ਵਿਅੰਗ ਕੀਤਾ। ਮੰਚ ਸੰਚਾਲਨ ਬੀਬੀ ਆਸ਼ਾ ਸ਼ਰਮਾ ਅਤੇ ਅਕੈਡਮੀ ਦੇ ਮੁੱਖ ਬੁਲਾਰੇ ਗੁਰਦੀਪ ਸ਼ੇਰਗਿੱਲ ਨੇ ਕੀਤਾ।

ਪਰਮਿੰਦਰ ਸੰਘੇੜਾ ਤੇ ਹਰਜੀਤ ਧਾਲੀਵਾਲ ਨੇ ਐਚ ਐਮ-1 ਲਈ ਅਤੇ ਹਰਜਾਪ ਅਟਵਾਲ ਨੇ ਜੱਸ ਪੰਜਾਬੀ ਲਈ ਕਵਰੇਜ ਕੀਤੀ। ਫੋਟੋ ਅਤੇ ਵੀਡੀਓ ਦੀ ਸੇਵਾ ਮੋਗਾ ਵੀਡੀਓ ਦੇ ਅਜੀਤ ਸਿੰਘ ਗਿੱਲ ਵਲੋਂ ਨਿਭਾਈ ਗਈ। ਬੱਚਿਆਂ ਲਈ ਪਾਣੀ ਦੀ ਸੇਵਾ ਜਗਸ਼ੀਰ ਢਿੱਲੋਂ ਅਤੇ ਅਵਤਾਰ ਗਿੱਲ ਘੋਲੀਆਂ ਤੇ ਉਸ ਦੇ ਸਾਥੀਆਂ ਨੇ ਕੀਤੀ। ਸਾਊਂਡ ਸਰਵਿਸ ਜਗਜੀਤ ਧਾਲੀਵਾਲ ਦਾ ਸੀ। ਛਿੰਦਰ ਸਿੰਘ ਨੇ ਬੱਚਿਆਂ ਨੂੰ ਦਸਤਾਰ ਸਜਾਉਣ ਦੀ ਸਿਖਲਾਈ ਦਿੱਤੀ।





ਅਕੈਡਮੀ ਦੇ ਯੂਥ ਵਿੰਗ ਵਲੋਂ ਅਕੈਡਮੀ ਦੇ ਫਾਊਂਡਰ ਡਾ. ਦਲਜਿੰਦਰ ਸਿੰਘ ਜੌਹਲ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਮੇਲੇ ਦੇ ਪ੍ਰਬੰਧਕਾਂ ਪਰਮਜੀਤ ਧਾਲੀਵਾਲ, ਜਤਿੰਦਰਪਾਲ ਸਿੰਘ ਮਾਨ, ਜਗਰੂਪ ਧਾਲੀਵਾਲ, ਅਮਨਦੀਪ ਖਹਿਰਾ, ਅਰਵਿੰਦਰ ਕਾਹਲੋਂ, ਰਾਜਿੰਦਰ ਧਾਲੀਵਾਲ, ਪਰਮਿੰਦਰ ਸੰਘੇੜਾ, ਉਦੈਦੀਪ ਸਿੱਧੂ, ਸਰਬਜੀਤ ਸਿੱਧੂ, ਹਰਦੀਪ ਕਲੇਰ, ਸ਼ੇਰ ਸਿੰਘ, ਗੁਰਪ੍ਰੀਤ ਧਾਲੀਵਾਲ, ਜਗਜੀਤ ਧਾਲੀਵਾਲ, ਪ੍ਰੀਤਮ ਪਾਸਲਾ, ਤਰਨਜੀਤ ਕਲੇਰ, ਸ਼ਗਨਦੀਪ ਧਾਲੀਵਾਲ, ਸੋਨੀਆ ਸ਼ੇਰਗਿੱਲ ਅਤੇ ਸਮੁੱਚੇ ਯੂਥ ਵਿੰਗ ਨੇ ਇਸ ਮੇਲੇ ਨੂੰ ਕਾਮਯਾਬ ਕਰਨ ਲਈ ਅਹਿਮ ਭੂਮਿਕਾ ਨਿਭਾਈ। ਹੋਰ ਜਾਣਕਾਰੀ ਗੁਰਦੀਪ ਸ਼ੇਰਗਿੱਲ 559-349-1481, ਸੁਖਪ੍ਰੀਤ ਧਾਲੀਵਾਲ 559-321-4591, ਤਰਨਜੀਤ ਕਲੇਰ 559-271-9097 ਜਾਂ ਸ਼ਗਨਦੀਪ ਵੜੈਚ 559-367-7661 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਹਰਸਿਮਰਤ ਨੇ ਔਰਬਿਟ ਕੰਪਨੀ ਨਾਲੋਂ ਨਾਤਾ ਤੋੜਿਆ

**ਚੰਡੀਗੜ੍ਹ:** ਕੇਂਦਰੀ ਫੂਡ ਪ੍ਰੋਸੈਸਿੰਗ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਆਪਣੇ ਪਰਿਵਾਰ ਦੇ ਨਾਲ ਸਬੰਧਤ ਔਰਬਿਟ ਰਿਜ਼ੌਰਟ ਕੰਪਨੀ ਦੇ ਮੈਨੇਜਿੰਗ ਡਾਇਰੈਕਟਰ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ। ਇਸ ਕੰਪਨੀ ਵੱਲੋਂ ਹੀ ਗੁੜਗਾਉਂ ਵਿਚ ਪੰਜ ਤਾਰਾ ਹੋਟਲ ਚਲਾਇਆ ਜਾ ਰਿਹਾ ਹੈ। ਸ੍ਰੀਮਤੀ ਬਾਦਲ ਇਸ ਕੰਪਨੀ ਦੀ ਡਾਇਰੈਕਟਰ ਤੇ ਮੈਨੇਜਿੰਗ ਡਾਇਰੈਕਟਰ ਸੀ। ਕੰਪਨੀ ਵੱਲੋਂ ਉਨ੍ਹਾਂ ਨੂੰ ਤਿੰਨ ਕਰੋੜ ਰੁਪਏ ਸਾਲਾਨਾ ਤਨਖਾਹ ਦਿੱਤੀ ਜਾਂਦੀ ਸੀ। ਸ੍ਰੀਮਤੀ ਬਾਦਲ ਦਾ ਕਈ ਪਰਿਵਾਰਕ ਕੰਪਨੀਆਂ ਵਿਚ ਹਿੱਸੇਦਾਰ ਵੀ ਹਨ।

ਸ੍ਰੀਮਤੀ ਬਾਦਲ ਵੱਲੋਂ ਕੰਪਨੀ ਤੋਂ ਦੂਰੀ ਬਨਾਉਣ ਦੇ ਫੈਸਲੇ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਅਹੁਦਾ ਸੰਭਾਲਣ ਤੋਂ ਤੁਰੰਤ ਬਾਅਦ ਆਪਣੇ ਸਾਥੀ ਮੰਤਰੀਆਂ ਨੂੰ ਵਪਾਰਕ ਕੰਮਾਂ ਤੋਂ ਦੂਰੀ ਬਨਾਉਣ ਦੇ ਦਿੱਤੇ ਹੁਕਮਾਂ ਨਾਲ ਜੋੜਿਆ ਜਾ ਰਿਹਾ ਹੈ। ਸ੍ਰੀ ਮੋਦੀ ਨੇ ਆਪਣੇ ਮੰਤਰੀਆਂ ਨੂੰ ਚੱਲ ਅਚੱਲ ਜਾਇਦਾਦ ਦੇ ਵੇਰਵੇ ਵੀ ਪ੍ਰਧਾਨ ਮੰਤਰੀ ਦਫ਼ਤਰ ਨੂੰ ਦੇਣ ਲਈ ਕਿਹਾ ਸੀ। ਔਰਬਿਟ ਰਿਜ਼ੌਰਟ ਦੇ ਬੋਰਡ ਆਫ਼ ਡਾਇਰੈਕਟਰ ਵੱਲੋਂ ਸ੍ਰੀਮਤੀ ਬਾਦਲ ਦਾ ਅਸਤੀਫ਼ਾ ਪ੍ਰਵਾਨ ਕਰਕੇ ਕੰਪਨੀ ਮਾਮਲਿਆਂ ਬਾਰੇ ਮੰਤਰਾਲੇ (ਐਮ.ਸੀ.ਏ.) ਨੂੰ ਸੂਚਿਤ ਕਰ ਦਿੱਤਾ ਹੈ। ਸ੍ਰੀਮਤੀ ਬਾਦਲ ਵੱਲੋਂ 11 ਜੂਨ ਨੂੰ ਬੋਰਡ ਆਫ਼ ਡਾਇਰੈਕਟਰ ਨੂੰ ਜੋ ਅਸਤੀਫਾ ਸੌਂਪਿਆ ਗਿਆ ਹੈ ਉਸ ਵਿਚ ਉਨ੍ਹਾਂ ਵੱਲੋਂ ਨਿਜੀ ਕਾਰਨਾਂ ਕਰਕੇ ਅਸਤੀਫ਼ਾ ਦਿੱਤਾ ਦਰਸਾਇਆ ਗਿਆ ਹੈ। ਉਨ੍ਹਾਂ ਅਸਤੀਫੇ ਵਿਚ ਇਹ ਵੀ ਕਿਹਾ ਹੈ ਕਿ ਉਹ ਇਸ ਹੈਸੀਅਤ ਵਿਚ ਕੰਮ ਨਹੀਂ ਕਰ ਸਕਦੀ। ਸ੍ਰੀਮਤੀ ਬਾਦਲ ਲੰਘੀਆਂ ਲੋਕ ਸਭਾ ਚੋਣਾਂ ਦੌਰਾਨ ਬਠਿੰਡਾ ਪਾਰਲੀਮਾਨੀ ਹਲਕੇ ਤੋਂ ਚੁਣੇ ਗਏ ਸਨ ਤੇ ਉਹ ਮੋਦੀ ਸਰਕਾਰ ਵਿਚ ਪੰਜਾਬ ਦੀ ਨੁਮਇੰਦਗੀ ਕਰ ਰਹੇ ਹਨ।


ਮੰਤਰੀ ਬਣਨ ਤੋਂ ਕੁਝ ਦਿਨਾਂ ਬਾਅਦ ਹੀ ਉਨ੍ਹਾਂ ਆਪਣੇ ਪਰਿਵਾਰ ਦੀ ਇਕ ਵੱਡੀ ਵਪਾਰਕ ਕੰਪਨੀ ਨਾਲੋਂ ਡਾਇਰੈਕਟਰ ਤੇ ਮੈਨੇਜਿੰਗ ਡਾਇਰੈਕਟਰ ਵਜੋਂ ਨਾਤਾ ਤੋੜ ਲਿਆ ਹੈ। ਇਸ ਘਟਨਾ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਆਪਣੇ ਸਾਥੀ ਮੰਤਰੀਆਂ ਨੂੰ ਦਿੱਤੀ ਸਲਾਹ ਨਾਲ ਜੋੜਿਆ ਜਾ ਰਿਹਾ ਹੈ।

*ਪ੍ਰਸਿੱਧ ਕਥਾਵਾਚਕ ਭਾਈ ਹਰਮਨਪ੍ਰੀਤ ਸਿੰਘ 4 ਤੋਂ 10 ਅਗਸਤ ਤੱਕ ਗੁਰਦੁਆਰਾ ਹੇਵਰਡ ਅਤੇ 11 ਤੋਂ 18 ਅਗਸਤ ਤੱਕ ਗੁਰਦੁਆਰਾ ਸਿੰਘ ਸਭਾ, ਮਿਲਪੀਟਸ ਵਿਖੇ ਗੁਰ-ਸ਼ਬਦ ਵਿਚਾਰ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ।*

*(ਤਸਵੀਰ ਤੇ ਵੇਰਵਾ: ਦੁਪਾਲਪੁਰ)*



ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
24 ਘੰਟੇ ਸੱਤੇ ਦਿਨ ਸੁਣੋ
Listen on :
Radio Sets (CA, WA, NV)
Dial in
832-551-5029 or 605-475-6868
Android & iPhone App
www.PunjabiRadioUSA.com
Ph: 408-272-5200


ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
$25 2,500 Minutes
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ।
✓ ਵਧੀਆ, ਸਾਫ਼ ਆਵਾਜ਼
✓ ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ
✓ ਬਗੈਰ ਪਿੰਨ ਤੋਂ ਵਰਤੋ
✓ ਸਪੀਡ ਵਾਲੇ ਨੰਬਰ ਸੈਟ ਕਰੋ
Limited Time Offer. Restrictions & Additional Fees Apply.
800.914.1013 • 408.659.9400

# ਜੀ ਐਚ ਜੀ ਅਕੈਡਮੀ ਫਰਿਜ਼ਨੋ ਦਾ ਯੂਥ ਮੇਲਾ: ਤਸਵੀਰਾਂ ਦੀ ਜ਼ੁਬਾਨੀ






















JAI Masta Di Entertainment
&
Master Deepak Ji
in association with
Miss Duniya Corporation
presents
Desi 1170AM
Exclusive Radio Partner
Grand Sponsor : Nuts & Spice (Sanjay Birla, Union City)
Platinum Sponsor : Ashwini Bhakhri (Attorney at Law)
Gold Sponsor : Paul (Rangoli Sweets)
The JOGIYA Tour
Hosted By Asha Sharma
GURDAS MAAN
AUGUST 9th, 2014
TIME : 8:00 PM
SAN JOSE CENTER FOR PERFORMING ARTS
Tickets : $39, $49, $59, $79, $99, VIP, VVIP, ELITE
Special Discounts Available
Online Tickets : jmdentertainment.com
Sulekha.com

# 'ਜੋਗੀਆ' ਗੁਰਦਾਸ ਮਾਨ

# 9 ਅਗਸਤ 2014

## ਸਥਾਨ: ਆਰਟ ਪਰਫਾਰਮਿੰਗ ਸੈਂਟਰ, ਸੈਨ ਹੋਜ਼ੇ

**Free Dinner Served Between 6pm to 8pm**

**Sponsored by : Dr. Randeep Dhillon (CEO, Miss Duniya Corporation) & Master Deepak Ji**

**CKET AVAILABLE AT STORE:**
INDIA CASH AND CARRY (FREMONT) (510) 792-7383
KASH FABRIC (HAYWARD) (510) 538-1138
PUNJAB BAZAR CASH AND CARRY (SAN JOSE) (408)-223-9978
NUTS AND SPICE (UNION CITY) (510) 489-5836
BHARAT BAZAR (FREMONT) (510) 687-0100
SHALIMAR GROCERY (510) 487-7752

NUTS AND SPICE (UNION CITY)  INDIA CASH & CARRY (FREMONT)

**ONSERS AND SUPPOTERS**

AJ BHANOT(PRESIDENT OF NYVEL HINDU TEMPLE)
AYARAM KOMATI (SWAGAT INDIA CUISINE)
DERJIT(BOB) SINGH
ADDI JHUTY MBA,CFP (R) LSJ FINANCIAL
R. MANDEEP GHUMAN & HEALTHY INC.
R. PAUL GHUMAN (MOUNTAIN VIEW)
AY AND JACK (ATTORNEY AT LAW)
MILE DHIR
AHESH BAJORIA (ATTORNEY AT LAW)
NIL SIKKA
R. NAVDEEP BHAKHRI
R. HARDEEP BHAKHRI
R. BHARTI BHAKHRI
IJAY VIJ
CHAMKAURGIRI (PRESIDENT & NDER OF VALLEJO HINDU TEMPLE)
SKOK VIJ
IUKAND LOOMBA (TREASURE OF LEJO HINDU TEMPLE)
UNITA VARMA
18) SOHAN LAL GOSWAMI
19) DR. SATWINDER SAHI
20) DR. ALOK ARORA & ATTORNEY VINU BHAKHRI ARORA
21) BODH RAJ SAINI
22) J. CHABRA, CPA
23) MANI BAKSHI
24)\ BITTU DHILLON
25) DEEDAR SINGH BAINS (YUBA CITY)
26) DR. DALVIR PANNU, D.D.S
27) ASHIWANI K. TANNI
28) DARAN KUNDRA, D.D.S
29) KAMAL MAAN(CHATT HOUSE)
30) MANISH PATEL
31) DR. BEILA DELYAIE
32) DR. KULMOHAN SINGH SANGHA FREMONT
33) DR. DAVINDER SANDHU (MODESTO)
34) VINAYAK GUPTA
35) BILLA SANGHERA
36) DBR ENTERTAINMENT (DEV RANA BITTU)
37) RAJ PABLA
38) RATINDER GILL
39) MAIN SABAZ OF PAKISTAN TIMES
40) PARAMPAL SINGH (UNION CITY)
41) MAHINDER GILL OF TURLOCK
42) MANISHA JEWELLER (SANTA CLARA)
43) KULDIP DHALIWAL PUPPY
44) KULWINDER POET
45) HARJINDER JOHL
46) H.S BHAJAN
47) DR. RAJIV AHUJA FREMONT
48) RAY WALIA
49) DR. PANNU
50) DR. SANDHU
51) HAPPY HEER
52) DR. JANAK MEHTANI MD
53) RAJ MAHAL (INDTV USA)
54) RANGOLI SWEETS
55) PREM (RUNAWAY LIMOZINE)
56) NARENDER H UNDAL
57) NARINDEERPAL SINGH HUNDAL SACRAMENTO
58) KARNAIL SINGH SAINI, REALTOR
59) PARGAN SINGH BAINS SACROMENTO
60) JIT SINGH, GREAT INDIA RESTAURANT SANFRANCISCO
61) DR. RANDEEP DHILLON
62) JESSI BANGA
63) GP SINGH
64) JEEVAN ZUTSHI
65) ROMESH JAPRA
66) DALJIT SAINAI
67) DEEPAK BHATNAGAR
68) AVTAAR LAKHA
69) DR. HARMESH KUMAR
70) ASHOK VIJ
71) RITENDER AHUJA
72) KISHEN (ALTU FALTU BAK BAK)
73) KAVITA (ALTU FALTA BAK BAK)
74) BALKAR SINGH (BOMBAY GARDEN & SAKOON)
75) KASHMIR DUGGA (KASH FABRICS)
76) AUDIGYSYSTEMS.COM
77) MIKE SANWAL (PRODUCER, DIRECTOR & ACTOR)
78) CHATT CAFÉ
79) PARVINDER THAPER
80) AJAYPAL SINGH WALIA (KHALSA TAXY BERKELY)
81) DALJEET SINGH SAINI, HOUSTON, TX
82) Dr. SATWINDER SAHI
83) Dr. RAVINDER ATWAL
84) Dr. JASWINDER GORAYA
85) Dr. JASPAL HARIKA
86) Dr. RAMINDER DADWAL
87) Dr. DALJIT SAINI
88) Dr. GAGANDEEP SINGH SANDHU, DDS

**Catering Partner: Balkar Singh Bombay Garden & Sakoon**

**IA PATNER:** GLOBAL PUNJAB, JAS PUNJABI, INDIA POST, AAJ TAK, PUNJAB NEWS, PUNJABI AMERICAN NEWS, SADELOK, PTC PUNJABI, DESI 1170AM, INDIA WEST, INDTV

**or More Info., Contact: Avtar Lakha 209-200-0818 or 510-962-1911**
**Asha Sharma 831-406-7940, Vijay 707-392-9625**

**SUNNYVALE OFFICE: 460 Persian Dr. Unit 4, Sunnyvale, CA 94089, Ph: 408-734-1600**

## ਜਲਾਵਤਨ ਅਦਬ

# ਤਸਲੀਮਾ ਨਸਰੀਨ

*ਬੰਗਲਾ ਲੇਖਕਾ ਤਸਲੀਮਾ ਨਸਰੀਨ ਇਕ ਵਾਰ ਫਿਰ ਖਬਰਾਂ ਵਿਚ ਹੈ। ਕੁਝ ਦਿਨ ਪਹਿਲਾਂ ਉਸ ਨੇ ਭਾਰਤ ਸਰਕਾਰ ਅੱਗੇ, ਇਕ ਸਾਲ ਦੇ ਰਿਹਾਇਸ਼ੀ ਵੀਜ਼ੇ ਦੀ ਬੇਨਤੀ ਕੀਤੀ ਸੀ, ਪਰ ਉਸ ਨੂੰ ਦੋ ਮਹੀਨੇ ਦੀ ਆਰਜ਼ੀ ਰਿਹਾਇਸ਼ ਦੀ ਆਗਿਆ ਹੀ ਦਿੱਤੀ ਗਈ। ਉਹ ਤੁਰੰਤ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੂੰ ਮਿਲੀ। ਇਸ ਦੇ ਨਾਲ ਹੀ ਮਨੁੱਖੀ ਹੱਕਾਂ ਲਈ ਸਰਗਰਮ ਕਾਰਕੁਨਾਂ ਅਤੇ ਪ੍ਰੈਸ ਕੌਂਸਲ ਦੇ ਚੇਅਰਮੈਨ ਜਸਟਿਸ (ਸੇਵਾ ਮੁਕਤ) ਮਾਰਕੰਡੇ ਕਾਟਜੂ ਵੱਲੋਂ ਪਾਏ ਰੌਲੇ ਤੋਂ ਬਾਅਦ ਹੁਣ ਉਸ ਨੂੰ ਲੰਮੇ ਸਮੇਂ ਦਾ ਰਿਹਾਇਸ਼ੀ ਵੀਜ਼ਾ ਦੇ ਦਿੱਤਾ ਗਿਆ ਹੈ। ਬੰਗਲਾ ਦੇਸ਼ ਦੀ ਇਹ ਲੇਖਕਾ ਮਜ਼ਹਬੀ ਕੱਟੜਪੰਥੀਆਂ ਕਾਰਨ 1994 ਤੋਂ ਜਲਾਵਤਨੀ ਹੰਢਾਅ ਰਹੀ ਹੈ।*



**ਕਲਾ ਪਰਿਕਰਮਾ**

ਬੰਗਲਾ ਲੇਖਕਾ ਤਸਲੀਮਾ ਨਸਰੀਨ ਦੀ ਜੀਵਨ ਕਹਾਣੀ ਅਤੇ ਅਦਬੀ ਸਫਰ ਤਾਂ ਭਾਵੇਂ ਬੜਾ ਸਾਧਾਰਨ ਹੈ, ਪਰ ਮਜ਼ਹਬੀ ਕੱਟੜਪੰਥੀਆਂ ਦੀ ਮਾਰ ਅਤੇ ਬਾਅਦ ਵਿਚ ਉਸ ਵੱਲੋਂ ਕੀਤੀ ਦਮਦਾਰ ਸਰਗਰਮੀ ਨੇ ਉਸ ਨੂੰ ਵਿਸ਼ੇਸ਼ ਲੇਖਕਾਂ ਦੀ ਕਤਾਰ ਵਿਚ ਲਿਆ ਖੜ੍ਹਾ ਕੀਤਾ। ਉਦੋਂ ਤੋਂ ਲੈ ਕੇ ਹੁਣ ਤੱਕ ਉਸ ਨੇ ਧਰਮ ਨਿਰਪੱਖਤਾ, ਔਰਤਾਂ ਦੇ ਹੱਕਾਂ, ਵਿਚਾਰ ਪ੍ਰਗਟ ਕਰਨ ਦੀ ਆਜ਼ਾਦੀ ਅਤੇ ਮਨੁੱਖੀ ਹੱਕਾਂ ਦੇ ਹੱਕ ਵਿਚ ਝੰਡਾ ਬੁਲੰਦ ਕੀਤਾ। ਉਸ ਦਾ ਇਹ ਹੋਕਾ ਦੂਰ-ਦੂਰ ਤੱਕ ਸੁਣਿਆ/ਪੜ੍ਹਿਆ ਗਿਆ। ਉਸ ਦੀ ਹਰ ਰਚਨਾ ਦਾ ਨੋਟਿਸ ਲਿਆ ਗਿਆ।

**ਗੁਰਬਖਸ਼ ਸਿੰਘ ਸੋਢੀ**

ਤਸਲੀਮਾ ਨਸਰੀਨ ਵੀ ਹੋਰ ਬਹੁਤ ਲੇਖਕਾਂ ਵਾਂਗ ਪਹਿਲਾਂ ਕਵਿਤਾ ਹੀ ਲਿਖਦੀ ਸੀ। 25 ਅਗਸਤ 1962 ਨੂੰ ਜਨਮੀ ਤਸਲੀਮਾ ਦੇ ਅੱਬਾ ਡਾਕਟਰ ਸਨ। ਉਹ ਵੀ ਐਮ. ਬੀ. ਬੀ. ਐਸ. ਕਰਨ ਮਗਰੋਂ ਡਾਕਟਰ ਬਣ ਗਈ। ਘਰ ਦਾ ਮਾਹੌਲ ਧਰਮ ਨਿਰਪੱਖਤਾ ਵਾਲਾ ਸੀ, ਇਸ ਲਈ ਉਹ ਵੀ ਇਸੇ ਲੀਹ ਉਤੇ ਪੈ ਗਈ। ਬਾਅਦ ਵਿਚ ਜਦੋਂ ਜ਼ਿੰਦਗੀ ਨਾਲ ਸਿੱਧਾ ਵਾਹ ਪਿਆ ਤਾਂ ਉਸ ਦਾ ਰੱਬ ਤੋਂ ਵਿਸ਼ਵਾਸ ਵੀ ਜਾਂਦਾ ਲੱਗਾ ਅਤੇ ਉਹ ਨਾਸਤਿਕ ਹੋ ਗਈ। ਉਂਜ, ਉਹ ਮਨੁੱਖੀ ਹੱਕਾਂ ਅਤੇ ਔਰਤਾਂ ਦੀ ਅਸਲ ਆਜ਼ਾਦੀ ਲਈ ਸਦਾ ਹੀ ਜੂਝਦੀ ਰਹੀ। ਉਹ ਵੀਹਾਂ ਵਰ੍ਹਿਆਂ ਦੀ ਸੀ ਜਦੋਂ 1982 ਵਿਚ ਉਸ ਦਾ ਪਲੇਠਾ ਕਵਿਤਾ ਸੰਗ੍ਰਿਹ ਛਪਿਆ। ਨਸਰ (ਵਾਰਤਕ) ਦੀ ਕਿਤਾਬ ਉਹਨੇ 1990 ਵਿਚ ਛਪਵਾਈ ਸੀ। ਇਸ ਤੋਂ ਬਾਅਦ ਉਸ ਦੇ ਦੋ ਨਾਵਲ 1992 ਅਤੇ ਦੋ ਹੀ 1993 ਵਿਚ ਛਪੇ ਪਰ ਕਿਸੇ ਨੇ ਕੋਈ ਖਾਸ ਨੋਟਿਸ ਨਹੀਂ ਲਿਆ। ਸਾਲ 1993 ਵਿਚ ਹੀ ਤੀਜਾ ਨਾਵਲ 'ਲੱਜਾ' ਛਪਿਆ ਤਾਂ ਤਹਿਲਕਾ ਮਚ ਗਿਆ। ਕੱਟੜਪੰਥੀ ਮੁਲਾਣਿਆਂ ਨੇ ਉਸ ਖਿਲਾਫ ਮੁਹਿੰਮਾਂ ਚਲਾ ਦਿੱਤੀਆਂ। ਆਖਰਕਾਰ ਸਰਕਾਰ ਨੇ ਵੀ ਇਸ ਨਾਵਲ ਉਤੇ ਪਾਬੰਦੀ ਲਾ ਦਿੱਤੀ। ਪਾਬੰਦੀ ਤੋਂ ਬਾਅਦ ਇਹ ਨਾਵਲ ਹੋਰ ਵੀ ਵੱਧ ਪੜ੍ਹਿਆ ਗਿਆ ਅਤੇ ਛੇ ਕੁ ਮਹੀਨਿਆਂ ਵਿਚ ਇਸ ਦੀਆਂ 50 ਹਜ਼ਾਰ ਕਾਪੀਆਂ ਛਪ ਗਈਆਂ।

> *ਪਿਛਲੇ ਦੋ-ਢਾਈ ਦਹਾਕਿਆਂ ਦੌਰਾਨ ਤਸਲੀਮਾ ਦੇ ਤਿੰਨ ਦਰਜਨ ਦੇ ਕਰੀਬ ਕਿਤਾਬਾਂ ਲਿਖੀਆਂ ਹਨ। ਉਹ ਅੱਜ ਵੀ ਲਿਖ ਰਹੀ ਹੈ ਅਤੇ ਮਨੁੱਖੀ ਹੱਕਾਂ ਤੇ ਔਰਤਾਂ ਦੀ ਆਜ਼ਾਦੀ ਬਾਰੇ ਆਪਣੀ ਆਵਾਜ਼ ਬੁਲੰਦ ਕਰ ਰਹੀ ਹੈ। ਕੋਈ ਵੀ ਧਮਕੀ ਜਾਂ ਕੋਈ ਹੋਰ ਅੜਿੱਕਾ ਉਸ ਦਾ ਰਾਹ ਨਹੀਂ ਰੋਕ ਸਕੇ। ਉਹ ਆਪਣੀ ਗੱਲ ਖੁੱਲ੍ਹ ਕੇ ਰੱਖਦੀ ਹੈ।*

'ਲੱਜਾ' ਨਾਵਲ ਇਕ ਹਿੰਦੂ ਪਰਿਵਾਰ ਦੀ ਕਹਾਣੀ ਹੈ ਜੋ ਫਿਰਕੂ ਦੰਗਿਆਂ ਦੀ ਮਾਰ ਹੇਠ ਆ ਜਾਂਦਾ ਹੈ। ਇਸ ਨਾਵਲ ਦਾ ਪਿਛੋਕੜ ਹਿੰਦੂ ਕੱਟੜਪੰਥੀਆਂ ਵੱਲੋਂ 6 ਦਸੰਬਰ 1992 ਨੂੰ ਬਾਬਰੀ ਮਸਜਿਦ ਢਾਹੁਣ ਤੋਂ ਬਾਅਦ ਬੰਗਲਾਦੇਸ਼ ਵਿਚ ਭੜਕੇ ਫਿਰਕੂ ਦੰਗੇ ਹਨ। 'ਲੱਜਾ' ਨਾਵਲ ਦਾ ਤਕਰੀਬਨ ਹਰ ਭਾਸ਼ਾ ਵਿਚ ਅਨੁਵਾਦ ਹੋਇਆ। ਨਾਵਲ ਦੀ ਚਰਚਾ ਤੋਂ ਬਾਅਦ ਹਾਲਾਤ ਨੇ ਇਸ ਤਰ੍ਹਾਂ ਮੋੜਾ ਕੱਟਿਆ ਕਿ ਤਸਲੀਮਾ ਨਸਰੀਨ ਨੂੰ 1994 ਵਿਚ ਜਲਾਵਤਨ ਹੋਣਾ ਪਿਆ। ਉਸ ਦਾ ਬੰਗਲਾਦੇਸ਼ੀ ਪਾਸਪੋਰਟ ਵੀ ਰੱਦ ਕਰ ਦਿੱਤਾ ਗਿਆ। ਸਵੀਡਨ ਦੀ ਸਰਕਾਰ ਨੇ ਉਸ ਨੂੰ ਨਾਗਰਿਕਤਾ ਅਤੇ ਜਰਮਨੀ ਦੀ ਸਰਕਾਰ ਨੇ ਉਸ ਨੂੰ ਬਾਕਾਇਦਾ ਪਨਾਹ ਦਿੱਤੀ। ਭਾਰਤ ਦਾ ਵੀਜ਼ਾ ਹਾਸਲ ਕਰਨ ਲਈ ਉਸ ਨੂੰ ਛੇ ਸਾਲ (1999 ਤੱਕ) ਉਡੀਕ ਕਰਨੀ ਪਈ ਸੀ। ਪੱਛਮ ਵਿਚ 10 ਸਾਲ ਦੀ ਲੰਮੀ ਜਲਾਵਤਨੀ ਭੋਗਣ ਤੋਂ ਬਾਅਦ 2004 ਵਿਚ ਉਹ ਪੱਛਮੀ ਬੰਗਾਲ (ਭਾਰਤ) ਦੀ ਰਾਜਧਾਨੀ ਕੋਲਕਾਤਾ ਪੁੱਜੀ। ਉਸ ਨੂੰ ਆਰਜ਼ੀ ਰਿਹਾਇਸ਼ੀ ਪਰਮਿਟ ਦਿੱਤਾ ਗਿਆ ਸੀ। ਨਾਗਰਿਕਤਾ ਦੇਣ ਤੋਂ ਤਾਂ ਸਾਫ ਨਾਂਹ ਕਰ ਦਿੱਤੀ ਗਈ ਸੀ। 2007 ਵਿਚ ਕੱਟੜਪੰਥੀਆਂ ਨੇ ਉਥੇ ਉਸ ਦੇ ਖਿਲਾਫ ਫਿਰ ਤੂਫਾਨ ਖੜ੍ਹਾ ਕਰ ਦਿੱਤਾ। ਉਦੋਂ ਉਹ ਪਹਿਲਾਂ ਜੈਪੁਰ ਗਈ ਅਤੇ ਫਿਰ ਰਾਤੋ-ਰਾਤ ਉਸ ਨੂੰ ਨਵੀਂ ਦਿੱਲੀ ਜਾਣਾ ਪੈ ਗਿਆ। ਫਿਰ ਕਈ ਮਹੀਨੇ ਰੂਹ-ਪੋਸ਼ ਰਹਿਣ ਤੋਂ ਬਾਅਦ ਉਸ ਨੇ 2008 ਵਿਚ ਇਕ ਵਾਰ ਫਿਰ ਪੱਛਮ ਦੀ ਪਨਾਹ ਲਈ। ਉਂਜ, ਹੁਣ ਵੀ ਉਹ ਭਾਰਤ ਨੂੰ ਆਪਣਾ ਘਰ ਕਹਿੰਦੀ ਹੈ।

ਪਿਛਲੇ ਦੋ-ਢਾਈ ਦਹਾਕਿਆਂ ਦੌਰਾਨ ਤਸਲੀਮਾ ਨੇ ਤਿੰਨ ਦਰਜਨ ਦੇ ਕਰੀਬ ਕਿਤਾਬਾਂ ਲਿਖੀਆਂ ਹਨ। ਇਨ੍ਹਾਂ ਵਿਚ ਕਵਿਤਾ ਸੰਗ੍ਰਿਹ ਅਤੇ ਨਾਵਲਾਂ ਤੋਂ ਇਲਾਵਾ ਕਹਾਣੀਆਂ, ਨਸਰ, ਅਤੇ ਸਵੈ-ਜੀਵਨੀ ਰਚਨਾਵਾਂ ਸ਼ਾਮਲ ਹਨ। ਉਹ ਅੱਜ ਵੀ ਲਿਖ ਰਹੀ ਹੈ ਅਤੇ ਮਨੁੱਖੀ ਹੱਕਾਂ ਤੇ ਔਰਤਾਂ ਦੀ ਆਜ਼ਾਦੀ ਬਾਰੇ ਆਪਣੀ ਆਵਾਜ਼ ਬੁਲੰਦ ਕਰ ਰਹੀ ਹੈ। ਕੋਈ ਵੀ ਧਮਕੀ ਜਾਂ ਕੋਈ ਹੋਰ ਅੜਿੱਕਾ ਉਸ ਦਾ ਰਾਹ ਨਹੀਂ ਰੋਕ ਸਕੇ। ਉਹ ਸਦਾ ਸਰਗਰਮ ਹੈ ਅਤੇ ਆਪਣੀ ਗੱਲ ਖੁੱਲ੍ਹ ਕੇ ਰੱਖਦੀ ਹੈ। ਉਹ ਸਪਸ਼ਟ ਆਖਦੀ ਹੈ ਕਿ ਫਿਰਕਾਪ੍ਰਸਤਾਂ ਨੇ ਮਨੁੱਖਤਾ ਦਾ ਬਹੁਤ ਘਾਣ ਕੀਤਾ ਹੈ। ਇਸ ਤੋਂ ਛੁਟਕਾਰਾ ਹਰ ਹੀਲੇ ਹਾਸਲ ਕਰਨਾ ਚਾਹੀਦਾ ਹੈ। ਇਸ ਦੇ ਲਈ ਭਾਵੇਂ ਕਿੰਨੀ ਵੱਡੀ ਕੀਮਤ ਵੀ ਤਾਰਨੀ ਪੈ ਜਾਵੇ।

### ਅਸਹਿਣਸ਼ੀਲਤਾ ਕਿਉਂ?

*ਕਈ ਆਲੋਚਕਾਂ ਨੇ ਤਸਲੀਮਾ ਨਸਰੀਨ ਦੀ ਨੁਕਤਾਚੀਨੀ ਕਰਦਿਆਂ ਕਿਹਾ ਹੈ ਕਿ ਤਸਲੀਮਾ ਜਾਣ-ਬੁਝ ਕੇ ਵਿਵਾਦ ਪੈਦਾ ਕਰਦੀ ਹੈ; ਪਰ ਉਸ ਦੇ ਹੱਕ ਵਿਚ ਡਟਣ ਵਾਲਿਆਂ ਦਾ ਕਹਿਣਾ ਹੈ ਕਿ ਹਰ ਕਿਸੇ ਨੂੰ ਆਪਣੇ ਵਿਚਾਰ ਪ੍ਰਗਟ ਕਰਨ ਦਾ ਹੱਕ ਹੈ। ਜੇ ਕਿਸੇ ਨੂੰ ਕੋਈ ਇਤਰਾਜ਼ ਹੈ ਤਾਂ ਬਹਿਸ ਹੋਣੀ ਚਾਹੀਦੀ ਹੈ। ਪ੍ਰਸਿੱਧ ਬੰਗਲਾ ਲੇਖਕਾ ਮਹਾਸ਼ਵੇਤਾ ਦੇਵੀ, ਅਰੁੰਧਤੀ ਰਾਏ, ਗਿਰੀਸ਼ ਕਰਨਾਡ ਵਰਗੀਆਂ ਸ਼ਖਸੀਅਤਾਂ ਨੇ ਉਸ ਦਾ ਪੂਰਾ ਪੱਖ ਪੂਰਿਆ।*




*ਹੈਦਰਾਬਾਦ ਦੇ 'ਸੈਂਟਰ ਆਫ ਇਨਕੁਆਰੀ' ਵਿਖੇ 9 ਅਗਸਤ 2007 ਨੂੰ ਇਕ ਸਮਾਗਮ ਦੌਰਾਨ ਤਸਲੀਮਾ ਨਸਰੀਨ ਉਤੇ ਹਮਲੇ ਦੀ ਤਸਵੀਰ।*

## ਆਖ ਤਸਵੀਰਾਂ ਬੋਲਦੀਆਂ

ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 16 ਅਗਸਤ 2014 ਹੈ। -ਸੰਪਾਦਕ

### ਕੈਪਸ਼ਨ ਮੁਕਾਬਲਾ-129



*ਤਸਵੀਰ: ਸਤਵਿੰਦਰ ਬਸਰਾ*

**ਖੌਰੂ ਪਾ ਕੇ ਖਾਲੀ ਆਉਣਾ ਵਿਹਲੜਾਂ ਤੇ ਵੈਲੀਆਂ।**
**ਮੇਲੇ 'ਚੋਂ ਲਿਆਉਂਦੇ 'ਬਾਬੇ' ਬੀਜਾਂ ਦੀਆਂ ਥੈਲੀਆਂ।**

### ਕੈਪਸ਼ਨ ਮੁਕਾਬਲਾ-127



ਹੱਡ ਭੰਨਵੀਂ ਕਰੇ ਕਮਾਈ
ਹਾਲਤ ਫਿਰ ਵੀ ਖਸਤਾ ਹੋਈ।
ਟੁੱਟਿਆ ਫੁੱਟਿਆ ਜੋੜ ਕੇ ਰੇੜ੍ਹਾ
ਉਪਰ ਲੈ ਲਈ ਪਾਟੀ ਲੋਈ।
ਓਿਚਕੂੰ ਦਿਚਕੂੰ ਕਰੇ ਜ਼ਿੰਦਗੀ
ਹਰ ਚੂਲ ਹੈ ਢਿੱਲੀ ਹੋਈ।
ਨਾਂ ਨੂੰ ਭਾਵੇਂ ਅੰਨ ਦਾ ਦਾਤਾ
ਪਰ ਵਾਹ ਨਾ ਚਲਦੀ ਕੋਈ।

*-ਜਗਮੀਤ ਸਿੰਘ ਪੰਧੇਰ, ਕੈਨੇਡਾ*
*ਫੋਨ: 204-505-0751*

---

ਕਹਿੰਦੇ ਨੇ ਘਰ ਦੇ ਭਾਗ ਦੂਰੋਂ
ਜਿਵੇਂ ਡੇਹੜੀ ਹੈ ਦੱਸਦੀ।
ਪੰਜਾਬ ਦੇ ਕਿਸਾਨ ਦਾ ਹਾਲ
ਇਵੇਂ ਰੇੜ੍ਹੀ ਹੈ ਦੱਸਦੀ।
ਸੁੱਕੇ ਸੂਏ ਤੇ ਟੁੱਟੀਆਂ ਸੜਕਾਂ
ਬੇਵਸੀ ਸਰਕਾਰ ਦੀ ਹੈ ਦੱਸਦੀ।
ਹੋਏ ਕੰਗਾਲ ਕਿਸਾਨ ਤੇ ਸਰਕਾਰ
ਵਾਰ ਵਾਰ ਬੋਲ ਤਸਵੀਰ ਹੈ ਦੱਸਦੀ

*-ਸੇਵਾ ਸਿੰਘ ਨੂਰਪੁਰੀ, ਸੈਨ ਹੋਜ਼ੇ*
*ਫੋਨ: 408-912-3438*

ਗੀਤਾਂ ਦੇ ਵਿਚ ਜੱਟ ਦਾ ਜਿਹੜਾ
ਵੱਜਦਾ ਏ ਲਲਕਾਰਾ।
ਸੱਚ ਨੂੰ ਲਾਂਭੂ ਲਾ ਕੇ ਪਾਇਆ
ਝੂਠਾ ਸਭ ਖਿਲਾਰਾ।
ਬੁੱਢਾ ਢੱਗਾ, ਟੁੱਟਿਆ ਰੇਹੜਾ
ਲੀਰਾਂ ਹੋਏ ਅਰਮਾਨ।
ਵੈਲੀ ਪੁੱਤ ਤੇ ਕਰਜ਼ੇ ਨੇ
ਬੰਦ ਕਰ'ਤੀ ਧੁਰੋਂ ਜ਼ੁਬਾਨ।

*-ਮਨਬੀਰ, ਫਰੀਮਾਂਟ*

---

ਫਿਕਰਾਂ ਦੀ ਪੰਡ ਸਿਰ 'ਤੇ ਭਾਰੀ
ਕਰੀਏ ਜੀ ਕੰਮ-ਧੰਦੇ ਦੀ ਤਿਆਰੀ।
ਤੁਰਨਾ ਹੀ ਪੈਣਾ ਹੈ ਰਾਹਾਂ ਉਤੇ
ਭਾਵੇਂ ਬੀਤ ਜਾਵੇ ਅਉਧ ਸਾਰੀ।

*-ਬਰਜਿੰਦਰ ਸਿੰਘ ਜਿੰਦੀ*
*ਗਰੀਨਵੁਡ, ਇੰਡੀਆਨਾ।*

---

ਕਰਜ਼ਾ ਚੁੱਕ ਲਿਆ ਟਰੈਕਟਰ
ਕਰਨ ਲਈ ਵਧੀਆ ਖੇਤੀ।
ਨਸ਼ਿਆਂ ਖਾਹ ਲਏ ਦੋਹੇ ਪੁੱਤ
ਮੇਰੇ ਹੋਏ ਨਾ ਬਤੀਆਂ ਦੇ ਤੇਤੀ।
ਵੇਚ ਟਰੈਕਟਰ ਘਾਟੇ ਵਿਚ
ਬੈਂਕ ਦਾ ਲਾਹਿਆ ਕਰਜ਼ਾ।
ਜਿਉਣ ਦੀ ਕੋਈ ਚਾਹ ਨਹੀਂ ਸੀ
ਜੀਅ ਕਰਦਾ ਸੀ ਕਿਧਰੇ ਮਰ'ਜਾਂ।
ਫਿਰ ਸੋਚਿਆ ਧੀ-ਧਿਆਣੀ ਬਾਰੇ
ਮਿਹਨਤ ਕਰਨੀ ਕਾਹਨੂੰ ਛੱਡਾਂ।
ਹਿੰਮਤ ਕਰਕੇ ਆਪਣਾ ਬਣਵਾਇਆ
ਫਿਰ ਮਾੜਾ-ਮੋਟਾ ਗੱਡਾ।

*-ਗੋਰਾ ਪ੍ਰਜਾਪਤ, ਨਿਊ ਯਾਰਕ*
*ਫੋਨ: 718-690-8403*

# ਜੇਲ੍ਹਾਂ ਵਿਚਲੀਆਂ ਸਨਅਤਾਂ ਨੂੰ ਲੈ ਡੁੱਬੀ ਪੰਜਾਬ ਦੀ ਅਫਸਰਸ਼ਾਹੀ

**ਬਠਿੰਡਾ:** ਪੰਜਾਬ ਦੀ ਅਫਸਰਸ਼ਾਹੀ ਨੇ ਸੂਬੇ ਦੀਆਂ ਜੇਲ੍ਹਾਂ ਵਿਚਲੀਆਂ ਸਨਅਤਾਂ ਨੂੰ ਖੂੰਝੇ ਲਾ ਦਿੱਤਾ ਹੈ। ਜੇਲ੍ਹਾਂ ਦੇ ਕਰੋੜਾਂ ਰੁਪਏ ਦੇ ਬਕਾਏ ਡਿਪਟੀ ਕਮਿਸ਼ਨਰਾਂ ਤੇ ਜਿਲ੍ਹਾ ਪੁਲਿਸ




ਕਪਤਾਨਾਂ ਵੱਲ ਖੜ੍ਹੇ ਹਨ। ਇਨ੍ਹਾਂ ਅਫਸਰਾਂ ਨੇ ਜੇਲ੍ਹਾਂ ਦੀਆਂ ਫੈਕਟਰੀ ਵਿਚੋਂ ਤਿਆਰ ਹੁੰਦਾ ਸਾਜ਼ੋ- ਸਾਮਾਨ ਤਾਂ ਲੈ ਲਿਆ ਹੈ ਪਰ ਉਨ੍ਹਾਂ ਦੀ ਬਣਦੀ ਰਕਮ ਹਾਲੇ ਤੱਕ ਅਦਾ ਨਹੀ ਕੀਤੀ ਗਈ। ਨਤੀਜੇ ਵਜੋਂ ਜੇਲ੍ਹਾਂ ਵਿਚਲੀਆਂ ਸਨਅਤਾਂ ਉੱਤੇ ਬੁਰਾ ਅਸਰ ਪਿਆ ਹੈ। ਕੈਦੀਆਂ ਵੱਲੋਂ ਤਿਆਰ ਕੀਤੇ ਸਾਮਾਨ ਦੀ ਅਦਾਇਗੀ ਕਰਨਾ ਹੀ ਬਹੁਤੇ ਸਰਕਾਰੀ ਵਿਭਾਗ ਭੁੱਲ ਗਏ ਹਨ।

ਕਰੋੜਾਂ ਦੀ ਵਸੂਲੀ ਰੁਕਣ ਕਰਕੇ ਜੇਲ੍ਹਾਂ ਦੇ ਬਜਟ ਉੱਤੇ ਵੀ ਅਸਰ ਪਿਆ ਹੈ। ਮਿਲੇ ਵੇਰਵਿਆਂ ਮੁਤਾਬਕ ਕੇਂਦਰੀ ਜੇਲ੍ਹ ਪਟਿਆਲਾ ਦੇ 4.05 ਕਰੋੜ ਰੁਪਏ ਸਰਕਾਰੀ ਤੇ ਪ੍ਰਾਈਵੇਟ ਵਿਭਾਗਾਂ ਵੱਲ ਫਸੇ ਪਏ ਹਨ। ਇਸ ਜੇਲ੍ਹ ਵੱਲੋਂ ਸਰਕਾਰੀ ਰਜਿੰਦਰਾ ਹਸਪਤਾਲ ਨੂੰ ਚਾਦਰਾਂ ਦੀ ਸਪਲਾਈ ਕੀਤੀ ਜਾਂਦੀ ਹੈ ਤੇ ਸਿਹਤ ਵਿਭਾਗ ਵੱਲੋਂ ਬਦਲੇ ਵਿਚ ਰਕਮ ਤਾਰੀ ਨਹੀਂ ਗਈ ਹੈ। ਇਸ ਕੇਂਦਰੀ ਜੇਲ੍ਹ ਨੇ ਦੂਜੀਆਂ ਜੇਲ੍ਹਾਂ ਤੋਂ 3.16 ਕਰੋੜ ਰੁਪਏ ਲੈਣੇ ਹਨ ਤੇ ਹੋਰ ਸਰਕਾਰੀ ਵਿਭਾਗਾਂ ਤੋਂ 85.13 ਲੱਖ ਰੁਪਏ ਦੇ ਬਕਾਏ ਵੀ ਵਸੂਲਣੇ ਹਨ। ਕੇਂਦਰੀ ਜੇਲ੍ਹ ਪਟਿਆਲਾ ਦੇ ਡਿਪਟੀ ਸੁਪਰਡੈਂਟ ਜੈ ਗੋਪਾਲ ਸਿੰਘ ਦਾ ਕਹਿਣਾ ਸੀ ਕਿ ਜੇਲ੍ਹ ਦੀ ਫੈਕਟਰੀ ਵਿਚ ਚਾਦਰਾਂ, ਦੇਸੀ ਸਾਬਣ, ਫਿਨਾਈਲ ਆਦਿ ਤਿਆਰ ਹੁੰਦਾ ਹੈ। ਉਨ੍ਹਾਂ ਨੇ ਵਸੂਲੀ ਲਈ ਹੁਣ ਇਕ ਮੁਲਾਜ਼ਮ ਸਪੈਸ਼ਲ ਤਾਇਨਾਤ ਕਰ ਦਿੱਤਾ ਹੈ ਤੇ ਵਸੂਲੀ ਆਉਣ ਵੀ ਲੱਗੀ ਹੈ।

ਕੇਂਦਰੀ ਜੇਲ੍ਹ ਫਿਰੋਜ਼ਪੁਰ ਦੇ 2.24 ਕਰੋੜ ਰੁਪਏ ਦੇ ਬਕਾਏ ਫਸੇ ਪਏ ਹਨ। ਇਸ ਜੇਲ੍ਹ ਵੱਲੋਂ ਵੱਖ-ਵੱਖ ਵਿਭਾਗਾਂ ਨੂੰ ਜੇਲ੍ਹ ਵਿਚ ਤਿਆਰ ਸਾਮਾਨ ਦੀ ਸਪਲਾਈ ਕੀਤੀ ਸੀ। ਇਸ ਜੇਲ੍ਹ ਦੇ ਡਿਪਟੀ ਕਮਿਸ਼ਨਰ ਫਿਰੋਜ਼ਪੁਰ ਵੱਲ 17.49 ਲੱਖ ਰੁਪਏ, ਡਿਪਟੀ ਕਮਿਸ਼ਨਰ ਮੋਗਾ ਵੱਲ 2.27 ਲੱਖ ਰੁਪਏ, ਕਮਿਸ਼ਨਰ ਫਿਰੋਜ਼ਪੁਰ ਵੱਲ 60514 ਰੁਪਏ, ਡਿਪਟੀ ਕਮਿਸ਼ਨਰ ਮੁਕਤਸਰ ਵੱਲ 41235 ਰੁਪਏ ਬਕਾਇਆ ਰਕਮ ਖੜ੍ਹੀ ਹੈ। ਇਸ ਜੇਲ੍ਹ ਵੱਲੋਂ ਫਿਰੋਜ਼ਪੁਰ, ਜਲੰਧਰ, ਗੁਰਦਾਸਪੁਰ, ਮਜੀਠਾ, ਮਾਨਸਾ ਦੇ ਐਸ.ਐਸ.ਪੀਜ਼ ਨੂੰ ਵੀ ਸਾਮਾਨ ਸਪਲਾਈ ਕੀਤਾ ਗਿਆ ਜਿਸ ਦੀ ਰਕਮ ਹਾਲੇ ਤੱਕ ਨਹੀਂ ਆਈ ਹੈ। ਤਕਰੀਬਨ 98 ਵਿਭਾਗਾਂ ਵੱਲ ਜੇਲ੍ਹ ਦੇ ਬਕਾਏ ਫਸੇ ਹੋਏ ਹਨ। ਇਸ ਜੇਲ੍ਹ ਦੇ ਕੈਦੀਆਂ ਵੱਲੋਂ ਟੈਂਟ, ਸਫੈਦ ਬਸਤੇ ਤੇ ਚਾਦਰਾਂ, ਕੁਰਸੀਆਂ, ਬੈਂਚ, ਵੇਸਟ ਪੇਪਰ ਪੌਟ, ਬਲੈਕ ਬੋਰਡ, ਤੌਲੀਏ ਆਦਿ ਤਿਆਰ ਕੀਤੇ ਜਾਂਦੇ ਹਨ।

ਅੰਮ੍ਰਿਤਸਰ ਜੇਲ੍ਹ ਦੀ ਵੀ 2.28 ਕਰੋੜ ਰੁਪਏ ਦੀ ਰਕਮ ਵੱਖ-ਵੱਖ ਵਿਭਾਗਾਂ ਵੱਲ ਫਸੀ ਹੋਈ ਹੈ। ਡਿਪਟੀ ਕਮਿਸ਼ਨਰ ਅੰਮ੍ਰਿਤਸਰ ਵੱਲ 42841 ਰੁਪਏ ਬਕਾਇਆ ਹਨ ਜਦੋਂ ਕਿ ਐਸ.ਐਸ.ਪੀ ਤਰਨਤਾਰਨ ਵੱਲ 7.70 ਲੱਖ ਰੁਪਏ ਬਕਾਇਆ ਹਨ। ਅੰਮ੍ਰਿਤਸਰ, ਮਜੀਠਾ ਤੇ ਐਸ.ਐਸ.ਬਠਿੰਡਾ ਵੱਲ ਵੀ ਇਸ ਜੇਲ੍ਹ ਦਾ ਬਕਾਇਆ ਖੜ੍ਹਾ ਹੈ। ਪਨਸਪ ਅਦਾਰੇ ਵੱਲ 3.27 ਲੱਖ ਰੁਪਏ ਤੇ ਪੰਜਾਬ ਰੋਡਵੇਜ਼ ਵੱਲ 20801 ਰੁਪਏ ਦੇ ਬਕਾਏ ਹਨ। ਅੰਮ੍ਰਿਤਸਰ ਦੇ ਸਿਹਤ ਵਿਭਾਗ ਵੱਲ ਵੱਡੇ ਬਕਾਏ ਖੜ੍ਹੇ ਹਨ। ਜੇਲ੍ਹਾਂ ਵੱਲੋਂ ਵਸੂਲੀ ਲਈ ਪੱਤਰ ਵੀ ਲਿਖੇ ਜਾਂਦੇ ਹਨ ਪਰ ਵਿਭਾਗ ਬਜਟ ਨਾ ਹੋਣ ਦੀ ਦੁਹਾਈ ਪਾਉਂਦੇ ਹਨ। ਲੁਧਿਆਣਾ ਜੇਲ੍ਹ ਵਿਚ ਦਰੀਆਂ, ਡਸਟਰ, ਕੁੜਤੇ, ਕੁਰਸੀਆਂ ਦੀਆਂ ਗੱਦੀਆਂ ਆਦਿ ਤਿਆਰ ਕੀਤੀਆਂ ਜਾਂਦੀਆਂ ਹਨ। ਬਠਿੰਡਾ ਜੇਲ੍ਹ ਵਿਚ ਕੈਦੀ ਫਰਨੀਚਰ ਆਦਿ ਤਿਆਰ ਕਰਦੇ ਹਨ।

ਬਠਿੰਡਾ ਜੇਲ੍ਹ ਦੇ ਡਿਪਟੀ ਜੇਲ੍ਹ ਸੁਪਰਡੈਂਟ ਮਨਜੀਤ ਸਿੰਘ ਦਾ ਕਹਿਣਾ ਸੀ ਕਿ ਜੇਲ੍ਹ ਵੱਲੋਂ ਆਰਡਰ ਉਤੇ ਹੀ ਸਾਮਾਨ ਤਿਆਰ ਕੀਤਾ ਜਾਂਦਾ ਹੈ ਤੇ ਇਸ ਵੇਲੇ ਕਿਸੇ ਵੀ ਵਿਭਾਗ ਵੱਲ ਕੋਈ ਬਕਾਇਆ ਨਹੀਂ ਹੈ। ਵੇਰਵਿਆਂ ਅਨੁਸਾਰ ਗੁਰਦਾਸਪੁਰ ਜੇਲ੍ਹ ਦੇ ਵੀ 36.04 ਲੱਖ ਰੁਪਏ ਦੇ ਬਕਾਏ ਖੜ੍ਹੇ ਹਨ। ਇਸ ਜੇਲ੍ਹ ਦੇ ਦੂਸਰੇ ਵਿਭਾਗਾਂ ਵੱਲ 10.23 ਲੱਖ ਰੁਪਏ ਦੇ ਬਕਾਏ ਹਨ। ਸੂਤਰ ਦੱਸਦੇ ਹਨ ਕਿ ਜੇਲ੍ਹਾਂ ਵਿਚਲੀਆਂ ਫੈਕਟਰੀਆਂ ਦੀ ਹਾਲਤ ਹੁਣ ਬਹੁਤੀ ਚੰਗੀ ਨਹੀਂ ਹੈ। ਕਿਤੇ ਕੱਚੇ ਮਾਲ ਦੀ ਸਮੱਸਿਆ ਹੈ ਤੇ ਕਿਤੇ ਅਦਾਇਗੀ ਦੀ। ਹੁਣ ਜੇਲ੍ਹਾਂ ਦੀਆਂ ਫੈਕਟਰੀਆਂ ਵਿਚ ਬਹੁਤੇ ਕੈਦੀਆਂ ਨੂੰ ਕੰਮ ਵੀ ਨਹੀਂ ਮਿਲਦਾ ਹੈ। ਉਜਰਤਾਂ ਦੀ ਵੀ ਸਮੱਸਿਆ ਹੈ।

ਪੰਜਾਬ ਵਿੱਤੀ ਨਿਯਮਾਵਲੀ ਦੇ ਨਿਯਮ 4.7 (1) ਅਨੁਸਾਰ ਸਬੰਧਿਤ ਡੀ.ਡੀ.ਓ ਦੀ ਜ਼ਿੰਮੇਵਾਰੀ ਹੁੰਦੀ ਹੈ ਕਿ ਵੇਚੇ ਗਏ ਸਾਮਾਨ ਦੀ ਫੌਰੀ ਵਸੂਲੀ ਲਵੇ ਤੇ ਖਜ਼ਾਨੇ 'ਚ ਜਮ੍ਹਾ ਕਰਾਏ। ਇਨ੍ਹਾਂ ਜੇਲ੍ਹਾਂ ਦੇ ਪ੍ਰਬੰਧਕਾਂ ਨੇ ਹਾਲੇ ਤੱਕ ਇਹ ਰਾਸ਼ੀ ਵਸੂਲੀ ਨਹੀਂ ਹੈ। ਸਾਮਾਨ ਲੈਣ ਵਾਲੇ ਮਹਿਕਮੇ ਬਜਟ ਨਾ ਹੋਣ ਦੀ ਗੱਲ ਆਖ ਰਹੇ ਹਨ। ਆਡਿਟ ਵਿਭਾਗ ਨੇ ਵੀ ਹੁਣ ਇਨ੍ਹਾਂ ਜੇਲ੍ਹਾਂ ਨੂੰ ਬਕਾਇਆ ਰਾਸ਼ੀ ਵਸੂਲਣ ਦੀ ਹਦਾਇਤ ਕੀਤੀ ਹੈ।

## ਪੰਜਾਬ ਦੇ ਕਈ ਅਧਿਕਾਰੀਆਂ ਨੇ ਨਾ ਮੋੜਿਆ ਬੈਂਕਾਂ ਦਾ ਕਰਜ਼ਾ


**ਚੰਡੀਗੜ੍ਹ:** ਪੰਜਾਬ ਦੇ ਪੁਲਿਸ ਤੇ ਸਿਵਲ ਅਫ਼ਸਰਾਂ ਵੱਲੋਂ ਬੈਂਕ ਦੇ ਕਰੋੜਾਂ ਰੁਪਏ ਦੇ ਕਰਜ਼ੇ ਦੀ ਅਦਾਇਗੀ ਨਾ ਕਰਨ ਲਈ ਅਹੁਦੇ ਦੀ ਦੁਰਵਰਤੋਂ ਕਰਨ ਤੇ ਗਲਤ ਢੰਗ-ਤਰੀਕੇ ਵਰਤਣ 'ਤੇ ਕਰਜ਼ਾ ਵਸੂਲੀ ਟ੍ਰਿਬਿਊਨਲ ਨੇ ਪੰਜਾਬ ਸਰਕਾਰ ਨੂੰ ਕਾਰਵਾਈ ਲਈ ਕਿਹਾ ਹੈ। ਇਹ ਮਾਮਲਾ ਅੰਮ੍ਰਿਤਸਰ ਵਿਚ ਸ਼ੇਰਵੁੱਡ ਹਾਊਸਿੰਗ ਸੁਸਾਇਟੀ ਨਾਲ ਸਬੰਧਤ ਹੈ। ਇਸ ਸੁਸਾਇਟੀ ਦੇ ਚੇਅਰਮੈਨ ਆਈ.ਜੀ. ਰੈਂਕ ਦੇ ਅਧਿਕਾਰੀ ਪਰਮਪਾਲ ਸਿੰਘ ਸਿੱਧੂ ਹਨ। ਸੁਸਾਇਟੀ ਦੇ ਮੈਂਬਰ ਤੇ ਹੋਰਨਾਂ ਅਹੁਦੇਦਾਰਾਂ ਵਿਚ ਪੀ.ਸੀ.ਐਸ. ਅਫ਼ਸਰ ਪ੍ਰਨੀਤ ਭਾਰਦਵਾਜ, ਜੇ.ਐਸ. ਗਰੇਵਾਲ, ਅਮਰਜੀਤ ਪਾਲ ਤੇ ਇੰਦਰਯਸ਼ ਭੱਟੀ ਸ਼ਾਮਲ ਹਨ। ਸੁਸਾਇਟੀ ਨੇ ਪੰਜਾਬ ਨੈਸ਼ਨਲ ਬੈਂਕ ਤੋਂ ਤਕਰੀਬਨ ਤਿੰਨ ਸਾਲ ਪਹਿਲਾਂ 20 ਕਰੋੜ ਰੁਪਏ ਦਾ ਕਰਜ਼ਾ ਲਿਆ ਸੀ। ਇਸ ਸਮੇਂ ਬੈਂਕ ਨੇ 21.80 ਕਰੋੜ ਰੁਪਏ ਦੇ ਕਰਜ਼ੇ ਦੀ ਵਸੂਲੀ ਕਰਨੀ ਹੈ। ਟ੍ਰਿਬਿਊਨਲ ਨੇ ਕਰਜ਼ੇ ਦੀ ਅਦਾਇਗੀ ਨਾ ਕੀਤੇ ਜਾਣ 'ਤੇ ਬੈਂਕ ਨੂੰ ਜ਼ਮੀਨ ਦਾ ਕਬਜ਼ਾ ਲੈਣ ਦੇ ਹੁਕਮ ਦਿੱਤੇ ਹਨ। ਬੈਂਕ ਨੇ ਟ੍ਰਿਬਿਊਨਲ ਨੂੰ ਕੀਤੀ ਸ਼ਿਕਾਇਤ ਵਿਚ ਕਿਹਾ ਹੈ ਕਿ ਜ਼ਮੀਨ ਦਾ ਕਬਜ਼ਾ ਲੈਣ ਗਈ ਟੀਮ ਨੂੰ ਬੰਦੀ ਬਣਾ ਲਿਆ ਗਿਆ।

ਟ੍ਰਿਬਿਊਨਲ ਦੇ ਪ੍ਰੀਜ਼ਾਈਡਿੰਗ ਅਫ਼ਸਰ ਵੱਲੋਂ ਜ਼ਮੀਨ ਦਾ ਕਬਜ਼ਾ ਲੈਣ ਬਾਰੇ ਕੀਤੇ ਹੁਕਮਾਂ ਵਿਚ ਅਫ਼ਸਰਾਂ ਦੇ ਵਿਹਾਰ ਤੇ ਤੌਰ-ਤਰੀਕਿਆਂ ਬਾਰੇ ਟਿੱਪਣੀ ਕੀਤੀ ਗਈ। ਇਸ ਹੁਕਮ ਦੀ ਕਾਪੀ ਪੰਜਾਬ ਸਰਕਾਰ ਨੂੰ ਭੇਜਦਿਆਂ ਕਿਹਾ ਗਿਆ ਕਿ ਇਨ੍ਹਾਂ ਅਫ਼ਸਰਾਂ ਨੂੰ ਜ਼ਿਲ੍ਹਾ ਮੈਜਿਸਟਰੇਟ (ਡਿਪਟੀ ਕਮਿਸ਼ਨਰ) ਨੂੰ ਪ੍ਰਭਾਵਿਤ ਕਰਨ ਵਾਲੀਆਂ ਗਤੀਵਿਧੀਆਂ ਤੋਂ ਰੋਕਿਆ ਜਾਵੇ।


Jammu Chiropractic

ਕੀ ਤੁਹਾਨੂੰ ਲਗਾਤਾਰ ਕਮਰ, ਗਰਦਨ, ਗੋਡਿਆਂ, ਸਿਰ ਦਰਦ ਜਾਂ ਕਿਸੇ ਵੀ ਕਿਸਮ ਦੇ ਜੋੜਾਂ ਦੇ ਦਰਦ ਜਾਂ ਪੱਠਿਆਂ ਦੇ ਦਰਦ ਨੇ ਸਤਾਇਆ ਹੋਇਆ ਹੈ?

ਅਸੀਂ ਤੁਹਾਨੂੰ ਇਸ ਦਰਦ ਤੋਂ ਛੁਟਕਾਰਾ ਦਿਵਾ ਸਕਦੇ ਹਾਂ।



*We Accept Personal Injury (PI) Cases*

Medicare & Most Private Insurances Accepted



*Contact:* Dr. Baljit Jammu

*Doctor of Chiropractic*

Ph: 510-940-8236

1090 La Playa Dr., Hayward CA 94545



Dhillon Truck Stop

Dhillon Road Service

Interstate 40, exit 356, San Jon, NM

ਗਿੱਲ ਮੰਜ ਗੁਰਦਾਸਪੁਰ ਵਾਲੇ

ਪੰਜਾਬੀ ਢਾਬਾ



ਡੀਜ਼ਲ ਅਤੇ ਰੋਡ ਸਰਵਿਸ

New & Used Tires

Oil Change

ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ

Ph:575-576-4111, 575-815-8536



M.K. Nijjar DDS

Ruchi Nijjar DDS

*Laser Dentistry*

*No shots, No Drill, No Pain.*

*Family Dentistry*

*Cosmetic Dentistry*

*Esthetic Crowns, Bridges & Dentures Teeth Whitening * Oral Surgery Root Canal Treatments*

*Treatments & Prevention of Gum Diseases New Patients & Children Welcome*

510-794-7058

WWW.DRNIJJAR.COM

*(Across From Washigton Hospital & Bart)*

*1895 Mowry Ave. Ste 104 Fremont*

# ਹੁਣ ਪਰਵਾਸੀ ਲਾੜੀਆਂ ਵਿਆਹਾਂ ਦੇ ਬਹਾਨੇ ਠੱਗਣ ਲੱਗੀਆਂ



**ਚੰਡੀਗੜ੍ਹ:** ਪਰਵਾਸੀ ਲਾੜੀਆਂ ਵੱਲੋਂ ਪੰਜਾਬੀ ਨੌਜਵਾਨਾਂ ਨੂੰ 'ਡਾਲਰਾਂ ਦੇ ਸਬਜ਼ਬਾਗ' ਦਿਖਾ ਕੇ ਉਨ੍ਹਾਂ ਨਾਲ ਵਿਆਹ ਦੇ ਬਹਾਨੇ ਠੱਗੀ ਮਾਰੀ ਜਾ ਰਹੀ ਹੈ। ਪੰਜਾਬ ਪੁਲਿਸ ਦੇ ਮੁਹਾਲੀ ਸਥਿਤ ਐਨ.ਆਰ.ਆਈ. ਵਿੰਗ ਸਮੇਤ ਸੂਬੇ ਦੇ ਪੁਲਿਸ ਸਟੇਸ਼ਨਾਂ ਵਿਚ ਇਸ ਸਾਲ ਅਜਿਹੇ ਤਕਰੀਬਨ 40 ਮਾਮਲੇ ਦਰਜ ਹੋ ਚੁੱਕੇ ਹਨ। ਸਰਕਾਰੀ ਅੰਕੜਿਆਂ ਵਿਚ ਪਰਵਾਸੀ ਲਾੜਿਆਂ ਵੱਲੋਂ ਲਾੜੀਆਂ ਦੀ ਬੇਕਦਰੀ ਕਰਨਾ ਜਾਰੀ ਹੈ ਪਰ ਇਹ ਗਿਣਤੀ ਕੁਝ ਘਟ ਗਈ ਹੈ।

ਮਹਿਲਾਵਾਂ ਵੱਲੋਂ ਪਰਵਾਸੀ ਲਾੜਿਆਂ ਖ਼ਿਲਾਫ਼ ਇਸ ਵਰ੍ਹੇ 180 ਸ਼ਿਕਾਇਤਾਂ ਦਰਜ ਹੋਈਆ ਹਨ ਜੋ ਪਹਿਲਾਂ ਦੇ ਮੁਕਾਬਲੇ ਬਹੁਤ ਘੱਟ ਹੈ। ਪਰਵਾਸੀ ਲਾੜਿਆਂ ਦੇ ਪਰਿਵਾਰਾਂ ਵੱਲੋਂ ਛੱਡੀਆਂ ਗਈਆਂ ਔਰਤਾਂ 'ਤੇ ਇਹ ਇਲਜ਼ਾਮ ਲਾਏ ਜਾਂਦੇ ਹਨ ਕਿ ਉਸ ਦਾ ਚਰਿੱਤਰ ਠੀਕ ਨਹੀਂ ਸੀ ਜਾਂ ਉਹ ਉਨ੍ਹਾਂ ਦੇ ਰੁਤਬੇ ਮੁਤਾਬਕ ਨਹੀਂ ਹੈ, ਜਾਂ ਘੱਟ ਦਾਜ ਲਿਆਈ ਹੈ। ਲਾੜੀਆਂ ਵੱਲੋਂ ਛੱਡੇ ਗਏ ਮੁੰਡਿਆਂ 'ਤੇ ਇਹ ਦੋਸ਼ ਮੜ੍ਹੇ ਜਾ ਰਹੇ ਹਨ ਕਿ ਉਹ ਨਿਪੁੰਸਕ ਹੈ ਜਾਂ ਰਿਸ਼ਤਾ ਬੇਮੇਲ ਹੈ। ਰਾਏਕੋਟ ਦੇ ਸੁਰਜੀਤ ਸਿੰਘ (ਬਦਲਿਆ ਨਾਂ) ਨਾਲ ਵੀ ਅਜਿਹੀ ਠੱਗੀ ਵੱਜੀ ਹੈ। 2009 ਵਿਚ ਉਸ ਨੂੰ ਕੈਨੇਡਾ ਵਿਚ ਰਹਿੰਦੀ ਪੰਜਾਬੀ ਕੁੜੀ ਮਿਲ ਗਈ। ਇਸ ਕੁੜੀ ਦੇ ਪਰਿਵਾਰ ਨੇ ਵਿਦੇਸ਼ ਲਿਜਾਣ ਲਈ 26 ਲੱਖ ਰੁਪਏ ਮੰਗੇ। ਸੁਰਜੀਤ ਸਿੰਘ ਤੇ ਉਸ ਦੇ ਪਰਿਵਾਰਕ ਮੈਂਬਰ ਇਹ ਪੈਸਾ ਦੇਣਾ ਮੰਨ ਗਏ ਕਿਉਂਕਿ ਉਨ੍ਹਾਂ ਨੂੰ ਜਾਪਦਾ ਸੀ ਕਿ ਵਿਦੇਸ਼ ਜਾਣ ਦਾ ਸੁਪਨਾ ਇੰਜ ਹੀ ਪੂਰਾ ਹੋ ਸਕਦਾ ਹੈ। ਦੋਹਾਂ ਦੇ ਵਿਆਹ ਨੂੰ ਪੰਜ ਸਾਲ ਹੋ ਗਏ ਹਨ ਪਰ ਸੁਰਜੀਤ ਅਜੇ ਵੀ ਪੰਜਾਬ ਬੈਠਾ ਹੈ। ਉਸ ਦਾ ਪਤਨੀ ਨਾਲ ਤਿੰਨ ਸਾਲ ਤੋਂ ਰਾਬਤਾ ਵੀ ਟੁੱਟ ਗਿਆ ਹੈ। 2011 ਵਿਚ ਉਸ ਦੇ ਵੀਜ਼ੇ ਦੇ ਕਾਗਜ਼ ਰੱਦ ਹੋਣ ਤੋਂ ਬਾਅਦ ਉਸ ਤੋਂ ਹੋਰ 10 ਲੱਖ ਰੁਪਏ ਵਸੂਲੇ ਗਏ ਸਨ।

ਸੁਰਜੀਤ ਸਿੰਘ ਹੁਣ ਇਨਸਾਫ ਲਈ ਪੁਲਿਸ ਥਾਣਿਆਂ ਤੇ ਅਦਾਲਤਾਂ ਦੇ ਚੱਕਰ ਕੱਟਣ ਨੂੰ ਮਜਬੂਰ ਹੈ। ਉਸ ਨੂੰ ਤਲਾਕ ਵੀ ਨਹੀਂ ਮਿਲ ਸਕਦਾ ਹੈ ਤੇ ਨਾ ਹੀ ਉਹ ਦੁਬਾਰਾ ਵਿਆਹ ਕਰਵਾ ਸਕਦਾ ਹੈ। ਉਸ ਦੀ ਆਮਦਨ ਦਾ ਜ਼ਰੀਆ ਵੀ ਨਹੀਂ ਰਿਹਾ ਕਿਉਂਕਿ ਵਿਦੇਸ਼ ਜਾਣ ਲਈ ਪੈਸੇ ਦਾ ਪ੍ਰਬੰਧ ਉਸ ਨੇ ਜ਼ਮੀਨ ਵੇਚ ਕੇ ਕੀਤਾ ਸੀ। ਕੁਝ ਅਜਿਹੇ ਵੀ ਕੇਸ ਹਨ ਜਦੋਂ ਪਰਵਾਸੀ ਪੰਜਾਬੀ ਨੌਜਵਾਨਾਂ ਨਾਲ ਕੁੜੀਆਂ ਨੇ ਠੱਗੀ ਮਾਰੀ। ਅਜਿਹਾ ਹੀ ਇਕ ਮਾਮਲਾ ਮੋਗਾ ਦੇ ਕੈਨੇਡੀਅਨ ਵਾਸੀ ਅਮਰੀਕ ਸਿੰਘ (ਬਦਲਿਆ ਨਾਂ) ਦਾ ਹੈ। ਉਸ ਦੀ ਪਤਨੀ ਨੇ ਆਪਣੇ ਮਾਪਿਆਂ ਕੋਲ ਪਹੁੰਚਣ ਦਾ ਗਲਤ ਰਾਹ ਅਖ਼ਤਿਆਰ ਕੀਤਾ ਕਿਉਂਕਿ ਉਸ ਦੇ ਕਾਗਜ਼ ਰੱਦ ਹੋ ਗਏ ਸਨ। ਉਸ ਨੇ ਕੈਨੇਡਾ ਵਿਚ ਰਹਿੰਦੇ ਲੜਕੇ ਨਾਲ ਵਿਆਹ ਕੀਤਾ ਤੇ ਫਿਰ ਸਥਾਈ ਨਾਗਰਿਕਤਾ ਹਾਸਲ ਕਰਨ ਤੋਂ ਬਾਅਦ ਉਹ ਮਾਪਿਆਂ ਨੂੰ ਮਿਲਣ ਗਈ ਤੇ ਫਿਰ ਪਰਤੀ ਨਹੀਂ। ਬਾਅਦ ਵਿਚ ਉਸ ਖ਼ਿਲਾਫ ਕੇਸ ਦਰਜ ਕੀਤਾ ਗਿਆ ਤਾਂ ਲੜਕੀ ਨੇ ਨੌਜਵਾਨ ਨੂੰ ਨਪੁੰਸਕ ਹੋਣ ਦਾ ਦੋਸ਼ ਲਾਇਆ। ਉਂਜ ਸਾਲ ਭਰ ਇਕੱਠੇ ਰਹਿੰਦੇ ਰਹੇ ਸਨ।

ਮੈਡੀਕਲ ਜਾਂਚ ਵਿਚ ਮੁੰਡੇ ਨੂੰ ਅਜਿਹੀ ਕੋਈ ਸਮੱਸਿਆ ਸਾਹਮਣੇ ਨਹੀਂ ਆਈ. ਮਾਮਲਾ ਵਿਗੜਦਾ ਦੇਖ ਕੇ ਕੁੜੀ ਨੇ ਪਤੀ ਤੇ ਸਹੁਰਾ ਪਰਿਵਾਰ 'ਤੇ ਦਾਜ ਲਈ ਤੰਗ ਕਰਨ ਦਾ ਦੋਸ਼ ਮੜ੍ਹ ਦਿੱਤਾ। ਪਤੀਆਂ ਨੂੰ ਛੱਡਣ ਦੇ ਬਹੁਤੇ ਮਾਮਲੇ ਕੈਨੇਡਾ, ਅਮਰੀਕਾ ਤੇ ਇੰਗਲੈਂਡ ਤੋਂ ਆ ਰਹੇ ਹਨ। ਅੰਕੜਿਆਂ ਮੁਤਾਬਕ ਮੋਗਾ, ਜਗਰਾਓਂ, ਬਠਿੰਡਾ ਤੇ ਜਲੰਧਰ ਦੇ ਨੌਜਵਾਨਾਂ ਨਾਲ ਅਜਿਹੀ ਠੱਗੀ ਮਾਰੀ ਗਈ ਹੈ। ਪੁਲਿਸ ਅਧਿਕਾਰੀ ਨੇ ਕਿਹਾ ਕਿ ਜੇਕਰ ਕੋਈ ਨੌਜਵਾਨ ਵਿਦੇਸ਼ ਜਾਣ ਦੇ ਚੱਕਰ ਵਿਚ ਇਸ ਤਰ੍ਹਾਂ ਠੱਗਿਆ ਜਾਂਦਾ ਹੈ ਤਾਂ ਐਫ.ਆਈ.ਆਰ. ਤੋਂ ਬਾਅਦ ਜੇਕਰ ਉਹ ਜਾਂਚ ਵਿਚ ਸ਼ਾਮਲ ਨਹੀਂ ਹੁੰਦੇ ਤਾਂ ਮੁਲਜ਼ਮ ਨੂੰ ਭਗੌੜਾ ਕਰਾਰ ਦਿੱਤਾ ਜਾਂਦਾ ਹੈ। ਇਸ ਦੇ ਨਾਲ ਮੁਲਜ਼ਮਾਂ ਦੀ ਜਾਇਦਾਦ ਵੀ ਕੇਸ ਨਾਲ ਜੋੜ ਦਿੱਤੀ ਜਾਂਦੀ ਹੈ।

## ਠੇਕੇ ਉਤੇ ਵਿਆਹਾਂ ਦਾ ਰੁਝਾਨ ਵਧਿਆ

ਐਨ.ਆਰ.ਆਈ. ਵਿੰਗ ਦੀ ਮੁਖੀ ਆਈ.ਜੀ. ਗੁਰਪ੍ਰੀਤ ਦਿਓ ਦਾ ਕਹਿਣਾ ਹੈ ਕਿ ਔਰਤਾਂ ਅਸਲ ਵਿਆਹ ਦੇ ਨਾਲ-ਨਾਲ ਠੇਕੇ 'ਤੇ ਵਿਆਹ (ਕਾਗਜ਼ੀ ਵਿਆਹ) ਵੀ ਕਰਵਾ ਰਹੀਆਂ ਹਨ। ਮੁੰਡੇ ਨੂੰ ਬਾਹਰ ਭੇਜਣ ਦੇ ਚੱਕਰ ਵਿਚ ਦੋਵੇਂ ਪਰਿਵਾਰਾਂ ਦੇ ਮੈਂਬਰ ਅਸਲ ਵਿਆਹ ਰਚਾਉਂਦੇ ਹਨ ਪਰ ਠੇਕੇ 'ਤੇ ਵਿਆਹ ਦਾ ਮਕਸਦ ਸਿਰਫ ਵਿਦੇਸ਼ ਜਾਣ ਦੀ ਤਮੰਨਾ ਹੁੰਦੀ ਹੈ ਤੇ ਇਸ ਦੀ ਜਾਣਕਾਰੀ ਦੋਵੇਂ ਪਰਿਵਾਰਾਂ ਦੇ ਮੈਂਬਰਾਂ ਨੂੰ ਵੀ ਹੁੰਦੀ ਹੈ।

ਲਾੜਿਆਂ ਨੂੰ ਛੱਡਣ ਦੇ ਜ਼ਿਆਦਾਤਰ ਮਾਮਲੇ ਠੇਕੇ 'ਤੇ ਹੋਏ ਵਿਆਹ ਹੁੰਦੇ ਹਨ। ਪੁਲਿਸ ਕੋਲ ਫਰਿਆਦ ਉਸ ਸਮੇਂ ਕੀਤੀ ਜਾਂਦੀ ਹੈ ਜਦੋਂ ਦੋਵੇਂ ਧਿਰਾਂ ਵਿਚਕਾਰ ਰਾਬਤਾ ਠੱਪ ਹੋ ਜਾਂਦਾ ਹੈ। ਉਨ੍ਹਾਂ ਕਿਹਾ ਕਿ ਲਾੜਿਆਂ ਨੂੰ ਛੱਡਣ ਦੇ ਮਾਮਲੇ ਆਮ ਤੌਰ 'ਤੇ ਦੱਬੇ ਰਹਿ ਜਾਂਦੇ ਹਨ ਕਿਉਂਕਿ ਉਹ ਸਮਾਜ ਵਿਚ ਸ਼ਰਮ ਕਾਰਨ ਇਸ ਠੱਗੀ ਦਾ ਜ਼ਿਕਰ ਕਿਸੇ ਅੱਗੇ ਨਹੀਂ ਕਰਦੇ। ਉਂਜ ਔਰਤਾਂ ਨਾਲ ਠੱਗੀ ਵੱਜਣ 'ਤੇ ਉਹ ਰੌਲਾ ਪਾਉਣ ਤੋਂ ਗੁਰੇਜ਼ ਨਹੀਂ ਕਰਦੀਆਂ।

# ਜਗਤਾਰ ਸਿੰਘ ਹਵਾਰਾ ਦੀ ਸਿਹਤ ਵਿਗੜੀ



**ਚੰਡੀਗੜ੍ਹ:** ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕੇਸ ਵਿਚ ਦੋਸ਼ੀ ਤੇ ਬੱਬਰ ਖ਼ਾਲਸਾ ਇੰਟਰਨੈਸ਼ਨਲ ਦਾ ਆਗੂ ਜਗਤਾਰ ਸਿੰਘ ਹਵਾਰਾ ਪਿੱਠ ਦਾ ਦਰਦ ਵਧਣ ਕਾਰਨ ਤਿਹਾੜ ਜੇਲ੍ਹ ਦੇ ਹਸਪਤਾਲ ਵਿਚ ਦਾਖ਼ਲ ਹੈ। ਉਸ ਦਾ ਇਲਾਜ ਆਲ ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸਜ਼, ਨਵੀਂ ਦਿੱਲੀ (ਏਮਜ਼) ਦੇ ਡਾਕਟਰਾਂ ਦੀ ਸਲਾਹ ਨਾਲ ਸ਼ੁਰੂ ਕੀਤਾ ਗਿਆ ਹੈ। ਏਮਜ਼ ਦੀ ਰਿਪੋਰਟ ਅਨੁਸਾਰ ਉਸ ਦੀ ਪਿੱਠ ਦਾ ਮਣਕਾ ਹਿੱਲ ਗਿਆ ਹੈ। ਜੇਲ੍ਹ ਪ੍ਰਸ਼ਾਸਨ ਵੱਲੋਂ ਹਵਾਰਾ ਦੀ 20 ਜੁਲਾਈ ਨੂੰ ਏਮਜ਼ ਵਿਚੋਂ ਮੈਡੀਕਲ ਜਾਂਚ ਤੇ ਪਿੱਠ ਦਾ ਐਕਸਰੇ ਕਰਵਾਇਆ ਗਿਆ ਸੀ, ਜਿਸ ਤੋਂ ਬਾਅਦ ਡਾਕਟਰਾਂ ਨੇ ਹਸਪਤਾਲ ਵਿਚ ਦਾਖ਼ਲ ਕਰਨ ਦੀ ਸਲਾਹ ਦਿੱਤੀ ਸੀ। ਉਸ ਨੂੰ ਪਿੱਠ ਦੀ ਪੁਰਾਣੀ ਤਕਲੀਫ ਹੈ ਤੇ ਪਿਛਲੇ ਸਮੇਂ ਤੋਂ ਉਸ ਨੂੰ ਖੜ੍ਹੇ ਹੋਣਾ ਵੀ ਔਖਾ ਹੋ ਰਿਹਾ ਹੈ।

ਦੱਸਣਯੋਗ ਹੈ ਕਿ ਹਵਾਰਾ ਨੂੰ ਤਿਹਾੜ ਜੇਲ੍ਹ, ਦਿੱਲੀ ਦੇ 'ਹਾਈ ਰਿਸਕ ਵਾਰਡ ਨੰਬਰ ਇਕ' ਵਿਚ ਰੱਖਿਆ ਜਾ ਰਿਹਾ ਹੈ। ਇਸ ਬੈਰਕ ਵਿਚ ਸਹੂਲਤਾਂ ਦੀ ਘਾਟ ਕਾਰਨ ਪਿੱਠ ਦਾ ਦਰਦ ਹੋਰ ਵਧ ਗਿਆ ਹੈ। ਵਕੀਲ ਹਰਪਾਲ ਸਿੰਘ ਚੀਮਾ ਦਾ ਕਹਿਣਾ ਹੈ ਕਿ ਹਵਾਰਾ ਨੂੰ ਪਿੱਠ ਦੇ ਅਪਰੇਸ਼ਨ ਦੀ ਲੋੜ ਨਹੀਂ ਹੈ ਤੇ ਡਾਕਟਰਾਂ ਨੇ ਦਵਾਈ ਨਾਲ ਹੀ ਤੰਦਰੁਸਤ ਕਰਨ ਦਾ ਦਾਅਵਾ ਕੀਤਾ ਹੈ।

ਪਿਛਲੇ ਦਿਨੀਂ ਹਵਾਰਾ ਪਿੱਠ ਦੇ ਦਰਦ ਕਾਰਨ ਚੰਡੀਗੜ੍ਹ ਦੀਆਂ ਜ਼ਿਲ੍ਹਾ ਕਚਿਹਰੀਆਂ ਵਿਚ ਦੋ ਵਾਰ ਤਰੀਕ ਭੁਗਤਣ ਵੀ ਨਹੀਂ ਆ ਸਕਿਆ।

# ਅਨਿਲ ਜੋਸ਼ੀ ਦੀ ਅੜੀ ਤੋਂ ਨਾਖੁਸ਼ ਨੇ ਅਕਾਲੀ ਆਗੂ



**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਭਾਵੇਂ ਸਥਾਨਕ ਸਰਕਾਰਾਂ ਬਾਰੇ ਮੰਤਰੀ ਅਨਿਲ ਜੋਸ਼ੀ ਦੇ ਵਿਰੋਧ ਪਿੱਛੋਂ ਵੈਟ ਐਕਟ ਦੀ ਧਾਰਾ 13 (1) ਵਿਚ ਸੋਧ ਕਰਨ ਦਾ ਫੈਸਲਾ ਵਾਪਸ ਲੈ ਲਿਆ ਹੈ ਪਰ ਜੋਸ਼ੀ ਦੀ ਇਸ ਅੜੀ ਕਾਰਨ ਅਕਾਲੀ ਆਗੂ ਸਖ਼ਤ ਨਾਰਾਜ਼ ਹਨ। ਅਕਾਲੀ ਦਲ ਨੇ ਪੰਜਾਬ ਭਾਜਪਾ ਦੇ ਪ੍ਰਧਾਨ ਕਮਲ ਸ਼ਰਮਾ ਨੂੰ ਅਪੀਲ ਕੀਤੀ ਹੈ ਕਿ ਸ੍ਰੀ ਜੋਸ਼ੀ ਨੂੰ ਗਠਜੋੜ ਦੇ ਸਿਧਾਂਤਾਂ ਦੀ ਉਲੰਘਣਾ ਕਰਨ ਤੋਂ ਰੋਕਣ ਤੇ ਮੰਤਰੀ ਮੰਡਲ ਦੀ ਸਮੂਹਿਕ ਜ਼ਿੰਮੇਵਾਰੀ 'ਤੇ ਖੜ੍ਹੇ ਰਹਿਣ ਲਈ ਨਿਰਦੇਸ਼ ਜਾਰੀ ਕੀਤੇ ਜਾਣ। ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਤੇ ਪਾਰਟੀ ਦੀ ਕੋਰ ਕਮੇਟੀ ਦੇ ਮੈਂਬਰ ਮਹੇਸ਼ਇੰਦਰ ਗਰੇਵਾਲ ਨੇ ਕਿਹਾ ਕਿ ਸ੍ਰੀ ਜੋਸ਼ੀ ਵੱਲੋਂ ਵੈਟ ਐਕਟ ਵਿਚ ਕੀਤੀ ਸੋਧ ਤਰੁੰਤ ਵਾਪਸ ਨਾ ਕਰਨ ਦੀ ਸੂਰਤ ਵਿਚ ਅੰਦੋਲਨ ਕਰਨ ਦਾ ਦਿੱਤਾ ਗਿਆ ਅਲਟੀਮੇਟਮ ਨਾ ਸਿਰਫ ਹੈਰਾਨੀਜਨਕ ਸਗੋਂ ਅਪ੍ਰਵਾਨਯੋਗ ਵੀ ਹੈ।

ਹੈਰਾਨੀ ਦੀ ਗੱਲ ਹੈ ਕਿ ਸ੍ਰੀ ਜੋਸ਼ੀ ਅਕਤੂਬਰ 2013 ਵਿਚ ਹੋਈ ਕੈਬਨਿਟ ਦੀ ਮੀਟਿੰਗ ਵਿਚ ਹਾਜ਼ਰ ਸਨ, ਜਿਸ ਨੇ ਵੈਟ ਐਕਟ ਦੀ ਧਾਰਾ 13 (1) ਵਿਚ ਸੋਧ ਕਰਨ ਦੀ ਫੈਸਲਾ ਲਿਆ ਸੀ। ਸ੍ਰੀ ਗਰੇਵਾਲ ਨੇ ਕਿਹਾ ਕਿ ਉਨ੍ਹਾਂ ਨੇ ਸਿਰਫ ਕੈਬਨਿਟ ਵਿਚ ਹੀ ਨਹੀਂ ਸਗੋਂ ਵਿਧਾਨ ਸਭਾ ਦੇ ਬਜਟ ਸਮਾਗਮ ਵਿਚ ਵੀ ਇਸ ਮੁੱਦੇ ਦੀ ਪੁਸ਼ਟੀ ਕੀਤੀ ਸੀ। ਸ਼੍ਰੋਮਣੀ ਅਕਾਲੀ ਦਲ-ਭਾਜਪਾ ਸਰਕਾਰ ਲੋਕਾਂ ਤੋਂ ਫੀਡਬੈਕ ਲੈਣ ਤੇ ਇਸ 'ਤੇ ਪ੍ਰਤੀਕਿਰਿਆ ਕਰਨ ਵਿਚ ਵਿਸ਼ਵਾਸ ਰੱਖਦੀ ਹੈ। ਵੱਖ-ਵੱਖ ਵਪਾਰਕ ਸੰਗਠਨਾਂ ਕੋਲੋਂ ਪ੍ਰਾਪਤ ਹੋਈ ਫੀਡਬੈਕ ਦੇ ਅਧਾਰ 'ਤੇ ਹੀ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਸਟਾਕ ਉਤੇ ਆਈ.ਟੀ.ਸੀ. ਨੂੰ ਵਾਪਸ ਲੈਣ ਦਾ ਫੈਸਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਭਾਜਪਾ ਦੇ ਸੀਨੀਅਰ ਆਗੂ ਮਨੋਰੰਜਨ ਕਾਲੀਆ ਨੇ ਵੀ ਇਸ ਬਾਰੇ ਉਪ ਮੁੱਖ ਮੰਤਰੀ ਨੂੰ ਅਪੀਲ ਕੀਤੀ ਸੀ। ਸ੍ਰੀ ਗਰੇਵਾਲ ਨੇ ਕਿਹਾ ਕਿ ਵੈਟ ਐਕਟ ਵਿਚ ਸੋਧ ਪਿੱਛੇ ਵਿਚਾਰ ਟੈਕਸ ਚੋਰੀ 'ਤੇ ਪੂਰੀ ਤਰ੍ਹਾਂ ਨਿਯੰਤਰਣ ਕਰਨਾ ਸੀ। ਇਸ ਬਾਰੇ ਇਹ ਫੀਡਬੈਕ ਮਿਲੀ ਸੀ ਕਿ ਪੰਜਾਬ ਵਿਚ 2.49 ਰਜਿਸਟਰਡ ਵਪਾਰੀਆਂ ਵਿਚੋਂ ਸਿਰਫ 1063 ਵਪਾਰੀ ਹੀ ਵੈਟ ਦੀ ਕੁੱਲ ਪ੍ਰਾਪਤੀ ਦਾ 85 ਫ਼ੀਸਦੀ ਟੈਕਸ ਅਦਾ ਕਰਦੇ ਹਨ। ਕੁੱਲ ਵਪਾਰੀਆਂ ਵਿਚੋਂ ਸਿਰਫ 3000 ਵਪਾਰੀ ਟੈਕਸ ਦਾ 90 ਫੀਸਦੀ ਹਿੱਸਾ ਜਮ੍ਹਾਂ ਕਰਦੇ ਹਨ ਜਦਕਿ 1.44 ਲੱਖ ਡੀਲਰਾਂ ਨੇ ਕੋਈ ਟੈਕਸ ਨਹੀਂ ਦਿੱਤਾ।

# ਹੀਰੋਸ਼ੀਮਾ 'ਤੇ ਬੰਬ ਸੁੱਟਣ ਵਾਲੇ ਅਮਲੇ ਦੇ ਆਖਰੀ ਮੈਂਬਰ ਦੀ ਮੌਤ

**ਨਿਊ ਯਾਰਕ:** ਦੂਜੀ ਵਿਸ਼ਵ ਜੰਗ ਵੇਲੇ ਜਪਾਨੀ ਸ਼ਹਿਰ ਹੀਰੋਸ਼ੀਮਾ 'ਤੇ ਐਟਮ ਬੰਬ ਡੇਗਣ ਵਾਲੇ ਅਮਰੀਕੀ ਜਹਾਜ਼ ਬੀ-29 ਦੇ ਅਮਲੇ ਵਿਚ ਸ਼ਾਮਲ ਥਿਓਡੋਰ ਵੈਨ ਕਿਰਕ ਦਾ 93 ਸਾਲ ਦੀ ਉਮਰ ਵਿਚ ਦਿਹਾਂਤ ਹੋ ਗਿਆ ਹੈ। ਵੈਨ ਕਿਰਕ ਬੀ-29 ਸੁਪਰ ਜਹਾਜ਼ ਇਨੋਲਾ ਗੇਅ ਦਾ ਨੈਵੀਗੇਟਰ ਸੀ, ਜਿਸ ਨੇ ਛੇ ਅਗਸਤ 1945 ਵਿਚ ਹੀਰੋਸ਼ੀਮਾ 'ਤੇ 'ਲਿਟਿਲ ਬੁਆਏ' ਨਾਮਕ ਐਟਮ ਬੰਬ ਡੇਗਿਆ ਸੀ। ਇਸ ਬੰਬ ਨਾਲ ਇਕ ਲੱਖ 40 ਹਜ਼ਾਰ ਲੋਕ ਮਾਰੇ ਗਏ ਸਨ ਤੇ ਸ਼ਹਿਰ ਦੀ ਅੱਧੀ ਤੋਂ ਵੱਧ ਵਸੋਂ ਖ਼ਤਮ ਹੋ ਗਈ ਸੀ।



ਵੈਨ ਕਿਰਕ ਉਸ ਸਮੇਂ 24 ਵਰ੍ਹਿਆਂ ਦਾ ਸੀ। ਵੈਨ ਕਿਰਕ ਦਾ ਜਨਮ ਨੌਰਥਮਬਰਲੈਂਡ, ਪੈਨਸਿਲਵਾਨਿਆ ਵਿਚ ਹੋਇਆ ਸੀ। ਉਹ ਇਕ ਵਰ੍ਹੇ ਤੱਕ ਕਾਲਜ ਵਿਚ ਪੜ੍ਹਿਆ ਤੇ ਫਿਰ 1941 ਵਿਚ ਏਅਰ ਫੋਰਸ ਵਿਚ ਕੈਡਟ ਬਣ ਗਿਆ। 1946 ਵਿਚ ਉਸ ਨੇ ਮੇਜਰ ਰਹਿੰਦਿਆਂ ਫੌਜ ਤੋਂ ਸੇਵਾਮੁਕਤੀ ਲੈ ਲਈ। ਇਸ ਦੌਰਾਨ ਉਸ ਨੂੰ ਕਈ ਐਵਾਰਡ ਵੀ ਮਿਲੇ।

# ਹੁਣ 'ਆਪ' ਵਿਚ 'ਮੈਂ' ਹੋਈ ਪ੍ਰਧਾਨ!

## ਟਿਕਟ ਕੱਟੇ ਜਾਣ ਪਿਛੋਂ ਬਲਕਾਰ ਸਿੱਧੂ ਨੇ ਆਜ਼ਾਦ ਉਮੀਦਵਾਰ ਵਜੋਂ ਕਾਗਜ਼ ਭਰੇ



ਗਾਇਕ ਬਲਕਾਰ ਸਿੱਧੂ ਆਪਣੇ ਕਾਗਜ਼ ਦਾਖ਼ਲ ਕਰਦਾ ਹੋਇਆ

**ਤਲਵੰਡੀ ਸਾਬੋ:** ਆਮ ਆਦਮੀ ਪਾਰਟੀ ਵੱਲੋਂ ਤਲਵੰਡੀ ਸਾਬੋ ਜ਼ਿਮਨੀ ਚੋਣ ਲਈ ਪਹਿਲਾਂ ਉਮੀਦਵਾਰ ਬਣਾਏ ਗਾਇਕ ਬਲਕਾਰ ਸਿੱਧੂ ਦੀ ਟਿਕਟ ਕੱਟੇ ਜਾਣ 'ਤੇ ਉਨ੍ਹਾਂ ਵੱਲੋਂ ਆਜ਼ਾਦ ਚੋਣ ਲੜਨ ਦੇ ਲਏ ਫੈਸਲੇ ਅਤੇ ਪ੍ਰੋਫੈਸਰ ਬਲਜਿੰਦਰ ਕੌਰ ਨੂੰ 'ਆਪ' ਦਾ ਨਵਾਂ ਉਮੀਦਵਾਰ ਬਣਾਏ ਜਾਣ ਤੋਂ ਬਾਅਦ ਹਲਕੇ ਅੰਦਰ ਪਾਰਟੀ ਵਿਚ ਪਈਆਂ ਤਰੇੜਾਂ ਉਸ ਸਮੇਂ ਹੋਰ ਡੂੰਘੀਆਂ ਹੋ ਗਈਆਂ। ਕੁਝ ਹੋਰ ਆਗੂਆਂ ਨੇ ਪਾਰਟੀ ਉਮੀਦਵਾਰ ਬਲਜਿੰਦਰ ਕੌਰ ਦਾ ਸਾਥ ਨਾ ਦੇਣ ਦਾ ਐਲਾਨ ਵੀ ਕਰ ਦਿੱਤਾ।

'ਆਪ' ਦੇ ਕੁਝ ਆਗੂਆਂ ਤੇ ਵਰਕਰਾਂ ਦੀ ਇਥੇ ਹੋਈ ਮੀਟਿੰਗ ਨੂੰ ਸੰਬੋਧਨ ਕਰਦਿਆਂ ਸੀਨੀਅਰ ਆਗੂ ਅਵਤਾਰ ਸਿੰਘ ਚੋਪੜਾ ਨੇ ਕਿਹਾ ਕਿ ਪਾਰਟੀ ਵਿਚ ਕੁਝ ਅਜਿਹੇ ਲੋਕਾਂ ਦੀ ਘੁਸਪੈਠ ਹੋ ਚੁੱਕੀ ਹੈ ਜਿਨ੍ਹਾਂ ਕਰਕੇ ਪਾਰਟੀ ਗਲਤ ਫੈਸਲੇ ਲੈ ਰਹੀ ਹੈ। ਪਾਰਟੀ ਆਗੂ ਇਕ-ਦੂਜੇ ਨੂੰ ਨੀਵਾਂ ਦਿਖਾਉਣ ਤੇ ਅਹੁਦਿਆਂ ਦੀ ਭੁੱਖ ਵਿਚ ਅਜਿਹੇ ਫੈਸਲੇ ਲੈ ਰਹੇ ਹਨ ਜਿਨ੍ਹਾਂ ਕਰਕੇ ਪਾਰਟੀ ਨੂੰ ਵੱਡੀ ਢਾਹ ਲੱਗ ਰਹੀ ਹੈ। ਵਰਕਰਾਂ ਦੇ ਇਕ ਹਿੱਸੇ ਨੇ ਟਿਕਟ ਕੱਟੇ ਜਾਣ ਦਾ ਵੀ ਵਿਰੋਧ ਕਰਦਿਆਂ ਬਲਕਾਰ ਸਿੱਧੂ ਨੂੰ ਆਜ਼ਾਦ ਉਮੀਦਵਾਰ ਵਜੋਂ ਖੜ੍ਹਾ ਕਰ ਦਿੱਤਾ। ਪਾਰਟੀ ਦੇ ਵਾਰ-ਵਾਰ ਉਮੀਦਵਾਰ ਬਦਲਣ ਕਰ ਕੇ ਹੇਠਲੇ ਪੱਧਰ ਦੇ ਵਰਕਰਾਂ ਵਿਚ ਬੇਚੈਨੀ ਪਾਈ ਜਾ ਰਹੀ ਹੈ। ਸ੍ਰੀ ਚੋਪੜਾ ਨੇ ਕਿਹਾ ਕਿ ਚਾਹੇ ਉਹ ਆਮ ਆਦਮੀ ਪਾਰਟੀ ਨਾਲ ਖੜ੍ਹੇ ਹਨ ਪਰ ਜ਼ਿਮਨੀ ਚੋਣ ਵਿਚ ਉਹ 'ਆਪ' ਦਾ ਸਾਥ ਨਹੀਂ ਦੇਣਗੇ ਤੇ ਛੇਤੀ ਮੀਟਿੰਗ ਕਰਕੇ ਅਗਲੀ ਰਣਨੀਤੀ ਤੈਅ ਕੀਤੀ ਜਾਵੇਗੀ। ਚੇਤੇ ਰਹੇ ਕਿ ਬਲਕਾਰ ਸਿੱਧੂ ਉਮੀਦਵਾਰ ਐਲਾਨੇ ਜਾਣ ਤੋਂ ਪਹਿਲਾਂ ਹੀ ਉਸ ਸਮੇਂ ਵਿਵਾਦਾਂ ਵਿਚ ਘਿਰ ਗਏ ਸਨ ਜਦ ਕੁਝ ਦਿਨ ਪਹਿਲਾਂ ਤਲਵੰਡੀ ਸਾਬੋ ਫੇਰੀ ਦੌਰਾਨ ਪਾਰਟੀ ਦੇ ਕੌਮੀ ਪ੍ਰਧਾਨ ਅਰਵਿੰਦ ਕੇਜਰੀਵਾਲ ਕੋਲ ਹਲਕੇ ਦੇ ਪਾਰਟੀ ਵਰਕਰਾਂ ਨੇ ਸਿੱਧੂ ਦਾ ਜ਼ੋਰਦਾਰ ਵਿਰੋਧ ਕੀਤਾ ਸੀ। ਵਰਕਰਾਂ ਦਾ ਕਹਿਣਾ ਸੀ ਕਿ ਬਲਕਾਰ ਹਲਕੇ ਤੋਂ ਬਾਹਰਲਾ ਬੰਦਾ ਹੈ। ਵਿਰੋਧ ਦੇ ਬਾਵਜੂਦ ਪਾਰਟੀ ਨੇ ਦੂਜੇ ਦਿਨ ਬਲਕਾਰ ਸਿੱਧੂ ਨੂੰ ਆਪਣਾ ਉਮੀਦਵਾਰ ਐਲਾਨ ਦਿੱਤਾ ਜਿਸ ਕਰਕੇ ਹਲਕੇ ਦੇ ਵਰਕਰਾਂ ਦਾ ਇਕ ਵੱਡਾ ਹਿੱਸਾ ਨਰਾਜ਼ ਹੋ ਕੇ ਘਰਾਂ ਵਿਚ ਬੈਠ ਗਿਆ ਸੀ। ਬਲਕਾਰ ਸਿੱਧੂ ਨੇ ਇਥੇ ਇਕ ਕੋਠੀ ਵੀ ਕਿਰਾਏ 'ਤੇ ਲਈ ਸੀ ਤੇ ਚੋਣ ਦਫ਼ਤਰ ਖੋਲ੍ਹ ਕੇ ਚੋਣ ਸਰਗਰਮੀਆਂ ਵੀ ਸ਼ੁਰੂ ਕਰ ਦਿੱਤੀਆਂ ਸਨ ਪਰ ਉਸ ਉਤੇ ਕਬੂਤਰਬਾਜ਼ੀ ਵਰਗੇ ਦੋਸ਼ ਲੱਗਣ ਕਰਕੇ ਪਾਰਟੀ ਆਪਣਾ ਫੈਸਲਾ ਬਦਲਣ ਲਈ ਮਜਬੂਰ ਹੋ ਗਈ। ਬਲਕਾਰ ਸਿੱਧੂ ਦਾ ਕਹਿਣਾ ਹੈ ਕਿ ਦੋਸ਼ ਤਾਂ ਕੋਈ ਕਿਸੇ 'ਤੇ ਵੀ ਲਗਾ ਸਕਦਾ ਹੈ, ਪਾਰਟੀ ਨੂੰ ਆਪਣੇ ਫੈਸਲੇ 'ਤੇ ਡਟੇ ਰਹਿਣਾ ਚਾਹੀਦਾ ਸੀ। ਸੋਸ਼ਲ ਮੀਡੀਆ 'ਤੇ ਕਿਸੇ ਨੇ ਬਲਕਾਰ ਸਿੱਧੂ ਉਤੇ ਦੋਸ਼ ਲਾਇਆ ਕਿ ਬਲਕਾਰ ਸਿੱਧੂ ਨੇ 2008 ਵਿਚ ਆਪਣੇ ਹੀ ਪਿੰਡ ਦੀ ਕੁੜੀ ਅਮਰਜੀਤ ਕੌਰ ਨੂੰ ਕਬੂਤਰਬਾਜ਼ੀ ਕਰਕੇ ਵਿਦੇਸ਼ ਭੇਜਿਆ ਸੀ।

# ਹੱਤਿਆ ਦੇ ਦੋਸ਼ 'ਚ ਪਤੀ ਤੇ ਸੱਸ ਨੂੰ ਉਮਰ ਕੈਦ

**ਮੁਹਾਲੀ:** ਜ਼ਿਲ੍ਹੇ ਦੀ ਇਕ ਵਿਸ਼ੇਸ਼ ਅਦਾਲਤ ਨੇ ਦੋ ਸਾਲ ਪੁਰਾਣੇ ਕੇਸ ਵਿਚ ਮ੍ਰਿਤਕਾ ਦੀਪ ਸ਼ਿਖਾ ਦੇ ਪਤੀ ਸਤਿੰਦਰਪਾਲ ਸਿੰਘ ਅਤੇ ਸੱਸ ਪਰਮਜੀਤ ਕੌਰ ਵਾਸੀ ਪਿੰਡ ਰਸਨਹੇੜੀ (ਖਰੜ) ਨੂੰ ਦੋਸ਼ੀ ਮੰਨਦੇ ਹੋਏ ਉਮਰ ਕੈਦ ਅਤੇ 10-10 ਹਜ਼ਾਰ ਜੁਰਮਾਨੇ ਦੀ ਸਜ਼ਾ ਸੁਣਾਈ ਹੈ। ਇਸ ਸਬੰਧੀ ਮਾਂ-ਪੁੱਤ ਖ਼ਿਲਾਫ਼ 12 ਮਈ 2012 ਨੂੰ ਸਦਰ ਥਾਣਾ ਖਰੜ ਵਿਚ ਧਾਰਾ 302 ਤਹਿਤ ਕਤਲ ਦਾ ਕੇਸ ਦਰਜ ਕੀਤਾ ਗਿਆ ਸੀ। ਇਸ ਕੇਸ ਦੀ ਸੁਣਵਾਈ ਵਧੀਕ ਤੇ ਜ਼ਿਲ੍ਹਾ ਸੈਸ਼ਨ ਜੱਜ ਜਸਵਿੰਦਰ ਸ਼ੀਮਾਰ ਦੀ ਅਦਾਲਤ ਵਿਚ ਹੋਈ।

ਜਾਣਕਾਰੀ ਅਨੁਸਾਰ ਪਿਪਲੀ ਵਾਲਾ ਟਾਊਨ, ਮਨੀਮਾਜਰਾ ਦੀ ਵਸਨੀਕ ਦੀਪ ਸ਼ਿਖਾ ਦਾ ਵਿਆਹ ਪਿੰਡ ਰਸਨਹੇੜੀ ਦੇ ਸਤਿੰਦਰਪਾਲ ਸਿੰਘ ਨਾਲ ਹੋਇਆ ਸੀ ਪਰ ਵਿਆਹ ਤੋਂ ਕੁਝ ਸਮੇਂ ਬਾਅਦ ਦੋਵਾਂ ਜੀਆਂ ਵਿਚਕਾਰ ਕਲੇਸ਼ ਸ਼ੁਰੂ ਹੋ ਗਿਆ। ਪੁਲਿਸ ਰਿਪੋਰਟ ਅਨੁਸਾਰ ਸਤਿੰਦਰਪਾਲ ਸਿੰਘ ਅਤੇ ਉਸ ਦੀ ਮਾਂ ਪਰਮਜੀਤ ਕੌਰ ਨੇ 9 ਮਈ 2012 ਨੂੰ ਦੀਪ ਸ਼ਿਖਾ ਉਤੇ ਮਿੱਟੀ ਦਾ ਤੇਲ ਪਾ ਕੇ ਅੱਗ ਲਾ ਦਿੱਤੀ ਜਿਸ ਕਾਰਨ ਦੀਪ ਸ਼ਿਖਾ ਬੁਰੀ ਤਰ੍ਹਾਂ ਸੜ ਗਈ ਪਰ ਮਰਨ ਤੋਂ ਪਹਿਲਾਂ ਡਿਊਟੀ ਮੈਜਿਸਟਰੇਟ ਦੀ ਹਾਜ਼ਰੀ ਵਿਚ ਉਸ ਨੇ ਪੁਲਿਸ ਕੋਲ ਦਰਜ ਕਰਵਾਏ ਬਿਆਨਾਂ ਵਿਚ ਇਹ ਸਾਰੀ ਘਟਨਾ ਬਿਆਨ ਕਰ ਦਿੱਤੀ। ਇਸੇ ਆਧਾਰ 'ਤੇ ਹੁਣ ਮਾਂ-ਪੁੱਤ ਨੂੰ ਸਜ਼ਾ ਮਿਲੀ ਹੈ।

# ਸਹਾਰਨਪੁਰ ਦੰਗਿਆਂ ਤੋਂ ਬਾਅਦ ਸਦਮੇ ਵਿਚ ਹੈ ਸਿੱਖ ਭਾਈਚਾਰਾ

**ਅੰਮ੍ਰਿਤਸਰ:** ਉੱਤਰ ਪ੍ਰਦੇਸ਼ ਦੇ ਸ਼ਹਿਰ ਸਹਾਰਨਪੁਰ ਵਿਚ ਗੁਰਦੁਆਰੇ ਦੀ ਜ਼ਮੀਨ ਦੇ ਮਾਮਲੇ ਨੂੰ ਲੈ ਕੇ ਦੋ ਫਿਰਕਿਆਂ ਵਿਚਾਲੇ ਹੋਏ ਦੰਗਿਆਂ ਨੇ ਇਥੋਂ ਦੇ ਸਿੱਖ ਭਾਈਚਾਰੇ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਕਰੋੜਾਂ ਦੇ ਮਾਲਕ ਸਿੱਖ ਦੁਕਾਨਦਾਰ ਪਲਾਂ ਵਿਚ ਹੀ ਕੱਖੋਂ ਹੌਲੇ ਕਰ ਦਿੱਤੇ ਗਏ। ਅੰਬਾਲਾ ਰੋਡ ਉੱਪਰ ਸਥਿਤ ਸਿੱਖਾਂ ਦੇ ਵੱਡੇ ਸ਼ੋਅ ਰੂਮਾਂ ਤੇ ਦੁਕਾਨਾਂ ਨੂੰ ਬੜੇ ਯੋਜਨਾਬੱਧ ਢੰਗ ਨਾਲ ਨਿਸ਼ਾਨਾ ਬਣਾਇਆ ਗਿਆ। ਸਿੱਖ ਪ੍ਰਤੀਨਿਧਾਂ ਵੱਲੋਂ ਸਰਕਾਰ ਨੂੰ ਭੇਜੇ ਗਏ ਨੁਕਸਾਨ ਦੇ ਵੇਰਵਿਆਂ ਮੁਤਾਬਕ ਤਕਰੀਬਨ ਦੋ ਅਰਬ ਦਾ ਨੁਕਸਾਨ ਹੋਇਆ ਹੈ।

ਦੰਗਿਆਂ ਬਾਅਦ ਇਕੋ ਫਿਰਕੇ ਦੇ ਲੋਕਾਂ ਦੀ ਵੱਡੀ ਪੱਧਰ 'ਤੇ ਹੋਈ ਲੁੱਟ-ਮਾਰ ਤੇ ਸਾੜ-ਫੂਕ ਲਈ ਪ੍ਰਸ਼ਾਸਨ ਦੀ ਢਿੱਲ-ਮੱਠ ਨੂੰ ਹੀ ਮੁੱਖ ਤੌਰ 'ਤੇ ਜ਼ਿੰਮੇਵਾਰ ਮੰਨਿਆ ਜਾ ਰਿਹਾ ਹੈ। ਗੁਰਦੁਆਰਾ ਸਿੰਘ ਸਭਾ ਵਿਖੇ ਸਿੱਖ ਪ੍ਰਤੀਨਿਧਾਂ ਨੂੰ ਮਿਲਣ ਆਏ ਉੱਤਰ ਪ੍ਰਦੇਸ਼ ਦੇ ਰਾਜ ਮੰਤਰੀ ਰਾਜਿੰਦਰ ਰਾਣਾ ਨੇ ਵੀ ਇਹ ਗੱਲ ਮੰਨੀ ਕਿ ਪ੍ਰਸ਼ਾਸਨ ਨੇ ਲੁੱਟ ਤੇ ਅਗਜ਼ਨੀ ਰੋਕਣ ਲਈ ਕਾਫੀ ਸਮਾਂ ਲਗਾ ਦਿੱਤਾ। ਗੁਰਦੁਆਰਾ ਸਿੰਘ ਸਭਾ ਦੇ ਨਾਲ ਲੱਗਦੀ ਜਗ੍ਹਾ ਉੱਪਰ ਉਸਰ ਰਹੀ ਗੁਰਦੁਆਰੇ ਦੀ ਇਮਾਰਤ 'ਤੇ ਤਕਰੀਬਨ ਦਰਜਨ ਨੌਜਵਾਨਾਂ ਵੱਲੋਂ ਪਥਰਾਅ ਹੋਇਆ, ਜਿਸ ਦੇ ਜੁਆਬ ਵਿਚ ਉਥੇ ਹਾਜ਼ਰ 3-4 ਸਿੱਖਾਂ ਨੇ ਵਿਰੋਧ ਕੀਤਾ।



ਹੋਏ ਨੁਕਸਾਨ 'ਤੇ ਝੂਰ ਰਿਹਾ ਇਕ ਸਿੱਖ ਨੌਜਵਾਨ।

ਸਹਾਰਨਪੁਰ ਦੇ ਸਿੱਖਾਂ ਦੀ ਵਸੋਂ ਕੁਝ ਇਲਾਕਿਆਂ ਵਿਚ ਇਕੱਠੀ ਹੈ ਜਾਂ ਫਿਰ ਵਧੇਰੇ ਹਿੰਦੂ ਵਸੋਂ ਵਾਲੇ ਖੇਤਰਾਂ ਵਿਚ ਸਿੱਖਾਂ ਦੇ ਘਰ ਹਨ। ਲੋਕਾਂ ਦਾ ਇਹ ਪ੍ਰਭਾਵ ਸੀ ਕਿ ਦੰਗਾਕਾਰੀ ਗੁਰਦੁਆਰੇ ਵਿਖੇ ਸਿੱਖਾਂ ਵੱਲੋਂ ਦਿਖਾਏ ਕਰਾਰੇ ਜੁਆਬ ਤੇ ਕੁਝ ਥਾਈਂ ਹਿੰਦੂ ਭਾਈਚਾਰੇ ਦੇ ਸਿੱਖਾਂ ਦੀ ਹਮਾਇਤ ਵਿਚ ਆ ਡੱਟਣ ਕਾਰਨ ਸਿਰਫ ਅੰਬਾਲਾ ਰੋਡ ਹੀ ਵਧੇਰੇ ਕਰਕੇ ਉਨ੍ਹਾਂ ਦਾ ਨਿਸ਼ਾਨਾ ਬਣਿਆ।

ਸਿੰਘ ਸਭਾ ਗੁਰਦੁਆਰਾ ਕਮੇਟੀ ਦੇ ਸਾਬਕਾ ਪ੍ਰਧਾਨ ਹਰਿੰਦਰ ਸਿੰਘ ਚੱਢਾ ਨੇ ਦੱਸਿਆ ਕਿ ਸਹਾਰਨਪੁਰ ਦੇ ਸਿੱਖਾਂ ਦੀ ਤਕਰੀਬਨ 25 ਹਜ਼ਾਰ ਵਸੋਂ ਪਾਕਿਸਤਾਨ ਤੋਂ ਉੱਜੜ ਕੇ ਇਥੇ ਵਸੀ ਹੈ। ਸਖਤ ਮਿਹਨਤ ਨਾਲ ਉਨ੍ਹਾਂ ਆਪਣੇ ਕਾਰੋਬਾਰ ਸਥਾਪਤ ਕੀਤੇ ਹਨ। ਲੋਕਾਂ ਦਾ ਕਹਿਣਾ ਹੈ ਕਿ ਸਹਾਰਨਪੁਰ ਦੇ ਤਕਰੀਬਨ ਸਾਰੇ ਹੀ ਸਿੱਖ ਚੰਗੇ ਕਾਰੋਬਾਰੀ ਤੇ ਰੱਜੇ-ਪੁੱਜੇ ਹਨ। ਸ. ਚੱਢਾ ਦਾ ਕਹਿਣਾ ਹੈ ਕਿ ਸਹਾਰਨਪੁਰ ਇਕ-ਦੋ ਵਾਰ ਮਾਮੂਲੀ ਘਟਨਾਵਾਂ ਨੂੰ ਛੱਡ ਕੇ ਭਾਈਚਾਰਕ ਸਾਂਝ ਤੇ ਸ਼ਾਂਤਮਈ ਤਬੀਅਤ ਵਾਲੇ ਲੋਕਾਂ ਦਾ ਸ਼ਹਿਰ ਮੰਨਿਆ ਜਾਂਦਾ ਰਿਹਾ ਹੈ। ਅਜਿਹੇ ਭਿਆਨਕ ਦੰਗਿਆਂ ਦਾ ਸੇਕ ਉਨ੍ਹਾਂ ਪਹਿਲੀ ਵਾਰ ਦੇਖਿਆ ਹੈ।

ਉਨ੍ਹਾਂ ਕਿਹਾ ਕਿ ਘੱਟ ਗਿਣਤੀ ਹੋਣ ਦਾ ਅਹਿਸਾਸ ਉਨ੍ਹਾਂ ਨੂੰ ਪਹਿਲੀ ਵਾਰ ਡੂੰਘੀ ਤਰ੍ਹਾਂ ਮਹਿਸੂਸ ਹੋਇਆ ਹੈ। ਗੁਰਦੁਆਰਾ ਸਾਹਿਬ ਵਿਖੇ ਇਕੱਤਰ ਸਿੱਖ ਪ੍ਰਤੀਨਿਧਾਂ ਦਾ ਸੁਤੇ-ਸਿਧ ਕਹਿਣਾ ਸੀ ਕਿ ਕਿਸੇ ਵੱਡੇ ਭਾਈਚਾਰੇ ਵੱਲ ਉਂਗਲ ਵੀ ਉੱਠੀ ਹੁੰਦੀ ਤਾਂ ਪ੍ਰਸ਼ਾਸਨ ਨੇ ਤੁਰੰਤ ਪੱਬਾਂ ਭਾਰ ਹੋਇਆ ਹੋਣਾ ਸੀ ਪਰ ਕਿਉਂਕਿ ਘੱਟ-ਗਿਣਤੀ ਲੋਕਾਂ ਨੂੰ ਲੁੱਟਿਆ ਜਾ ਰਿਹਾ ਸੀ, ਇਸ ਕਰਕੇ ਪ੍ਰਸ਼ਾਸਨ ਲਗਾਤਾਰ ਸਾਹ ਸਤਹੀਣ ਹੋਇਆ ਰਿਹਾ।

ਅੰਬਾਲਾ ਰੋਡ ਉੱਪਰ ਦੁਕਾਨਾਂ ਵਿਚ ਅੱਗ ਲਾਉਣ ਲਈ ਵਰਤਿਆ ਕੈਮੀਕਲ ਵੀ ਰਹੱਸ ਬਣਿਆ ਹੋਇਆ ਹੈ। ਚਸ਼ਮਦੀਦ ਗਵਾਹਾਂ ਮੁਤਾਬਕ ਦੰਗਾਕਾਰੀ ਨੌਜਵਾਨਾਂ ਦੇ ਹੱਥਾਂ ਵਿਚ ਸ਼ੀਸ਼ੇ ਵਾਲੀਆਂ ਛੋਟੀਆਂ ਬੋਤਲਾਂ ਵਿਚ ਇਹ ਕੈਮੀਕਲ ਫੜਿਆ ਹੋਇਆ ਸੀ। ਇਹ ਬੋਤਲ ਹਿਲਾ ਕੇ ਦੁਕਾਨ ਅੰਦਰ ਸੁੱਟ ਦਿੱਤੀ ਜਾਂਦੀ ਸੀ ਤੇ ਧਮਾਕੇ ਨਾਲ ਬੋਤਲ ਫਟਦੀ ਸੀ ਤੇ ਚਾਰੇ ਪਾਸੇ ਅੱਗ ਫ਼ੈਲ ਜਾਂਦੀ ਸੀ। ਸੁਰੱਖਿਆ ਅਧਿਕਾਰੀਆਂ ਦਾ ਕਹਿਣਾ ਹੈ ਕਿ ਅਜਿਹਾ ਵਿਸਫੋਟਕ ਪਦਾਰਥ ਜੰਮੂ ਵਿਚ ਬੰਬ ਬਣਾਉਣ ਲਈ ਵੀ ਵਰਤਿਆ ਜਾਂਦਾ ਰਿਹਾ ਹੈ।

## ਇਹ ਹੈ ਮਾਮਲਾ...

ਸਿੱਖ ਪ੍ਰਤੀਨਿਧਾਂ ਦਾ ਕਹਿਣਾ ਹੈ ਕਿ 2001 ਵਿਚ ਗੁਰਦੁਆਰੇ ਦੇ ਨਾਲ ਲੱਗਦੀ ਜਗ੍ਹਾ ਉਨ੍ਹਾਂ ਖਰੀਦੀ ਸੀ। ਇਸ ਜਗ੍ਹਾ ਉੱਪਰ 2010 ਤੱਕ ਧਾਰਮਿਕ ਸਮਾਗਮ ਹੁੰਦੇ ਰਹੇ, ਕਦੇ ਕਿਸੇ ਨੇ ਇਤਰਾਜ਼ ਨਹੀਂ ਕੀਤਾ ਪਰ 2010 ਵਿਚ ਇਕ ਮੋਹਰਮ ਅਲੀ ਪੱਪੂ ਨਾਂ ਦੇ ਵਿਅਕਤੀ ਨੇ ਦਾਅਵਾ ਕਰ ਦਿੱਤਾ ਕਿ ਇਸ ਥਾਂ 'ਤੇ ਮਸਜਿਦ ਹੁੰਦੀ ਸੀ।

ਇਸ ਦਾਅਵੇ ਵਿਰੁੱਧ ਕਮੇਟੀ ਅਦਾਲਤ ਵਿਚ ਗਈ ਤੇ ਮਈ 2013 ਵਿਚ ਅਦਾਲਤ ਨੇ ਸਿੱਖਾਂ ਦੇ ਦਾਅਵੇ ਨੂੰ ਜਾਇਜ਼ ਕਰਾਰ ਦਿੰਦਿਆਂ ਉਸ ਥਾਂ ਉੱਪਰ ਕਦੇ ਮਸਜਿਦ ਹੋਣ ਦੀ ਗੱਲ ਰੱਦ ਕਰ ਦਿੱਤੀ। ਪੱਪੂ ਤੇ ਕੁਝ ਹੋਰ ਲੋਕਾਂ ਨੇ ਐਸ.ਡੀ.ਐਮ. ਕੋਲ ਇਸ ਥਾਂ ਉਪਰ ਗੁਰਦੁਆਰੇ ਦੀ ਉਸਾਰੀ ਰੋਕਣ ਲਈ ਦਰਖਾਸਤ ਦਿੱਤੀ। ਇਸ ਉੱਪਰ ਪ੍ਰਸ਼ਾਸਨ ਨੇ ਕੋਈ ਸੁਣਵਾਈ ਨਹੀਂ ਕੀਤੀ, ਸਗੋਂ ਗੁਰਦੁਆਰਾ ਕਮੇਟੀ ਨੂੰ ਆਪਣਾ ਕੰਮ ਜਾਰੀ ਰੱਖਣ ਲਈ ਕਿਹਾ। ਗੁਰਦੁਆਰਾ ਕਮੇਟੀ ਦੇ ਪ੍ਰਧਾਨ ਬਲਬੀਰ ਸਿੰਘ ਧੀਰ ਨੇ ਕਿਹਾ ਕਿ ਸਿੱਖਾਂ ਉੱਪਰ ਹਮਲਾ ਇਕ ਯੋਜਨਾ ਤਹਿਤ ਕੀਤਾ ਗਿਆ ਹੈ।

## ਭਨਿਆਰਾ ਵਾਲੇ 'ਤੇ ਹਮਲੇ ਦੇ ਦੋਸ਼ ਵਿਚ ਤਿੰਨ ਨੂੰ ਮਿਲੀ ਕੈਦ

**ਰੂਪਨਗਰ:** ਸਥਾਨਕ ਅਦਾਲਤ ਨੇ ਬਾਬਾ ਪਿਆਰਾ ਸਿੰਘ ਭਨਿਆਰਾ ਵਾਲੇ 'ਤੇ ਕਾਤਲਾਨਾ ਹਮਲਾ ਕਰਨ ਦੇ ਦੋਸ਼ ਵਿਚ ਤਿੰਨ ਨੌਜਵਾਨਾਂ ਨੂੰ 10-10 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਹੈ। ਦੋਸ਼ੀਆਂ ਨੂੰ 11-11 ਹਜ਼ਾਰ ਰੁਪਏ ਜੁਰਮਾਨਾ ਵੀ ਕੀਤਾ ਗਿਆ ਹੈ। ਅਦਾਲਤ ਵੱਲੋਂ ਹਰਵਿੰਦਰ ਸਿੰਘ (26), ਧਰਮਿੰਦਰ ਸਿੰਘ (26) ਤੇ ਗੁਰਵਿੰਦਰ ਸਿੰਘ ਨੂੰ ਇਸ ਕੇਸ ਵਿਚ ਦੋਸ਼ੀ ਪਾਇਆ ਗਿਆ ਹੈ।

ਗੌਰਤਲਬ ਹੈ ਕਿ ਇਨ੍ਹਾਂ ਤਿੰਨ ਨੌਜਵਾਨਾਂ ਨੇ ਥਾਣਾ ਨੂਰਪੁਰ ਬੇਦੀ ਦੇ ਪਿੰਡ ਧਮਾਣਾ ਵਿਖੇ 27 ਜਨਵਰੀ, 2011 ਨੂੰ ਬਾਬਾ ਪਿਆਰਾ ਸਿੰਘ ਭਨਿਆਰਾ ਵਾਲੇ 'ਤੇ ਦਿਨ ਦਿਹਾੜੇ ਪਲਾਸਟਿਕ ਦੇ ਬਣੇ ਨਕਲੀ ਚਾਕੂਆਂ ਨਾਲ ਹਮਲਾ ਕਰ ਦਿੱਤਾ ਸੀ। ਹਮਲੇ ਵਿਚ ਭਨਿਆਰਾ ਵਾਲੇ ਦੇ ਸਿਰ, ਕੰਨ ਦੇ ਹੇਠਾਂ ਤੇ ਨੱਕ 'ਤੇ ਸੱਟਾਂ ਲੱਗੀਆਂ ਸਨ। ਮੌਕੇ 'ਤੇ ਮੌਜੂਦ ਸ਼ਰਧਾਲੂਆਂ ਨੇ ਹਮਲਾਵਰਾਂ ਨੂੰ ਫੜ ਕੇ ਪਿੱਛੇ ਖਿੱਚਿਆ ਤੇ ਇਹ ਆਪਣੇ-ਆਪ ਨੂੰ ਬਚਾਉਣ ਲਈ ਗੇਟ ਵੱਲ ਭੱਜੇ ਪਰ ਸੀ. ਆਰ. ਪੀ. ਐਫ਼. ਦੇ ਜਵਾਨਾਂ ਨੇ ਉਨ੍ਹਾਂ ਨੂੰ ਫੜ ਲਿਆ।

## ਸ਼੍ਰੋਮਣੀ ਕਮੇਟੀ ਵੱਲੋਂ ਪੀੜਤਾਂ ਨੂੰ ਮਦਦ ਦਾ ਭਰੋਸਾ

**ਲੁਧਿਆਣਾ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਨੇ ਕਿਹਾ ਕਿ ਸਿੱਖਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਹਾਰਨਪੁਰ ਵਿਚ ਵੱਸਦੀ ਸਮੁੱਚੀ ਸਿੱਖ ਸੰਗਤ ਤੇ ਪੰਜਾਬੀ ਭਾਈਚਾਰੇ ਨਾਲ ਤਨਦੇਹੀ ਨਾਲ ਖੜ੍ਹੀ ਹੈ। ਉਨ੍ਹਾਂ ਸਹਾਰਨਪੁਰ ਜ਼ਿਲ੍ਹਾ ਪ੍ਰਸ਼ਾਸਨ ਨੂੰ ਕਿਹਾ ਕਿ ਸਿੱਖਾਂ ਉਪਰ ਹਮਲਾ ਕਰਨ ਵਾਲਿਆਂ ਖ਼ਿਲਾਫ਼ ਤੁਰੰਤ ਪਰਚੇ ਦਰਜ ਕੀਤੇ ਜਾਣ ਤੇ ਸ਼ਰਾਰਤੀ ਅਨਸਰਾਂ ਵੱਲੋਂ ਲੁੱਟੇ ਗਏ ਸਾਮਾਨ ਦੀ ਬਰਾਮਦਗੀ ਲਈ ਯਤਨ ਤੇਜ਼ ਕੀਤੇ ਜਾਣ। ਉਨ੍ਹਾਂ ਨੇ ਉਤਰ ਪ੍ਰਦੇਸ਼ ਦੇ ਮੁੱਖ ਮੰਤਰੀ ਅਖਿਲੇਸ਼ ਯਾਦਵ ਨੂੰ ਵੀ ਅਪੀਲ ਕੀਤੀ ਕਿ ਉਨ੍ਹਾਂ ਦੀ ਸਰਕਾਰ ਸਹਾਰਨਪੁਰ ਵਿਚ ਸ਼ਰਾਰਤੀ ਅਨਸਰਾਂ ਵੱਲੋਂ ਕੀਤੇ ਗਏ ਨੁਕਸਾਨ ਦਾ ਸਮੁੱਚਾ ਮੁਆਵਜ਼ਾ ਪਹਿਲ ਦੇ ਆਧਾਰ 'ਤੇ ਪੀੜਤ ਸਿੱਖਾਂ ਨੂੰ ਦੇਵੇ ਤੇ ਸਿੱਖ ਭਾਈਚਾਰੇ ਦੇ ਧਾਰਮਿਕ ਅਸਥਾਨ ਤੇ ਜਾਇਦਾਦ ਆਦਿ ਦੀ ਸੁਰੱਖਿਆ ਲਈ ਪੁਖ਼ਤਾ ਪ੍ਰਬੰਧ ਕੀਤੇ ਜਾਣ।

## ਸਿੱਖਾਂ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ: ਬਾਦਲ



**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਸਹਾਰਨਪੁਰ ਵਿਚ ਵਾਪਰੀਆਂ ਘਟਨਾਵਾਂ ਕਾਰਨ ਸਿੱਖ ਪਰਿਵਾਰਾਂ ਨੂੰ ਹੋਏ ਭਾਰੀ ਨੁਕਸਾਨ ਦੇ ਬਦਲੇ ਰਾਹਤ ਦੇਣ ਲਈ ਸਮਾਜਵਾਦੀ ਪਾਰਟੀ ਦੇ ਮੁਖੀ ਤੇ ਸਾਬਕਾ ਕੇਂਦਰੀ ਮੰਤਰੀ ਮੁਲਾਇਮ ਸਿੰਘ ਯਾਦਵ ਨੂੰ ਨਿੱਜੀ ਦਖ਼ਲ ਦੇਣ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਉੱਤਰ ਪ੍ਰਦੇਸ਼ ਸਰਕਾਰ ਨੂੰ ਸੂਬੇ ਦੇ ਇਸ ਖਿੱਤੇ ਵਿਚ ਰਹਿ ਰਹੇ ਸਿੱਖਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ ਤਾਂ ਜੋ ਘੱਟ ਗਿਣਤੀ ਭਾਈਚਾਰੇ ਵਿਚ ਅਲਹਿਦਗੀ ਦੀ ਭਾਵਨਾ ਨਾ ਆਵੇ। ਸ. ਬਾਦਲ ਨੇ ਇਸ ਨਾਜ਼ੁਕ ਸਥਿਤੀ ਨਾਲ ਨਿਪਟਣ ਲਈ ਉੱਤਰ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਨੂੰ ਹਰੇਕ ਤਰ੍ਹਾਂ ਦੀ ਮਦਦ ਤੇ ਸਹਿਯੋਗ ਦਾ ਭਰੋਸਾ ਦਿਵਾਇਆ ਹੈ।


**Philips-66 Truck Stop Convenience Store**

*For Sale or Lease*

11 Pumps, 30 Trucks Parking
Diesel & Gas With Restaurant, Liquor, Lottery
*Good Profit Margin*
Prime Location (4 States Traffic Area on State Hwy I-44/I-49 in Missouri)

Also available commercial bulding (SCF), partially rented in Mohali, India
Commercial plot in business growing area (in Walmart, Home Office area)

Serious Parties Only, Please.
Contact: 417-825-7602
Email: shaanmann5@gmail.com

**ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ**

ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।
ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।
STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.547.9210
FAX: 209.547.9211
www.gfbontime.com, raj@gfbontime.com

**REPAIR SHOP**
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211

**REGISTRATION SERVICES**
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

# ਖੇਤੀ ਖੋਜ ਕੌਂਸਲ ਦੇ 86 ਸਾਲ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਭਾਰਤੀ ਖੇਤੀ ਖੋਜ ਕੌਂਸਲ ਦੇ 86ਵੇਂ ਸਥਾਪਨਾ ਦਿਵਸ ਉਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸਨਮਾਨ ਨਾਲ ਖੇਤ, ਪਾਣੀ ਤੇ ਪੈਦਾਵਾਰ ਦੇ ਮਸਲੇ ਇਕ ਵਾਰੀ ਫੇਰ ਚਰਚਾ ਵਿਚ ਆ ਗਏ ਹਨ। ਮੋਦੀ ਨੇ ਆਪਣੇ ਭਾਸ਼ਨ ਵਿਚ ਘਟ ਭੂਮੀ ਤੋਂ ਘਟ ਸਮੇਂ ਵਿਚ ਵਧ ਉਪਜ ਲੈਣ ਦਾ ਸੱਦਾ ਦਿੱਤਾ ਹੈ। ਉਸ ਦਾ ਮੱਤ ਹੈ ਕਿ ਜਦੋਂ ਤੱਕ ਜੱਟ ਦੀ ਜੇਬ ਨਹੀਂ ਭਰਦੀ ਦੇਸ਼ ਦੀ ਭੁੱਖ ਦਾ ਮਸਲਾ ਹੱਲ ਨਹੀਂ ਹੋ ਸਕਦਾ। ਇਸ ਦਾ ਸਾਧਨ ਕ੍ਰਿਸ਼ੀ ਤਕਨਾਲੋਜੀ ਨੂੰ ਖੇਤ ਤੱਕ ਲਿਜਾਣਾ ਹੈ। ਖਾਸ ਕਰਕੇ ਇਸ ਲਈ ਕਿ ਆਉਣ ਵਾਲੇ ਸਮੇਂ ਵਿਚ ਪਾਣੀ ਦੀ ਘਾਟ ਬਹੁਤ ਵੱਡਾ ਮਸਲਾ ਬਣ ਸਕਦੀ ਹੈ। ਖੇਤੀ ਵਿਗਿਆਨੀਆਂ ਦਾ ਫਰਜ਼ ਬਣਦਾ ਹੈ ਕਿ ਉਹ ਪਾਣੀ ਦੀ ਵਧੀਆ ਤੋਂ ਵਧੀਆ ਸੰਭਾਲ ਦੇ ਤਰੀਕੇ ਲਭਣ ਤੇ ਕਿਰਸਾਣੀ ਤੱਕ ਪਹੁੰਚਾਉਣ।

ਭਾਵੇਂ ਖੇਤੀ ਖੋਜ ਕੌਂਸਲ ਦੀ ਨੀਂਹ ਬਰਤਾਨਵੀ ਸਰਕਾਰ ਨੇ ਰੱਖੀ ਸੀ ਪਰ ਇਸ ਵਿਚ ਡਾ. ਮਹਿੰਦਰ ਸਿੰਘ ਰੰਧਾਵਾ, ਡਾ. ਅਮਰੀਕ ਸਿੰਘ ਚੀਮਾ, ਡਾ. ਜੀ ਐਸ ਕਲਕਟ, ਡਾ. ਐਸ ਐਸ ਜੌਹਲ ਦੇ ਸਿੱਧੇ ਤੇ ਅਸਿੱਧੇ ਯੋਗਦਾਨ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਖੇਤੀ ਨਾਲ ਸਬੰਧਤ ਖੋਜ ਦੇ ਨਤੀਜਿਆਂ ਨੂੰ ਉਰਦੂ, ਹਿੰਦੀ, ਤਾਮਿਲ, ਤੈਲਗੂ, ਬੰਗਾਲੀ, ਮਰਾਠੀ ਤੇ ਪੰਜਾਬੀ ਆਦਿ ਭਾਸ਼ਾਵਾਂ ਵਿਚ ਅਨੁਵਾਦ ਕਰਵਾ ਕੇ ਦੇਸ਼ ਦੀ ਕਿਰਸਾਣੀ ਤੱਕ ਪਹੁੰਚਾਣ ਦੀ ਸ਼ੁਰੂਆਤ ਐਮ ਐਸ ਰੰਧਾਵਾ ਨੇ ਕੀਤੀ ਅਤੇ ਚੀਮਾ ਤੇ ਕਲਕਟ ਨੇ ਕੇਂਦਰ ਵਿਖੇ ਐਗਰੀਕਲਚਰ ਕਮਿਸ਼ਨਰ ਹੁੰਦਿਆਂ ਇਸ ਦਾ ਵੱਧ ਤੋਂ ਵੱਧ ਵਿਸਤਾਰ ਕੀਤਾ ਤੇ ਡਾ. ਐਸ. ਐਸ. ਜੌਹਲ ਨੇ ਖੇਤੀ ਉਪਜ ਦਾ ਠੀਕ ਮੁੱਲ ਦਿਵਾਉਣ ਦੀ ਸੁਚੱਜੀ ਵਿਉਂਤਬੰਦੀ ਕੀਤੀ।

ਅੱਜ ਖੇਤੀ ਪੱਤਰਕਾਰਤਾ ਵਿਚ ਪ੍ਰਧਾਨ ਮੰਤਰੀ ਤੋਂ ਸਨਮਾਨ ਪ੍ਰਾਪਤ ਕਰਨ ਵਾਲੇ ਭਗਵਾਨ ਦਾਸ ਨੂੰ ਉਤਸ਼ਾਹਤ ਕਰਨ ਵਾਲਾ ਡਾ. ਚੀਮਾ ਸੀ। ਕੱਲ੍ਹ ਨੂੰ ਇਹ ਸਨਮਾਨ ਖੇਤੀ ਯੂਨੀਵਰਸਿਟੀ ਦੇ ਸਾਬਕਾ ਅਧਿਕਾਰੀ ਡਾ. ਰਣਜੀਤ ਸਿੰਘ ਨੂੰ ਮਿਲ ਸਕਦਾ ਹੈ। ਇਕ ਸਮਾਂ ਅਜਿਹਾ ਵੀ ਸੀ ਕਿ ਦੇਸ਼ ਦੇ ਅੱਧੇ ਰਾਜਾਂ ਵਿਚ ਕ੍ਰਿਸ਼ੀ ਨਿਰਦੇਸ਼ਕ ਦੀ ਜ਼ਿੰਮੇਵਾਰੀ ਸਾਂਭਣ ਵਾਲੇ ਖੇਤੀ-ਬਾੜੀ ਕਾਲਜ, ਲਾਇਲਪੁਰ (ਪਾਕਿਸਤਾਨ) ਦੇ ਪੜ੍ਹੇ ਹੋਏ ਪੰਜਾਬੀ ਸਨ। ਹਰੀ ਕ੍ਰਾਂਤੀ ਦੀ ਨੀਂਹ ਰੱਖਣ ਵਾਲੀ ਵੀ ਕੋਈ ਇੱਕ ਸੰਸਥਾ ਨਹੀਂ, ਇਹ ਸਾਰੇ ਹੀ ਸਨ।

ਅੱਜ ਦੇਸ਼ ਭਰ ਵਿਚ ਖੇਤੀ ਯੂਨੀਵਰਸਿਟੀਆਂ ਦਾ ਜਾਲ ਵਿਛ ਚੁੱਕਾ ਹੈ ਜਿਸ ਨੂੰ ਸੇਧ ਦੇਣ ਵਾਲੀ ਭਾਰਤੀ ਖੇਤੀ ਖੋਜ ਕੌਂਸਲ, ਨਵੀਂ ਦਿੱਲੀ ਹੈ। ਸਾਡੀ ਭੋਇੰ ਵਿਚ ਦਾਲਾਂ ਅਤੇ ਤੇਲ ਦੇ ਬੀਜ ਦੇਣ ਵਾਲੀਆਂ ਫਸਲਾਂ ਪੈਦਾ ਕਰਨ ਦੀ ਚੋਖੀ ਯੋਗਤਾ ਹੈ। ਖੇਤੀ ਸੰਸਥਾਵਾਂ ਵਿਚ ਕੰਮ ਕਰਨ ਵਾਲੇ ਵਿਗਿਆਨੀਆਂ ਦਾ ਫਰਜ਼ ਬਣਦਾ ਹੈ ਕਿ ਘੱਟ ਤੋਂ ਘੱਟ ਪਾਣੀ ਦੀ ਵਰਤੋਂ ਰਾਹੀਂ ਵਧ ਤੋਂ ਵੱਧ ਉਪਜ ਪੈਦਾ ਕਰਨ ਦੇ ਤਰੀਕੇ ਲੱਭਣ ਤੇ ਇਨ੍ਹਾਂ ਨੂੰ ਭਾਰਤ ਦੇ ਹਰ ਪਿੰਡ ਤੇ ਕਿਰਸਾਣੀ ਵਿਚ ਜੁੱਟੇ ਹਰ ਪ੍ਰਾਣੀ ਤੱਕ ਪਹੁੰਚਾਣ। ਅੱਜ ਦੇ ਦਿਨ ਕਿਰਸਾਣੀ ਦਾ ਮਾਣ ਰਖਣਾ ਵੀ ਓਨਾ ਹੀ ਜ਼ਰੂਰੀ ਹੈ ਜਿੰਨਾ ਵਿਗਿਆਨੀਆਂ ਦਾ।



*ਭਾਰਤੀ ਖੇਤੀ ਖੋਜ ਕੌਂਸਲ ਦੇ 86ਵੇਂ ਸਥਾਪਨਾ ਦਿਵਸ ਸਮਾਗਮ ਮੌਕੇ ਮੰਚ 'ਤੇ ਬੈਠੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ*

**ਨਵੀਂ ਦਿੱਲੀ ਦੇ ਰਾਹਗੀਰੀ ਦਿਵਸ:** ਨਵੀਂ ਦਿੱਲੀ ਦੇ ਵਸਨੀਕਾਂ ਨੇ ਆਪਣੇ ਆਪ ਨੂੰ ਚੁਸਤ-ਦਰੁਸਤ ਰੱਖਣ ਲਈ ਇੱਕ ਨਵਾਂ ਰਾਹ ਲੱਭਿਆ ਹੈ। ਉਹ 13 ਜੁਲਾਈ ਤੋਂ ਹਰ ਐਤਵਾਰ ਵਾਲੇ ਦਿਨ ਕਨਾਟ ਪਲਾਸ ਤੇ ਇੰਡੀਆ ਗੇਟ ਦੇ ਨੇੜੇ ਰਾਹਗੀਰੀ ਦਿਵਸ ਮਨਾ ਰਹੇ ਸਨ। ਇਸ ਦੀ ਕਾਢ ਦਿੱਲੀ ਪੁਲਿਸ ਨੇ ਨਵੀਂ ਦਿੱਲੀ ਨਗਰ ਪਾਲਿਕਾ ਨਾਲ ਮਿਲ ਕੇ ਕੱਢੀ ਹੈ। ਇਸ ਵਿਚ ਰੰਗੀਨੀ ਭਰਨ ਵਾਲਾ ਸੀ.ਆਰ.ਪੀ.ਐਫ. ਦਾ ਬੈਂਡ ਵਾਜਾ ਹੈ ਤੇ ਇਸ ਨੂੰ ਪ੍ਰਚਾਰਕ ਪ੍ਰਸਾਰਨ ਦਾ ਕੰਮ ਟਾਈਮਜ਼ ਆਫ ਇੰਡੀਆ ਪ੍ਰਕਾਸ਼ਨ ਸਮੂਹ ਕਰ ਰਿਹਾ ਹੈ। ਮੇਰੀ ਇਸ ਵਾਰੀ ਦੀ ਦਿੱਲੀ ਫੇਰੀ ਲੰਮੀ ਹੋਣ ਕਾਰਨ ਮੇਰੇ ਸੁਣਨ ਵਿਚ ਰਾਹਗੀਰੀ ਦਿਵਸ ਦੀਆਂ ਕਈ ਕਹਾਣੀਆਂ ਆਈਆਂ। ਸਭ ਤੋਂ ਪਹਿਲੀ ਤਾਂ ਇਹ ਕਿ ਇਸ ਵਿਚ ਭਾਗ ਲੈਣ ਵਾਲੇ ਸਾਈਕਲਿੰਗ ਤੇ ਸਕੇਟਿੰਗ ਕਰਨ ਵਾਲੇ ਹੀ ਨਹੀਂ, ਬੰਸਰੀਵਾਦਕ ਵੀ ਹਨ ਭਾਵੇਂ ਬਹੁਗਿਣਤੀ ਨੱਚਣ-ਭੱਜਣ ਤੇ ਮੌਜ-ਮੇਲਾ ਕਰਨ ਵਾਲਿਆਂ ਦੀ ਹੁੰਦੀ ਹੈ।

ਵੱਡੀ ਗੱਲ ਇਹ ਹੈ ਕਿ ਨਚਦੇ-ਭਜਦੇ ਸਮੇਂ ਜੇ ਕਿਸੇ ਨੂੰ ਮਾੜਾ-ਮੋਟਾ ਧੱਕਾ ਵੀ ਲਗਦਾ ਹੈ ਤਾਂ ਉਹ ਉਸ ਦਾ ਗੁੱਸਾ ਕਰਨ ਦੀ ਥਾਂ ਇਸ ਦਾ ਉਤਰ ਮੁਸਕਾਨ ਨਾਲ ਦਿੰਦਾ ਹੈ। ਆਮ ਤੌਰ 'ਤੇ ਕਨਾਟ ਪਲੇਸ ਦਾ ਅੰਦਰ ਵਾਲਾ ਘੇਰਾ ਸਾਈਕ ਸਕੇਟਿੰਗ ਵਾਲਿਆਂ ਲਈ ਰਾਖਵਾਂ ਰੱਖਿਆ ਜਾਂਦਾ ਹੈ ਪਰ ਵੇਖਣ ਵਿਚ ਆਇਆ ਹੈ ਕਿ ਕਈ ਸਾਈਕਲ ਵਾਲੇ ਇੰਡੀਆ ਗੇਟ ਦੀ ਅਮਰ ਜਯੋਤੀ ਤੱਕ ਨਤਮਸਤਕ ਹੋਣ ਨਿਕਲ ਜਾਂਦੇ ਹਨ। ਇਸ ਐਤਵਾਰ ਵਾਲਾ ਰਾਹਗੀਰੀ ਦਿਵਸ ਤੀਜਾ ਸੀ। ਇਸ ਵਿਚ ਭਾਗ ਲੈਣ ਵਾਲੀ ਨਵੀਂ ਦਿੱਲੀ ਤੋਂ ਚੋਣ ਜਿੱਤਣ ਵਾਲੀ ਸੰਸਦ ਮੈਂਬਰ ਮੀਨਾਕਸ਼ੀ ਲੇਖੀ ਆਪਣੀ ਨਵੀਂ ਸਾਈਕਲ ਉਤੇ ਅਮਰ ਜਿਉਤੀ ਤੱਕ ਹੋ ਕੇ ਮੁੜੀ। ਉਸ ਨੇ ਇਥੇ ਵੀ ਕਿਹਾ ਕਿ ਅਗਲੀ ਵਾਰੀ ਉਹ ਆਪਣੀ ਸਾਈਕਲ ਨੂੰ ਚੰਗੀ ਤਰ੍ਹਾਂ ਸ਼ਿੰਗਾਰ ਕੇ ਲਿਆਵੇਗੀ। ਇਸ ਵਾਰ ਦਿੱਲੀ ਤੇ ਨਵੀਂ ਦਿੱਲੀ ਤੋਂ ਬਿਨਾਂ ਫਰੀਦਾਬਾਦ ਅਤੇ ਗੁੜਗਾਉਂ ਵਾਲੇ ਵੀ ਆਏ। ਰਾਹਗੀਰੀ ਵਿਚ ਭਾਗ ਲੈਣ ਵਾਸਤੇ ਹਰ ਨਵੇਂ ਐਤਵਾਰ ਸ਼ਿਰਕਤ ਕਰਨ ਵਾਲਿਆਂ ਦੀ ਗਿਣਤੀ ਵਧ ਰਹੀ ਹੈ। ਰਾਹਗੀਰੀ ਵਿਚ ਵਿਸ਼ੇਸ਼ ਪੁਲਿਸ ਕਮਿਸ਼ਨਰ ਮੁਕਤੇਸ਼ ਚੰਦਰ ਅਤੇ ਸੰਯੁਕਤ ਕਮਿਸ਼ਨਰ ਦੌੜ ਭੱਜ ਕੇ ਤੇ ਸਾਈਕਲ ਚਲਾ ਕੇ ਪੂਰੀ ਦਿਲਚਸਪੀ ਲੈ ਰਹੇ ਹਨ। ਨਗਰਪਾਲਿਕਾ ਤੇ ਪੁਲਿਸ ਦਾ ਇੱਕ ਮੰਤਵ ਦਿੱਲੀ ਦੀਆਂ ਸੜਕਾਂ ਨੂੰ ਸਾਫ਼ ਸੁਥਰੀਆਂ ਰਖਣਾ ਅਤੇ ਤੁਰਨ ਵਾਲਿਆਂ ਤੇ ਸਾਈਕਲ ਵਾਲਿਆਂ ਲਈ ਰਾਹ ਮੋਕਲਾ ਕਰਨਾ ਵੀ ਹੈ। ਚੰਗੀ ਗੱਲ ਇਹ ਹੈ ਕਿ ਇਸ ਸਾਰੇ ਅਮਲ ਵਿਚ ਜਨਤਾ ਹੁਮਾ ਹੁਮਾ ਕੇ ਹਿੱਸਾ ਲੈ ਰਹੀ ਹੈ। ਪ੍ਰਬੰਧਕਾਂ ਦਾ ਵਿਚਾਰ ਹੈ ਕਿ ਸਮਾਂ ਪਾ ਕੇ ਇਹ ਕਾਰਵਾਈ ਕਨਾਟ ਪਲੇਸ ਤੇ ਇੰਡੀਆ ਗੇਟ ਤੋਂ ਦੂਰ ਦੀਆਂ ਕਾਲੋਨੀਆਂ ਵਿਚ ਵੀ ਲੈ ਜਾਣਗੇ। ਜਿਵੇਂ ਛਾਉਣੀ ਤੇ ਲਾਲ ਕਿਲ੍ਹਾ ਖੇਤਰ ਵਿਚ। ਅਜਿਹੀ ਕਾਰਵਾਈ ਹਰ ਸੂਬੇ ਤੇ ਪ੍ਰਾਂਤ ਦੇ ਵੱਡੇ ਸ਼ਹਿਰਾਂ ਵਾਲਿਆਂ ਨੂੰ ਵੀ ਸ਼ੁਰੂ ਕਰਨੀ ਚਾਹੀਦੀ ਹੈ। ਨਗਰ ਪਾਲਿਕਾ ਹੀ ਨਹੀਂ, ਪੁਲਿਸ ਵਾਲਿਆਂ ਦਾ ਯੋਗਦਾਨ ਇਸ ਨੂੰ ਸਫਲ ਬਣਾ ਸਕਦਾ ਹੈ। ਜੇ ਹੋਰ ਨਹੀਂ ਤਾਂ ਜਲੰਧਰ ਤੇ ਚੰਡੀਗੜ੍ਹ ਵਰਗੇ ਸ਼ਹਿਰ ਤਾਂ ਸ਼ੁਰੂ ਕਰ ਹੀ ਸਕਦੇ ਹਨ ਜਿਥੇ ਅਖਬਾਰਾਂ ਵੀ ਹਨ, ਪੁਲਿਸ ਵੀ ਤੇ ਨਗਰ ਪਾਲਿਕਾਵਾਂ ਵੀ।

**ਮੋਬਾਈਲ ਕ੍ਰਾਂਤੀ ਦਾ ਸੰਕਟ:** ਅਸੀਂ ਜਨਸੰਖਿਆ ਦੀ ਕ੍ਰਾਂਤੀ ਸੁਣੀ ਸੀ ਹੁਣ ਮੋਬਾਈਲ ਕ੍ਰਾਂਤੀ ਵੇਖ ਲਈ ਹੈ। ਦੁਨੀਆਂ ਭਰ ਵਿਚ ਵਰਤੇ ਜਾ ਰਹੇ ਮੋਬਾਈਲਾਂ ਦੀ ਗਿਣਤੀ ਜਨਸੰਖਿਆ ਤੋਂ ਵੱਧ ਹੋ ਸਕਦੀ ਹੈ, ਘਟ ਨਹੀਂ। ਕਈਆਂ ਕੋਲ ਇੱਕ ਤੋਂ ਵੱਧ ਮੋਬਾਈਲ ਹਨ ਜਿਹੜੇ ਉਨ੍ਹਾਂ ਦੇ ਅੰਗ-ਸੰਗ ਰਹਿੰਦੇ ਹਨ। ਵੱਡੇ ਘਰਾਂ ਵਾਲੇ ਦੂਜੇ ਕਮਰੇ ਵਿਚ ਬੈਠੇ ਪ੍ਰਾਣੀ ਨਾਲ ਗੱਲ ਕਰਨ ਵਾਸਤੇ ਮੋਬਾਈਲ ਦੀ ਵਰਤੋਂ ਕਰਦੇ ਹਨ। ਰੇਲ ਗੱਡੀਆਂ ਤੇ ਬੱਸਾਂ ਵਿਚ ਸਫਰ ਕਰਨ ਵਾਲੇ ਗਵਾਂਢੀ ਸਵਾਰੀ ਨਾਲ ਗੱਲ ਕਰਨ ਦੀ ਥਾਂ ਇਸ ਯੰਤਰ ਰਾਹੀਂ ਦੂਰ-ਨੇੜੇ ਦੇ ਮਿੱਤਰਾਂ ਨਾਲ ਗੱਲਾਂ ਕਰਦੇ ਹਨ। ਰੇਲ ਦੇ ਡੱਬਿਆਂ ਵਿਚ ਜਿੰਨੇ ਵੀ ਸਵਿਚ ਬੋਰਡ ਹਨ ਉਨ੍ਹਾਂ ਨਾਲ ਦੋ-ਦੋ ਤਿੰਨ-ਤਿੰਨ ਮੋਬਾਈਲ ਚਾਰਜ ਹੁੰਦੇ ਵੇਖੇ ਗਏ ਹਨ। ਪਤਾ ਨਹੀਂ ਇਹਿਓ ਕਾਰਨ ਹੈ ਕਿ ਬਹੁਤੀ ਵਾਰੀ ਮੋਬਾਈਲ ਉਤੇ ਹੋ ਰਹੀ ਗੱਲ ਵਿਚੋਂ ਕੱਟੀ ਜਾਂਦੀ ਹੈ। ਇਹ ਹੁਣ ਹੀ ਹੋਣ ਲੱਗਿਆ ਹੈ। ਹੋ ਸਕਦਾ ਹੈ ਹਵਾ ਵਿਚ ਲਾਈਨਾਂ ਦੀ ਗਿਣਤੀ ਏਨੀ ਵੱਧ ਗਈ ਹੈ ਕਿ ਇੱਕ ਦੂਜੀ ਨਾਲ ਟਕਰਾਅ ਜਾਂਦੀਆਂ ਹਨ। ਸਾਇੰਸ ਨੇ ਬਹੁਤ ਉਨਤੀ ਕੀਤੀ ਹੈ। ਪਤਾ ਨਹੀਂ ਹੋਰ ਕੀ ਕੁਝ ਕਰਨ ਵਾਲੀ ਹੈ। ਰੱਬ ਹੀ ਰਾਖਾ ਹੈ, ਜੇ ਕਿਧਰੇ ਹੈ ਤਾਂ!

**ਅੰਤਿਕਾ:** (ਚਿਰਾਗ ਹਸਨ ਹਸਰਤ)
ਉਮੀਦ ਤੋਂ ਬੰਧ ਜਾਤੀ,
ਤਸਕੀਨ ਤੋ ਹੋ ਜਾਤੀ,
ਵਾਅਦਾ ਨਾ ਵਫ਼ਾ ਕਰਤੇ,
ਵਾਅਦਾ ਤੋ ਕੀਆ ਹੋਤਾ।
ਗੈਰੋਂ ਨੇ ਕਹਾ ਤੁਮਸੇ,
ਗੈਰੋਂ ਸੇ ਸੁਨਾ ਤੁਮ ਨੇ,
ਕੁਛ ਹਮ ਸੇ ਕਹਾ ਹੋਤਾ,
ਕੁਛ ਹਮਸੇ ਸੁਨਾ ਹੋਤਾ।

# ਜਬਰ ਜਨਾਹ ਦੇ 31 ਹਜ਼ਾਰ ਤੋਂ ਵੱਧ ਕੇਸ ਅਦਾਲਤਾਂ 'ਚ ਲਟਕੇ

**ਚੰਡੀਗੜ੍ਹ:** ਦੇਸ਼ ਭਰ ਦੀਆਂ ਹਾਈ ਕੋਰਟਾਂ ਵਿਚ ਬਲਾਤਕਾਰ ਦੇ 31386 ਕੇਸ ਅਜਿਹੇ ਹਨ ਜਿਨ੍ਹਾਂ ਦਾ ਫ਼ੈਸਲਾ ਹੋਣਾ ਬਾਕੀ ਹੈ। ਪੰਜਾਬ ਤੇ ਹਰਿਆਣਾ ਹਾਈ ਕੋਰਟ ਇਸ ਮਾਮਲੇ ਵਿਚ ਦੇਸ਼ ਵਿਚੋਂ ਚੌਥੇ ਨੰਬਰ 'ਤੇ ਹੈ। ਇਸ ਅਦਾਲਤ ਅਧੀਨ ਬਲਾਤਕਾਰ ਦੇ 3511 ਕੇਸ ਹਨ। ਬਲਾਤਕਾਰ ਪੀੜਤਾਂ ਨੂੰ ਲੰਬੀ ਕਾਨੂੰਨੀ ਪ੍ਰਕਿਰਿਆ ਵਿਚ ਉਲਝਣਾ ਪੈਂਦਾ ਹੈ। ਇਨ੍ਹਾਂ ਕੇਸਾਂ ਦੇ ਅਦਾਲਤਾਂ ਵਿਚ ਨਿਪਟਾਰੇ ਲਈ ਕਈ-ਕਈ ਵਰ੍ਹੇ ਲੱਗ ਜਾਂਦੇ ਹਨ। ਕੇਂਦਰੀ ਕਾਨੂੰਨ ਮੰਤਰਾਲੇ ਦੀ ਸੂਚਨਾ ਮੁਤਾਬਕ ਦੇਸ਼ ਭਰ ਵਿਚ ਬੀਤੇ ਤਿੰਨ ਵਰ੍ਹਿਆਂ ਵਿਚ ਬਲਾਤਕਾਰ ਦੇ 15453 ਕੇਸਾਂ ਦਾ ਹਾਈ ਕੋਰਟਾਂ ਵਿਚ ਨਿਪਟਾਰਾ ਹੋਇਆ ਹੈ, ਜਦੋਂਕਿ 31386 ਕੇਸ ਬਕਾਇਆ ਪਏ ਹਨ। ਦੇਸ਼ ਭਰ ਵਿਚੋਂ ਪਹਿਲਾ ਨੰਬਰ ਅਲਾਹਾਬਾਦ ਹਾਈ ਕੋਰਟ ਦਾ ਹੈ ਜਿਥੇ ਬਲਾਤਕਾਰ ਦੇ 10740 ਕੇਸ ਬਕਾਇਆ ਪਏ ਹਨ। ਅਲਾਹਾਬਾਦ ਹਾਈ ਕੋਰਟ ਨੇ ਬੀਤੇ ਤਿੰਨ ਵਰ੍ਹਿਆਂ ਵਿਚ ਬਲਾਤਕਾਰ ਦੇ 298 ਕੇਸਾਂ ਦਾ ਨਿਪਟਾਰਾ ਕੀਤਾ ਹੈ। ਕਿਸੇ ਹੋਰ ਸੂਬੇ ਦੀ ਹਾਈ ਕੋਰਟ ਵਿਚ ਏਨੀ ਵੱਡੀ ਗਿਣਤੀ ਵਿਚ ਬਲਾਤਕਾਰ ਦੇ ਕੇਸ ਬਕਾਇਆ ਨਹੀਂ ਹੈ। ਦੂਜਾ ਨੰਬਰ ਝਾਰਖੰਡ ਹਾਈ ਕੋਰਟ ਦਾ ਹੈ ਜਿਥੇ ਬਲਾਤਕਾਰ ਦੇ 5022 ਕੇਸ ਬਕਾਇਆ ਪਏ ਹਨ, ਜਦੋਂਕਿ ਤਿੰਨ ਵਰ੍ਹਿਆਂ ਵਿਚ 312 ਕੇਸਾਂ ਦਾ ਨਿਪਟਾਰਾ ਹੋਇਆ ਹੈ। ਤੀਜਾ ਨੰਬਰ ਮੱਧ ਪ੍ਰਦੇਸ਼ ਦਾ ਆਉਂਦਾ ਹੈ ਜਿਥੋਂ ਦੀ ਹਾਈ ਕੋਰਟ ਨੇ ਤਿੰਨ ਸਾਲਾਂ ਵਿਚ 1304 ਬਲਾਤਕਾਰ ਕੇਸਾਂ ਦਾ ਨਿਪਟਾਰਾ ਕੀਤਾ ਹੈ, ਜਦੋਂਕਿ 4602 ਕੇਸ ਬਕਾਇਆ ਪਏ ਹਨ। ਇਸ ਮਾਮਲੇ ਵਿਚ ਪੰਜਾਬ



ਤੇ ਹਰਿਆਣਾ ਹਾਈ ਕੋਰਟ ਚੌਥੇ ਨੰਬਰ 'ਤੇ ਹੈ। ਇਸ ਨੇ ਤਿੰਨ ਵਰ੍ਹਿਆਂ ਵਿਚ 512 ਬਲਾਤਕਾਰ ਦੇ ਕੇਸਾਂ ਦਾ ਨਿਪਟਾਰਾ ਕੀਤਾ ਹੈ, ਜਦੋਂਕਿ 3511 ਕੇਸ ਬਕਾਇਆ ਹਨ।

ਪੁਲਿਸ ਵੱਲੋਂ ਧਾਰਾ 376 ਤਹਿਤ ਬਲਾਤਕਾਰ ਦਾ ਕੇਸ ਦਰਜ ਕੀਤਾ ਜਾਂਦਾ ਹੈ। ਇਸ ਦਾ ਟਰਾਇਲ ਹੇਠਲੀ ਅਦਾਲਤ ਵਿਚ ਮੁਕੰਮਲ ਹੋ ਜਾਂਦਾ ਹੈ। ਹੇਠਲੀ ਅਦਾਲਤ ਦੇ ਫ਼ੈਸਲੇ ਨੂੰ ਹੀ ਅਪੀਲ ਤਹਿਤ ਉੱਚ ਅਦਾਲਤ ਵਿਚ ਲਿਜਾਇਆ ਜਾਂਦਾ ਹੈ। ਹੇਠਲੀ ਅਦਾਲਤ ਵੱਲੋਂ ਬਰੀ ਕੀਤੇ ਜਾਣ ਵਾਲਿਆਂ ਨੂੰ ਸਜ਼ਾ ਦਿਵਾਉਣ ਲਈ ਬਲਾਤਕਾਰ ਪੀੜਤਾਂ ਨੂੰ ਲੰਬੀ ਜੰਗ ਲੜਨੀ ਪੈਂਦੀ ਹੈ। ਮਿਲੀ ਜਾਣਕਾਰੀ ਮੁਤਾਬਕ ਦੇਸ਼ ਦੀਆਂ ਸਿਰਫ ਦੋ ਹਾਈ ਕੋਰਟਾਂ ਅਜਿਹੀਆਂ ਹਨ ਜਿਥੇ ਬਲਾਤਕਾਰ ਦਾ ਕੋਈ ਵੀ ਕੇਸ ਪੈਂਡਿੰਗ ਨਹੀਂ ਹੈ। ਮੇਘਾਲਿਆ ਤੇ ਮਨੀਪੁਰ ਹਾਈ ਕੋਰਟ ਵਿਚ ਬਲਾਤਕਾਰ ਦਾ ਕੋਈ ਕੇਸ ਬਕਾਇਆ ਨਹੀਂ ਹੈ, ਜਦੋਂਕਿ ਸਿੱਕਮ ਹਾਈ ਕੋਰਟ ਵਿਚ ਬਲਾਤਕਾਰ ਦੇ ਸਿਰਫ ਤਿੰਨ ਕੇਸ ਹੀ ਬਕਾਇਆ ਹਨ। ਸਿੱਕਮ ਹਾਈ ਕੋਰਟ ਵੱਲੋਂ ਤਿੰਨ ਵਰ੍ਹਿਆਂ ਵਿਚ ਬਲਾਤਕਾਰ ਦੇ ਚਾਰ ਕੇਸਾਂ ਦਾ ਨਿਪਟਾਰਾ ਕੀਤਾ ਗਿਆ ਹੈ।

ਕੋਲਕਾਤਾ ਹਾਈ ਕੋਰਟ ਵਿਚ ਬਲਾਤਕਾਰ ਦੇ ਸਿਰਫ ਪੰਜ ਕੇਸ ਪੈਂਡਿੰਗ ਹਨ, ਜਦੋਂਕਿ ਬੀਤੇ ਤਿੰਨ ਵਰ੍ਹਿਆਂ ਵਿਚ ਇਸ ਹਾਈ ਕੋਰਟ ਨੇ ਬਲਾਤਕਾਰ ਦੇ ਛੇ ਕੇਸਾਂ ਦਾ ਨਿਪਟਾਰਾ ਕੀਤਾ ਹੈ। ਦਿੱਲੀ ਹਾਈ ਕੋਰਟ ਵਿਚ 1008 ਬਲਾਤਕਾਰ ਦੇ ਕੇਸ ਪੈਂਡਿੰਗ ਹਨ, ਜਦੋਂਕਿ 1112 ਕੇਸਾਂ ਦਾ ਨਿਪਟਾਰਾ ਤਿੰਨ ਵਰ੍ਹਿਆਂ ਵਿਚ ਕੀਤਾ ਗਿਆ ਹੈ। ਰਾਜਸਥਾਨ ਹਾਈ ਕੋਰਟ ਵਿਚ ਬਲਾਤਕਾਰ ਦੇ 2951 ਕੇਸ ਪੈਂਡਿੰਗ ਹਨ ਤੇ ਤਿੰਨ ਵਰ੍ਹਿਆਂ ਵਿਚ 741 ਕੇਸਾਂ ਦਾ ਨਿਪਟਾਰਾ ਹੋਇਆ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸੂਬੇ ਗੁਜਰਾਤ ਦੀ ਹਾਈ ਕੋਰਟ ਵਿਚ ਤਿੰਨ ਵਰ੍ਹਿਆਂ ਵਿਚ ਬਲਾਤਕਾਰ ਦੇ 225 ਕੇਸਾਂ ਦਾ ਨਿਪਟਾਰਾ ਹੋਇਆ ਹੈ, ਜਦੋਂਕਿ ਇਸ ਵੇਲੇ ਗੁਜਰਾਤ ਹਾਈ ਕੋਰਟ ਵਿਚ 397 ਕੇਸ ਪੈਂਡਿੰਗ ਹਨ। ਇਥੇ ਸਾਬਕਾ ਜ਼ਿਲ੍ਹਾ ਅਟਾਰਨੀ ਤੇ ਸੀਨੀਅਰ ਐਡਵੋਕੇਟ ਰਾਜੇਸ਼ ਸ਼ਰਮਾ ਦਾ ਕਹਿਣਾ ਹੈ ਕਿ ਅਸਲ ਵਿਚ ਹਾਈ ਕੋਰਟਾਂ ਵਿਚ ਪਟੀਸ਼ਨਾਂ 'ਤੇ ਨੰਬਰ ਵਾਈਜ਼ ਤੇ ਸਾਲ ਵਾਈਜ਼ ਸੁਣਵਾਈ ਦੀ ਸ਼ੁਰੂਆਤ ਹੁੰਦੀ ਹੈ। ਬਲਾਤਕਾਰ ਜਿਹੇ ਕੇਸਾਂ ਦੀ ਸੁਣਵਾਈ ਤਰਜੀਹੀ ਤੌਰ 'ਤੇ ਹੋਣੀ ਚਾਹੀਦੀ ਹੈ ਤਾਂ ਜੋ ਬਲਾਤਕਾਰ ਪੀੜਤਾਂ ਨੂੰ ਛੇਤੀ ਇਨਸਾਫ਼ ਮਿਲ ਸਕੇ। ਹਾਈ ਕੋਰਟਾਂ ਵਿਚ ਬਲਾਤਕਾਰ ਦੇ ਕੇਸਾਂ ਨੂੰ ਵੀ ਆਮ ਕੇਸਾਂ ਦੀ ਸ਼੍ਰੇਣੀ ਵਿਚ ਹੀ ਰੱਖਿਆ ਜਾਂਦਾ ਹੈ। ਕਾਨੂੰਨ ਮੰਤਰਾਲੇ ਨੂੰ ਇਸ ਮਾਮਲੇ 'ਤੇ ਗੌਰ ਕਰਨੀ ਚਾਹੀਦੀ ਹੈ।

# ਮੋਦੀ ਨਾਲ ਨਵੇਂ ਸਿਰਿਓਂ ਏਜੰਡਾ ਤੈਅ ਕਰਨ ਲਈ ਉਤਸੁਕ ਹੈ ਓਬਾਮਾ

**ਨਵੀਂ ਦਿੱਲੀ:** ਭਾਰਤੀ ਦੌਰੇ 'ਤੇ ਆਏ ਅਮਰੀਕੀ ਵਿਦੇਸ਼ ਮੰਤਰੀ ਜੌਹਨ ਕੈਰੀ ਤੇ ਵਪਾਰ ਮੰਤਰੀ ਪੈਨੀ ਪ੍ਰਿਜ਼ਕਰ ਨੇ ਆਖਿਆ ਕਿ ਰਾਸ਼ਟਰਪਤੀ ਬਰਾਕ ਓਬਾਮਾ ਸਤੰਬਰ ਮਹੀਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਹੋਣ ਵਾਲੀ ਸਿਖਰ ਵਾਰਤਾ ਲਈ ਬਹੁਤ ਉਤਸੁਕ ਹਨ ਤਾਂ ਕਿ ਦੁਵੱਲੇ ਸਬੰਧਾਂ ਦੇ ਰਾਹ ਵਿਚ ਇਕ ਨਵਾਂ ਏਜੰਡਾ ਜੋੜਿਆ ਜਾ ਸਕੇ। ਦੋਵਾਂ ਅਮਰੀਕੀ ਮੰਤਰੀਆਂ ਨੇ ਇਥੇ ਸ੍ਰੀ ਮੋਦੀ ਨਾਲ ਮੁਲਾਕਾਤ ਦੌਰਾਨ ਉਨ੍ਹਾਂ ਤੱਕ ਇਹ ਗੱਲ ਪਹੁੰਚਾਈ ਜਿਨ੍ਹਾਂ ਕਿਹਾ ਕਿ ਦੋਵਾਂ ਦੇਸ਼ਾਂ ਨੂੰ ਸਿਖਰ ਵਾਰਤਾ ਵਿਚ ਠੋਸ ਨਤੀਜਿਆਂ ਲਈ ਤਿਆਰੀ ਕਰਨੀ ਚਾਹੀਦੀ ਹੈ ਤਾਂ ਕਿ ਦੁਵੱਲੇ ਸਬੰਧਾਂ ਨੂੰ ਇਕ ਵੱਖਰੇ ਪੱਧਰ 'ਤੇ ਪਹੁੰਚਾਇਆ ਜਾ ਸਕੇ। ਸ੍ਰੀ ਮੋਦੀ ਦਾ ਸਤੰਬਰ ਦੇ ਅਖੀਰ ਵਿਚ ਵਾਸ਼ਿੰਗਟਨ ਜਾਣ ਦਾ ਪ੍ਰੋਗਰਾਮ ਹੈ ਜਿਥੇ ਉਨ੍ਹਾਂ ਦੀ ਸ੍ਰੀ ਓਬਾਮਾ ਨਾਲ ਪਹਿਲੀ ਸਿਖਰ ਵਾਰਤਾ ਹੋਵੇਗੀ। ਪ੍ਰਧਾਨ ਮੰਤਰੀ ਦੇ ਦਫਤਰ ਵੱਲੋਂ ਜਾਰੀ ਕੀਤੇ ਗਏ ਇਕ ਬਿਆਨ ਮੁਤਾਬਕ ਘੰਟਾ ਭਰ ਚੱਲੀ ਗੱਲਬਾਤ ਵਿਚ ਦੋਵੇਂ ਅਮਰੀਕੀ ਮੰਤਰੀਆਂ ਨੇ ਸ੍ਰੀ ਮੋਦੀ ਨੂੰ ਭਾਰਤ-ਅਮਰੀਕਾ ਰਣਨੀਤਕ ਸੰਵਾਦ ਬਾਰੇ ਜਾਣਕਾਰੀ ਵੀ ਦਿੱਤੀ। ਉਨ੍ਹਾਂ ਦੱਸਿਆ ਕਿ ਸ੍ਰੀ ਓਬਾਮਾ ਭਾਰਤ ਨਾਲ ਸਬੰਧਾਂ ਨੂੰ ਬਹੁਤ ਮਹੱਤਵ ਦਿੰਦੇ ਹਨ ਤੇ ਉਹ ਸਤੰਬਰ ਵਿਚ ਹੋਣ ਵਾਲੀ ਸਿਖਰ ਵਾਰਤਾ ਦੀ ਲਾਹੇਵੰਦ ਤੇ ਉਸਾਰੂ ਰਹਿਣ ਦੇ ਆਸਵੰਦ ਹਨ। ਬਿਆਨ ਮੁਤਾਬਕ ਸ੍ਰੀ ਮੋਦੀ ਨੇ ਕਿਹਾ ਕਿ ਦੋਵੇਂ ਦੇਸ਼ਾਂ ਦੇ ਵਿਚਾਰ ਤੇ ਹਿੱਤ ਬਹੁਤ ਮੇਲ ਖਾਂਦੇ ਹਨ। ਉਨ੍ਹਾਂ ਸ੍ਰੀ ਓਬਾਮਾ ਦੇ ਵਿਚਾਰਸ਼ੀਲ ਤੇ ਤਫਸੀਲੀ ਖ਼ਤ ਦੀ ਪ੍ਰਸ਼ੰਸਾ ਕੀਤੀ ਤੇ ਦੋਵਾਂ ਧਿਰਾਂ ਨੂੰ ਆਖਿਆ ਕਿ ਸਿਖਰ ਵਾਰਤਾ ਦੌਰਾਨ ਠੋਸ ਨਤੀਜੇ ਹਾਸਲ ਕਰਨ ਦੀ ਤਿਆਰੀ ਕੀਤੀ ਜਾਣੀ ਚਾਹੀਦੀ ਹੈ ਤਾਂ ਕਿ ਦੁਵੱਲੇ ਸਬੰਧਾਂ ਨੂੰ ਸੰਕਲਪ, ਰਣਨੀਤੀ ਤੇ ਕਾਰਜਯੋਜਨਾ ਦੇ ਆਧਾਰ 'ਤੇ ਇਕ ਅਸਲੋਂ ਨਵੇਂ ਪੱਧਰ 'ਤੇ ਪਹੁੰਚਾਇਆ ਜਾ ਸਕੇ।

# ਫਾਸਟ ਟਰੈਕ ਹੋਵੇ ਸਮੁੱਚਾ ਫੌਜਦਾਰੀ ਨਿਆਂ ਪ੍ਰਬੰਧ: ਸੁਪਰੀਮ ਕੋਰਟ

**ਨਵੀਂ ਦਿੱਲੀ:** ਦੇਸ਼ ਵਿਚ ਨਿਆਂ ਪ੍ਰਣਾਲੀ ਦੀ ਸੁਸਤ ਚਾਲ 'ਤੇ ਸਰੋਕਾਰ ਜ਼ਾਹਰ ਕਰਦਿਆਂ, ਸੁਪਰੀਮ ਕੋਰਟ ਨੇ ਕੇਂਦਰ ਨੂੰ ਫੌਜਦਾਰੀ ਕੇਸਾਂ ਦੇ ਮੁਕੱਦਮਿਆਂ ਵਿਚ ਥੋੜੀ ਤੇਜ਼ੀ ਲਿਆਉਣ ਲਈ ਚਾਰ ਹਫਤਿਆਂ ਅੰਦਰ ਨੀਤੀ ਘੜਨ ਲਈ ਕਿਹਾ ਹੈ।

ਸੁਪਰੀਮ ਕੋਰਟ ਨੇ ਇਸ ਨੂੰ ਲੋਕਤੰਤਰ ਤੇ ਸੁਸ਼ਾਸਨ ਦੀ ਨਿਸ਼ਾਨੀ ਆਖਿਆ ਹੈ। ਚੀਫ ਜਸਟਿਸ ਆਰ.ਐਮ. ਲੋਧਾ ਦੀ ਅਗਵਾਈ ਵਾਲੇ ਬੈਂਚ ਨੇ ਆਖਿਆ ਕਿ ਕੇਸਾਂ ਦੀ ਇਕ ਵੰਨਗੀ ਨੂੰ ਫਾਸਟ ਟਰੈਕ ਬਣਾਉਣ ਨਾਲ ਮਸਲਾ ਹੱਲ ਨਹੀਂ ਹੋਵੇਗਾ ਸਗੋਂ ਸਮੁੱਚੇ ਪ੍ਰਬੰਧ ਦੀ ਕਾਇਆਕਲਪ ਕਰਨ ਦੀ ਲੋੜ ਹੈ। ਜਸਟਿਸ ਲੋਧਾ ਨੇ ਅਟਾਰਨੀ ਜਨਰਲ ਮੁਕੁਲ ਰੋਹਤਗੀ ਨੂੰ ਆਖਿਆ ਕਿ ਮੈਨੂੰ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਫੌਜਦਾਰੀ ਨਿਆਂ ਪ੍ਰਣਾਲੀ ਉਸ ਰਫਤਾਰ ਨਾਲ ਨਹੀਂ ਚੱਲ ਰਹੀ, ਜੋ ਹੋਣੀ ਚਾਹੀਦੀ ਹੈ।

ਸਾਨੂੰ ਵਧੇਰੇ ਅਦਾਲਤਾਂ ਤੇ ਬਿਹਤਰ ਬੁਨਿਆਦੀ ਢਾਂਚੇ ਦੀ ਲੋੜ ਹੈ। ਕੇਸਾਂ ਦੀ ਇਕ ਵੰਨਗੀ ਨੂੰ ਫਾਸਟ ਟਰੈਕ 'ਤੇ ਪਾਉਣ ਨਾਲ ਸਥਿਤੀ ਸੁਧਰਨ ਵਾਲੀ ਨਹੀਂ ਹੈ। ਇਸ ਨਾਲ ਹੋਰਨਾਂ ਕੇਸਾਂ 'ਤੇ ਅਸਰ ਪਵੇਗਾ। ਨਾ ਸਿਰਫ ਇਕ ਵੰਨਗੀ ਦੇ ਸਗੋਂ ਸਾਰੇ ਕੇਸਾਂ ਵਿਚ ਫਾਸਟ ਟਰੈਕ ਨਿਆਂ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਸਰਕਾਰ ਨੂੰ ਆਖੋ ਕਿ ਉਹ ਫੌਜਦਾਰੀ ਨਿਆਂ ਪ੍ਰਣਾਲੀ ਦੀਆਂ ਚੂਲਾਂ ਕੱਸਣ ਦੀ ਨੀਤੀ ਘੜਨ ਲਈ ਸੂਬਿਆਂ ਦੇ ਮੁੱਖ ਸਕੱਤਰਾਂ ਤੇ ਕਾਨੂੰਨੀ ਸਕੱਤਰਾਂ ਦੀ ਮੀਟਿੰਗ ਬੁਲਾਵੇ। ਉਨ੍ਹਾਂ ਕਿਹਾ ਕਿ ਇਹ ਫੈਸਲਾ ਸੂਬਾ ਸਰਕਾਰਾਂ ਨਾਲ ਸਲਾਹ ਕਰਕੇ ਕੇਂਦਰ ਨੇ ਲੈਣਾ ਹੈ ਕਿਉਂਕਿ ਨਿਆਂਪਾਲਿਕਾ ਕੋਲ ਹੋਰ ਅਦਾਲਤਾਂ ਕਾਇਮ ਕਰਨ ਦਾ ਅਖਤਿਆਰ ਨਹੀਂ ਹੈ।

*ਸਿਰਕੱਢ ਪੰਜਾਬੀ ਪੱਤਰਕਾਰ ਦਲਬੀਰ ਸਿੰਘ (20 ਅਗਸਤ 1949-28 ਜੁਲਾਈ 2007) ਦੀ ਸਵੈ-ਜੀਵਨੀ 'ਤੇਰੀਆਂ ਗਲੀਆਂ' ਅਸੀਂ ਆਪਣੇ ਪਾਠਕਾਂ ਨਾਲ ਸਾਂਝੀ ਕਰ ਰਹੇ ਹਾਂ। ਇਸ ਲਿਖਤ ਵਿਚ ਵੀ ਉਹ 'ਪੰਜਾਬੀ ਟ੍ਰਿਬਿਊਨ' ਵਿਚ ਛਪਦੇ ਰਹੇ ਆਪਣੇ ਕਾਲਮ 'ਜਗਤ ਤਮਾਸ਼ਾ' ਵਾਂਗ ਨਿਵੇਕਲੇ ਰੰਗ ਨਾਲ ਹਾਜ਼ਰ ਹੈ। ਆਪਣੀ ਧੀ ਸੁਪਨੀਤ ਕੌਰ ਨੂੰ ਆਪਣਾ ਪਿੰਡ ਨੰਗਲ ਸ਼ਾਮਾ ਦਿਖਾਉਣ ਦੇ ਬਹਾਨੇ ਉਹਨੇ ਪੰਜਾਬ ਦੇ ਪਿੰਡਾਂ, ਲੋਕਾਂ ਅਤੇ ਆਲੇ-ਦੁਆਲੇ ਬਾਰੇ ਬੜੀਆਂ ਸਿੱਧੀਆਂ ਅਤੇ ਸੂਖਮ ਗੱਲਾਂ ਕੀਤੀਆਂ ਹਨ। ਇਹ ਰਚਨਾ ਇਕੱਲੇ ਨੰਗਲ ਸ਼ਾਮਾ ਪਿੰਡ ਬਾਰੇ ਨਹੀਂ, ਸਗੋਂ ਇਹ ਸਮੁੱਚੇ ਪੰਜਾਬ ਦੇ ਪਿੰਡਾਂ ਦੀ ਕਹਾਣੀ ਹੈ ਜੋ ਪਿਛਲੇ ਕਈ ਦਹਾਕਿਆਂ ਤੋਂ ਬਹੁਤ ਤੇਜ਼ੀ ਨਾਲ ਬਦਲੇ ਹਨ। ਇਨ੍ਹਾਂ ਪਿੰਡਾਂ ਦੀ ਤਾਸੀਰ ਬਦਲ ਗਈ ਹੈ ਅਤੇ ਤੱਤ ਵੀ ਬਦਲ ਰਿਹਾ ਹੈ। ਦਲਬੀਰ ਨੇ ਇਹ ਰਚਨਾ ਧੜਕਦੇ ਦਿਲ ਨਾਲ ਕੀਤੀ ਹੋਈ ਹੈ, ਇਸੇ ਲਈ ਇਸ ਨੂੰ ਪੜ੍ਹਨ-ਸੁਣਨ ਵਾਲੇ ਦਾ ਦਿਲ ਵੀ ਉਸ ਰੌਂਅ ਵਿਚ ਧੜਕਣ ਲਗਦਾ ਹੈ। ਐਤਕੀਂ ਵਾਲੀ ਕਿਸ਼ਤ 'ਦਰਵਾਜ਼ਾ ਜੋ ਕਦੇ ਬਣ ਨਾ ਸਕਿਆ' ਵਿਚ ਉਹ ਪਿੰਡ ਦੇ ਬਾਹਰਵਾਰ ਬਣਾਏ ਜਾ ਰਹੇ ਉਚੇ ਗੇਟਾਂ ਦੀ ਭੇਡ-ਚਾਲ 'ਤੇ ਵਿਅੰਗ ਕੱਸਦਾ ਹੈ। ਲੇਖ ਦੇ ਅਖੀਰ 'ਤੇ ਉਹ ਜਿਸ ਤਰ੍ਹਾਂ ਤੋੜਾ ਝਾੜਦਾ ਹੈ, ਉਹ ਪਾਠਕ ਦੇ ਮਨ ਵਿਚ ਇਕ ਚਿਣਗ ਜਿਹੀ ਬਾਲਦਾ ਹੈ। ਬੱਸ, ਇਹੀ ਦਲਬੀਰ ਦੀ ਲਿਖਤ ਦਾ ਹੁਸਨ ਹੈ। -ਸੰਪਾਦਕ*

**ਤੇਰੀਆਂ ਗਲੀਆਂ-3**

# ਦਰਵਾਜ਼ਾ ਜੋ ਕਦੇ ਬਣ ਨਾ ਸਕਿਆ



***ਮੈਂ (ਆਪਣੇ) ਪਿੰਡ (ਨੰਗਲ ਸ਼ਾਮਾ) ਦੀਆਂ ਗਲੀਆਂ, ਨਾਲੀਆਂ, ਖੇਤਾਂ, ਖੂਹਾਂ, ਖੰਡਰਾਂ, ਦਰਖਤਾਂ, ਫਸਲਾਂ, ਤੀਵੀਂਆਂ, ਬੰਦਿਆਂ, ਇਸ ਦੀ ਮਿੱਟੀ ਦੇ ਕਿਣਕਿਆਂ ਆਦਿ ਉਤੇ ਕਵਿਤਾ ਲਿਖਣੀ ਚਾਹੁੰਦਾ ਹਾਂ ਪਰ ਮੈਨੂੰ ਕਵਿਤਾ ਨਾ ਲਿਖ ਸਕਣ ਦਾ ਸਰਾਪ ਹੈ। ਮੇਰੀ ਆਖਰੀ ਖਾਹਸ਼ ਕੀ ਹੈ? ਮੇਰੀ ਧੀ ਪੁੱਛਦੀ ਹੈ। ਮੈਂ ਕਹਿੰਦਾ ਹਾਂ ਕਿ ਮੈਂ ਨੰਗਲ ਸ਼ਾਮਾ ਬਾਰੇ ਇੰਨੀਆਂ ਕਵਿਤਾਵਾਂ ਲਿਖਣਾ ਚਾਹੁੰਦਾ ਹਾਂ ਜਿੰਨੀਆਂ ਮੈਂ ਸਾਰੀ ਉਮਰ ਲਾ ਕੇ ਵੀ ਲਿਖ ਨਾ ਸਕਾਂ, ਪਰ ਚਾਹੁੰਦੇ ਹੋਏ ਵੀ ਨਹੀਂ ਲਿਖ ਸਕਦਾ, ਕਿਉਂਕਿ ਕਵਿਤਾ ਨਾ ਲਿਖਣ ਦਾ ਸਰਾਪ ਹੰਢਾਅ ਰਿਹਾ ਹਾਂ। ਇਸ ਲਈ ਘੱਟੋ-ਘੱਟ ਮੈਂ ਉਸ ਦੀ ਜੂਹ ਦੀ ਮਿੱਟੀ ਤਾਂ ਖਾ ਹੀ ਸਕਦਾ ਹਾਂ! ਮੈਂ ਰੱਜ ਕੇ ਪਿੰਡ ਦੀ ਮਿੱਟੀ ਖਾਣਾ ਚਾਹੁੰਦਾ ਹਾਂ। ਮੈਨੂੰ ਇਸ ਤਰ੍ਹਾਂ ਨਾ ਕਰ ਸਕਣ ਦਾ ਕਿਸੇ ਕੋਈ ਸਰਾਪ ਨਹੀਂ ਜੇ ਦਿੱਤਾ। ਸਾਰੀ-ਸਾਰੀ ਰਾਤ ਜਗਦੀਆਂ ਰੋਸ਼ਨੀਆਂ ਦੇ ਸ਼ਹਿਰ ਵਿਚ ਮੈਂ ਬਹੁਤ ਭੁੱਖਾ ਰਹਿ ਗਿਆ ਹਾਂ।***

ਰਾਮਾ ਮੰਡੀ ਤੋਂ ਹੁਸ਼ਿਆਰਪੁਰ ਜਾਂਦੀ ਸੜਕ ਉਤੇ ਖੜੋ ਕੇ ਪਿੰਡ ਵੱਲ ਦੇਖਦਿਆਂ ਮੈਨੂੰ ਚੇਤੇ ਆਉਂਦਾ ਹੈ ਕਿ ਕਿਸੇ ਵੇਲੇ ਇਸ ਸੜਕ ਦੇ ਆਲੇ-ਦੁਆਲੇ ਉਚੇ-ਉਚੇ ਰੇਤੀਲੇ ਟਿੱਬੇ ਹੁੰਦੇ ਸਨ। ਇਨ੍ਹਾਂ ਟਿੱਬਿਆਂ ਉਤੇ ਆਮ ਤੌਰ 'ਤੇ ਕਾਨੇ ਉਗੇ ਰਹਿੰਦੇ ਸਨ। ਸੜਕ ਮਸਾਂ ਇੰਨੀ ਕੁ ਚੌੜੀ ਸੀ ਕਿ ਬੱਸ ਹੀ ਲੰਘ ਸਕਦੀ ਸੀ। ਦੋਹੀਂ ਪਾਸੀਂ ਕਿਉਂਕਿ ਰੇਤ ਸੀ, ਇਸ ਲਈ ਸੜਕ ਕੰਢੇ ਤੁਰਨ ਵੇਲੇ ਵੀ ਬੱਸ ਹੇਠਾਂ ਆਉਣ ਦਾ ਡਰ ਹਰ ਵੇਲੇ ਬਣਿਆ ਰਹਿੰਦਾ ਸੀ।

ਬਹੁਤੀ ਵਾਰੀ ਸੜਕ ਦੇ ਕਿਨਾਰਿਆਂ ਤੋਂ ਰੇਤਾ ਖਿਸਕ ਕੇ ਬਹੁਤ ਹੇਠਾਂ ਹੋ ਜਾਂਦਾ ਸੀ। ਇਸ ਲਈ ਵਾਹਨਾਂ ਲਈ ਬਹੁਤ ਮੁਸ਼ਕਲ ਪੈਦਾ ਹੁੰਦੀ ਸੀ। ਪੀ.ਡਬਲਿਊ.ਡੀ. ਦੇ ਮੁਲਾਜ਼ਮ ਸੜਕ ਦੇ ਕਿਨਾਰਿਆਂ ਉਤੇ ਰੇਤਾ ਚੜ੍ਹਾਉਂਦੇ ਰਹਿੰਦੇ। ਸੁਣਿਆ ਹੈ ਕਿ ਰਾਜਸਥਾਨ ਵਿਚ ਅੱਜ ਵੀ ਇਸੇ ਤਰ੍ਹਾਂ ਕੀਤਾ ਜਾਂਦਾ ਹੈ। ਇਸ ਨਾਲ ਸੜਕਾਂ ਦੇ ਕੰਢੇ ਨਹੀਂ ਭੁਰਦੇ।

ਫਿਰ ਹੌਲੀ-ਹੌਲੀ ਇਹ ਰੇਤ ਚੁੱਕਣੀ ਸ਼ੁਰੂ ਹੋ ਗਈ। ਇਹ ਸ਼ਹਿਰ ਵਿਚ ਬਣ ਰਹੇ ਮਕਾਨਾਂ ਦੀ ਉਸਾਰੀ ਲਈ 'ਭਰਤੀ' ਪਾਉਣ ਜਾਂ ਹੋਰ ਕੰਮਾਂ ਲਈ ਵਰਤੀ ਜਾਂਦੀ ਸੀ। ਕੁਝ ਕੁ ਸਾਲਾਂ ਵਿਚ ਹੀ ਲਗਭਗ ਸਾਰੀ ਰੇਤ ਚੁੱਕੀ ਗਈ, ਫਿਰ ਲੱਧੇਵਾਲੀ ਨੂੰ ਜਾਂਦੇ ਦੂਜੇ ਰਸਤੇ ਕੋਲ ਪੈਟਰੋਲ ਪੰਪ ਬਣ ਗਿਆ।

ਜਦੋਂ ਅਸੀਂ ਪਿੰਡੋਂ ਚੱਲ ਕੇ ਜਲੰਧਰ ਛਾਉਣੀ ਪੜ੍ਹਨ ਜਾਂਦੇ ਸਾਂ, ਤਾਂ ਕਦੇ ਚਿੱਤ-ਚੇਤਾ ਵੀ ਨਹੀਂ ਸੀ ਕਿ ਕਿਸੇ ਵੇਲੇ ਇਸ ਉਜਾੜ ਸੜਕ ਉਤੇ ਇੰਨੀ ਰੌਣਕ ਹੋਵੇਗੀ ਕਿ ਲੰਘਣਾ ਵੀ ਮੁਸ਼ਕਲ ਹੋਵੇਗਾ। ਉਨੀਂ ਦਿਨੀਂ ਕਾਕੀ ਪਿੰਡ ਤੋਂ ਕੋਈ ਨਾ ਕੋਈ ਸਾਥ ਲੈ ਕੇ ਪਿੰਡ ਨੂੰ ਤੁਰੀਦਾ ਸੀ। ਖਾਸ ਕਰ ਕੇ ਗਰਮੀਆਂ ਦੀ ਤਿੱਖੜ ਦੁਪਹਿਰੇ ਜਾਂ ਫਿਰ ਸ਼ਾਮ ਨੂੰ ਸੋਤੇ ਪਏ ਡਰ ਰਹਿੰਦਾ ਸੀ ਕਿ ਉਚੇ ਟਿੱਬਿਆਂ ਅਤੇ ਝਾੜੀਆਂ ਵਿਚੋਂ ਨਿਕਲ ਕੇ ਕੋਈ ਡਾਕੂ ਲੁਟੇਰਾ ਹੀ ਹਮਲਾ ਨਾ ਕਰ ਦੇਵੇ। ਸਕੂਲਾਂ ਨੂੰ ਜਾਂਦੀਆਂ ਕੁੜੀਆਂ ਲਈ ਤਾਂ ਹੋਰ ਵੀ ਮੁਸ਼ਕਲ ਹੁੰਦੀ ਹੋਵੇਗੀ। ਸਲਵਾੜ ਇੰਨਾ ਹੁੰਦਾ ਸੀ ਕਿ ਸੜਕ ਉਤੇ ਚਲਦਿਆਂ ਵੀ ਰੁਕਾਵਟ ਬਣਦਾ ਸੀ। ਅਕਸਰ ਅਨਜਾਣਪੁਣੇ ਵਿਚ ਹੱਥ ਪਾਇਆਂ ਹੱਥ ਚੀਰ ਦਿੰਦਾ ਸੀ।

ਅੱਜ ਹਾਲਤ ਇਹ ਹੈ ਕਿ ਰਾਮਾ ਮੰਡੀ ਦੀ ਮਾਰਕੀਟ ਮੇਰੇ ਪਿੰਡ ਤੋਂ ਵੀ ਅੱਗੇ ਤਕ ਪਹੁੰਚ ਗਈ ਹੈ। ਪਤਾ ਹੀ ਨਹੀਂ ਲਗਦਾ ਕਿ ਕਿਥੇ ਕਾਕੀ ਪਿੰਡ ਹੁੰਦਾ ਸੀ, ਤੇ ਕਿਥੇ ਮੀਟ ਦੇ ਖੋਖੇ। ਫਾਟਕ ਨਾਲ ਪਕੌੜਿਆਂ ਦੀ ਰੇਹੜੀ ਲਾਉਣ ਵਾਲਾ ਵੀ ਹੁਣ ਉਥੇ ਨਹੀਂ ਰਿਹਾ। ਚਾਹ ਦੀਆਂ ਦੁਕਾਨਾਂ ਵੀ ਦਿਖਾਈ ਨਹੀਂ ਦਿੰਦੀਆਂ। ਇਕ ਕਿਲੋਮੀਟਰ ਦਾ ਇਹ ਸੜਕ ਦਾ ਟੋਟਾ ਹੁਣ ਬੇਪਛਾਣ ਹੋ ਗਿਆ ਹੈ। ਸਾਰੀ ਸੜਕ ਉਤੇ ਦੋਹੀਂ ਪਾਸੀਂ ਦੁਕਾਨਾਂ ਹੀ ਦੁਕਾਨਾਂ ਹਨ। ਹਰ ਚੀਜ਼ ਦੀ ਦੁਕਾਨ ਇਥੇ ਮੌਜੂਦ ਹੈ। ਕੀ ਇਹ ਉਹੀ ਰਸਤਾ ਹੈ ਜਿਥੇ ਕਦੇ ਦਿਨ ਵੇਲੇ ਵੀ ਲੰਘਣ ਤੋਂ ਡਰ ਆਉਂਦਾ ਸੀ? ਉਂਜ ਡਰ ਅੱਜ ਵੀ ਆਉਂਦਾ ਹੈ। ਫਰਕ ਸਿਰਫ਼ ਇੰਨਾ ਹੈ ਕਿ ਅੱਜ ਆਵਾਜਾਈ ਦੇ ਵਧ ਜਾਣ ਕਾਰਨ ਡਰ ਆਉਂਦਾ ਹੈ, ਉਦੋਂ ਉਜਾੜ ਕਾਰਨ ਡਰ ਆਉਂਦਾ ਸੀ।



ਸੁਪਨੀਤ ਕੌਰ

***ਅੱਜ ਹਾਲਤ ਇਹ ਹੈ ਕਿ ਰਾਮਾ ਮੰਡੀ ਦੀ ਮਾਰਕੀਟ ਮੇਰੇ ਪਿੰਡ ਤੋਂ ਵੀ ਅੱਗੇ ਤਕ ਪਹੁੰਚ ਗਈ ਹੈ। ਪਤਾ ਹੀ ਨਹੀਂ ਲਗਦਾ ਕਿ ਕਿਥੇ ਕਾਕੀ ਪਿੰਡ ਹੁੰਦਾ ਸੀ, ਤੇ ਕਿਥੇ ਮੀਟ ਦੇ ਖੋਖੇ। ਫਾਟਕ ਨਾਲ ਪਕੌੜਿਆਂ ਦੀ ਰੇਹੜੀ ਲਾਉਣ ਵਾਲਾ ਵੀ ਹੁਣ ਉਥੇ ਨਹੀਂ ਰਿਹਾ। ਚਾਹ ਦੀਆਂ ਦੁਕਾਨਾਂ ਵੀ ਦਿਖਾਈ ਨਹੀਂ ਦਿੰਦੀਆਂ। ਇਕ ਕਿਲੋਮੀਟਰ ਦਾ ਇਹ ਸੜਕ ਦਾ ਟੋਟਾ ਹੁਣ ਬੇਪਛਾਣ ਹੋ ਗਿਆ ਹੈ।***

ਪਿੰਡ ਨੂੰ ਜਾਂਦੀ ਸੜਕ ਉਤੇ ਪਿੰਡ ਦੇ ਨਾਂ ਦਾ ਗੇਟ ਬਣਾਉਣ ਬਾਰੇ ਕਈ ਵਾਰੀ ਵਿਚਾਰਾਂ ਹੋਈਆਂ। ਉਨ੍ਹੀਂ ਦਿਨੀਂ ਵੀ ਹੋਈਆਂ ਜਿਨ੍ਹੀਂ ਦਿਨੀਂ ਮੈਂ ਪਿੰਡ ਦੀ ਨੌਜਵਾਨ ਸਭਾ ਦਾ ਸਕੱਤਰ ਸਾਂ। ਫਿਰਨੀ ਉਦੋਂ ਕੱਚੀ ਸੀ। ਇਸ ਲਈ ਆਮ ਤੌਰ ਉਤੇ ਨੌਜਵਾਨ ਸਭਾ ਦਾ ਕੰਮ ਫਿਰਨੀ ਉਤੇ ਮਿੱਟੀ ਪਾਉਣ ਦਾ ਹੀ ਹੁੰਦਾ ਸੀ; ਜਾਂ ਫਿਰ ਟੂਰਨਾਮੈਂਟ ਕਰਵਾਏ ਜਾਂਦੇ ਸਨ।



*ਦਲਬੀਰ ਸਿੰਘ ਦੀ ਧੀ ਸੁਪਨੀਤ ਕੌਰ (ਮੂਹਰਲੀ ਕਤਾਰ ਵਿਚ ਖੱਬਿਉਂ ਦੂਜੀ) ਜਿਸ ਨੂੰ ਪਿੰਡ ਦਿਖਾਉਣ ਗਿਆ ਦਲਬੀਰ ਆਪਣੀ ਸਵੈ-ਜੀਵਨੀ 'ਤੇਰੀਆਂ ਗਲੀਆਂ' ਵਿਚ ਆਪਣੀ ਕਥਾ ਸੁਣਾ ਰਿਹਾ ਹੈ। ਤਸਵੀਰ ਵਿਚ ਦਲਬੀਰ ਸਿੰਘ ਦੀ ਪਤਨੀ ਜਸਵੀਰ ਕੌਰ (ਐਨ ਸੱਜੇ ਬੈੱਡ ਉਤੇ ਬੈਠੇ ਹੋਏ) ਅਤੇ ਬੇਟਾ ਵਿਕਰਾਂਤ (ਪਿਛਲੀ ਕਤਾਰ ਵਿਚ ਖੱਬਿਉਂ ਤੀਜਾ) ਵੀ ਦਿਖਾਈ ਦੇ ਰਹੇ ਹਨ। ਸਾਰਾ ਟੱਬਰ ਅੱਜ ਕੱਲ੍ਹ ਨਿਊਜ਼ੀਲੈਂਡ ਰਹਿੰਦਾ ਹੈ।*

ਮੈਂ ਕਦੇ ਵੀ ਕੋਈ ਖੇਡ ਨਹੀਂ ਸੀ ਖੇਡੀ, ਸਿਵਾ ਕਦੇ-ਕਦੇ ਕਬੱਡੀ ਦੇ। ਨੱਸਣਾ ਮੈਨੂੰ ਆਉਂਦਾ ਨਹੀਂ ਸੀ। ਜਦੋਂ ਕਦੇ ਫੁਟਬਾਲ ਖੇਡਦੇ ਸਾਂ, ਤਾਂ ਨਾਲ ਦੇ ਮੁੰਡੇ ਮੇਰੇ ਨੱਸਣ ਦੇ ਤਰੀਕੇ ਉਤੇ ਹੱਸਦੇ ਸਨ। ਇਸ ਲਈ ਮੈਂ ਫੁਟਬਾਲ ਖੇਡਣਾ ਬੰਦ ਕਰ ਦਿੱਤਾ ਸੀ। ਮੈਂ ਸਿਹਤ ਪੱਖੋਂ ਛੋਟਾ ਹੁੰਦਾ ਕਾਫੀ ਗੋਲ-ਮਟੋਲ ਸਾਂ। ਇਸ ਲਈ ਨਾਲ ਦੇ ਮੁੰਡਿਆਂ ਨੇ ਮੇਰਾ ਕੁਨਾਂ 'ਬਲੈਡਰ' ਪਾਇਆ ਹੋਇਆ ਸੀ। ਇਸ ਤਰ੍ਹਾਂ ਦੇ ਨਾਂ-ਕੁਨਾਂ ਸਭ ਦੇ ਹੀ ਪਏ ਹੋਏ ਸਨ।

ਖ਼ੈਰ, ਪਿੰਡ ਨੂੰ ਜਾਂਦੀ ਸੜਕ ਉਤੇ ਗੇਟ ਬਣਾਉਣ ਲਈ ਵਾਰੀ ਕਮੇਟੀਆਂ ਵੀ ਬਣੀਆਂ। ਸਾਡੇ ਪਿੰਡ ਦਾ ਇਕ ਫੌਜੀ ਅਫਸਰ ਜਿਸ ਦਾ ਨਾਂ ਮੇਰੇ ਚੇਤੇ ਵਿਚੋਂ ਵਿਸਰ ਗਿਆ ਹੈ (ਕੈਪਟਨ ਕਰਨੈਲ ਸਿੰਘ ਸੀ ਸ਼ਾਇਦ), ਸੰਨ 1962 ਦੀ ਚੀਨ ਨਾਲ ਹੋਈ ਜੰਗ ਵਿਚ ਸ਼ਹੀਦ ਹੋ ਗਿਆ ਸੀ। ਉਸੇ ਦੇ ਨਾਂ ਉਤੇ ਗੇਟ ਬਣਾਉਣ ਦੀ ਤਜਵੀਜ਼ ਕਈ ਵਾਰੀ ਪਾਸ ਕੀਤੀ ਗਈ ਪਰ ਕਦੇ ਵੀ ਇਸ ਤਜਵੀਜ਼ ਉਤੇ ਅਮਲ ਨਾ ਹੋ ਸਕਿਆ।

ਇਕ ਵਾਰੀ ਇਹ ਵੀ ਫੈਸਲਾ ਕੀਤਾ ਗਿਆ ਕਿ ਗੇਟ ਨੂੰ 'ਸ਼ਹੀਦੀ ਗੇਟ' ਕਿਹਾ ਜਾਵੇ। ਸਾਡੇ ਪਿੰਡ ਦਾ ਨਾਂ ਨੰਗਲ ਸ਼ਾਮਾ ਹੈ ਅਤੇ ਇਸ ਨੂੰ ਚੇਲਿਆਂ ਦਾ ਨੰਗਲ ਵੀ ਕਹਿੰਦੇ ਹਨ। ਇਸ ਦਾ ਕਾਰਨ ਇਹ ਹੈ ਕਿ ਇਥੇ ਗੁੱਗੇ ਪੀਰ ਦੀ ਮਾੜੀ ਹੈ। ਇਸ ਮਾੜੀ ਦੀ ਸਾਂਭ-ਸੰਭਾਲ ਕਰਨ ਵਾਲੇ ਨੂੰ ਚੇਲਾ ਕਹਿੰਦੇ ਹਨ। ਇਸ ਮਾੜੀ ਉਤੇ ਸੱਤ ਦਿਨ ਰਾਤ-ਰਾਤ ਭਰ ਗੁੱਗੇ ਦੀ ਹਾਜ਼ਰੀ ਭਰੀ ਜਾਂਦੀ ਅਤੇ ਉਸ ਦੀ ਉਸਤਤ ਗਾਈ ਜਾਂਦੀ। ਚੇਲੇ ਅਤੇ ਹੋਰ ਲੋਕ ਦਿਨ ਵੇਲੇ ਪਿੰਡ ਵਿਚ ਗੁੱਗੇ ਦੀ ਗਾਥਾ ਦਾ ਗਾਇਨ ਕਰਦੇ।

ਗੁੱਗੇ ਦੀ ਪੂਜਾ ਲਈ ਪਿੰਡ ਦੀਆ ਤ੍ਰੀਮਤਾਂ ਆਪਣੇ ਹੱਥੀਂ ਸੇਵੀਆਂ ਵੱਟਦੀਆਂ ਅਤੇ ਪਿੰਡ ਦੇ ਬਾਹਰਵਾਰ ਵਣੀ ਉਤੇ ਕੱਚੀ ਲੱਸੀ ਚੜ੍ਹਾ ਕੇ ਆਉਂਦੀਆਂ। ਅਗਲੇ ਦਿਨ ਛਿੰਝ ਪਾਈ ਜਾਂਦੀ ਜਿਸ ਵਿਚ ਦੂਰੋਂ-ਦੂਰੋਂ ਭਲਵਾਨ ਆਉਂਦੇ। ਇਸ ਲਈ ਇਕ ਵਾਰੀ ਇਸ ਗੇਟ ਨੂੰ ਗੁੱਗੇ ਪੀਰ ਦਾ ਗੇਟ ਕਹਿਣ ਦੀ ਵੀ ਤਜਵੀਜ਼ ਆਈ। ਇਹ ਤਜਵੀਜ਼ ਵੀ ਸਿਰੇ ਨਾ ਚੜ੍ਹ ਸਕੀ।

ਸੂਬੇਦਾਰ ਮੇਜਰ ਮਿਹਰ ਸਿੰਘ ਉਨ੍ਹੀਂ ਦਿਨੀਂ ਸਾਡੇ ਪਿੰਡ ਦੇ ਸਰਪੰਚ ਸਨ ਜਿਨ੍ਹੀਂ ਦਿਨੀਂ ਮੈਂ ਹੋਸ਼ ਸੰਭਾਲੀ ਸੀ। ਉਹ ਆਪਣੀ ਮੌਤ ਤਕ ਪਿੰਡ ਦੇ ਸਰਪੰਚ ਰਹੇ। ਉਨ੍ਹਾਂ ਨੂੰ ਸਾਰੇ ਹੀ ਮੇਜਰ ਮਿਹਰ ਸਿੰਘ ਕਹਿੰਦੇ ਸਨ। ਕੱਦ ਭਾਵੇਂ ਉਨ੍ਹਾਂ ਦਾ ਬਹੁਤ ਲੰਬਾ ਨਹੀਂ ਸੀ, ਪਰ ਉਨ੍ਹਾਂ ਦੀ ਸ਼ਖ਼ਸੀਅਤ ਦਾ ਰੋਹਬ ਬਹੁਤ ਸੀ। ਦਾੜ੍ਹੀ ਨੂੰ ਉਹ ਪੁੱਠੀ ਚੜ੍ਹਾ ਕੇ ਬੰਨ੍ਹਦੇ ਸਨ। ਇਸ ਕਾਰਨ ਰੋਹਬ ਹੋਰ ਵੀ ਵਧ ਜਾਂਦਾ ਸੀ। ਉਨ੍ਹਾਂ ਦੇ ਹੁੰਦਿਆਂ ਪਿੰਡ ਵਿਚ ਕਦੇ ਪੁਲਿਸ ਨਹੀਂ ਸੀ ਆਈ। ਉਹ ਸਾਰੇ ਮਾਮਲੇ ਪਿੰਡ ਵਿਚ ਹੀ ਨਜਿੱਠ ਲੈਂਦੇ ਸਨ। ਅਸੀਂ ਨਿੱਕੇ ਨਿਆਣੇ ਤਾਂ ਉਨ੍ਹਾਂ ਤੋਂ ਬਹੁਤ ਖ਼ੌਫ਼ ਖਾਂਦੇ ਸਾਂ। ਇਹ ਖ਼ੌਫ਼ ਹੋਰ ਵੀ ਵਧ ਗਿਆ ਸੀ ਕਿਉਂਕਿ ਇਕ ਵਾਰੀ ਉਨ੍ਹਾਂ ਨੇ ਬਸਤਾ ਬੇ ਵਿਚ ਸ਼ਾਮਲ ਦਾਰੇ ਦੇ, ਪਿੰਡ ਦੇ ਪਰ੍ਹੇ ਵਿਚ ਛਿੱਤਰ ਮਾਰੇ ਸਨ ਅਤੇ ਉਸ ਦਾ ਮੂੰਹ ਕਾਲਾ ਕੀਤਾ ਸੀ। ਅਜਿਹਾ ਕਿਸ ਕਸੂਰ ਬਦਲੇ ਕੀਤਾ ਗਿਆ ਸੀ, ਇਸ ਦਾ ਮੈਨੂੰ ਚੇਤਾ ਨਹੀਂ, ਪਰ ਉਸ ਦਿਨ ਤੋਂ ਬਾਅਦ ਮੇਜਰ ਮਿਹਰ ਸਿੰਘ ਦੀ ਦਹਿਸ਼ਤ ਹੋਰ ਵੀ ਵਧ ਗਈ ਸੀ। ਇਸ ਲਈ ਇਕ ਵਾਰੀ ਇਹ ਵੀ ਤਜਵੀਜ਼ ਆਈ ਕਿ ਗੇਟ ਦਾ ਨਾਂ ਮੇਜਰ ਮਿਹਰ ਸਿੰਘ ਦੇ ਨਾਂ ਉਤੇ ਰੱਖਿਆ ਜਾਵੇ ਪਰ ਉਹ ਤਜਵੀਜ਼ ਵੀ ਸਿਰੇ ਨਹੀਂ ਸੀ ਚੜ੍ਹ ਸਕੀ।

ਗੁੱਗੇ ਦੀ ਪੂਜਾ ਮਗਰੋਂ ਪਿੰਡ ਵਿਚ ਛਿੰਝ ਪੈਂਦੀ ਸੀ। ਮੇਰੇ ਦਾਦਾ ਸਵਰਗੀ ਸਰਦਾਰ ਮੇਲਾ ਸਿੰਘ ਦੱਸਿਆ ਕਰਦੇ ਸਨ ਕਿ ਜਵਾਨੀ ਵਿਚ ਉਹ ਵੀ ਕੁਸ਼ਤੀ ਕਰਦੇ ਸਨ ਪਰ ਜਿਨ੍ਹਾਂ ਦਿਨਾਂ ਦੀ ਮੈਨੂੰ ਸੁਰਤ ਹੈ, ਉਨ੍ਹੀਂ ਦਿਨੀਂ ਸਾਡੇ ਪਿੰਡ ਦਾ ਬ੍ਰਾਹਮਣਾਂ ਦਾ ਗਿਰਧਾਰੀ ਹੀ ਇਕੋ-ਇਕ ਤਕੜਾ ਭਲਵਾਨ ਸੀ। ਉਸ ਦੀ ਦੇਹ ਬਹੁਤ ਦਰਸ਼ਨੀ ਸੀ ਅਤੇ ਚਿਹਰਾ ਵੀ ਬਹੁਤ ਸ਼ਾਨਦਾਰ ਅਤੇ ਭਰਵਾਂ ਸੀ। ਕਈ ਸਾਲਾਂ ਤਕ ਉਹ ਝੰਡੀ ਦੀ ਕੁਸ਼ਤੀ ਲੜਦਾ ਰਿਹਾ ਸੀ ਅਤੇ ਜਿੱਤਦਾ ਵੀ ਰਿਹਾ ਸੀ। ਹਰ ਵਾਰੀ ਜਦੋਂ ਉਹ ਝੰਡੀ ਦੀ ਕੁਸ਼ਤੀ ਜਿੱਤਦਾ ਸੀ, ਪਿੰਡ ਵਾਲੇ ਦੇਸੀ ਘਿਉ ਦੇ ਪੀਪੇ ਉਸ ਦੇ ਘਰ ਦੇ ਆਉਂਦੇ ਸਨ। ਸ਼ਾਬਾਸ਼ੇ ਦੇ ਰੂਪ ਵਿਚ ਉਸ ਦੀ ਪਿੜ ਵਿਚ ਗੇੜੀ ਦੌਰਾਨ ਵੀ ਉਸ ਦੀ ਬੁੱਕ ਰੁਪਈਆਂ ਨਾਲ ਭਰ ਜਾਂਦੀ ਸੀ।

ਗਿਰਧਾਰੀ ਪਿੰਡ ਦਾ ਮਾਣ ਸੀ। ਉਹ ਜਲੰਧਰ ਛਾਉਣੀ ਈ.ਐਮ.ਈ. ਵਿਚ ਕੰਮ ਕਰਦਾ ਸੀ। ਬੇਲਦਾਰ ਸੀ ਖਬਰੇ। ਇਕ ਸ਼ਾਮ ਉਹ ਬੁਲਡੋਜ਼ਰ ਉਤੇ ਕੰਮ ਕਰ ਰਿਹਾ ਸੀ ਕਿ ਅਚਾਨਕ ਉਚੀ-ਨੀਵੀਂ ਥਾਂ ਕਾਰਨ ਬੁਲਡੋਜ਼ਰ ਉਲਟ ਗਿਆ। ਗਿਰਧਾਰੀ ਉਸ ਦੇ ਹੇਠਾਂ ਆ ਗਿਆ। ਸੋਨੇ ਵਰਗਾ ਸਰੀਰ ਮਿੰਟਾਂ ਵਿਚ ਮਿੱਟੀ ਹੋ ਗਿਆ। ਪਿੰਡ ਦਾ ਇਕੋ-ਇਕ ਭਲਵਾਨ ਤੁਰ ਗਿਆ। ਉਸ ਤੋਂ ਬਾਅਦ ਜ਼ੋਰ ਕਰਨ ਵਾਲੇ ਮੁੰਡੇ ਤਾਂ ਬਥੇਰੇ ਉਠੇ, ਪਰ ਗਿਰਧਾਰੀ ਦੇ ਬਰਾਬਰ ਦਾ ਕੋਈ ਨਹੀਂ ਸੀ ਹੋ ਸਕਿਆ। ਇਸ ਲਈ ਇਕ ਵਾਰੀ ਇਹ ਤਜਵੀਜ਼ ਆਈ ਕਿ ਪਿੰਡ ਦੇ ਗੇਟ ਦਾ ਨਾਂ ਗਿਰਧਾਰੀ ਦੇ ਨਾਂ ਉਤੇ ਰੱਖ ਦਿੱਤਾ ਜਾਵੇ ਪਰ ਇਹ ਤਜਵੀਜ਼ ਵੀ ਅਮਲ ਤੋਂ ਬਿਨਾਂ ਹੀ ਖੁਰ ਗਈ।

1995 ਵਿਚ ਇਸ ਪਿੰਡ ਨੂੰ ਜਲੰਧਰ ਮਿਉਂਸਪਲ ਕਮੇਟੀ ਵਿਚ ਸ਼ਾਮਲ ਕਰਨ ਦਾ ਐਲਾਨ ਕਰ ਦਿੱਤਾ ਗਿਆ, ਪਰ ਪਿੰਡ ਦੇ ਉਸ ਵੇਲੇ ਦੇ ਕਾਂਗਰਸੀ ਸਰਪੰਚ ਕੰਵਲਜੀਤ ਸਿੰਘ ਲਾਲੀ ਨੇ ਉਸ ਵੇਲੇ ਦੇ ਮੁੱਖ ਮੰਤਰੀ ਮਰਹੂਮ ਸ੍ਰੀ ਬੇਅੰਤ ਸਿੰਘ ਉਤੇ ਜ਼ੋਰ ਪਾ ਕੇ ਇਸ ਨੂੰ ਕਢਵਾਇਆ। ਕੰਵਲਜੀਤ ਸਿੰਘ ਨੇ ਜ਼ਿਲ੍ਹਾ ਪ੍ਰੀਸ਼ਦ ਦੀ ਚੋਣ ਲੜਨੀ ਸੀ ਅਤੇ ਇਹ ਚੋਣ ਉਹ ਤਾਂ ਹੀ ਲੜ ਸਕਦਾ ਸੀ, ਜੇ ਨੰਗਲ ਸ਼ਾਮਾ ਪਿੰਡ ਹੀ ਰਹਿੰਦਾ, ਸ਼ਹਿਰ ਦਾ ਹਿੱਸਾ ਨਾ ਬਣਦਾ; ਪਰ ਜਿਸ ਰਫ਼ਤਾਰ ਨਾਲ ਜਲੰਧਰ ਸ਼ਹਿਰ ਫੈਲ ਰਿਹਾ ਸੀ, ਉਸ ਨੂੰ ਦੇਖਦੇ ਹੋਏ ਲਗਦਾ ਸੀ ਕਿ ਬਹੁਤ ਦੇਰ ਤਕ ਇਸ ਨੂੰ ਸ਼ਹਿਰ ਦੀ ਜਕੜ ਤੋਂ ਬਚਾਇਆ ਨਹੀਂ ਸੀ ਜਾ ਸਕਦਾ। ਇਸ ਨੇ ਦੇਰ ਸਵੇਰ ਪਿੰਡ ਦੀ ਥਾਂ ਮੁਹੱਲਾ ਬਣਨਾ ਹੀ ਸੀ।

ਇਸ ਲਈ ਇਸ ਨੂੰ ਹੁਣ ਗੇਟ ਦੀ ਜ਼ਰੂਰਤ ਨਹੀਂ ਰਹਿ ਗਈ। ਇਸੇ ਕਾਰਨ ਹੀ ਸ਼ਾਇਦ ਗੇਟ ਨਹੀਂ ਬਣ ਸਕਿਆ। ਮੈਂ ਗੇਟ ਬਣਾਉਣ ਬਾਰੇ ਤਜਵੀਜ਼ਾਂ ਦਾ ਜਿਹੜਾ ਉਪਰਲਾ ਇਤਿਹਾਸ ਲਿਖਿਆ ਹੈ, ਉਹ ਸੰਨ 1971 ਤਕ ਦਾ ਹੈ। ਇਸੇ ਸਾਲ ਮੈਨੂੰ ਪਿੰਡ ਛੱਡਣਾ ਪਿਆ ਸੀ। ਪੰਝੀ ਸਾਲਾਂ ਵਿਚ ਕਈ ਵਾਰੀ ਪਿੰਡ ਗਿਆ ਹੋਵਾਂਗਾ। ਇਸ ਦੀਆਂ ਗਲੀਆਂ ਨਾਲ ਮੋਹ ਦੀਆਂ ਤੰਦਾਂ ਟੁੱਟ ਨਹੀਂ ਸਕਦੀਆਂ ਪਰ ਜਦੋਂ ਮੈਂ ਆਪਣੀ ਧੀ ਨੂੰ ਉਸ ਦੇ ਬਾਪ ਦੀ ਜੰਮਣ ਭੋਇੰ ਦਿਖਾਉਣ ਆਇਆ ਤਾਂ ਸੋਚ ਰਿਹਾ ਹਾਂ ਕਿ ਪਿੰਡਾਂ ਦੀ ਪਛਾਣ ਉਨ੍ਹਾਂ ਦੇ ਰਸਤਿਆਂ ਉਤੇ ਬਣੇ ਦਰਵਾਜ਼ਿਆਂ (ਗੇਟਾਂ) ਤੋਂ ਨਹੀਂ ਹੁੰਦੀ, ਸਗੋਂ ਇਸ ਦੇ ਪੁੱਤਰਾਂ ਵੱਲੋਂ ਸਰ ਕੀਤੇ ਗਏ ਰਸਤਿਆਂ ਦੀ ਲੰਬਾਈ ਅਤੇ ਉਚਾਈ ਤੋਂ ਹੁੰਦੀ ਹੈ। ਜੇ ਅਜੇ ਤੱਕ ਇਥੇ ਗੇਟ ਨਹੀਂ ਬਣ ਸਕਿਆ ਤਾਂ ਇਸ ਨਾਲ ਨੰਗਲ ਸ਼ਾਮਾ ਦੀ ਸ਼ਾਨ ਵਿਚ ਕੋਈ ਕਮੀ ਨਹੀਂ ਆਈ।

*(ਚੱਲਦਾ)*

ਗੁਰਮਤਿ ਵਿਚਾਰ

# ਨਾਨਕ ਸੇਵਾ ਕਰਹੁ ਹਰਿ ਗੁਰ ਸਫਲ ਦਰਸਨ ਕੀ...



ਡਾ. ਗੁਰਨਾਮ ਕੌਰ, ਕੈਨੇਡਾ

ਨਾਨਕ ਸੇਵਾ ਕਰਹੁ
ਹਰਿ ਗੁਰ ਸਫਲ ਦਰਸਨ ਕੀ
ਫਿਰਿ ਲੇਖਾ ਮੰਗੈ ਨ ਕੋਈ॥

ਇਸ ਸਲੋਕ ਵਿਚ ਗੁਰੂ ਰਾਮਦਾਸ ਮਨੁੱਖ ਨੂੰ ਅਕਾਲ ਪੁਰਖ ਅਤੇ ਪੂਰੇ ਗੁਰੂ ਦੀ ਸੇਵਾ ਕਰਨ ਲਈ ਪ੍ਰੇਰਦੇ ਹਨ ਜਿਸ ਨਾਲ ਮਨੁੱਖ ਦਾ ਇਸ ਸੰਸਾਰ 'ਤੇ ਜਨਮ ਲੈਣਾ ਸਫਲ ਹੋ ਜਾਂਦਾ ਹੈ। ਗੁਰੂ ਜੀ ਮਨੁੱਖ ਨੂੰ ਆਗਾਹ ਕਰਦੇ ਹਨ ਕਿ ਜਿਸ ਸੇਵਾਦਾਰ ਜਾਂ ਨੌਕਰ ਦਾ ਮਾਲਕ ਆਪ ਹੀ ਨੰਗਾ ਅਤੇ ਭੁੱਖਾ ਹੋਵੇ ਉਹ ਆਦਮੀ ਆਪਣੇ ਸੇਵਾਦਾਰ ਨੂੰ ਕੀ ਦੇਵੇਗਾ, ਉਸ ਦਾ ਸੇਵਾਦਾਰ ਪੇਟ ਭਰ ਕੇ ਕਿਥੋਂ ਖਾ ਸਕਦਾ ਹੈ? ਜੇ ਸਾਹਿਬ ਦੇ ਆਪਣੇ ਘਰ ਵਿਚ ਕੋਈ ਚੀਜ਼ ਹੋਵੇਗੀ ਤਾਂ ਹੀ ਨੌਕਰ ਦੇ ਹੱਥ ਲੱਗੇਗੀ ਪਰ ਜੇ ਘਰ ਅੰਦਰ ਕੁਝ ਹੈ ਹੀ ਨਹੀਂ, ਫਿਰ ਨੌਕਰ ਨੂੰ ਕੁਝ ਵੀ ਕਿਥੋਂ ਲੱਭਣਾ ਹੈ? ਭਾਵ ਸੱਚਾ ਗੁਰੂ ਉਹ ਹੈ ਜਿਸ ਨੇ ਅਕਾਲ ਪੁਰਖ ਦਾ ਅਨੁਭਵ ਆਪ ਕਰ ਲਿਆ ਹੈ, ਉਸ ਨੂੰ ਆਤਮਸਾਤ ਕਰ ਲਿਆ ਹੈ, ਅਜਿਹੇ ਗੁਰੂ ਕੋਲ ਹੀ ਦੂਸਰਿਆਂ ਨੂੰ ਕੁਝ ਦੇਣ ਅਰਥਾਤ ਰਸਤਾ ਦਿਖਾਉਣ ਦੀ ਸਮਰੱਥਾ ਹੈ। ਜਿਸ ਨੇ ਆਪ ਕੋਈ ਅਨੁਭਵ ਨਹੀਂ ਕੀਤਾ, ਜਿਸ ਦੇ ਆਪਣੇ ਪੱਲੇ ਕੁਝ ਨਹੀਂ, ਉਹ ਦੂਸਰਿਆਂ ਨੂੰ ਕੀ ਰਸਤਾ ਦਿਖਾਵੇਗਾ? ਜਿਸ ਦੀ ਸੇਵਾ ਕਰਨ ਨਾਲ ਉਸ ਸੇਵਾ ਦਾ ਲੇਖਾ ਮੰਗਿਆ ਜਾਣਾ ਹੈ, ਅਜਿਹੀ ਸੇਵਾ ਕਰਨ ਦਾ ਕੀ ਲਾਭ ਹੈ? ਚੌਥੀ ਨਾਨਕ ਜੋਤਿ ਆਦੇਸ਼ ਕਰਦੇ ਹਨ ਕਿ ਜਿਸ ਹਰੀ ਅਤੇ ਸਤਿਗੁਰੁ ਦਾ ਦਰਸ਼ਨ ਮਨੁੱਖ ਦੇ ਜਨਮ ਨੂੰ ਸਫਲਾ ਕਰ ਦਿੰਦਾ ਹੈ, ਜਿਸ ਦੀ ਸੇਵਾ ਕਰਨ ਨਾਲ ਇਹ ਜਨਮ ਸਕਾਰਥਾ ਹੋ ਜਾਂਦਾ ਹੈ, ਉਸ ਦੀ ਸੇਵਾ ਕਰਨੀ ਚਾਹੀਦੀ ਹੈ,

ਸਾਹਿਬੁ ਜਿਸ ਕਾ ਨੰਗਾ ਭੁਖਾ ਹੋਵੈ
ਤਿਸ ਦਾ ਨਫਰੁ ਕਿਥਹੁ ਰਜਿ ਖਾਏ॥
ਜਿ ਸਾਹਿਬ ਕੈ ਘਰਿ ਵਥੁ ਹੋਵੈ
ਸੁ ਨਫਰੈ ਹਥਿ ਆਵੈ
ਅਣਹੋਦੀ ਕਿਥਹੁ ਪਾਏ॥
ਜਿਸ ਦੀ ਸੇਵਾ ਕੀਤੀ ਫਿਰਿ ਲੇਖਾ ਮੰਗੀਐ
ਸਾ ਸੇਵਾ ਅਉਖੀ ਹੋਈ॥
ਨਾਨਕ ਸੇਵਾ ਕਰਹੁ
ਹਰਿ ਗੁਰ ਸਫਲ ਦਰਸਨ ਕੀ
ਫਿਰਿ ਲੇਖਾ ਮੰਗੈ ਨ ਕੋਈ॥੨॥
(ਪੰਨਾ ੩੦੬)

ਅੱਗੇ ਪਉੜੀ 'ਚ ਗੁਰੂ ਸਾਬਿਹ ਪਰਮਾਤਮਾ ਦੇ ਭਗਤਾਂ ਦੀ, ਰੱਬੀ ਅਨੁਭਵ ਪ੍ਰਾਪਤ, ਉਸ ਨੂੰ ਪਹੁੰਚੇ ਹੋਏ ਉਸ ਦੇ ਪਿਆਰਿਆਂ ਦੀ ਗੱਲ ਕਰਦਿਆਂ ਦੱਸਦੇ ਹਨ ਕਿ ਅਜਿਹੇ ਰੱਬ ਦੇ ਭਗਤ ਜੋ ਵਿਚਾਰ ਅਤੇ ਗਿਆਨ ਦੀਆਂ ਗੱਲਾਂ ਦੱਸਦੇ ਹਨ, ਚਾਰੇ ਵੇਦ ਅਰਥਾਤ ਪੁਰਾਤਨ ਧਾਰਮਿਕ ਪੁਸਤਕ ਵੀ ਇਹੀ ਕਹਿੰਦੇ ਹਨ ਕਿ ਰੱਬ ਦੇ ਭਗਤ ਜੋ ਕੁਝ ਆਪਣੇ ਮੁੱਖ ਤੋਂ ਬੋਲਦੇ ਹਨ ਉਹ ਮਹਾਂ ਵਾਕ ਅਖਵਾਉਂਦੇ ਹਨ, ਉਹ ਸੱਚੇ ਬਚਨ ਹੁੰਦੇ ਹਨ। ਉਹ ਆਪਣੇ ਇਨ੍ਹਾਂ ਸੱਚੇ ਬਚਨਾਂ ਕਾਰਨ ਸਾਰੇ ਸੰਸਾਰ ਵਿਚ ਉਘੇ ਹੋ ਜਾਂਦੇ ਹਨ ਅਤੇ ਉਨ੍ਹਾਂ ਦੀ ਸੋਭਾ, ਉਨ੍ਹਾਂ ਦੀ ਤਾਰੀਫ ਸਾਰੇ ਲੋਕ ਸੁਣਦੇ ਹਨ ਪਰ ਜਿਹੜੇ ਮੂਰਖ ਲੋਕ ਰੱਬ ਨਾਲ ਇੱਕ-ਸੁਰ ਹੋਏ ਉਸ ਦੇ ਅਜਿਹੇ ਭਗਤਾਂ ਨਾਲ ਦੁਸ਼ਮਣੀ ਕਰਦੇ ਹਨ, ਵੈਰ ਕਮਾਉਂਦੇ ਹਨ, ਉਹ ਕਦੇ ਵੀ ਸੁਖ ਦੀ ਨੀਂਦ ਨਹੀਂ ਸੌਂਦੇ, ਕਦੇ ਵੀ ਸੁਖ ਪ੍ਰਾਪਤ ਨਹੀਂ ਕਰਦੇ। ਸੰਤ ਜਨ ਤਾਂ ਅਜਿਹੇ ਲੋਕਾਂ ਨੂੰ ਗੁਣ ਦੇਣਾ ਚਾਹੁੰਦੇ ਹਨ ਪਰ ਅਜਿਹੇ ਮਨੁੱਖ ਆਪਣੀ ਹਉਮੈ ਕਾਰਨ ਅੰਦਰੋਂ ਸੜਦੇ ਰਹਿੰਦੇ ਹਨ। ਉਹ ਕਰ ਵੀ ਕੀ ਸਕਦੇ ਹਨ ਕਿਉਂਕਿ ਉਨ੍ਹਾਂ ਦੇ ਆਪਣੇ ਵੱਸ ਵਿਚ ਕੁਝ ਵੀ ਨਹੀਂ ਹੈ, ਅਸਲ ਵਿਚ ਉਨ੍ਹਾਂ ਦੇ ਮੰਦੇ ਕਰਮਾਂ ਦੇ ਕਾਰਨ ਉਨ੍ਹਾਂ ਦੇ ਮੰਦੇ ਸੰਸਕਾਰ ਹੀ ਉਨ੍ਹਾਂ ਦਾ ਭਾਗ ਹਨ। ਅਜਿਹੇ ਮਨੁੱਖ ਆਪਣੇ ਮੰਦੇ ਕਰਮਾਂ ਕਰਕੇ ਰੱਬ ਵੱਲੋਂ ਹੀ ਮਰੇ ਹੋਏ ਹਨ ਅਤੇ ਕਿਸੇ ਦੇ ਵੀ ਨਹੀਂ ਹੋ ਸਕਦੇ। ਉਹ ਨਿਰਵੈਰਾਂ ਅਰਥਾਤ ਜਿਨ੍ਹਾਂ ਦਾ ਕਿਸੇ ਨਾਲ ਵੈਰ ਨਹੀਂ, ਉਨ੍ਹਾਂ ਨਾਲ ਵੀ ਵੈਰ ਕਰਦੇ ਹਨ ਅਤੇ ਇਸੇ ਲਈ ਰੱਬੀ ਨਿਆਂ ਅਤੇ ਧਰਮ ਅਨੁਸਾਰ ਦੁਖੀ ਹੁੰਦੇ ਹਨ। ਜੋ ਜੋ ਮਨੁੱਖ ਗੁਰੂ ਦੇ ਦਰ ਤੋਂ ਫਿਟਕਾਰੇ ਹੋਏ ਹਨ, ਉਹ ਦਰ ਦਰ ਭਟਕਦੇ ਫਿਰਦੇ ਹਨ ਭਾਵ ਜੋ ਗੁਰੂ ਦੇ ਦਰ ਤੋਂ ਵਾਂਝੇ ਰਹਿ ਜਾਂਦੇ ਹਨ, ਉਨ੍ਹਾਂ ਨੂੰ ਕਿਧਰੇ ਵੀ ਢੋਈ ਨਹੀਂ ਮਿਲਦੀ। ਜਿਹੜਾ ਰੁੱਖ ਮੁੱਢ ਤੋਂ ਹੀ ਕੱਟਿਆ ਜਾਵੇ, ਉਸ ਦੇ ਟਾਹਣ ਵੀ ਸੁੱਕ ਜਾਂਦੇ ਹਨ,

ਨਾਨਕ ਵੀਚਾਰਹਿ ਸੰਤ ਜਨ ਚਾਰਿ ਵੇਦ ਕਹੰਦੇ॥
ਭਗਤ ਮੁਖੈ ਤੇ ਬੋਲਦੇ ਸੇ ਵਚਨ ਹੋਵੰਦੇ॥
ਪ੍ਰਗਟ ਪਹਾਰਾ ਜਾਪਦਾ ਸਭਿ ਲੋਕ ਸੁਣੰਦੇ॥
ਸੁਖੁ ਨ ਪਾਇਨਿ ਮੁਗਧ ਨਰ ਸੰਤ ਨਾਲਿ ਖਹੰਦੇ॥
ਓਇ ਲੋਚਨਿਓਨਾ ਗੁਣੈ ਨੋ ਓਇ ਅਹੰਕਾਰਿ ਸੜੰਦੇ॥
ਓਇ ਵਿਚਾਰੇ ਕਿਆ ਕਰਹਿ ਜਾ ਭਾਗ ਧੁਰਿ ਮੰਦੇ॥
ਜੋ ਮਾਰੇ ਤਿਨਿ ਪਾਰਬ੍ਰਹਮਿ ਸੇ ਕਿਸੈ ਨ ਸੰਦੇ॥
ਵੈਰੁ ਕਰਹਿ ਨਿਰਵੈਰ ਨਾਲਿ
ਧਰਮ ਨਿਆਇ ਪਚੰਦੇ॥
ਜੋ ਜੋ ਸੰਤਿ ਸਰਾਪਿਆ ਸੇ ਫਿਰਹਿ ਭਵੰਦੇ॥
ਪੇਡੁ ਮੁੰਢਾਹੂੰ ਕਟਿਆ
ਤਿਸੁ ਡਾਲ ਸੁਕੰਦੇ॥੧੨॥ (ਪੰਨਾ ੩੦੬)

ਇਸ ਸਲੋਕ ਵਿਚ ਗੁਰੂ ਰਾਮਦਾਸ ਜੀ ਨੇ ਦੱਸਿਆ ਹੈ ਕਿ ਸਤਿਗੁਰੁ ਦੀ ਉਪਮਾ, ਉਸ ਦੀ ਵਡਿਆਈ ਇਸ ਲਈ ਵੱਡੀ ਹੈ ਕਿਉਂਕਿ ਉਸ ਨੇ ਅਕਾਲ ਪੁਰਖ ਦਾ ਧਿਆਨ ਧਰਿਆ ਹੈ ਅਤੇ ਉਸ ਨੂੰ ਆਪਣੇ ਅੰਦਰ ਅਨੁਭਵ ਕੀਤਾ ਹੈ। ਇਹ ਵਡਿਆਈ ਅਕਾਲ ਪੁਰਖ ਦਾ ਸਿਮਰਨ ਕਰਨ ਕਰਕੇ ਉਸ ਨੇ ਆਪਣੀ ਮਿਹਰ ਸਦਕਾ ਦਿੱਤੀ ਹੈ, ਇਸ ਲਈ ਕੋਈ ਇਸ ਵਡਿਆਈ ਨੂੰ ਘਟਾਉਣਾ ਚਾਹੇ ਤਾਂ ਘੱਟ ਨਹੀਂ ਕਰ ਸਕਦਾ ਅਰਥਾਤ ਅਕਾਲ ਪੁਰਖ ਦੀ ਬਖਸ਼ਿਸ਼ ਰਾਹੀਂ ਮਿਲੀ ਹੋਈ ਵਸਤੂ ਨੂੰ ਕੋਈ ਮਨੁੱਖ ਘਟਾ ਨਹੀਂ ਸਕਦਾ। ਜਦੋਂ ਉਹ ਸਭ ਦਾ ਪਰਵਰਦਗਾਰ ਸਤਿਗੁਰੁ ਦੇ ਨਾਲ ਹੈ, ਉਸ ਦੇ ਅੰਗ-ਸੰਗ ਹੈ, ਫਿਰ ਦੁਨੀਆਂ ਬੇਸ਼ਕ ਖਪਦੀ ਰਹੇ, ਝੱਖ ਮਾਰੇ ਪਰ ਸਤਿਗੁਰੁ ਦਾ ਕੁਝ ਵੀ ਵਿਗਾੜ ਨਹੀਂ ਸਕਦੀ। ਸਤਿਗੁਰੁ ਦੀ ਸ਼ੋਭਾ ਅਕਾਲ ਪੁਰਖ ਸਿਰਜਣਹਾਰ ਨੇ ਆਪ ਬਖਸ਼ਿਸ਼ ਕੀਤੀ ਅਤੇ ਵਧਾਈ ਹੈ ਇਸ ਲਈ ਜੇ ਕੋਈ ਪੂਰੇ ਸਤਿਗੁਰੁ ਦੀ ਇਸ ਵਡਿਆਈ ਨੂੰ ਸਹਿਣ ਨਹੀਂ ਕਰਦਾ ਅਤੇ ਈਰਖਾ-ਵੱਸ ਗੁਰੂ ਦੀ ਨਿੰਦਿਆ-ਚੁਗਲੀ ਕਰਦਾ ਹੈ, ਉਸ ਦੇ ਮੂੰਹ 'ਤੇ ਅਕਾਲ ਪੁਰਖ ਨੇ ਆਪ ਹੀ ਕਾਲਖ ਮਲ ਦਿੱਤੀ ਹੈ। ਜਿਵੇਂ ਜਿਵੇਂ ਨਿੰਦਕ ਮਨੁੱਖ ਨਿੰਦਿਆ ਕਰਦੇ ਹਨ ਤਿਵੇਂ ਤਿਵੇਂ ਸਤਿਗੁਰੁ ਦੀ ਵਡਿਆਈ ਵਧਦੀ ਜਾਂਦੀ ਹੈ, ਦੂਣ-ਸਵਾਈ ਹੁੰਦੀ ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਸਤਿਗੁਰੁ ਨੇ ਜਿਸ ਅਕਾਲ ਪੁਰਖ ਦਾ ਸਿਮਰਨ ਕੀਤਾ ਹੈ, ਉਸ ਨੇ ਸਾਰੀ ਲੋਕਾਈ ਨੂੰ ਲਿਆ ਕੇ ਸਤਿਗੁਰੁ ਦੇ ਚਰਨਾਂ 'ਚ ਝੁਕਾ ਦਿੱਤਾ ਹੈ,

ਅੰਤਰਿ ਹਰਿ ਗੁਰੂ ਧਿਆਇਦਾ
ਵਡੀ ਵਡਿਆਈ॥
ਤੁਸਿ ਦਿਤੀ ਪੂਰੈ ਸਤਿਗੁਰੂ
ਘਟੈ ਨਾਹੀ ਇਕੁ ਤਿਲੁ ਕਿਸੈ ਦੀ ਘਟਾਈ॥
ਸਚੁ ਸਾਹਿਬੁ ਸਤਿਗੁਰੂ ਕੈ ਵਲਿ ਹੈ
ਤਾਂ ਝਖਿ ਝਖਿ ਮਰੈ ਸਭ ਲੋੁਕਾਈ॥
ਨਿੰਦਕਾ ਕੇ ਮੁਹ ਕਾਲੇ ਕਰੇ
ਹਰਿ ਕਰਤੈ ਆਪਿ ਵਧਾਈ॥
ਜਿਉ ਜਿਉ ਨਿੰਦਕ ਨਿੰਦ ਕਰਹਿ
ਤਿਉ ਤਿਉ ਨਿਤ ਨਿਤ ਚੜੈ ਸਵਾਈ॥
ਜਨ ਨਾਨਕ ਹਰਿ ਆਰਾਧਿਆ
ਤਿਨਿ ਪੈਰੀ ਆਣਿ ਸਭ ਪਾਈ॥੧॥
(ਪੰਨਾ ੩੦੭)

ਅਗਲੇ ਸਲੋਕ ਵਿਚ ਇਸੇ ਵਿਚਾਰ ਨੂੰ ਦ੍ਰਿੜ ਕਰਾਉਂਦੇ ਹਨ ਕਿ ਜੇ ਕੋਈ ਮਨੁੱਖ ਸਤਿਗੁਰ ਦੇ ਨਾਲ ਵੈਰ ਰੱਖਦਾ ਹੈ ਤਾਂ ਅਜਿਹਾ ਮਨੁੱਖ ਆਪਣਾ ਇਹ ਲੋਕ ਵੀ ਗੁਆ ਲੈਂਦਾ ਹੈ ਅਤੇ ਅਗਲਾ ਜਹਾਨ ਵੀ, ਲੋਕ ਅਤੇ ਪਰਲੋਕ ਦੋਵੇਂ ਵਿਅਰਥ ਚਲੇ ਜਾਂਦੇ ਹਨ। ਉਹ ਹਲਕੇ ਕੁੱਤੇ ਦੀ ਤਰ੍ਹਾਂ ਝੱਗ ਸੁੱਟਦਾ ਅਤੇ ਦੰਦ ਪੀਂਹਦਾ ਹੈ ਅਤੇ ਖਪਦਾ, ਖਿਝਦਾ ਨਸ਼ਟ ਹੋ ਜਾਂਦਾ ਹੈ ਅਰਥਾਤ ਆਤਮਕ ਤੌਰ 'ਤੇ ਉਸ ਦੀ ਮੌਤ ਹੋ ਜਾਂਦੀ ਹੈ। ਉਹ ਹਰ ਰੋਜ਼ ਹੋਰ ਮਾਇਆ, ਦੌਲਤ ਇਕੱਠੀ ਕਰਨ ਲਈ ਬਹੁਤ ਜਤਨ ਕਰਦਾ ਹੈ ਪਰ ਉਸ ਦਾ ਅਗਲਾ ਕਮਾਇਆ ਹੋਇਆ ਧਨ ਵੀ ਹੱਥੋਂ ਚਲਾ ਜਾਂਦਾ ਹੈ। ਅਜਿਹਾ ਮਨੁੱਖ ਕੀ ਕਮਾਈ ਕਰ ਸਕਦਾ ਹੈ ਅਤੇ ਕੀ ਆਪਣੀ ਕੀਤੀ ਹੋਈ ਕਮਾਈ ਨੂੰ ਖਾ ਸਕਦਾ ਹੈ ਜਿਸ ਦੇ ਅੰਦਰ ਝੋਰਾ ਅਤੇ ਦੁੱਖ ਹੋਵੇ,

ਸਤਿਗੁਰ ਸੇਤੀ ਗਣਤ ਜਿ ਰਖੈ
ਹਲਤੁ ਪਲਤੁ ਸਭੁ ਤਿਸ ਕਾ ਗਇਆ॥
ਨਿਤ ਝਹੀਆ ਪਾਏ ਝਗੂ ਸੁਟੇ
ਝਖਦਾ ਝਖਦਾ ਝੜਿ ਪਇਆ॥
ਨਿਤ ਉਪਾਵ ਕਰੈ ਮਾਇਆ ਧਨ ਕਾਰਣਿ
ਅਗਲਾ ਧਨੁ ਭੀ ਉਡਿ ਗਇਆ॥
ਕਿਆ ਓਹੁ ਖਟੇ ਕਿਆ ਓਹੁ ਖਾਵੈ
ਜਿਸੁ ਅੰਦਰਿ ਸਹਸਾ ਦੁਖੁ ਪਇਆ॥

ਅੱਗੇ ਸਲੋਕ 'ਚ ਵਿਸਥਾਰ ਦਿੰਦਿਆਂ ਦੱਸਦੇ ਹਨ ਕਿ ਜੋ ਮਨੁੱਖ ਨਿਰਵੈਰਾਂ ਨਾਲ ਵੈਰ ਕਰਦੇ ਹਨ (ਸਤਿਗੁਰੂ ਨਿਰਵੈਰ ਹਸਤੀ ਹੁੰਦੀ ਹੈ ਉਸ ਦਾ ਕਿਸੇ ਨਾਲ ਵੈਰ ਨਹੀਂ ਹੁੰਦਾ, ਅਜਿਹੀ ਹਸਤੀ ਨਾਲ ਵੈਰ ਕਰਨਾ ਪਾਪ ਕਰਨਾ ਹੈ) ਉਹ ਸਾਰੀ ਦੁਨੀਆਂ ਦੇ ਪਾਪ ਅਪਣੇ ਸਿਰ ਲੈ ਲੈਂਦਾ ਹੈ। ਦੂਸਰਿਆਂ ਦੀ ਨਿੰਦਾ-ਚੁਗਲੀ ਕਰਦਿਆਂ ਉਸ ਦਾ ਮੂੰਹ ਅੰਬ ਜਾਂਦਾ ਹੈ ਤੇ ਉਸ ਨੂੰ ਲੋਕ ਪਰਲੋਕ ਵਿਚ ਕਿਧਰੇ ਵੀ ਥਾਂ ਨਹੀਂ ਮਿਲਦੀ ਭਾਵ ਉਹ ਇਸ ਦੁਨੀਆਂ 'ਤੇ ਵੀ ਬੁਰਾ ਪੈਂਦਾ ਹੈ ਅਤੇ ਰੱਬ ਦੇ ਦਰਬਾਰ ਵਿਚ ਵੀ ਝੂਠਾ ਪੈ ਜਾਂਦਾ ਹੈ। ਅਜਿਹਾ ਮਨੁੱਖ ਜੇ ਸੋਨੇ ਨੂੰ ਵੀ ਹੱਥ ਪਾਵੇ ਤਾਂ ਉਹ ਵੀ ਸੁਆਹ ਨਾਲ ਰਲ ਜਾਂਦਾ ਹੈ। ਗੁਰੂ ਸਾਹਿਬ ਫਰਮਾਉਂਦੇ ਹਨ ਕਿ ਜੇ ਅਜਿਹੇ ਮਨੁੱਖ ਵੀ ਆਪਣੀ ਸਾਰੀ ਪਿਛਲੀ ਕਰਨੀ ਦੇ ਬਾਵਜੂਦ ਗੁਰੂ ਦੀ ਸ਼ਰਨ ਆ ਜਾਣ ਤਾਂ ਗੁਰੂ ਉਨ੍ਹਾਂ ਦੀਆਂ ਪਿਛਲੀਆਂ ਸਾਰੀਆਂ ਗਲਤੀਆਂ ਨੂੰ ਮੁਆਫ ਕਰ ਦਿੰਦਾ ਹੈ। ਜਿਹੜੇ ਮਨੁੱਖ ਦਿਨ ਰਾਤ ਅਕਾਲ ਪੁਰਖ ਦੇ ਨਾਮ ਦਾ ਸਿਮਰਨ ਕਰਦੇ ਹਨ, ਉਨ੍ਹਾਂ ਦੇ ਸਾਰੇ ਪਾਪ ਦੂਰ ਹੋ ਜਾਂਦੇ ਹਨ, ਕਲੇਸ਼ ਮੁੱਕ ਜਾਂਦੇ ਹਨ,

ਨਿਰਵੈਰੈ ਨਾਲਿ ਜਿ ਵੈਰੁ ਰਚਾਏ
ਸਭੁ ਪਾਪੁ ਜਗਤੈ ਕਾ ਤਿਨਿ ਸਿਰਿ ਲਇਆ॥
ਓਸੁ ਅਗੈ ਪਿਛੈ ਢੋਈ ਨਾਹੀ
ਜਿਸੁ ਅੰਦਰਿ ਨਿੰਦਾ ਮੁਹਿ ਅੰਬੁ ਪਇਆ॥
ਜੇ ਸੁਇਨੇ ਨੋ ਓਹੁ ਹਥੁ ਪਾਏ
ਤਾ ਖੇਹੂ ਸੇਤੀ ਰਲਿ ਗਇਆ॥
ਜੇ ਗੁਰ ਕੀ ਸਰਣੀ ਫਿਰਿ ਓਹੁ ਆਵੈ
ਤਾ ਪਿਛਲੇ ਅਉਗਣ ਬਖਸਿ ਲਇਆ॥
ਜਨ ਨਾਨਕ ਅਨਦਿਨੁ ਨਾਮੁ ਧਿਆਇਆ
ਹਰਿ ਸਿਮਰਤ ਕਿਲਵਿਖ ਪਾਪ ਗਇਆ॥੨॥
(ਪੰਨਾ ੩੦੭)

ਅੱਗੇ ਪਉੜੀ 'ਚ ਅਕਾਲ ਪੁਰਖ ਨੂੰ ਅਰਦਾਸ ਕੀਤੀ ਗਈ ਹੈ ਕਿ ਹੇ ਸੱਚੇ ਅਕਾਲ ਪੁਰਖ! ਤੂੰ ਹੀ ਸਭ ਤੋਂ ਵੱਡਾ ਸਾਰੇ ਜੀਵਾਂ ਦਾ ਸਹਾਰਾ ਹੈਂ। ਜਿਹੜੇ ਉਸ ਸੱਚੇ ਪਰਵਰਦਗਾਰ ਦਾ ਸਿਮਰਨ ਕਰਦੇ ਹਨ, ਉਸ ਦੀ ਸੇਵਾ ਕਰਦੇ ਹਨ ਉਨ੍ਹਾਂ ਨੂੰ ਉਸ ਅਕਾਲ ਪੁਰਖ ਦਾ ਹੀ ਮਾਣ ਹੈ। ਅਕਾਲ ਪੁਰਖ ਦਾ ਸਿਮਰਨ ਕਰਨ ਵਾਲੇ ਅਜਿਹੇ ਮਨੁੱਖਾਂ ਦੇ ਅੰਦਰ ਸੱਚ ਦਾ ਵਾਸਾ ਹੈ, ਉਨ੍ਹਾਂ ਦੇ ਹਿਰਦੇ ਵਿਚ ਸੱਚ ਹੈ, ਇਸ ਲਈ ਉਨ੍ਹਾਂ ਦੇ ਮੱਥੇ ਸਦਾ ਖਿੜੇ ਰਹਿੰਦੇ ਹਨ, ਉਹ ਸਦਾ ਸੱਚ ਬੋਲਦੇ ਹਨ ਅਤੇ ਉਸ ਸੱਚੇ ਦਾ ਸਦੀਵੀ ਕਾਇਮ ਰਹਿਣ ਵਾਲਾ ਨਾਮ ਜਪਦੇ ਹਨ ਅਤੇ ਉਨ੍ਹਾਂ ਨੂੰ ਉਸ ਸੱਚੇ ਦਾ ਹੀ ਤਾਣ ਹੈ। ਜਿਹੜੇ ਮਨੁੱਖ ਗੁਰੂ ਦੇ ਸਨਮੁਖ ਰਹਿ ਕੇ, ਗੁਰੂ ਦੇ ਦੱਸੇ ਰਸਤੇ 'ਤੇ ਚੱਲ ਕੇ ਉਸ ਅਕਾਲ ਪੁਰਖ ਦੀ ਸਿਫਤਿ-ਸਾਲਾਹ ਕਰਦੇ ਹਨ, ਉਹ ਅਕਾਲ ਪੁਰਖ ਦੇ ਸੱਚੇ ਭਗਤ ਹਨ, ਉਨ੍ਹਾਂ ਪਾਸ ਉਸ ਅਕਾਲ ਪੁਰਖ ਦਾ ਸੱਚਾ ਸ਼ਬਦ-ਰੂਪ ਨਿਸ਼ਾਨ ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਉਹ ਅਜਿਹੇ ਗੁਰਮੁਖਾਂ ਦੇ ਸਦਕੇ ਜਾਂਦੇ ਹਨ, ਕੁਰਬਾਨ ਜਾਂਦੇ ਹਨ ਜਿਹੜੇ ਤਨ ਅਤੇ ਮਨ ਨਾਲ ਉਸ ਸੱਚੇ ਅਕਾਲ ਪੁਰਖ ਦਾ ਸਿਮਰਨ ਕਰਦੇ ਹਨ,

ਤੂ ਹੈ ਸਚਾ ਸਚੁ
ਤੂ ਸਭ ਦੂ ਉਪਰਿ ਤੂ ਦੀਬਾਣੁ॥
ਜੋ ਤੁਧੁ ਸਚੁ ਧਿਆਇਦੇ
ਸਚੁ ਸੇਵਨਿ ਸਚੇ ਤੇਰਾ ਮਾਣੁ॥
ਓਨਾ ਅੰਦਰਿ ਸਚੁ ਮੁਖ ਉਜਲੇ
ਸਚੁ ਬੋਲਨਿ ਸਚੇ ਤੇਰਾ ਤਾਣੁ॥
ਸੇ ਭਗਤ ਜਿਨੀ ਗੁਰਮੁਖਿ ਸਾਲਾਹਿਆ
ਸਚੁ ਸਬਦੁ ਨੀਸਾਣੁ॥
ਸਚੁ ਜਿ ਸਚੇ ਸੇਵਦੇ
ਤਿਨ ਵਾਰੀ ਸਦ ਕੁਰਬਾਣੁ॥੧੩॥
(ਪੰਨਾ ੩੦੭)

ਅੱਗੇ ਸਲੋਕ ਵਿਚ ਗੁਰੂ ਰਾਮਦਾਸ ਮਨਮੁਖਾਂ ਦੀ ਹੀ ਗੱਲ ਕਰਦੇ ਹਨ ਕਿ ਜਿਹੜੇ ਮਨੁੱਖ ਪਹਿਲਾਂ ਹੀ ਪੂਰੇ ਸਤਿਗੁਰੁ (ਗੁਰੂ ਨਾਨਕ) ਨੇ ਫਿਟਕਾਰੇ ਹੋਏ ਸੀ, ਉਹ ਹੁਣ ਫਿਰ ਸਤਿਗੁਰੁ (ਗੁਰੂ ਅੰਗਦ) ਵੱਲੋਂ ਮਾਰੇ ਗਏ ਹਨ ਭਾਵ ਉਹ ਮਨਮੁਖ ਹੋ ਗਏ ਹਨ। ਅਜਿਹੇ ਮਨਮੁਖਾਂ ਨੂੰ ਜੇ ਸਤਿਗੁਰੁ ਨਾਲ ਮੇਲਣ ਦੀ ਬਹੁਤ ਤਾਂਘ ਵੀ ਕਰੀਏ ਫਿਰ ਵੀ ਅਕਾਲ ਪੁਰਖ ਸਿਰਜਣਹਾਰ ਉਨ੍ਹਾਂ ਨੂੰ ਮਿਲਣ ਨਹੀਂ ਦਿੰਦਾ। ਅਜਿਹੇ ਮਨਮੁਖਾਂ ਨੂੰ ਸੰਗਤ 'ਚ ਵੀ ਆਸਰਾ ਨਹੀਂ ਮਿਲਦਾ- ਗੁਰੂ ਨੇ ਵੀ ਸਤਿਸੰਗਤਿ ਵਿਚ ਏਹੀ ਵਿਚਾਰ ਕੀਤੀ ਹੈ। ਜਿਹੜੇ ਮਨੁੱਖ ਅਜਿਹੇ ਮਨਮੁਖਾਂ ਨਾਲ ਮਿਲ ਜਾਂਦੇ ਹਨ, ਫਿਰ ਉਹ ਵੀ ਉਸੇ ਰਸਤੇ 'ਤੇ ਤੁਰ ਪੈਂਦੇ ਹਨ ਅਤੇ ਜਮਾਂ ਦੇ ਮਾਰਗ ਦੇ ਭਾਗੀ ਬਣਦੇ ਹਨ ਭਾਵ ਮਨਮੁਖਾਂ ਦੇ ਸਾਥ 'ਚ ਦੂਜੇ ਮਨੁੱਖ ਵੀ ਮਨਮੁਖਾਂ ਵਾਲੇ ਕੰਮ ਕਰਨਗੇ ਤੇ ਆਪਣਾ ਪਰਲੋਕ ਵਿਗਾੜ ਲੈਂਦੇ ਹਨ,

ਧੁਰਿ ਮਾਰੇ ਪੂਰੈ ਸਤਿਗੁਰੂ ਸੇਈ
ਹੁਣਿ ਸਤਿਗੁਰਿ ਮਾਰੇ॥
ਜੇ ਮੇਲਣ ਨੋ ਬਹੁਤੇਰਾ ਲੋਚੀਐ
ਨ ਦੇਈ ਮਿਲਣ ਕਰਤਾਰੇ॥
ਸਤਸੰਗਤਿ ਢੋਈ ਨਾ ਲਹਨਿ
ਵਿਚਿ ਸੰਗਤਿ ਗੁਰਿ ਵੀਚਾਰੇ॥
ਕੋਈ ਜਾਇ ਮਿਲੈ ਹੁਣਿ ਓਨਾ ਨੋ
ਤਿਸੁ ਮਾਰੇ ਜਮੁ ਜੰਦਾਰੇ॥

ਇਸੇ ਸਲੋਕ ਵਿਚ ਅੱਗੇ ਜ਼ਿਕਰ ਕੀਤਾ ਗਿਆ ਹੈ ਕਿ ਜਿਨ੍ਹਾਂ ਮਨੁੱਖਾਂ ਨੂੰ ਬਾਬੇ ਨਾਨਕ ਦੇਵ ਨੇ ਮਨਮੁਖ ਕਰਾਰ ਦਿੱਤਾ, ਉਨ੍ਹਾਂ ਅਹੰਕਾਰ ਕਰਨ ਵਾਲਿਆਂ ਨੂੰ ਗੁਰੂ ਅੰਗਦ ਨੇ ਵੀ ਝੂਠਾ ਮਿਥਿਆ। ਗੁਰੂ ਨਾਨਕ ਦੀ ਗੱਦੀ ਤੇ ਬਿਰਾਜਮਾਨ ਤੀਸਰੀ ਨਾਨਕ ਜੋਤਿ ਗੁਰੂ ਅਮਰਦਾਸ ਨੇ ਵਿਚਾਰ ਕੀਤੀ ਕਿ ਇਨ੍ਹਾਂ ਲੋਕਾਂ ਦੇ ਹੱਥ-ਪੱਲੇ ਕੀ ਹੈ, ਇਨ੍ਹਾਂ ਦੇ ਵੱਸ ਵਿਚ ਕੀ ਹੈ, ਇਹ ਆਤਮਕ ਤੌਰ 'ਤੇ ਗਰੀਬ ਬੰਦੇ ਹਨ? ਇਸ ਲਈ ਉਸ ਨੇ ਸਾਰੇ ਨਿੰਦਕ ਅਤੇ ਦੁਸ਼ਟ ਤਾਰ ਦਿੱਤੇ ਅਰਥਾਤ ਉਨ੍ਹਾਂ ਨੂੰ ਹਉਮੈ ਤੋਂ ਬਚਾ ਲਿਆ,

ਗੁਰਿ ਬਾਬੈ ਫਿਟਕੇ ਸੇ ਫਿਟੇ
ਗੁਰਿ ਅੰਗਦਿ ਕੀਤੇ ਕੂੜਿਆਰੇ॥
ਗੁਰਿ ਤੀਜੀ ਪੀੜੀ ਵੀਚਾਰਿਆ
ਕਿਆ ਹਥਿ ਏਨਾ ਵੇਚਾਰੇ॥
ਗੁਰੁ ਚਉਥੀ ਪੀੜੀ ਟਿਕਿਆ
ਤਿਨਿ ਨਿੰਦਕ ਦੁਸਟ ਸਭਿ ਤਾਰੇ॥

ਗੁਰੂ ਸਾਹਿਬ ਦੱਸਦੇ ਹਨ ਕਿ ਕੋਈ ਪੁੱਤ ਹੋਵੇ ਭਾਵੇਂ ਸਿੱਖ ਜੋ ਕੋਈ ਗੁਰੂ ਦੇ ਸਨਮੁਖ ਹੋ ਕੇ ਸਤਿਗੁਰੂ ਦੀ ਸੇਵਾ ਕਰਦਾ ਹੈ, ਉਸ ਦੀ ਸੇਵਾ ਸਦਕਾ ਸਤਿਗੁਰੂ ਉਸ ਦੇ ਸਾਰੇ ਕਾਰਜ ਸੰਵਾਰ ਦਿੰਦਾ ਹੈ। ਅਜਿਹਾ ਸੇਵਕ ਅਤੇ ਭਗਤ ਜੋ ਵੀ ਇੱਛਾ ਕਰਦਾ ਹੈ, ਉਸ ਨੂੰ ਉਸ ਦਾ ਫਲ ਪ੍ਰਾਪਤ ਹੁੰਦਾ ਹੈ, ਉਸ ਨੂੰ ਅਕਾਲ ਪੁਰਖ ਲੈ ਜਾ ਕੇ ਮੇਲਦਾ ਹੈ ਅਤੇ ਉਸ ਨੂੰ ਪਾਰ ਲਗਾ ਦਿੰਦਾ ਹੈ। ਜਿਸ ਸਤਿਗੁਰੁ ਦੇ ਹਿਰਦੇ ਵਿਚ ਅਕਾਲ ਪੁਰਖ ਆਪ ਟਿਕਿਆ ਹੋਇਆ ਹੈ, ਉਸ ਅੰਦਰ ਸਭ ਖਜ਼ਾਨੇ ਹਨ। ਜਿਸ ਮਨੁੱਖ ਦੇ ਪਿਛਲੇ ਕਰਮ ਚੰਗੇ ਕੀਤੇ ਹੁੰਦੇ ਹਨ ਉਸ ਦੇ ਸੰਸਕਾਰ ਵੀ ਚੰਗੇ ਬਣ ਜਾਂਦੇ ਹਨ ਜਿਸ ਕਾਰਨ ਉਸ ਦੇ ਮੱਥੇ ਦੇ ਲਿਖੇ ਚੰਗੇ ਭਾਗਾਂ ਕਰਕੇ ਉਸ ਦਾ ਮੇਲ ਸਤਿਗੁਰੁ ਨਾਲ ਹੋ ਜਾਂਦਾ ਹੈ। ਗੁਰੂ ਜੀ ਕਹਿੰਦੇ ਹਨ ਕਿ ਉਹ ਅਜਿਹੇ ਗੁਰੂ ਦੇ ਸਿੱਖਾਂ ਦੇ ਚਰਨਾਂ ਦੀ ਧੂੜ ਮੰਗਦੇ ਹਨ ਜੋ ਮਿੱਤਰ ਪਿਆਰੇ ਗੁਰੂ ਦੇ ਸਿੱਖ ਹਨ,

ਕੋਈ ਪੁਤੁ ਸਿਖੁ ਸੇਵਾ ਕਰੇ ਸਤਿਗੁਰੂ ਕੀ
ਤਿਸੁ ਕਾਰਜ ਸਭਿ ਸਵਾਰੇ॥
ਜੋ ਇਛੈ ਸੋ ਫਲੁ ਪਾਇਸੀ ਪੁਤੁ ਧਨੁ ਲਖਮੀ
ਖੜਿ ਮੇਲੇ ਹਰਿ ਨਿਸਤਾਰੇ॥
ਸਭਿ ਨਿਧਾਨ ਸਤਿਗੁਰੂ ਵਿਚਿ
ਜਿਸੁ ਅੰਦਰਿ ਹਰਿ ਉਰਧਾਰੇ॥
ਸੋ ਪਾਏ ਪੂਰਾ ਸਤਿਗੁਰੂ
ਜਿਸੁ ਲਿਖਿਆ ਲਿਖਤੁ ਲਿਲਾਰੇ॥
ਜਨੁ ਨਾਨਕੁ ਮਾਗੈ ਧੂੜਿ ਤਿਨ
ਜੋ ਗੁਰਸਿਖ ਮਿਤ ਪਿਆਰੇ॥੧॥
(ਪੰਨਾ ੩੦੭-੩੦੮)

## ਭਲੀ ਸੁਹਾਵੀ ਛਾਪਰੀ ਜਾ ਮਹਿ ਗੁਨ ਗਾਏ

ਗੁਰਬਾਣੀ ਗਿਆਨ

**ਰਾਗ ਸੂਹੀ ਮਹਲਾ ੫ ਘਰ ੪**
ਭਲੀ ਸੁਹਾਵੀ ਛਾਪਰੀ
ਜਾ ਮਹਿ ਗੁਨ ਗਾਏ॥
ਕਿਤ ਹੀ ਕਾਮਿ ਨ ਧਉਲਹਰ
ਜਿਤੁ ਹਰਿ ਬਿਸਰਾਏ॥੧॥ ਰਹਾਉ॥
ਅਨਦੁ ਗਰੀਬੀ ਸਾਧਸੰਗਿ
ਜਿਤੁ ਪ੍ਰਭ ਚਿਤਿ ਆਏ॥
ਜਲਿ ਜਾਉ ਏਹੁ ਬਡਪਨਾ
ਮਾਇਆ ਲਪਟਾਏ॥੧॥
ਪੀਸਨੁ ਪੀਸਿ ਓਢਿ ਕਾਮਰੀ
ਸੁਖੁ ਮਨੁ ਸੰਤੋਖਾਏ॥
ਐਸੋ ਰਾਜੁ ਨ ਕਿਤੈ ਕਾਜਿ
ਜਿਤੁ ਨਹ ਤ੍ਰਿਪਤਾਏ॥੨॥
ਨਗਨ ਫਿਰਤ ਰੰਗਿ ਏਕ ਕੈ
ਓਹੁ ਸੋਭਾ ਪਾਏ॥
ਪਾਟ ਪਟੰਬਰ ਬਿਰਥਿਆ
ਜਿਹ ਰਚਿ ਲੋਭਾਏ॥੩॥
ਸਭੁ ਕਿਛੁ ਤੁਮਰੈ ਹਾਥਿ ਪ੍ਰਭ
ਆਪਿ ਕਰੇ ਕਰਾਏ॥
ਸਾਸਿ ਸਾਸਿ ਸਿਮਰਤ ਰਹਾ
ਨਾਨਕ ਦਾਨੁ ਪਾਏ॥੪॥

ਗੁਰੂ ਅਰਜਨ ਦੇਵ ਮਹਾਰਾਜ ਉਪਦੇਸ਼ ਕਰਦੇ ਹਨ, ਭਲੀ ਸੁਹਾਵੀ ਛਾਪਰੀ ਜਾ ਮਹਿ ਗੁਨ ਗਾਏ, ਭਾਵ ਹੇ ਭਾਈ! ਉਹ ਭਲੀ ਛਪਰੀ ਤਾਂ ਬਹੁਤ ਹੀ ਸੋਹਣੀ ਤੇ ਸੁਖਦਾਈ ਹੈ ਜਿਸ ਵਿਚ ਰਹਿਣ ਵਾਲਾ ਜੀਵ ਉਸ ਮਿਹਰਬਾਨ ਪ੍ਰਭ ਦੇ ਗੁਣ ਗਾਉਂਦਾ ਰਹਿੰਦਾ ਹੈ; ਕਿਤ ਹੀ ਕਾਮਿ ਨ ਧਉਲਹਰ ਜਿਤੁ ਹਰਿ ਬਿਸਰਾਏ, ਭਾਵ ਵੱਡੇ ਮਹਿਲ ਤਾਂ ਕਿਸੇ ਵੀ ਕੰਮ ਦੇ ਨਹੀਂ ਜਿਨ੍ਹਾਂ ਵਿਚ ਵੱਸਣ ਵਾਲਾ ਮਨੁੱਖ ਹਉਮੈ ਅਤੇ ਹੰਕਾਰ ਵਿਚ ਫਸ ਕੇ ਪਰਮਾਤਮਾ ਪ੍ਰਭੂ ਨੂੰ ਹੀ ਭੁਲਾਈ ਬੈਠਾ ਹੈ।

ਅਨਦੁ ਗਰੀਬੀ ਸਾਧਸੰਗਿ
ਜਿਤੁ ਪ੍ਰਭ ਚਿਤਿ ਆਏ॥
ਜਲਿ ਜਾਉ ਏਹੁ ਬਡਪਨਾ
ਮਾਇਆ ਲਪਟਾਏ॥੧॥

ਗੁਰਦੇਵ ਪਿਤਾ ਉਸ ਮਾਲਕ ਪ੍ਰਭ ਦੇ ਨਾਮ ਸਿਮਰਨ ਦੀ ਮਹਿਮਾ ਨੂੰ ਦਰਸਾਉਂਦੇ ਹਨ, ਹੇ ਭਾਈ! ਪ੍ਰਭ ਦੇ ਪਿਆਰਿਆਂ ਨੂੰ ਸਾਧ ਸੰਗਤ ਵਿਚ ਬੈਠ ਕੇ ਗਰੀਬੀ ਸਹਿਣ ਕਰਦਿਆਂ ਭੀ ਅਨੰਦ ਹੀ ਆਉਂਦਾ ਹੈ, ਕਿਉਂਕਿ ਸਤਿਸੰਗ ਵਿਚ ਬੈਠਿਆਂ ਪ੍ਰਭੂ ਚੇਤੇ ਰਹਿੰਦਾ ਹੈ; ਇਹੋ ਜਿਹਾ ਵਡੱਪਣ ਤਾਂ ਸੜ ਜਾਵੇ, ਜਿਸ ਕਰ ਕੇ ਇਨਸਾਨ ਮਾਇਆ ਨਾਲ ਹੀ ਚੰਬੜਿਆ ਰਹੇ।

ਪੀਸਨੁ ਪੀਸਿ ਓਢਿ ਕਾਮਰੀ
ਸੁਖੁ ਮਨੁ ਸੰਤੋਖਾਏ॥
ਐਸੋ ਰਾਜੁ ਨ ਕਿਤੈ ਕਾਜਿ
ਜਿਤੁ ਨਹ ਤ੍ਰਿਪਤਾਏ॥੨॥

ਮਿਹਰਾਂ ਦੇ ਮਾਲਕ ਗੁਰਦੇਵ ਜਗਤ ਦੇ ਜੀਵਾਂ ਨੂੰ ਸਮਝਾਉਣਾ ਕਰਦੇ ਆਖਦੇ ਹਨ, ਹੇ ਭਾਈ! ਪ੍ਰਭ ਦੇ ਪਿਆਰਿਆਂ ਨੂੰ ਚੱਕੀ ਪੀਹ ਕੇ ਅਤੇ ਤਨ 'ਤੇ ਕੰਬਲੀ ਲੈ ਕੇ ਵੀ ਮਨ ਨੂੰ ਸੁੱਖ ਅਤੇ ਸੰਤੋਖ ਮਿਲਦਾ ਹੈ; ਪਰ ਹੇ ਜਗਤ ਦੇ ਲੋਕੋ! ਇਹੋ ਜਿਹੇ ਰਾਜ ਭਾਗ ਤਾਂ ਕਿਸੇ ਵੀ ਕੰਮ ਦੇ ਨਹੀਂ ਜਿਨ੍ਹਾਂ ਵਿਚ ਫਸ ਕੇ ਬੈਠਾ ਆਦਮੀ ਕਦੀ ਰੱਜਦਾ ਨਹੀਂ, ਤੇ ਮਾਇਆ ਦੀ ਭੁੱਖ ਵਧਦੀ ਹੀ ਜਾਂਦੀ ਹੈ।

ਨਗਨ ਫਿਰਤ ਰੰਗਿ ਏਕ ਕੈ
ਓਹੁ ਸੋਭਾ ਪਾਏ॥
ਪਾਟ ਪਟੰਬਰ ਬਿਰਥਿਆ
ਜਿਹ ਰਚਿ ਲੋਭਾਏ॥੩॥

ਸਤਿਗੁਰੂ ਆਤਮਿਕ ਅਮੀਰੀ ਅਤੇ ਸੰਸਾਰਕ ਅਮੀਰੀ ਦੇ ਖੁਬਸੂਰਤ ਦ੍ਰਿਸ਼ਟਾਂਤ ਦਿੰਦੇ ਹੋਏ ਫਰਮਾਉਂਦੇ ਹਨ, ਹੇ ਭਾਈ! ਜਿਹੜਾ ਜੀਵ ਪ੍ਰਭੂ ਪ੍ਰੇਮ ਦੇ ਰੰਗ ਵਿਚ ਰੰਗਿਆ ਹੋਇਆ ਸਰੀਰ ਤੋਂ ਨੰਗਾ ਭੀ ਤੁਰਿਆ ਫਿਰੇ, ਉਹ ਹਰ ਥਾਂ ਸੋਭਾ ਹੀ ਪਾਉਂਦਾ ਹੈ; ਪਾਟ ਪਟੰਬਰ ਬਿਰਥਿਆ ਜਿਹ ਰਚਿ ਲੋਭਾਏ, ਪਰ ਭਾਈ! ਉਹ ਰੇਸ਼ਮ ਦੇ ਵਸਤਰ ਭੀ ਬੇਅਰਥ ਹਨ ਜਿਨ੍ਹਾਂ ਨੂੰ ਪਹਿਨ ਕੇ ਜੀਵ ਦੁਨਿਆਵੀ ਮਸਤੀ ਅਤੇ ਲੋਭ ਵਿਕਾਰਾਂ ਵਿਚ ਫਸਿਆ ਰਹਿੰਦਾ ਹੈ।

ਸਭੁ ਕਿਛੁ ਤੁਮਰੈ ਹਾਥਿ ਪ੍ਰਭ
ਆਪਿ ਕਰੇ ਕਰਾਏ॥
ਸਾਸਿ ਸਾਸਿ ਸਿਮਰਤ ਰਹਾ
ਨਾਨਕ ਦਾਨੁ ਪਾਏ॥੪॥

ਸ਼ਬਦ ਦੇ ਅਖੀਰ ਵਿਚ ਗੁਰਦੇਵ ਬਖਸ਼ਿਸ਼ ਕਰਦੇ ਹਨ, ਹੇ ਭਾਈ! ਸੁਣੋ ਭਲਾ ਇਸ ਵਿਚ ਵਿਚਾਰੇ ਜੀਵਾਂ ਦਾ ਕੀ ਦੋਸ਼ ਹੈ, ਪ੍ਰਭੂ ਤਾਂ ਆਪ ਹੀ ਸਭ ਕੁਝ ਕਰ ਰਿਹਾ ਹੈ ਅਤੇ ਆਪ ਹੀ ਜੀਵਾਂ ਪਾਸੋਂ ਸਭ ਕੁਝ ਕਰਵਾ ਰਿਹਾ ਹੈ, ਇਹ ਸਾਰਾ ਖੇਡ ਤਮਾਸ਼ਾ ਉਸ ਮਾਲਕ ਦਾ ਆਪਣਾ ਹੀ ਕੀਤਾ ਹੋਇਆ ਹੈ; ਸਾਸਿ ਸਾਸਿ ਸਿਮਰਤ ਰਹਾ ਨਾਨਕ ਦਾਨੁ ਪਾਏ, ਇਹ ਨਾਨਕ ਆਖਦਾ ਹੈ, ਪ੍ਰਭ ਜੀਉ! ਤੇਰਾ ਇਹ ਸੇਵਕ ਤੇਰੇ ਦਰ ਤੋਂ ਇਹ ਦਾਨ ਮੰਗਦਾ ਹੈ ਕਿ ਮੈਂ ਸਵਾਸ-ਸਵਾਸ ਤੇਰਾ ਨਾਮ ਜਪਦਾ ਰਹਾਂ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਪਰਮਾਤਮਾ ਦੀ ਪ੍ਰਾਪਤੀ ਦੇ ਮਾਰਗ



**ਪ੍ਰੋ. ਹਰਪਾਲ ਸਿੰਘ**
ਫੋਨ: 916-236-8830

ਸਰ ਜਾਰਜ ਗਰੀਅਰਸਨ ਅਨੁਸਾਰ, ਹਿੰਦੁਸਤਾਨ ਦੇ ਇਤਿਹਾਸ ਵਿਚ ਭਗਤੀ ਲਹਿਰ ਧਾਰਮਿਕ ਮੰਡਲ ਵਿਚ ਸਭ ਤੋਂ ਵੱਡੀ ਇਨਕਲਾਬੀ ਲਹਿਰ ਸੀ। ਅੱਜ ਵੀ ਭਾਰਤੀ ਜੀਵਨ ਵਿਚ ਇਸ ਲਹਿਰ ਦੇ ਪ੍ਰਭਾਵ ਨਜ਼ਰ ਆਉਂਦੇ ਹਨ। ਹਿੰਦੂ ਧਰਮ ਦੀਆਂ ਫੋਕੀਆਂ ਕਰਮ-ਕਾਂਡੀ ਰਸਮਾਂ ਅਤੇ ਰੀਤੀ-ਰਿਵਾਜਾਂ ਤੋਂ ਤੰਗ ਆ ਕੇ ਭਾਰਤ ਵਿਚ ਦੋ ਧਰਮਾਂ ਦਾ ਜਨਮ ਹੋਇਆ। ਇਕ ਪਾਸੇ ਤਾਂ ਜੈਨ ਧਰਮ ਤੇ ਬੁੱਧ ਧਰਮ ਜਿਹੇ ਕੋਮਲ ਸਦਾਚਾਰਕ ਧਰਮ ਦਾ ਅਰੰਭ ਹੋਇਆ, ਦੂਜੇ ਪਾਸੇ ਭਗਤੀ ਮਾਰਗ ਦਾ। ਭਗਤੀ ਮਾਰਗ ਜਿਸ ਨੂੰ ਮੁੱਢਲੇ ਦੌਰ ਵਿਚ ਵੈਸ਼ਨੂੰ ਮਤ ਵੀ ਕਿਹਾ ਜਾਂਦਾ ਸੀ, ਦਾ ਅਰੰਭ ਹਜ਼ਰਤ ਈਸਾ ਤੋਂ ਕੋਈ 500 ਵਰ੍ਹੇ ਪਹਿਲਾਂ ਭਾਰਤ ਵਿਚ ਹੋਇਆ। ਇਸ ਦਾ ਪਹਿਲਾ ਨਾਉਂ 'ਏਕਤਿਕਾ' ਧਰਮ, ਅਰਥਾਤ ਇਕ-ਚਿਤ ਭਗਤੀ ਵਾਲਾ ਮਤ ਸੀ। ਇਸ ਧਰਮ ਦਾ ਪਿਛੋਕੜ ਗੀਤਾ ਸੀ।

ਭਗਤੀ ਦਾ ਸਭ ਤੋਂ ਪ੍ਰਾਚੀਨ ਸਰੂਪ 7ਵੀਂ ਅਤੇ 12ਵੀਂ ਸਦੀ ਵਿਚ ਦੱਖਣੀ ਭਾਰਤ ਵਿਚ ਜਨਮ ਲੈਂਦਾ ਹੈ। ਤਾਮਿਲ ਦੇ ਅਲਵਰ ਭਗਤਾਂ ਨੇ ਵੈਸ਼ਨਵ ਭਗਤੀ ਦਾ ਅਰੰਭ ਕੀਤਾ। ਅਲਵਰ ਸ਼ਬਦ ਦਾ ਅਰਥ ਹੈ ਪ੍ਰਭੂ ਦੇ ਪਿਆਰ ਵਿਚ ਡੁੱਬੇ ਹੋਏ; ਅਧਿਆਤਮਕ, ਗਿਆਨ ਰੂਪੀ ਸਾਗਰ ਵਿਚ ਡੁੱਬਕੀ ਲਾਉਣ ਵਾਲਾ (ਸੰਪਾਦਕ, ਪੰਜਾਬੀ ਦੁਨੀਆਂ, ਭਗਤੀ ਅੰਕ, ਪੰਨਾ 37)। "ਇਸ ਭਗਤੀ ਦਾ ਜਨਮ ਸੰਸਕ੍ਰਿਤ ਸਭਿਆਚਾਰ ਅਤੇ ਉਪਰਲੀ ਸ਼੍ਰੇਣੀ ਦੇ ਧਾਰਮਿਕ ਵਿਹਾਰ ਦੇ ਖਿਲਾਫ ਲੋਕਾਂ ਦਾ ਧਰਮ ਪੈਦਾ ਕਰਨਾ ਸੀ।" (ਰੋਮਿਲਾ ਥਾਪਰ, ਅਰਲੀ ਇੰਡੀਆ, ਪੰਨਾ 355-356)

ਅਲਵਰ ਭਗਤਾਂ ਦੀ ਗਿਣਤੀ 12 ਦੱਸੀ ਗਈ ਹੈ। ਇਕ ਉਚ ਸ਼੍ਰੇਣੀ ਵਿਚੋਂ ਅਤੇ ਦੂਜੇ ਬਹੁਤ ਨੀਵੀਂ ਸ਼੍ਰੇਣੀ ਨਾਲ ਸਬੰਧਤ ਭਗਤ ਸਨ। ਇਨ੍ਹਾਂ ਵਿਚੋਂ ਇਕ ਅੰਦਾਲ ਨਾਮ ਦੀ ਔਰਤ ਵੀ ਸੀ ਜਿਸ ਨੂੰ ਅਲਵਰ ਭਗਤੀ ਦਾ ਮੋਤੀ ਕਿਹਾ ਜਾਂਦਾ ਹੈ। ਇਸੇ ਪਰੰਪਰਾ ਵਿਚ ਵੈਸ਼ਨੂੰ ਭਗਤੀ ਦੇ ਪ੍ਰਸਿੱਧ ਵਿਦਵਾਨ ਰਾਮਾਨੁਜ ਦਾ ਜਨਮ ਹੋਇਆ। ਅਲਵਰ ਭਗਤਾਂ ਦੁਆਰਾ ਰਚੇ ਗਏ ਗੀਤਾਂ ਦਾ ਸੰਗ੍ਰਿਹ 'ਦਿਵਯ ਪ੍ਰਬੰਧਮ' ਹੈ। ਚਾਰ ਹਜ਼ਾਰ ਗੀਤਾਂ ਦੇ ਇਸ ਗ੍ਰੰਥ ਨੂੰ ਨਾਲਾਇਚ ਪ੍ਰਬੰਧਮ, ਦ੍ਰਾਵਿੜ ਵੇਦ, ਦ੍ਰਾਵਿੜ ਉਪਨਿਸ਼ਦ, ਤਾਮਿਲ ਵੇਦ ਆਦਿ ਨਾਂਵਾਂ ਨਾਲ ਸਤਿਕਾਰਿਆ ਜਾਂਦਾ ਹੈ। (ਰਤਨ ਸਿੰਘ ਜੱਗੀ, ਪੰਜਾਬੀ ਸਾਹਿਤ ਦਾ ਸਰੋਤ ਮੂਲਕ ਇਤਹਾਸ, ਭਾਗ ਪਹਿਲਾ, ਪੰਨਾ 97)। ਇਸ ਗ੍ਰੰਥ ਨੂੰ ਵੇਦਾਂ ਵਰਗਾ ਮਹੱਤਵ ਪ੍ਰਾਪਤ ਹੈ।

ਦੱਖਣ ਵਿਚ ਹੀ ਵੈਸ਼ਨਵ ਭਗਤੀ ਦੇ ਨਾਲ-ਨਾਲ ਸ਼ੈਵ ਭਗਤੀ ਵਿਕਸਿਤ ਹੋਈ, ਭਾਵ ਸ਼ਿਵ ਦੀ ਭਗਤੀ। ਦੱਖਣ ਦੇ ਅਡਿਆਰ ਸਾਧੂਆਂ ਜਿਨ੍ਹਾਂ ਦੀ ਗਿਣਤੀ 60 ਹੈ, ਨੂੰ 'ਨਾਯ ਨਮਾਰ' ਕਿਹਾ ਜਾਂਦਾ ਹੈ। ਇਨ੍ਹਾਂ ਦੀ ਬਾਣੀ 'ਤਿਰੂ-ਮੂਰਾਏ' ਗ੍ਰੰਥ ਦੇ ਰੂਪ ਵਿਚ ਸੰਗ੍ਰਿਹਤ ਹੈ। ਤਿਰੂਜਨ ਸਾਬੰਧਾਰ ਇਨ੍ਹਾਂ ਸਾਧੂਆਂ ਵਿਚੋਂ ਮੁੱਖ ਸੀ। ਇਨ੍ਹਾਂ ਭਗਤਾਂ ਦੀ ਬਾਣੀ ਵਿਚੋਂ ਜਿਉਂਦੀ ਜਾਗਦੀ ਭਗਤੀ ਅਤੇ ਦ੍ਰਿੜ ਵਿਸ਼ਵਾਸ ਦੀ ਝਲਕ ਨਜ਼ਰ ਆਉਂਦੀ ਹੈ। ਮਨੀਕਾ ਵਸਾਹਰ ਭਗਤ ਦੀ ਬਾਣੀ ਵਿਚ 'ਗੁਰੂ ਜਾਗਤ ਜੋਤ ਹੈ', ਇਹ ਗੁਰਮਤਿ ਦੇ ਵਿਚਾਰਾਂ ਨਾਲ ਮਿਲਦਾ-ਜੁਲਦਾ ਇਜ਼ਹਾਰ ਪ੍ਰਗਟ ਕਰਦਾ ਹੈ: ਸਤਿਗੁਰੂ ਜਾਗਤਾ ਹੈ ਦੇਉ॥ (ਆਦਿ ਗ੍ਰੰਥ ਪੰਨਾ 479)

'ਭਗਤੀ' ਸ਼ਬਦ ਦਾ ਸੰਸਕ੍ਰਿਤ ਧਾਤੂ 'ਭਜ' ਹੈ। 'ਭਜ' ਦੇ ਅਰਥ ਹਨ ਸੇਵਾ। ਭਜਨ ਤੇ ਭਜਨੀਕ ਸ਼ਬਦ ਵੀ ਇਸੇ ਧਾਤੂ ਤੋਂ ਬਣੇ ਹਨ। ਭਜਨ ਕਰਨਾ ਜਾਂ ਭਜਨਾ, ਭਗਤਾਂ ਲਈ ਜ਼ਰੂਰੀ ਹੈ। ਭਜਨੀਕ ਸ਼ਬਦ ਭਗਤ ਲਈ ਵੀ ਵਰਤਿਆ ਗਿਆ ਹੈ ਤੇ ਇਸ ਦਾ ਅਰਥ ਹੈ ਪ੍ਰਭੂ ਦੇ ਗੁਣ ਗਾਉਣ ਵਾਲਾ, ਭਗਵਾਨ ਅੱਗੇ ਆਤਮ-ਸਮਰਪਣ ਕਰ ਕੇ ਉਸ ਦੀ ਸ਼ਰਧਾ ਪੂਰਵ ਯਾਦ ਵਿਚ ਜੀਵਨ ਬਤੀਤ ਕਰਨ ਨੂੰ ਭਗਤੀ ਮਾਰਗ ਕਿਹਾ ਜਾਂਦਾ ਹੈ। ਪ੍ਰਭੂ ਨੂੰ ਮਾਤ-ਪਿਤਾ, ਸਖ਼ਾ, ਭਰਾ, ਪਤੀ, ਮਾਲਕ ਕਿਸੇ ਵੀ ਰੂਪ ਵਿਚ ਚਿਤਵਿਆ ਜਾ ਸਕਦਾ ਹੈ। ਭਗਤ ਆਪਣੇ ਆਪ ਵਿਚੋਂ 'ਅਹੰ' ਖ਼ਤਮ ਕਰ ਕੇ ਬ੍ਰਹਮ ਦਾ ਪ੍ਰਕਾਸ਼ ਦੇਖਦਾ ਹੈ (ਭਾਰਤ ਦੇ ਪੁਰਾਤਨ ਧਰਮ, ਡਾ. ਹਰਪਾਲ ਸਿੰਘ ਪੰਨੂ)।

"ਵੈਦਿਕ ਭਗਤੀਵਾਦ ਜਿਸ ਮੁਢਲੇ ਸਰੂਪ ਵਿਚ ਦ੍ਰਿਸ਼ਟੀਗੋਚਰ ਹੁੰਦਾ ਹੈ, ਉਸ ਨੂੰ ਤਿੰਨ ਅੰਗਾਂ ਵਿਚ ਵੰਡਿਆ ਜਾ ਸਕਦਾ ਹੈ- ਉਸਤਤੀ, ਪ੍ਰਾਰਥਨਾ ਅਤੇ ਉਪਾਸਨਾ। ਉਸਤਤੀ ਦੁਆਰਾ ਈਸ਼ਵਰ ਦੇ ਗੁਣ ਅਤੇ ਕਰਮ ਨੂੰ ਸਮਝ ਕੇ ਉਸ ਦੇ ਗੁਣਾਂ ਤੇ ਕਰਮਾਂ ਨੂੰ ਆਪਣੇ ਕਰਮ ਤੇ ਸੁਭਾਅ ਵਿਚ ਉਤਾਰਨਾ; ਪ੍ਰਾਰਥਨਾ ਦੁਆਰਾ ਹਉਮੈ ਦੀ ਨਵਿਰਤੀ ਕਰਨੀ; ਤੇ ਉਪਾਸਨਾ ਦੁਆਰਾ ਪ੍ਰਾਰਬ੍ਰਹਮ ਨਾਲ ਸਾਖਿਤ ਮੇਲ ਕਰ ਕੇ ਉਸ ਨੂੰ ਸਰਬੰਗ ਅੰਤਰਯਾਮੀ ਸਰੂਪ ਵਿਚ ਸਮਝਣਾ ਹੈ। ਵੈਦਿਕ ਕਾਲ ਵਿਚ ਇਨ੍ਹਾਂ ਤਿੰਨਾਂ ਨੂੰ ਇਕ ਰੂਪ ਵਿਚ ਰੱਖ ਕੇ ਭਗਤੀ ਕਰਨੀ ਦੱਸੀ ਗਈ ਹੈ।" (ਪੰਜਾਬੀ ਦੁਨੀਆਂ, ਭਗਤੀ ਅੰਕ ਪੰਨਾ 9)। ਵੇਦਾਂ ਵਿਚ ਇੰਦਰ, ਵਰੁਣ, ਪਸ਼ੂਪਤੀ ਤੇ ਊਸ਼ਾ ਆਦਿ ਪ੍ਰਤੀ ਅਜਿਹੀਆਂ ਭਾਵਨਾਵਾਂ ਪ੍ਰਸਤੁਤ ਕੀਤੀਆਂ ਮਿਲਦੀਆਂ ਹਨ।

ਗੀਤਾ ਵਿਚ ਭਗਤਾਂ ਦੀਆਂ ਚਾਰ ਸ਼੍ਰੇਣੀਆਂ ਦੀ ਦਰਜਾਬੰਦੀ ਹੈ,

ਆਰਤ ਭਗਤ: ਸੰਸਾਰਕ ਦੁੱਖਾਂ-ਦਰਦਾਂ ਵਿਚ ਫਸਿਆ ਮਨੁੱਖ ਸੁੱਖ ਦੀ ਇੱਛਾ ਲਈ ਭਗਤੀ ਕਰਦਾ ਹੈ, ਭਗਤੀ ਕਰਨ ਨਾਲ ਦੁੱਖਾਂ ਤੋਂ ਨਿਜਾਤ ਪਾਈ ਜਾ ਸਕਦੀ ਹੈ।

ਜਗਿਆਸੂ ਭਗਤ: ਦੁੱਖ ਹੋਣ ਜਾਂ ਸੁੱਖ, ਸ਼ਰਧਾਲੂ ਪਰਮਾਤਮਾ ਭਗਤੀ 'ਚ ਲੀਨ ਰਹਿੰਦਾ ਹੈ।

ਅਰਥਾਰਤੀ ਭਗਤ: ਕੇਵਲ ਆਪਣੇ ਸੁੱਖ ਨੂੰ ਸਾਹਮਣੇ ਰੱਖ ਕੇ ਹੀ ਭਗਤੀ ਕੀਤੀ ਜਾਂਦੀ ਹੈ।

ਗਿਆਨੀ ਭਗਤ: ਪ੍ਰਭੂ ਸਰਬ ਵਿਆਪਕ ਹੈ। ਸੁੱਖ-ਦੁੱਖ ਉਸ ਦੀ ਲੀਲ੍ਹਾ ਹੈ। ਉਹ ਨਿਰਭੈ ਹੈ, ਨਿਰਵੈਰ ਹੈ। ਆਪਣਾ ਕੁਝ ਨਹੀਂ, ਸਭ ਉਸ ਦਾ ਹੈ:

ਸੁਖ ਦੁਖੁ ਦੋਨੋ ਸਮ ਕਰਿ ਜਾਨੈ
ਅਉਰੁ ਮਾਨੁ ਅਪਮਾਨਾ॥
ਹਰਖ ਸੋਗ ਤੇ ਰਹੈ ਅਤੀਤਾ
ਤਿਨਿ ਜਗਿ ਤਤੁ ਪਛਾਨਾ॥੧॥
ਉਸਤਤਿ ਨਿੰਦਾ ਦੋਊ ਤਿਆਗੈ
ਖੋਜੈ ਪਦੁ ਨਿਰਬਾਨਾ॥
ਜਨ ਨਾਨਕ ਇਹੁ ਖੇਲੁ ਕਠਨੁ ਹੈ
ਕਿਨਹੂੰ ਗੁਰਮੁਖਿ ਜਾਨਾ॥
(ਰਾਗ ਗਉੜੀ ਮਹਲਾ ਨੌਵਾਂ)
ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ॥
ਕਨਕ ਕਟਿਕ ਜਲ ਤਰੰਗ ਜੈਸਾ॥
(ਗੁਰੂ ਗ੍ਰੰਥ ਸਾਹਿਬ, ਪੰਨਾ 93)
ਕਬੀਰ ਅਲਹ ਕੀ ਕਰਿ ਬੰਦਗੀ
ਜਿਹ ਸਿਮਰਤ ਦੁਖੁ ਜਾਇ॥
ਦਿਲ ਮਹਿ ਸਾਂਈ ਪਰਗਟੈ
ਬੁਝੈ ਬਲੰਤੀ ਨਾਂਇ॥

ਦੱਖਣੀ ਭਾਰਤ ਦੇ ਭਗਤ ਲੋਕ ਜਨ-ਜੀਵਨ ਵਿਚੋਂ ਜਾਤੀਵਾਦ, ਸ਼੍ਰੇਣੀ ਵੰਡ, ਛੂਤ-ਛਾਤ, ਕਰਮ ਕਾਂਡ ਵਰਗੀਆਂ ਬਿਮਾਰੀਆਂ ਦੂਰ ਕਰਨਾ ਚਾਹੁੰਦੇ ਸਨ, ਪਰ ਇਨ੍ਹਾਂ ਭਗਤਾਂ ਨੂੰ ਬਹੁਤੀ ਪ੍ਰਾਪਤੀ ਨਾ ਹੋਈ। ਜਦ ਰਾਮਾਨੰਦ ਉਤਰ ਭਾਰਤ ਵੱਲ ਆਏ ਤਾਂ ਉਥੇ ਭਗਤੀ ਮਤ ਬਾਰੇ ਇਨ੍ਹਾਂ ਮੁੱਦਿਆਂ ਨੂੰ ਭਰਵਾਂ ਹੁੰਗਾਰਾ ਮਿਲਿਆ। ਨਾਮਦੇਵ, ਸਧਨਾ, ਸੈਣ, ਧੰਨਾ, ਕਬੀਰ, ਰਵਿਦਾਸ-ਭਗਤਾਂ ਅਤੇ ਸਿੱਖ ਗੁਰੂਆਂ ਨੇ ਭਗਤੀ ਦਾ ਜ਼ੋਰਦਾਰ ਪ੍ਰਚਾਰ ਕੀਤਾ।

ਭਕਤਿ ਦ੍ਰਾਵਿੜ ਉਪਜੀ ਲਾਏ ਰਾਮਾਨੰਦ।
ਪ੍ਰਗਟ ਕੀਆਂ ਕਬੀਰ ਨੇ ਸਪਤ ਦੀਪ ਨਵਖੰਡ॥

ਗੀਤਾ ਵਿਚ ਭਗਤੀ ਦੀਆਂ ਦੋ ਕਿਸਮਾਂ ਦਾ ਵਰਣਨ ਆਇਆ ਹੈ। "ਸਰਗੁਣ ਭਗਤੀ ਕਰਨ ਵਾਲਾ ਮਨੁੱਖ ਦ੍ਰਿਸ਼ਟਮਾਨ ਸੰਸਾਰ ਨੂੰ ਪਰਮਾਤਮਾ ਦਾ ਰੂਪ ਸਮਝ ਕੇ ਭਗਤੀ ਕਰਦਾ ਹੈ। ਉਸ ਲਈ ਪਰਮੇਸ਼ਰ ਪ੍ਰਤੱਖ ਹੈ। ਭਗਤ ਲਈ ਸ਼ੁਭ ਕਰਮ ਕਰਨੇ ਜ਼ਰੂਰੀ ਹਨ। ਸਾਰੇ ਕਰਮਾਂ ਦੀ ਹੋਂਦ ਨੂੰ ਭਗਤ ਪ੍ਰਭੂ ਉਤੇ ਛੱਡ ਦਿੰਦਾ ਹੈ। ਹੌਲੀ-ਹੌਲੀ ਸਰਗੁਣ ਭਗਤੀ ਵਿਚ ਮੂਰਤੀ ਪੂਜਾ ਅਰੰਭ ਹੋ ਗਈ। ਵੈਦਿਕ ਮੱਤ ਦੇ ਵਿਦਵਾਨ ਅਤੇ ਰਿਸ਼ੀ ਮੂਰਤੀ ਪੂਜਾ ਨੂੰ ਭਗਤੀ ਦਾ ਕੋਈ ਉਤਮ ਨਮੂਨਾ ਨਹੀਂ ਮੰਨਦੇ ਪਰ ਜਨ-ਸਾਧਾਰਨ ਮੂਰਤੀ ਉਤੇ ਹੀ ਟੇਕ ਰੱਖਦਾ ਹੈ। ਗੀਤਾ ਵਿਚ ਮੂਰਤੀ ਪੂਜਾ ਦੀ ਸ਼ਲਾਘਾ ਨਹੀਂ ਕੀਤੀ ਗਈ। ਮੂਰਤੀ ਪੂਜਾ ਵਿਚ ਕਈ ਪ੍ਰਕਾਰ ਦੀ ਸੰਸਾਰਕ ਦੌੜ ਲੱਗ ਜਾਂਦੀ ਹੈ, ਭਾਵ ਮੂਰਤੀ ਕਿਸ ਦੇਵਤੇ ਦੀ, ਮੂਰਤੀ ਉਤੇ ਖਰਚਾ, ਸੋਨੇ-ਹੀਰੇ ਤੱਕ ਦੀ ਜੜਤ, ਵਿਸ਼ਾਲ ਮੰਦਰ, ਮੰਦਰਾਂ ਦੀ ਉਚਾਈ ਅਤੇ ਸੁੰਦਰਤਾ ਵਿਚ ਮੁਕਾਬਲੇ ਦੀ ਹੋੜ, ਅਜਿਹੀਆਂ ਕੁਝ ਮਨੁੱਖੀ ਬੁੱਧੀ ਦੀਆਂ ਵਿਗੜੀਆਂ ਰੁਚੀਆਂ ਹਨ ਕਿ ਇਹ ਧਰਮ ਤੱਕ ਲਿਜਾਉਣ ਦੀ ਥਾਂ ਦੁਬਾਰਾ ਦੁਨਿਆਵੀ ਰੰਗ ਚਾੜ੍ਹਦੀਆਂ ਹਨ। ਪੁਜਾਰੀ ਸ਼੍ਰੇਣੀ ਵਾਸਤੇ ਮੂਰਤੀ ਪੂਜਾ ਹੀ ਲਾਭਦਾਇਕ ਹੈ ਕਿਉਂਕਿ ਇਕੋ ਸਥਾਨ ਉਤੇ ਪੂਜਾ ਧਨ ਇਕੱਠਾ ਹੋ ਜਾਂਦਾ ਹੈ ਅਤੇ ਪੁਜਾਰੀ ਦਾ ਸਵਰਗ ਇਸ ਧਰਤੀ 'ਤੇ ਹੀ ਬਣ ਜਾਂਦਾ ਹੈ।

**ਨਿਰਗੁਣ ਭਗਤੀ:** ਨਿਰਗੁਣ ਭਗਤੀ ਵਿਚ ਇਹ ਮੰਨਿਆ ਜਾਂਦਾ ਹੈ ਕਿ ਪਰਗਟ ਸੰਸਾਰ ਭਾਵੇਂ ਪਰਮਾਤਮਾ ਦੀ ਰਚਨਾ ਹੈ ਤੇ ਉਹ ਹੀ ਇਸ ਨੂੰ ਸੰਚਾਲਿਤ ਕਰ ਰਿਹਾ ਹੈ ਪਰ ਇਹ ਉਸ ਦੀ ਸਖਸ਼ੀਅਤ ਦਾ ਨਿੱਕਾ ਜਿਹਾ ਹਿੱਸਾ ਹੈ। ਆਪ ਉਹ ਅਦ੍ਰਿਸ਼ਟ ਅਨੰਤ ਸ਼ਕਤੀ ਹੈ। ਭਗਤ ਜਦੋਂ ਅਭੇਦ ਹੁੰਦਾ ਹੈ ਤਾਂ ਅਸੀਮ ਨਿਰਾਕਾਰ ਵਿਚ ਚਲਾ ਜਾਂਦਾ ਹੈ। (ਭਾਰਤ ਦੇ ਪੁਰਾਤਨ ਧਰਮ, ਡਾ. ਹਰਪਾਲ ਸਿੰਘ ਪੰਨੂ)

ਭਗਤੀ ਮਾਰਗ ਵਿਚ ਕਿਸੇ ਦੇਵਤੇ, ਅਵਤਾਰ ਜਾਂ ਪਰਮਾਤਮਾ ਦੇ ਅੱਖਰੀ ਨਾਉਂ ਦਾ ਰਟਨ ਕੀਤਾ ਜਾਂਦਾ ਹੈ। ਜੇ ਨਾਮ ਦਾ ਰਟਨ ਕਰਨ ਨਾਲ ਮਨ ਵਿਚ ਸ਼ੁੱਧੀ ਨਹੀਂ ਆਉਂਦੀ ਤੇ ਮਨ ਕੇਵਲ ਕਪਟ ਨਾਲ ਹੀ ਭਰਿਆ ਰਹਿੰਦਾ ਹੈ ਤਾਂ ਇਹ ਕੇਵਲ ਖ਼ੁਦ ਨਾਲ ਹੀ ਧੋਖਾ ਨਹੀਂ, ਸਗੋਂ ਉਸ ਨਾਲ ਵੀ ਧੋਖਾ ਕਰਨਾ ਹੈ ਜਿਸ ਦੇ ਨਾਮ ਦਾ ਰਟਨ ਕੀਤਾ ਜਾਂਦਾ ਹੈ। ਅਕਸਰ ਇਹ ਦੇਖਣ ਵਿਚ ਆਉਂਦਾ ਹੈ ਕਿ ਬਹੁਤ ਸਾਰੇ ਭਗਤ ਕੇਵਲ ਮਾਲਾ ਦੇ ਮਣਕਿਆਂ 'ਤੇ ਹੀ ਆਪਣਾ ਧਿਆਨ ਕੇਂਦਰਤ ਕਰਦੇ ਹਨ, ਮੁੱਖ ਤੋਂ ਵਾਹਿਗੁਰੂ ਦੇ ਸਿਮਰਨ ਦਾ ਪ੍ਰਵਾਹ ਚਲਦਾ ਹੈ, ਪਰ ਮਨ ਵਿਚ ਸ਼ੁੱਧੀ ਦਾ ਨਾਂ ਨਹੀਂ ਹੁੰਦਾ। ਇਹ ਤੋਤਾ-ਰਟਨੀ ਜਾਪ ਪਾਖੰਡ ਹੈ, ਧੋਖਾ ਹੈ। ਖਾਣ-ਪੀਣ ਛੱਡ ਕੇ ਠੰਢੇ ਪਾਣੀਆਂ

***ਅਕਸਰ ਇਹ ਦੇਖਣ ਵਿਚ ਆਉਂਦਾ ਹੈ ਕਿ ਬਹੁਤ ਸਾਰੇ ਭਗਤ ਕੇਵਲ ਮਾਲਾ ਦੇ ਮਣਕਿਆਂ 'ਤੇ ਹੀ ਆਪਣਾ ਧਿਆਨ ਕੇਂਦਰਤ ਕਰਦੇ ਹਨ, ਮੁੱਖ ਤੋਂ ਵਾਹਿਗੁਰੂ ਦੇ ਸਿਮਰਨ ਦਾ ਪ੍ਰਵਾਹ ਚਲਦਾ ਹੈ, ਪਰ ਮਨ ਵਿਚ ਸ਼ੁੱਧੀ ਦਾ ਨਾਂ ਨਹੀਂ ਹੁੰਦਾ। ਇਹ ਤੋਤਾ-ਰਟਨੀ ਜਾਪ ਪਾਖੰਡ ਹੈ, ਧੋਖਾ ਹੈ। ਖਾਣ-ਪੀਣ ਛੱਡ ਕੇ ਠੰਢੇ ਪਾਣੀਆਂ ਵਿਚ ਇਕ ਲੱਤ 'ਤੇ ਖੜ੍ਹੇ ਰਹਿਣਾ ਤੇ ਅੱਖਾਂ ਬੰਦ ਕਰ ਕੇ ਰਾਮ-ਰਾਮ ਕਰੀ ਜਾਣਾ ਆਪਣੇ ਇਸ਼ਟ ਨਾਲ ਧੋਖਾ ਹੈ। ਵਰਤ ਰੱਖਣ ਨਾਲ ਰੱਬ ਨਹੀਂ ਮਿਲਦਾ ਤੇ ਨਾ ਹੀ ਝੂਠੀ ਭਗਤੀ ਕੁਝ ਸੁਆਰ ਸਕਦੀ ਹੈ। ਬਿਨਾਂ ਬਿਬੇਕ ਦੇ ਭਗਤੀ ਕੁਝ ਨਹੀਂ। ਗੁਰੂ ਸਾਹਿਬ ਨੇ ਤਾਂ ਬਿਬੇਕ ਬੁੱਧੀ ਤੇ ਭਾਉ ਦਾ ਮੇਲ ਕਰਨ ਦਾ ਯਤਨ ਕੀਤਾ ਹੈ।***

ਵਿਚ ਇਕ ਲੱਤ 'ਤੇ ਖੜ੍ਹੇ ਰਹਿਣਾ ਤੇ ਅੱਖਾਂ ਬੰਦ ਕਰ ਕੇ ਰਾਮ-ਰਾਮ ਕਰੀ ਜਾਣਾ ਆਪਣੇ ਇਸ਼ਟ ਨਾਲ ਧੋਖਾ ਹੈ। ਵਰਤ ਰੱਖਣ ਨਾਲ ਰੱਬ ਨਹੀਂ ਮਿਲਦਾ ਤੇ ਨਾ ਹੀ ਝੂਠੀ ਭਗਤੀ ਕੁਝ ਸੁਆਰ ਸਕਦੀ ਹੈ। ਬਿਨਾਂ ਬਿਬੇਕ ਦੇ ਭਗਤੀ ਕੁਝ ਨਹੀਂ। ਗੁਰੂ ਸਾਹਿਬ ਨੇ ਤਾਂ ਬਿਬੇਕ ਬੁੱਧੀ ਤੇ ਭਾਉ ਦਾ ਮੇਲ ਕਰਨ ਦਾ ਯਤਨ ਕੀਤਾ ਹੈ। ਗੁਰੂ ਸਾਹਿਬ ਨੇ ਮਨੁੱਖੀ ਸ਼ਖ਼ਸੀਅਤ ਨੂੰ ਵਿਸਮਾਦ ਦੇ ਪੁੱਠ ਦੇ ਕੇ ਭਗਤੀ ਦੇ ਸਾਰੇ ਅੰਗਾਂ ਦੀ ਸਮੁੱਚੀ ਉਨਤੀ ਉਤੇ ਜ਼ੋਰ ਦਿੱਤਾ ਹੈ ਤਾਂ ਜੋ ਇਸ ਤਰੀਕੇ ਨਾਲ ਗਿਆਨ, ਭਾਵ ਤੇ ਕਰਮ ਦਾ ਮੇਲ ਕੀਤਾ ਜਾ ਸਕੇ।

ਨਾਮ ਸਾਧਨਾ ਨੂੰ ਉਤਰੀ ਭਾਰਤ ਦੇ ਭਗਤਾਂ ਨੇ ਮੋਕਸ਼ ਪ੍ਰਾਪਤੀ ਵਾਸਤੇ ਮੁੱਖ ਸਾਧਨ ਮੰਨਿਆ ਹੈ। ਬਾਹਰੀ ਭੇਖ ਭਗਤੀ ਨੂੰ ਕੋਈ ਮਹੱਤਵ ਨਹੀਂ ਦਿੰਦਾ। ਨਾਮ ਸਿਮਰਨ ਦੁਆਰਾ ਅੰਤਹਕਰਨ ਨੂੰ ਸਾਧਨ ਬਣਾ ਕੇ ਆਤਮਿਕ ਮਾਨਸਿਕ ਵਿਕਾਸ ਪ੍ਰਾਪਤ ਕੀਤਾ ਜਾ ਸਕਦਾ ਹੈ। 'ਸ਼ਬਦ ਬ੍ਰਹਮ' ਦੇ ਸੰਕਲਪ ਨੂੰ ਭਗਤਾਂ ਨੇ ਵੱਖਰੇ ਨਿਖੇੜ ਕੇ ਪ੍ਰਵਾਨ ਕੀਤਾ ਹੈ।

ਭਗਤੀ ਦਾ ਜ਼ਰੂਰੀ ਅੰਗ ਇਹ ਹੈ ਕਿ ਭਗਤਾਂ ਦਾ ਰੱਬ ਅਤੇ ਉਸ ਰੱਬ ਦਾ ਅਵਤਾਰ ਹਰ ਗੱਲੋਂ ਸੰਪੂਰਨ ਹੈ ਅਤੇ ਉਸ ਦੇ ਮੁਕਾਬਲੇ ਜੀਵ ਜਾਂ ਉਪਾਸ਼ਕ ਦੀ ਹਸਤੀ ਕੀੜੀ ਤੁੱਲ ਵੀ ਨਹੀਂ ਹੈ। ਜੀਵ ਆਪਣੇ ਪੂਰਬਲੇ ਕਰਮਾਂ ਤੋਂ ਛੁਟਕਾਰਾ ਤਾਂ ਹੀ ਪਾ ਸਕਦਾ ਹੈ, ਜੇ ਉਸ ਵਿਚ ਪਰਲੇ ਦਰਜੇ ਦੀ ਨਿਮਰਤਾ ਹੋਵੇ ਅਤੇ ਉਹ ਆਪਣੇ ਇਸ਼ਟ ਲਈ ਸਭ ਕੁਝ ਵਾਰਨ ਲਈ ਤਿਆਰ ਹੋਵੇ। ਭਗਵਾਨ ਤਾਂ ਹੀ ਖੁਸ਼ ਹੁੰਦਾ ਹੈ, ਜੇ ਉਪਾਸ਼ਕ ਬਿਲਕੁਲ ਨਿਰ-ਆਸਰਾ, ਨਿਰਮਲ ਤੇ ਨਾਚੀਜ਼ ਹੋਵੇ।

ਡਾ. ਭਗਤ ਸਿੰਘ ਵੇਦੀ ਨੇ ਭਗਤੀ ਦੀਆਂ ਵਿਸ਼ੇਸ਼ਤਾਈਆਂ ਨੂੰ ਮੁੱਖ ਰੱਖਦਿਆਂ ਹੇਠ ਲਿਖੇ ਤਹਿਤ ਭਗਤੀ ਦੇ ਲੱਛਣਾਂ ਬਾਰੇ ਚਰਚਾ ਕੀਤੀ ਹੈ,

(1) ਆਪਣੇ ਇਸ਼ਟ ਵਿਚ ਦ੍ਰਿੜ ਵਿਸ਼ਵਾਸ ਰੱਖਣਾ ਭਗਤੀ ਦਾ ਮੂਲ ਆਧਾਰ ਹੈ। ਇਹ ਬਿਰਤੀ ਭਗਤੀ ਨੂੰ ਹਉਮੈ ਅਤੇ ਸਵੈ-ਕੇਂਦ੍ਰਿਤ ਹੋਣ ਤੋਂ ਬਚਾਉਂਦੀ ਹੈ।

## ਭਗਤੀ ਮਾਰਗ

(2) ਭਗਤੀ ਜੀਵ ਨੂੰ ਸਮਾਜਕ ਕਰਤੱਵਸ਼ੀਲਤਾ ਨਾਲ ਜੋੜਦੀ ਹੈ, ਜੀਵਨ ਤੋਂ ਨਿਰਲੇਪ ਰਹਿਣ ਤੋਂ ਰੋਕਦੀ ਹੈ, ਸੰਸਾਰਕ ਜ਼ਿੰਮੇਵਾਰੀਆਂ ਪ੍ਰਤਿ ਜਾਗਰੂਕ ਕਰਦੀ ਹੈ। ਕਰਨਸ਼ੀਲ ਹੋਣ ਬਾਰੇ ਗੁਰੂ ਨਾਨਕ ਦੇਵ, ਸੰਤ ਕਬੀਰ ਅਤੇ ਭਗਤ ਨਾਮਦੇਵ ਨੇ ਪੁਰਜ਼ੋਰ ਪ੍ਰਚਾਰ ਕੀਤਾ।

(3) ਭਗਤੀ ਵਿਚ ਸ਼ਰਧਾ ਅਤੇ ਪ੍ਰੇਮ ਇਕ ਸਾਥ ਚੱਲਦੇ ਹਨ। ਇਕੱਲਾ ਪ੍ਰੇਮ ਮਨੁੱਖ ਨੂੰ ਨਿਘਾਰ ਵਾਲੇ ਪਾਸੇ ਲਿਜਾ ਸਕਦਾ ਹੈ। ਪ੍ਰੇਮ ਦੀ ਦ੍ਰਿਸ਼ਟੀ ਪੂਰਨਤਾ ਦੀ ਪਛਾਣ ਵਾਲੀ ਹੋਣੀ ਚਾਹੀਦੀ ਹੈ। ਪ੍ਰੇਮ ਦੇ ਨਾਲ ਵੈਰਾਗ ਦਾ ਹੋਣਾ ਅਤਿ ਲਾਜ਼ਮੀ ਹੈ। ਪ੍ਰੇਮ ਨਾਲ ਵੈਰਾਗ ਸ਼ਾਮਲ ਹੋ ਕੇ ਪ੍ਰਭੂ ਭਗਤੀ ਦਾ ਜਨਮ ਹੁੰਦਾ ਹੈ। ਸਵੈ-ਭਗਤੀ ਤੇ ਵਾਮ-ਮਾਰਗੀ ਸਾਖਾਵਾਂ ਪ੍ਰੇਮ ਦੇ ਨਿਰੋਲ ਇਕਹਿਰੇ ਸਰੂਪ ਕਾਰਨ ਸਮਾਜਕ ਜੀਵਨ ਤੋਂ ਇਕ ਪਾਸੇ ਨਿਕਲ ਗਈਆਂ। ਯੋਗਦਾਨ ਪਾਉਣ ਦੀ ਥਾਂ ਉਨ੍ਹਾਂ ਨੇ ਨਿਘਾਰ ਪੈਦਾ ਕਰਨ ਵਿਚ ਦਿਲਚਸਪੀ ਲਈ।

(4) ਭਗਤੀ ਮਤ ਨੇ ਵਰਣ ਆਸ਼ਰਮ ਖਿਲਾਫ ਉਚੇ ਸੁਰ ਵਿਚ ਵਿਰੋਧ ਕੀਤਾ। ਬ੍ਰਾਹਮਣੀ ਕਰਮ ਕਾਂਡ ਦੇ ਦਬਾਅ ਨੂੰ ਕਰਾਰੇ ਹੱਥੀਂ ਲਿਆ। ਕਿਸੇ ਇਕ ਵਿਸ਼ੇਸ਼ ਜਾਤੀ ਵੱਲੋਂ ਭਗਤੀ ਦੁਆਰਾ ਪ੍ਰਾਪਤ ਕਰਨ ਦੀ ਥਾਂ ਹਰ ਜਾਤੀ ਦੇ ਪੁਰਸ਼ਾਂ ਵਾਸਤੇ ਭਗਤੀ ਕਰਨ ਲਈ ਸਾਰੇ ਕਿਵਾੜ ਖੋਲ੍ਹ ਦਿੱਤੇ।

(5) ਭਗਤੀ ਮਾਰਗ ਨੇ 'ਸਭੈ ਘਟ ਰਾਮੁ ਬੋਲੈ ਰਾਮਾ ਬੋਲੈ', 'ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ' ਅਤੇ 'ਸਭੈ ਸਾਂਝੀਵਾਲ ਸਦਾਇਨ' ਦਾ ਪ੍ਰਚਾਰ ਕੀਤਾ। ਵਿਸ਼ਵ ਪੱਧਰ 'ਤੇ ਦੀਨ ਦੁਖੀ ਵਾਸਤੇ ਹਮਦਰਦੀ ਦੀਆਂ ਭਾਵਨਾਵਾਂ ਦਾ ਇਜ਼ਹਾਰ ਕੀਤਾ। ਸਮਾਜ ਵਿਚ ਇਲਾਕਾਵਾਦ, ਜਾਤੀਵਾਦ ਅਤੇ ਧਾਰਮਿਕ ਫਿਰਕਾਪ੍ਰਸਤੀ ਖਿਲਾਫ ਸਰਵ-ਮਾਨਵਵਾਦ ਦੀਆਂ ਭਾਵਨਾਵਾਂ ਦਾ ਡਟ ਕੇ ਪ੍ਰਚਾਰ ਕੀਤਾ ਅਤੇ ਇਸ ਤਰ੍ਹਾਂ ਵਿਸ਼ਵ ਭਾਈਚਾਰੇ ਦੀ ਨੀਂਹ ਰੱਖੀ। (ਭਗਤ ਸਿੰਘ ਵੇਦੀ, ਮੱਧਕਾਲੀਨ ਭਗਤੀ ਕਾਵਿ ਤੇ ਭੂਮਿਕਾ)

ਭਗਵਾਨ ਕ੍ਰਿਸ਼ਨ ਜੀ ਦੱਸਦੇ ਹਨ ਕਿ ਭਾਵੇਂ ਬ੍ਰਹਮ ਤੱਕ ਲੈ ਜਾਣ ਵਾਲੇ ਸਾਰੇ ਮਾਰਗ ਉਤਮ ਹਨ, ਪਰ ਭਗਤੀ ਮਾਰਗ ਸਰਬੋਤਮ ਹੈ, ਕਿਉਂਕਿ ਇਹ ਆਸਾਨ ਹੈ ਤੇ ਕੋਈ ਵੀ ਵਿਅਕਤੀ ਇਸ ਪੰਧ ਦਾ ਪਾਂਧੀ ਬਣ ਸਕਦਾ ਹੈ। ਸਮੁੱਚੇ ਭਾਰਤ ਦੇ ਇਤਿਹਾਸ ਵਿਚ ਇਹ ਇਕ ਵਿਆਪਕ ਧਾਰਮਿਕ ਅੰਦੋਲਨ ਹੈ। ਡਾ. ਗਰੀਅਰਸਨ ਦੇ ਸ਼ਬਦਾਂ ਵਿਚ "ਬਿਜਲੀ ਦੀ ਚਮਕ ਵਾਂਗ ਪੁਰਾਤਨ ਸਮੂਹ ਧਾਰਮਿਕ ਮੱਤਾਂ ਦੇ ਅੰਧਕਾਰ ਦੇ ਖਿਲਾਫ ਇਕ ਨਵੀਂ ਰੋਸ਼ਨੀ ਅਕਸਮਾਤ ਹੋਈ। ਕੋਈ ਹਿੰਦੂ ਇਹ ਨਾ ਜਾਣ ਸਕਿਆ, ਇਹ ਕਿਥੋਂ ਆਈ ਅਤੇ ਇਸ ਦੇ ਅਚਾਨਕ ਆ ਜਾਣ ਦਾ ਕੀ ਕਾਰਨ ਵਾਪਰਿਆ।" (ਡਾ. ਹਜ਼ਾਰੀ ਪ੍ਰਸ਼ਾਦ ਦਿਵੈਦੀ, 'ਹਿੰਦੂ ਸਾਹਿਤਯ ਕੀ ਭੂਮਿਕਾ' ਵਿਚੋਂ)

## ਸੰਪਾਦਕ ਦੀ ਡਾਕ

### ਦਲਬੀਰ ਸਿੰਘ ਦੀ ਸਵੈ-ਜੀਵਨੀ

'ਪੰਜਾਬੀ ਟ੍ਰਿਬਿਊਨ' ਵਾਲੇ ਪੱਤਰਕਾਰ ਦਲਬੀਰ ਸਿੰਘ ਦੀ ਸਵੈ-ਜੀਵਨੀ 'ਤੇਰੀਆਂ ਗਲੀਆਂ' ਦੀਆਂ ਦੋ ਕਿਸ਼ਤਾਂ 'ਪੰਜਾਬ ਟਾਈਮਜ਼' ਦੇ ਪਿਛਲੇ ਅੰਕਾਂ (30 ਤੇ 31) ਵਿਚ ਪੜ੍ਹੀਆਂ। ਪੜ੍ਹ ਕੇ ਉਸ ਦੇ ਕਾਲਮ 'ਜਗਤ ਤਮਾਸ਼ਾ' ਦੀ ਯਾਦ ਆ ਗਈ। ਇਹ ਕਾਲਮ ਮੇਰੇ ਵਰਗੇ ਹੋਰ ਹਜ਼ਾਰਾਂ ਪਾਠਕ ਪੜ੍ਹਦੇ ਹੋਣਗੇ। 'ਤੇਰੀਆਂ ਗਲੀਆਂ' ਵਿਚ ਵੀ ਦਲਬੀਰ ਸਿੰਘ ਉਸੇ ਤਰ੍ਹਾਂ ਗੱਲਾਂ ਕਰਦਾ ਜਾਪਦਾ ਹੈ- ਸਹਿਜੇ-ਸਹਿਜੇ, ਹੌਲੀ-ਹੌਲੀ। ਜਿਸ ਤਰ੍ਹਾਂ 'ਜਗਤ ਤਮਾਸ਼ਾ' ਵਿਚ ਉਹ ਆਪੇ ਘੜੇ ਪਾਤਰ ਮੁਰਾਰੀ ਦੇ ਬਹਾਨੇ ਟੋਟਕੇ ਛੱਡਦਾ ਰਹਿੰਦਾ ਸੀ, ਸਵੈ-ਜੀਵਨੀ ਵਿਚ ਉਹ ਆਪਣੀ ਧੀ ਨੂੰ ਪਿੰਡ ਦਿਖਾਉਣ ਦੇ ਬਹਾਨੇ ਪੰਜਾਬ ਦੇ ਪਿੰਡਾਂ ਅਤੇ ਉਥੇ ਦੇ ਮਾਹੌਲ ਬਾਰੇ ਗੱਲਾਂ ਕਰੀ ਜਾਂਦਾ ਹੈ।

ਮੈਂ ਖੁਦ ਦਲਬੀਰ ਸਿੰਘ ਨੂੰ ਕਦੀ ਮਿਲਿਆ ਨਹੀਂ, ਉਸ ਦੀਆਂ ਲਿਖਤਾਂ ਰਾਹੀਂ ਹੀ ਉਸ ਨਾਲ ਮੁਲਾਕਾਤ ਹੁੰਦੀ ਸੀ। ਹੁਣ ਸਵੈ-ਜੀਵਨੀ ਪੜ੍ਹ ਕੇ ਲੱਗਿਆ ਕਿ ਦਲਬੀਰ ਸਿੰਘ ਨਾਲ ਦੁਬਾਰਾ ਮੁਲਾਕਾਤ ਹੋ ਰਹੀ ਹੈ। ਉਸ ਦੀ ਇਹ ਲਿਖਤ ਛਾਪਣੀ ਸ਼ੁਰੂ ਕਰ ਕੇ ਤੁਸੀਂ ਚੰਗਾ ਕੀਤਾ ਹੈ। ਇਸ ਕੰਮ ਲਈ ਮੇਰੇ ਵੱਲੋਂ ਅਤੇ ਮੇਰੇ ਵਰਗੇ ਦਲਬੀਰ ਸਿੰਘ ਦੇ ਹੋਰ ਪਾਠਕਾਂ ਦਾ ਤੁਹਾਡਾ ਸ਼ਤ-ਸ਼ਤ ਸ਼ੁਕਰੀਆ।

*-ਨਿਰਮਲ ਸਿੰਘ ਜਵੰਦਾ*
*ਮਿਲਪੀਟਸ, ਕੈਲੀਫੋਰਨੀਆ।*

### ਫਲਸਤੀਨ ਦਾ ਮਸਲਾ

ਫਲਸਤੀਨ ਇਕ ਵਾਰ ਫਿਰ ਇਸਰਾਈਲ ਦੇ ਹਮਲਿਆਂ ਦੀ ਮਾਰ ਹੇਠ ਹੈ। ਵੱਖ-ਵੱਖ ਭਾਸ਼ਾਵਾਂ ਦੇ ਅਖਬਾਰਾਂ-ਰਸਾਲਿਆਂ ਵਿਚ ਇਸ ਬਾਰੇ ਬੜਾ ਕੁਝ ਛਪਿਆ ਹੈ, ਪਰ ਇਸ ਮਾਮਲੇ ਵਿਚ 'ਪੰਜਾਬ ਟਾਈਮਜ਼' ਨੰਬਰ ਲੈ ਗਿਆ ਹੈ। ਮੈਂ ਨੋਟ ਕੀਤਾ ਹੈ ਕਿ ਕਈ ਹੋਰ ਪੰਜਾਬੀ ਅਖਬਾਰਾਂ ਨੇ ਤਾਂ ਇਸ ਮਸਲੇ ਦੀ ਹਾਜ਼ਰੀ ਲੁਆਉਣੀ ਵੀ ਸ਼ਾਇਦ ਜਾਇਜ਼ ਨਹੀਂ ਸਮਝੀ। 26 ਜੁਲਾਈ ਵਾਲੇ ਪਰਚੇ ਵਿਚ ਨਾਰਵੇ ਦੇ ਡਾਕਟਰ ਮਾਡਸ ਗਿਲਬਰਟ ਦਾ ਦਰਦ ਭਿੱਜਾ ਲੇਖ ਪੜ੍ਹ ਕੇ ਅੱਖਾਂ ਨਮ ਹੋ ਗਈਆਂ। ਕਿੰਨੇ ਔਖੇ ਹਾਲਾਤ ਵਿਚ ਲੰਘ ਰਹੇ ਹਨ ਫਲਸਤੀਨੀ ਬੱਚੇ, ਬੁੱਢੇ ਅਤੇ ਮਾਂਵਾਂ। ਸੋਚ ਕੇ ਹੀ ਕਾਲਜਾ ਮੂੰਹ ਨੂੰ ਆਉਂਦਾ ਹੈ। ਦੋ ਅਗਸਤ ਵਾਲੇ ਪਰਚੇ ਵਿਚ ਇਸਰਾਇਲੀ ਇਤਿਹਾਸਕਾਰ ਇਲਾਨ ਪਾਪੇ ਨਾਲ ਮੁਲਾਕਾਤ ਇਕ ਤਰ੍ਹਾਂ ਨਾਲ 'ਹਾਅ ਦਾ ਨਾਅਰਾ' ਹੀ ਹੈ। ਅਜਿਹੇ ਲੋਕ ਭਾਵੇਂ ਦੁਨੀਆਂ ਵਿਚ ਘੱਟ ਹਨ, ਪਰ ਹੈਨ ਜ਼ਰੂਰ, ਜਿਹੜੇ ਗਲਤ ਬੰਦੇ ਨੂੰ ਗਲਤ ਆਖਣ ਦਾ ਜੇਰਾ ਕਰਦੇ ਹਨ, ਉਹ ਗਲਤ ਬੰਦਾ ਉਨ੍ਹਾਂ ਦਾ ਭਾਵੇਂ ਸਕਾ ਹੀ ਕਿਉਂ ਨਾ ਹੋਵੇ। ਸ਼ਾਇਦ ਅਜਿਹੇ ਬੰਦਿਆਂ ਕਰ ਕੇ ਹੀ ਮਨੁੱਖਤਾ ਦਾਗਦਾਰ ਹੋਣ ਤੋਂ ਬਚੀ ਹੋਈ ਹੈ।

*-ਸੇਵਕ ਰਾਮ, ਯੂਬਾ ਸਿਟੀ*

---

### ਇਕਬਾਲ ਬਾਨੋ ਦੇ ਰੂ-ਬ-ਰੂ

'ਪੰਜਾਬ ਟਾਈਮਜ਼' ਦੇ 2 ਅਗਸਤ ਵਾਲੇ ਅੰਕ ਵਿਚੋਂ ਸਭ ਤੋਂ ਪਹਿਲਾਂ ਇਕਬਾਲ ਬਾਨੋ ਬਾਰੇ ਲਿਖਿਆ ਫੀਚਰ ਪੜ੍ਹਿਆ। ਨਾਲ ਹੀ ਪੜ੍ਹੀ ਫੈਜ਼ ਅਹਿਮਦ ਫੈਜ਼ ਦੀ ਉਹ ਅਮਰ ਰਚਨਾ 'ਹਮ ਦੇਖੇਂਗੇ' ਜਿਹੜੀ ਜਵਾਨੀ ਵੇਲੇ ਤੋਂ ਹੀ ਹੱਡਾਂ ਵਿਚ ਰਚੀ ਹੋਈ ਹੈ। ਪਤਾ ਨਹੀਂ ਇਹ ਰਚਨਾ ਕਿੰਨੀ ਵਾਰ ਪੜ੍ਹੀ ਹੈ, ਕਿੰਨੀ ਵਾਰ ਖੁਦ ਗਾਈ ਹੈ ਅਤੇ ਕਿੰਨੀ ਵਾਰ ਇਕਬਾਲ ਬਾਨੋ ਵਾਲੀ ਰਿਕਾਰਡਿੰਗ ਸੁਣੀ ਹੈ। ਹਰ ਵਾਰ ਲਗਦਾ ਹੈ ਕਿ ਨਾੜਾਂ ਵਿਚ ਵਗਦੇ ਲਹੂ ਦੀ ਰਫਤਾਰ ਪਹਿਲਾਂ ਨਾਲੋਂ ਤੇਜ਼ ਹੋ ਗਈ ਹੈ। ਫੈਜ਼ ਦੀ ਇਸ ਰਚਨਾ ਅਤੇ ਇਕਬਾਲ ਬਾਨੋ ਦੀ ਬੁਲੰਦ ਆਵਾਜ਼ ਵਿਚ ਬੜਾ ਦਮ-ਖਮ ਹੈ। ਇਹ ਰਚਨਾ ਪੜ੍ਹਦਿਆਂ-ਸੁਣਦਿਆਂ ਜਦੋਂ ਵੀ 'ਸਭ ਤਖ਼ਤ ਗਿਰਾਏ ਜਾਏਂਗੇ' ਉਤੇ ਪੁੱਜੀਦਾ ਹੈ ਤਾਂ ਮੱਲੋ-ਮੱਲੀ ਬਾਹਾਂ ਉਲਰ ਪੈਂਦੀਆਂ ਹਨ। 'ਪੰਜਾਬ ਟਾਈਮਜ਼' ਵਿਚ ਛਪਦੀਆਂ ਸਾਰੀਆਂ ਰਚਨਾਵਾਂ ਭਾਵੇਂ ਧਿਆਨ ਖਿੱਚਦੀਆਂ ਹਨ, ਪਰ ਮੈਨੂੰ ਇਤਨੇ ਸਾਲਾਂ ਦੌਰਾਨ ਪਹਿਲੀ ਵਾਰ ਚਿੱਠੀ ਲਿਖਣ ਲਈ ਮਜਬੂਰ ਇਕਬਾਲ ਬਾਨੋ ਦੇ ਇਸ ਫੀਚਰ ਨੇ ਕੀਤਾ ਹੈ। 26 ਜੁਲਾਈ ਨੂੰ ਫਿਲਮੀ ਪੰਨੇ ਉਤੇ ਫਿਲਮ 'ਸੋਲਡ' ਬਾਰੇ ਪੜ੍ਹਿਆ। ਕੁਦਰਤੀ ਇਹ ਫਿਲਮ ਮੈਂ ਪਹਿਲਾਂ ਹੀ ਦੇਖੀ ਹੋਈ ਸੀ। ਬੜਾ ਖੁਸ਼ ਹੋਇਆ ਕਿ 'ਪੰਜਾਬ ਟਾਈਮਜ਼' ਵਿਚ ਅਜਿਹਾ ਮੈਟਰ ਛਪ ਰਿਹਾ ਹੈ। ਨਹੀਂ ਤਾਂ ਮੈਂ ਦੇਖਿਆ ਹੈ ਕਿ ਫਿਲਮੀ ਗੱਪ-ਸ਼ੱਪ ਦੇ ਨਾਂ ਉਤੇ ਫਿਲਮਾਂ ਬਾਰੇ ਬਿਲਕੁਲ ਕੂੜਾ-ਕਬਾੜਾ ਹੀ ਛਾਪਿਆ ਜਾ ਰਿਹਾ ਹੈ।

*-ਕਰਨੈਲ ਸਿੰਘ ਸਾਹਦੜਾ*
*ਸਟਾਕਟਨ, ਕੈਲੀਫੋਰਨੀਆ।*

# ਅਕਾਲ ਤਖਤ ਸਾਹਿਬ ਦੀਆਂ ਪ੍ਰਬੰਧਕੀ ਵੰਗਾਰਾਂ ਦਾ ਪੰਥਕ ਪ੍ਰਸੰਗ

***ਪਿਛਲੇ ਕੁਝ ਸਮੇਂ ਤੋਂ ਹਰਿਆਣਾ ਵਿਚ ਵੱਖਰੀ ਗੁਰਦੁਆਰਾ ਕਮੇਟੀ ਦੇ ਮੁੱਦੇ ਉਤੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਵੱਲੋਂ ਨਿਭਾਈ ਭੂਮਿਕਾ ਮੀਡੀਆ ਅਤੇ ਸਿਆਸੀ ਸਰਕਲਾਂ ਵਿਚ ਚਰਚਾ ਵਿਚ ਰਹੀ ਹੈ। ਇਸ ਬਾਰੇ ਵੱਖ-ਵੱਖ ਵਿਦਵਾਨਾਂ ਦੇ ਵਿਚਾਰ ਵੀ ਸਾਹਮਣੇ ਆਏ ਜਿਨ੍ਹਾਂ ਵਿਚ ਪੱਖ ਅਤੇ ਵਿਰੋਧ ਵਾਲੇ-ਦੋਵੇਂ ਤਰ੍ਹਾਂ ਦੇ ਵਿਚਾਰ ਪੜ੍ਹਨ-ਸੁਣਨ ਨੂੰ ਮਿਲੇ ਹਨ। ਇਸ ਚਰਚਾ ਨਾਲ, ਜਥੇਦਾਰ ਨਾਲ ਸਬੰਧਤ ਪ੍ਰਸੰਗ ਇਕ ਵਾਰ ਫਿਰ ਸਿੱਖ ਸਰਕਲਾਂ ਵਿਚ ਵਿਚਾਰੇ ਜਾਣ ਲੱਗੇ ਹਨ। ਸਿੱਖ ਵਿਦਵਾਨ ਪ੍ਰੋ. ਬਲਕਾਰ ਸਿੰਘ ਨੇ ਇਨ੍ਹਾਂ ਪ੍ਰਸੰਗਾਂ ਬਾਰੇ ਕੁਝ ਸਮਾਂ ਪਹਿਲਾਂ ਟਿੱਪਣੀਆਂ ਕੀਤੀਆਂ ਸਨ। ਇਹ ਟਿੱਪਣੀਆਂ ਅਸੀਂ ਆਪਣੇ ਪਾਠਕਾਂ ਦੇ ਸਨਮੁੱਖ ਕਰ ਰਹੇ ਹਾਂ। ਇਨ੍ਹਾਂ ਟਿੱਪਣੀਆਂ ਬਾਰੇ ਕਿਸੇ ਦੀ ਵੀ ਸਹਿਮਤੀ ਜਾਂ ਅਸਹਿਮਤੀ ਹੋ ਸਕਦੀ ਹੈ। ਇਸ ਬਾਰੇ ਆਈ ਰਾਏ ਨੂੰ ਪਰਚੇ ਵਿਚ ਬਣਦੀ ਥਾਂ ਦੇਣ ਦੀ ਕੋਸ਼ਿਸ਼ ਕੀਤੀ ਜਾਵੇਗੀ। -ਸੰਪਾਦਕ***

1.1 ਮਟਕ ਨਾਲ ਜਿਉਣ ਦੇ ਚਾਅ ਵਾਲੀਆਂ ਕੌਮਾਂ ਲਈ ਵੰਗਾਰ-ਮੁਕਤ ਸਮਾਂ ਸੁਪਨਾ ਤਾਂ ਹੋ ਸਕਦਾ ਹੈ ਪਰ ਅਸਲੀਅਤ ਨਹੀਂ ਹੋ ਸਕਦਾ। ਇਸੇ ਲਈ ਸਿੱਖੀ ਵਿਚੋਂ 'ਸਤਿਯੁਗ' ਵਰਗਾ ਧਾਰਮਿਕ ਲਾਰਾ ਮਨਫੀ ਹੈ। ਵੰਗਾਰ-ਮੁਕਤ ਸੁਪਨੇ ਦੀਆਂ ਜੜ੍ਹਾਂ ਬੀਤ ਗਏ ਦੇ ਉਦਰੇਵੇਂ ਅਤੇ ਭਵਿਖ ਦੇ ਲਾਰੇ ਵਿਚ ਹੀ ਸੰਭਵ ਹੋ ਸਕਦੀਆਂ ਹਨ। ਵੰਗਾਰਾਂ ਦੇ ਕਿਸੇ ਵੀ ਰੰਗ ਦਾ ਸਬੰਧ ਵਰਤਮਾਨ ਨਾਲ ਹੀ ਹੁੰਦਾ ਹੈ। ਇਥੇ ਸ੍ਰੀ ਅਕਾਲ ਤਖਤ ਸਾਹਿਬ ਦੇ ਵਰਤਮਾਨ ਦੀ ਗੱਲ ਕੀਤੀ ਜਾ ਰਹੀ ਹੈ। ਸਿੱਖਾਂ ਵਿਚਕਾਰ ਸ਼ੰਕਾ-ਰਹਿਤ ਧਰੋਹਰ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਹਨ ਅਤੇ ਅਕਾਲ ਤਖਤ ਸਾਹਿਬ ਨੂੰ ਬਾਵਜੂਦ ਵੰਗਾਰਾਂ ਦੇ, ਸਿਧਾਂਤ ਰੂਪ ਵਿਚ ਪੰਥਕ ਮਾਨਤਾ ਪ੍ਰਾਪਤ ਹੈ। ਇਹੀ ਗ੍ਰੰਥ ਅਤੇ ਪੰਥ ਦਾ ਸਿਧਾਂਤ ਹੈ ਅਤੇ ਇਸ ਦੇ ਵਿਸਥਾਰ ਦੀ ਇਥੇ ਗੁੰਜਾਇਸ਼ ਨਹੀਂ ਹੈ ਕਿਉਂਕਿ ਇਥੇ



**ਪ੍ਰੋ. ਬਲਕਾਰ ਸਿੰਘ ਪਟਿਆਲਾ**
**ਫੋਨ: 91-93163-01328**
e-mail: balkarsingh@mail.com

ਅਕਾਲ ਤਖਤ ਸਾਹਿਬ ਦੀਆਂ ਪ੍ਰਬੰਧਕੀ ਵੰਗਾਰਾਂ ਦੀ ਗੱਲ ਕੀਤੀ ਜਾ ਰਹੀ ਹੈ।

1.2 ਕਾਫੀ ਦੇਰ ਤੋਂ ਸਿੱਖ ਸਿਆਸਤ ਅਜਿਹੇ ਸਿਆਸੀ ਪੈਂਤੜਿਆਂ ਦੀ ਸ਼ਿਕਾਰ ਹੋ ਗਈ ਹੈ ਕਿ ਸਿੱਖ ਸਿਆਸਤ ਦਾ ਹਰ ਧੜਾ, ਅਕਾਲ ਤਖਤ ਸਾਹਿਬ ਦੀ ਆੜ ਵਿਚ, ਕੋਈ ਨਾ ਕੋਈ ਸਿਆਸੀ ਸ਼ਿਕਾਰ ਕਰਨ ਲਈ ਘਾਤ ਲਾਈ ਬੈਠਾ ਲੱਗਣ ਲੱਗ ਪਿਆ ਹੈ। ਇਸ ਕਿਸਮ ਦੇ ਸਿਆਸੀ ਪੈਂਤੜਿਆਂ ਵਿਚ ਕੁਝ ਵੀ ਗੁਰਮਤਿ ਮੁਤਾਬਿਕ ਨਜ਼ਰ ਨਹੀਂ ਆਉਂਦਾ? ਪਹਿਲਾਂ ਤਾਂ ਧੜੇ ਵਿਚ ਖਲੋ ਕੇ ਗਲ ਕਰਨਾ, ਫਿਰ ਤਖਤ ਦੀ ਬਦਨੀਤੀ ਨਾਲ ਆੜ ਲੈਣਾ ਅਤੇ ਆਪਣੀ ਪੀੜ੍ਹੀ ਹੇਠ ਸੋਟਾ ਮਾਰੇ ਬਗੈਰ ਹੀ, ਵਿਅਕਤੀ ਦੇ ਸੱਚ ਨੂੰ ਪੰਥਕ ਸੱਚ ਐਲਾਨਣ ਦੀ ਵਧੀਕੀ ਕਰਨ ਨੂੰ ਸਿੱਖ ਸਿਆਸਤ ਸਮਝ ਲਿਆ ਗਿਆ ਹੈ? ਇਹ ਸਾਰੇ ਸਵਾਲ ਕਿਉਂਕਿ ਗਲਤ ਹਨ, ਇਸ ਲਈ ਇਨ੍ਹਾਂ ਦੇ ਠੀਕ ਜੁਆਬਾਂ ਦੀ ਆਸ ਹੀ ਨਹੀਂ ਕੀਤੀ ਜਾ ਸਕਦੀ। ਸੋ, ਮੂਲ ਮਸਲਾ ਇਹ ਹੈ ਕਿ ਅਕਾਲ ਤਖਤ ਸਾਹਿਬ ਦੀ ਜਥੇਦਾਰੀ ਦੀ ਸੰਸਥਾ ਨੂੰ ਲਗਾਤਾਰ ਅਪਹਰਨ ਹੋ ਜਾਣ ਦੀਆਂ ਸੰਭਾਵਨਾਵਾਂ ਤੋਂ ਕਿਵੇਂ ਬਚਾਇਆ ਜਾਵੇ? ਇਹ ਕਿਉਂਕਿ ਸਿਆਸਤ ਕਰ ਕੇ ਵਾਪਰਿਆ ਹੈ, ਇਸ ਲਈ ਸਿਆਸਤਦਾਨਾਂ ਦੇ ਸਹਿਯੋਗ ਨਾਲ ਤਾਂ ਕਥਿਤ ਬਚਾਉ ਨਹੀਂ ਕੀਤਾ ਜਾ ਸਕਦਾ। ਕਾਰਨ ਇਹ ਹੈ ਕਿ ਜਥੇਦਾਰੀ ਦੀ ਸੰਸਥਾ ਨੂੰ ਜੋ ਮਾਨਤਾ ਸਿੱਖ ਮਾਨਸਿਕਤਾ ਵਲੋਂ ਸੁੱਤੇ-ਸਿੱਧ ਹੀ ਪ੍ਰਾਪਤ ਹੈ, ਉਸੇ ਦਾ ਸਿਆਸੀ ਲਾਹਾ ਲੈਣ ਲਈ, ਸਿੱਖ ਸਿਆਸਤਦਾਨ ਜਥੇਦਾਰੀ ਦੀ ਸੰਸਥਾ ਦੀ ਬਲੀ ਦੇਣ ਤਕ ਜਾਂਦੇ ਰਹੇ ਹਨ, ਜਾ ਵੀ ਰਹੇ ਹਨ ਅਤੇ ਜਾ ਵੀ ਸਕਦੇ ਹਨ।

ਸਿਆਸਤ ਦੇ ਬੋਲਬਾਲੇ ਵਾਲੀ ਮੌਜੂਦਾ ਹਾਲਤ ਵਿਚ ਇਸ ਨੂੰ ਰੋਕ ਸਕਣਾ ਅਸੰਭਵ ਹੋਇਆ ਪਿਆ ਹੈ। ਇਸ ਦੇ ਬਹੁਤ ਸਾਰੇ ਕਾਰਨ ਹਨ ਪਰ ਫੌਰੀ ਕਾਰਨ ਇਹ ਮੰਨਿਆ ਜਾ ਸਕਦਾ ਹੈ ਕਿ ਅਕਾਲ ਤਖਤ ਸਾਹਿਬ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲੀ ਦਲ, ਪਰਸਪਰ ਸਹਿਯੋਗੀ ਸੰਸਥਾਵਾਂ ਹੋਣ ਦੇ ਬਾਵਜੂਦ, ਸੁਤੰਤਰ ਸੰਸਥਾਵਾਂ ਹਨ। ਇਨ੍ਹਾਂ ਦੀਆਂ ਸੀਮਾ ਰੇਖਾਵਾਂ ਵੀ ਮੌਜੂਦ ਹਨ ਪਰ ਸਿਆਸੀ ਗਰਜਾਂ ਲਈ ਸਿਆਸਤਦਾਨ, ਇਹ ਸੀਮਾ ਰੇਖਾਵਾਂ ਮਿਟਾਉਣ ਵਿਚ ਸਫਲ ਹੋ ਗਏ ਹਨ। ਹਾਲਤ ਇਹ ਹੋ ਗਈ ਹੈ ਕਿ ਇਸ ਵਧੀਕੀ ਦੀ ਸਿਆਸਤ ਨੂੰ ਮੀਰੀ-ਪੀਰੀ ਦੀ ਨਿਰੰਤਰਤਾ ਵਿਚ ਕੀਤੀ ਜਾ ਰਹੀ ਪੰਥਕ ਸਿਆਸਤ ਐਲਾਨਿਆ ਜਾ ਰਿਹਾ ਹੈ; ਹਾਲਾਂਕਿ ਉਪਰ ਦੱਸੀਆਂ ਗਈਆਂ ਸੀਮਾਵਾਂ, ਸਿੱਖ ਸਿਧਾਂਤਾਂ ਦੇ ਅੰਤਰਗਤ ਹੀ ਮਿਥੀਆਂ ਗਈਆਂ ਸਨ। ਇਥੇ ਇਸ ਦੇ ਵਿਸਥਾਰ ਵਿਚ ਜਾਣ ਦੀ ਵੀ ਗੁੰਜਾਇਸ਼ ਨਹੀ ਹੈ, ਪਰ ਮੇਰਾ ਵਿਸ਼ਵਾਸ਼ ਹੈ ਕਿ ਇਸ ਬਾਰੇ ਕਿਸੇ ਵੀ ਚੇਤੰਨ ਸਿੱਖ ਨੂੰ ਕੋਈ ਭੁਲੇਖਾ ਵੀ ਨਹੀ ਹੈ, ਪਰ ਇੰਨਾ ਤਾਂ ਸਪਸ਼ਟ ਹੈ ਕਿ ਇਨ੍ਹਾਂ ਤਿੰਨਾਂ ਸੰਸਥਾਵਾਂ ਦਾ ਕਰਮ ਖੇਤਰ ਸੁਤੰਤਰ ਰੂਪ ਵਿਚ ਨਿਸ਼ਚਿਤ ਵੀ ਹੈ ਅਤੇ ਇਸੇ ਲਈ ਪਰਸਪਰ ਸਹਿਯੋਗ ਦੇ ਬਾਵਜੂਦ, ਵੱਖਰਾ ਵੀ ਹੈ। ਅਕਾਲੀ ਦਲ ਨੂੰ ਕਿਉਂਕਿ ਦੇਸ਼ ਦੀ ਧਰਮ ਨਿਰਪੇਖ ਸਿਆਸਤ ਦੇ ਬੰਧਨ ਵਿਚ ਹੀ ਚਲਾਇਆ ਜਾ ਸਕਦਾ ਹੈ, ਇਸ ਲਈ ਇਸ ਨੂੰ ਜਿੰਨੀ ਛੇਤੀ ਪੰਥਕ ਬੰਧਨਾਂ ਦੀ ਕਥਿਤ ਪਾਬੰਦੀ ਤੋਂ ਮੁਕਤ ਕਰ ਦਿੱਤਾ ਜਾਵੇ, ਚੰਗਾ ਹੀ ਹੋਵੇਗਾ? ਅਕਾਲੀ ਦਲ ਨੂੰ ਪੰਥਕ ਰੱਖਣ ਦੀ ਬਹੁਤ ਕੀਮਤ ਦਿੱਤੀ ਜਾ ਚੁੱਕੀ ਹੈ। ਜਿਹੜੀ ਸਿਆਸੀ ਪਾਰਟੀ ਨੂੰ ਗੈਰ-ਸਿੱਖ ਵੋਟਰਾਂ ਵੱਲ ਵੇਖਣਾ ਪਵੇ, ਉਸ ਨੂੰ ਪੰਥਕ ਕਿਵੇਂ ਰੱਖਿਆ ਜਾ ਸਕਦਾ ਹੈ? ਬਾਕੀ ਦੋਵੇਂ ਸੰਸਥਾਵਾਂ-ਅਕਾਲ ਤਖਤ ਸਾਹਿਬ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਕਿਵੇਂ ਵੀ ਅ-ਪੰਥਕ ਹੋ ਹੀ ਨਹੀਂ ਸਕਦੀਆਂ। ਅਕਾਲੀ ਦਲ ਦੇ ਪੰਥਕ ਹੋਣ ਦੇ ਫਾਇਦੇ ਤੇ ਨੁਕਸਾਨਾਂ ਦਾ ਜੇ ਲੇਖਾ-ਜੋਖਾ ਕੀਤਾ ਜਾਵੇ ਤਾਂ ਨੁਕਸਾਨਾਂ ਦਾ ਪੱਲੜਾ ਬਹੁਤ ਭਾਰੀ ਨਜ਼ਰ ਆਏਗਾ? ਇਸ ਵਿਚ ਵੀ ਕੋਈ ਸ਼ੱਕ ਨਹੀਂ ਹੈ ਕਿ ਅਕਾਲੀ ਸਿਆਸਤ ਦਾ ਹਿਤ ਪਾਲਣ ਲਈ, ਸ਼੍ਰੋਮਣੀ ਕਮੇਟੀ, ਕਾਬਜ਼ ਅਕਾਲੀ ਧੜੇ ਦਾ ਹਿੱਸਾ ਹੋ ਜਾਣ ਦੀ ਮਜਬੂਰੀ ਹੰਢਾਅ ਰਹੀ ਹੈ ਅਤੇ ਅਕਾਲ ਤਖਤ ਸਾਹਿਬ ਨੂੰ ਸ਼੍ਰੋਮਣੀ ਕਮੇਟੀ ਮੁਤਾਬਿਕ ਚੱਲਣ ਲਈ ਮਜਬੂਰ ਹੋਣਾ ਪੈ ਰਿਹਾ ਹੈ। ਨਾ ਚਲਣ ਦੀ ਹਾਲਤ ਵਿਚ ਜੋ ਕੁਝ ਹੋ ਸਕਦਾ ਹੈ, ਉਸੇ ਸਮੱਸਿਆ ਦੇ ਸਾਰੇ ਸਿੱਖ ਸਨਮੁਖ ਹਨ ਅਤੇ ਇਸੇ ਨੂੰ ਇਥੇ ਵੰਗਾਰ ਕਿਹਾ ਜਾ ਰਿਹਾ ਹੈ।

2.1 ਇਉਂ ਵੀ ਕਿਹਾ ਜਾ ਸਕਦਾ ਹੈ ਕਿ ਸਿੱਖ ਸਿਆਸਤਦਾਨਾਂ ਦੀ ਦਿਲਚਸਪੀ ਪੰਥਕ ਹੱਲ ਲੱਭੇ ਜਾਣ ਵਿਚ ਵੀ ਨਜ਼ਰ ਨਹੀਂ ਆਉਂਦੀ? ਉਨ੍ਹਾਂ ਦਾ ਸਾਰਾ ਜ਼ੋਰ ਇਸ ਗੱਲ 'ਤੇ ਲੱਗਿਆ ਹੋਇਆ ਨਜ਼ਰ ਆ ਰਿਹਾ ਹੈ ਕਿ ਵਿਰੋਧੀ ਧੜੇ ਨੂੰ ਮਾਤ ਦੇਣ ਦੀ ਸਿਆਸਤ ਵਾਸਤੇ, ਅਕਾਲ ਤਖਤ ਸਾਹਿਬ ਦੀ ਸੰਸਥਾ ਨੂੰ ਕਿਵੇਂ ਵਰਤਿਆ ਜਾਵੇ? ਇਸੇ ਲਈ ਉਨ੍ਹਾਂ ਦੀ ਮਰਜ਼ੀ ਦੇ ਉਲਟ ਕੀਤਾ ਹੋਇਆ ਕੋਈ ਵੀ ਫੈਸਲਾ, ਉਨ੍ਹਾਂ ਨੂੰ ਕਤਈ ਮਨਜ਼ੂਰ ਨਹੀਂ ਹੋਵੇਗਾ। ਧਰਮ ਨਿਰਪੇਖ ਅਤੇ ਲੋਕਤੰਤਰਿਕ ਵਰਤਮਾਨ ਵਰਤਾਰੇ ਵਿਚ ਪੰਥਕ ਫੈਸਲਾ ਮੰਨਵਾਏ ਜਾਣ ਦਾ ਕਿੰਤੂ-ਮੁਕਤ ਤਰੀਕਾ ਸੰਭਵ ਹੀ ਨਹੀਂ ਹੈ। ਇਹ ਕਿਸੇ ਮਜਬੂਰੀ ਜਾਂ ਭੁਲੇਖੇ ਕਰ ਕੇ ਨਹੀਂ ਹੈ, ਸਗੋਂ ਇਸ ਕਰ ਕੇ ਹੈ ਕਿ ਜਥੇਦਾਰੀ ਦੀ ਸੰਸਥਾ, ਉਸ ਤਰ੍ਹਾਂ ਕੋਈ ਅਧਿਕਾਰਤ ਜਾਂ ਅਧਿਕਾਰ-ਯੁਕਤ ਸੰਸਥਾ ਹੀ ਨਹੀਂ ਹੈ, ਜਿਵੇਂ ਕਿਸੇ ਕਾਨੂੰਨੀ ਜਾਂ ਸੰਵਿਧਾਨਕ ਪਦਵੀ ਜਾਂ ਸੰਸਥਾ ਹੋ ਸਕਦੀ ਹੈ। ਇਸੇ ਲਈ ਇਸ ਪਦਵੀ ਨੂੰ ਜੇ ਪਦਵੀ ਕਿਹਾ ਵੀ ਜਾਵੇ ਤਾਂ ਵੀ ਇਹ ਪੰਥਕ ਪ੍ਰਸੰਗ ਵਿਚ, ਕਿਸੇ ਸਥਾਪਤ ਬਾਡੀ ਵਲੋਂ ਦਿੱਤੇ ਹੋਏ ਜਾਂ ਸੌਂਪੇ ਹੋਏ ਅਧਿਕਾਰਾਂ ਦੀ ਸੀਮਾ ਵਿਚ ਪਰਵਾਨ ਨਹੀਂ ਕੀਤੀ ਜਾ ਸਕਦੀ। ਇਉਂ ਇਹ ਸੰਸਥਾ ਨੈਤਿਕਤਾ ਦੇ ਘੇਰੇ ਵਿਚ ਵੱਧ ਤੋਂ ਵੱਧ ਕਰਤਵ ਮੂਲਕ ਸੰਸਥਾ ਹੀ ਕਹੀ ਜਾ ਸਕਦੀ ਹੈ। ਇਸ ਜ਼ਿੰਮੇਵਾਰੀ ਨੂੰ ਜੋ ਪੰਥਕ ਨਹੀਂ ਹੈ, ਉਸ ਨੂੰ ਪੰਥਕ ਬਣਾਉਣ ਦੀ ਮਜਬੂਰੀ ਵਿਚ ਉਲਝਾਉਣ ਦੀ ਥਾਂ ਜੋ ਪੰਥਕ ਹੈ, ਉਸ ਨੂੰ ਪੰਥਕ ਤਾਜ਼ਗੀ ਨਾਲ ਜੋਤੀ ਰੱਖਣ ਵਲ ਤੋਰਨਾ ਚਾਹੀਦਾ ਹੈ। ਪੰਥਕ ਤਾਂ ਕਿਸੇ ਵੀ ਸਿਆਸੀ ਪਾਰਟੀ ਵਿਚ ਰਹਿ ਕੇ ਹੋਇਆ ਜਾ ਸਕਦਾ ਹੈ। ਭਾਰਤ ਦਾ ਵਿਧਾਨ ਇਸ ਦੀ ਆਗਿਆ ਵੀ ਦਿੰਦਾ ਹੈ। ਬਹੁਤ ਸਾਰੇ ਸਿੱਖ ਸਿਆਸਤਦਾਨਾਂ ਨੇ ਇਸ ਪਾਸੇ ਕੋਸ਼ਿਸ਼ ਕੀਤੀ ਵੀ ਹੈ, ਕਰ ਵੀ ਰਹੇ ਹਨ ਅਤੇ ਕਰਦੇ ਰਹਿਣ ਦੀ ਸੰਭਾਵਨਾ ਵੀ ਹੈ। ਅਕਾਲੀ ਸਿਆਸਤਦਾਨ ਨੂੰ ਇਹ ਰਾਹ ਬੰਦ ਕਰਨ ਵਿਚ ਤੁਰੰਤ ਲਾਹਾ ਨਜ਼ਰ ਆਉਂਦਾ ਹੈ ਅਤੇ ਇਹ ਲਾਹਾ ਲੈਣ ਵਿਚ ਉਹ ਕਾਫੀ ਹੱਦ ਤਕ ਸਫਲ ਵੀ ਹੋ ਗਏ ਹਨ। ਇਹ ਰਾਹ ਖੁੱਲ੍ਹਾ ਰੱਖਣ ਦੀ ਬਹੁਤ ਲੋੜ ਹੈ ਅਤੇ ਅਜਿਹਾ ਕਰਨ ਲਈ ਜਥੇਦਾਰੀ ਦੀ ਸੰਸਥਾ ਨੂੰ ਧੜਿਆਂ ਨਾਲ ਧੜਾ ਹੋਣ ਤੋਂ ਗੁਰੇਜ਼ ਜਾਂ ਇਨਕਾਰ ਕਰ ਕੇ, ਪੰਥਕ ਰੰਗ ਵਿਚ ਵਿਚਰਨ ਦਾ ਪ੍ਰਗਟਾਵਾ ਕਰਨਾ ਪਵੇਗਾ। ਜਿਸ ਕਿਸਮ ਦੀ ਇਸ ਪਾਸੇ ਕੋਸ਼ਿਸ਼ ਕੀਤੀ ਜਾ ਸਕਦੀ ਹੈ, ਤੇ ਜਿਵੇਂ ਵੀ ਇਸ ਪਾਸੇ ਤੁਰਿਆ ਜਾ ਸਕਦਾ ਹੈ, ਉਸੇ ਨੂੰ ਇਥੇ ਪੰਥਕ ਨੈਤਿਕਤਾ ਕਿਹਾ ਜਾ ਰਿਹਾ ਹੈ। ਇਹੋ ਜਿਹੀ ਚੇਤਨਾ ਤੋਂ ਮਹਿਰੂਮ 'ਜਥੇਦਾਰਾਂ' ਨੇ ਪੰਥਕ ਹੋਣ ਦੀ ਅਸਮਰਥਤਾ ਨੂੰ ਸਿਆਸੀ ਹੋਣ ਦੀ ਸੌਖ ਨਾਲ ਸਰਚਾਉਣ ਦੀਆਂ ਕੋਸ਼ਿਸ਼ਾਂ ਲਗਾਤਾਰ ਕੀਤੀਆਂ ਹਨ। ਇਸੇ ਲਈ ਅਕਾਲ ਤਖਤ ਸਾਹਿਬ ਦੀ ਸੰਸਥਾ ਦਾ ਉਹ ਸੁਤੰਤਰ ਸਥਾਪਨ ਨਹੀਂ ਹੋ ਸਕਿਆ ਜੋ ਅਸਲ ਸੀ ਅਤੇ ਜਿਸ ਦੀ ਬਹੁਤ ਲੋੜ ਸੀ ਤੇ ਹੈ ਵੀ। ਇਸ ਹਾਲਤ ਵਾਸਤੇ ਜੇ ਕਿਸੇ ਧਿਰ ਨੂੰ ਜ਼ਿੰਮੇਵਾਰ ਠਹਿਰਾਉਣ ਦੀ ਲੋੜ ਪੈ ਜਾਵੇ, ਤਾਂ ਸਿੱਖ ਸਿਆਸਤਦਾਨਾਂ ਨੂੰ ਹੀ ਜ਼ਿੰਮੇਵਾਰ ਠਹਿਰਾਇਆ ਜਾ ਸਕਦਾ ਹੈ; ਪਰ ਇਸ ਤੋਂ ਜਿਥੋਂ ਤੱਕ ਹੋ ਸਕੇ, ਗੁਰੇਜ਼ ਕਰਨਾ ਚਾਹੀਦਾ ਹੈ, ਕਿਉਂਕਿ ਇਸ ਦੇ ਨੁਕਸਾਨ ਹੀ ਨੁਕਸਾਨ ਹਨ।



2.2 ਦੁਨੀਆਂ ਵਿਚ ਜੋ ਭੂਮਿਕਾ ਸਿੱਖ ਧਰਮ ਚਿੰਤਨ ਨੂੰ ਨਿਭਾਉਣੀ ਚਾਹੀਦੀ ਸੀ, ਉਹ ਕਈ ਹੋਰ ਕਾਰਨਾਂ ਕਰ ਕੇ ਵੀ ਅਤੇ ਇਸ ਕਰ ਕੇ ਵੀ ਨਹੀਂ ਨਿਭਾਈ ਜਾ ਸਕੀ, ਕਿਉਂਕਿ ਅਸਮਰਥਤਾ ਨੂੰ ਸਮਰਥਾ ਸਮਝ ਲੈਣ ਦੇ ਭਰਮ ਨੇ ਸਿੱਖ ਰੋਲ ਮਾਡਲ ਤਾਂ ਗੁਆ ਹੀ ਲਿਆ ਹੈ; ਇਸ ਵਿਚ ਵਾਧਾ ਇਹ ਹੋ ਗਿਆ ਹੈ ਕਿ ਸਿੱਖ ਲੀਡਰਸ਼ਿਪ ਦੀ ਸੰਤੁਸ਼ਟੀ ਨਾਲ ਆਮ ਸਿੱਖ ਨੂੰ ਸੰਤੁਸ਼ਟ ਹੋਣ ਦੀ ਮਜਬੂਰੀ ਹੰਢਾਉਣੀ ਪੈ ਰਹੀ ਹੈ। ਇਹ ਆਮ ਸਿੱਖਾਂ ਅੰਦਰ, ਗਿਆਨ ਅਤੇ ਬਿਬੇਕ ਦੇ ਮੁੱਦਿਆਂ ਵਲ ਪਿੱਠ ਹੋ ਜਾਣ ਕਰ ਕੇ ਵੀ ਵਾਪਰਿਆ ਹੈ। ਇਸ ਉਤੇ ਪਹਿਰਾ ਦੇਣ ਅਤੇ ਦਿਵਾਉਣ ਦੀ ਭੂਮਿਕਾ ਦਾ ਬਿਰਦ ਅਕਾਲ ਤਖਤ ਸਾਹਿਬ ਵਲੋਂ ਪਾਲੇ ਜਾਣ ਦੇ ਰਸਤੇ ਬੰਦ ਹੋ ਗਏ ਜਾਪਦੇ ਹਨ। ਮਸਲਿਆਂ ਨੂੰ ਮਸਲਿਆਂ ਦੇ ਪ੍ਰਸੰਗ ਵਿਚ ਹੀ ਸੁਲਝਾਇਆ ਜਾ ਸਕਦਾ ਹੈ। ਇਕ ਪ੍ਰਤੀਸ਼ਤ ਤੋਂ ਵੀ ਘੱਟ ਸਿੱਖ, ਸਿਆਸਤ ਵਿਚ ਹਨ। ਵੱਡੀ ਬਹੁ-ਗਿਣਤੀ ਦੀ ਕੁਰਬਾਨੀ, ਅਲਪ-ਸੰਖਿਅਕ (ਘੱਟ-ਗਿਣਤੀ) ਸਿਆਸਤਦਾਨਾਂ ਲਈ ਕਿਉਂ ਦਿੱਤੀ ਜਾ ਰਹੀ ਹੈ? ਇਸ ਬਾਰੇ ਸੋਚਣ ਦੀ ਵਿਹਲ ਜਾਂ ਹਿੰਮਤ ਕਿਸ ਕੋਲ ਹੈ ਭਲਾ? ਵਿਰੋਧ ਵਾਸਤੇ ਵਿਰੋਧ ਦੀ ਸਿਆਸਤ ਦਾ ਜਜ਼ਬਾਤੀ ਉਲਾਰ ਆਪਣੇ ਆਪ ਵਿਚ ਸਮੱਸਿਆ ਹੁੰਦਾ ਜਾ ਰਿਹਾ ਹੈ। ਕਿਹਾ ਜਾ ਸਕਦਾ ਹੈ ਕਿ ਸਿਆਸੀ ਮਾਇਆ ਜਾਲ ਨਾਲ ਪੈਦਾ ਹੋ ਜਾਣ ਵਾਲੀਆਂ ਸੰਭਾਵਨਾਵਾਂ ਨੇ ਤਾਂ ਸਿੱਖੀ ਦੀ ਇਕਸੁਰਤਾ ਦੇ ਕਿਸੇ ਕਿਸਮ ਦੇ ਪ੍ਰਗਟਾਵੇ ਦੀ ਸੰਭਾਵਨਾ ਨੂੰ, ਸਿਧਾਂਤਕ ਦ੍ਰਿਸ਼ਟੀ ਤੋਂ ਸੰਭਵ ਹੀ ਨਹੀਂ ਰਹਿਣ ਦਿੱਤਾ। ਸਿਆਸਤ ਤਾਂ ਕਿਸੇ ਨਾ ਕਿਸੇ ਰੂਪ ਵਿਚ ਇਜਾਰੇਦਾਰੀ ਹੀ ਰਹਿੰਦੀ ਹੈ, ਪਰ ਸਿੱਖੀ ਤਾਂ ਸੱਚ ਦੀ ਇਜਾਰੇਦਾਰੀ ਨਾਲ ਵੀ ਨਿਭਣ ਦੀ ਆਗਿਆ ਨਹੀਂ ਦਿੰਦੀ। ਇਉਂ ਇਜਾਰੇਦਾਰੀ ਦੀ ਸਿਆਸਤ ਨਾਲ, ਪੰਥ ਅਤੇ ਪੰਥ ਦੇ ਵਾਰਸਾਂ ਦਾ ਸਮਾਨੰਤਰਤਾ ਵਿਚ ਆ ਜਾਣਾ ਕੁਦਰਤੀ ਹੈ। ਇਹ 'ਕੀਚੜ ਫਾਥੇ' ਵਰਗੀ ਖੜੋਤ ਹੈ। ਇਸ ਵਿਚੋਂ ਸੁਜੱਗਤਾ ਨਾਲ ਹੀ ਨਿਕਲਿਆ ਜਾ ਸਕਦਾ ਹੈ। ਇਸ ਪਾਸੇ ਤੁਰਨ ਦੀ ਲੋੜੀਂਦੀ ਅਗਵਾਈ ਜੇ ਜਥੇਦਾਰੀ ਸੰਸਥਾ ਰਾਹੀਂ ਚਿਤਵਣੀ ਹੋਵੇ ਤਾਂ ਇਸ ਵਾਸਤੇ ਸੁਝਾਅ ਇਸ ਪ੍ਰਕਾਰ ਹੋ ਸਕਦੇ ਹਨ:

(ੳ) ਸਿੱਖ ਮਾਨਸਿਕਤਾ ਦੀ ਰਾਏ ਜਾਣਨ ਵਾਸਤੇ ਸੰਗਤੀ ਜੁਗਤਿ ਦੀ ਵਰਤੋਂ ਕਰਦਿਆਂ, ਦਰਪੇਸ਼ ਸਿਆਸੀ ਮਸਲੇ ਨਾਲ ਸਬੰਧਤ ਸਿੱਖ ਲੀਡਰਾਂ ਅਤੇ ਸਿੱਖ ਸੰਗਤ ਨੂੰ ਇਕੱਠਿਆਂ ਇਕੋ ਵੇਲੇ, ਅਕਾਲ ਤਖਤ ਸਾਹਿਬ ਉਤੇ ਸੱਦਾ ਦੇਣਾ ਚਾਹੀਦਾ ਹੈ। ਮਸਲੇ ਦਾ ਐਲਾਨ ਜਥੇਦਾਰ ਅਕਾਲ ਤਖਤ ਸਾਹਿਬ ਹੀ ਕਰੇ। ਮਸਲੇ ਨਾਲ ਸਬੰਧਤ ਲੀਡਰਾਂ ਨੂੰ ਵਾਰੀ-ਵਾਰੀ ਸੰਗਤ ਸਾਹਮਣੇ ਪੱਖ ਪੇਸ਼ ਕਰਨ ਦਾ ਮੌਕਾ ਦਿਤਾ ਜਾਵੇ। ਫਿਰ ਹਾਜ਼ਰ ਸਿੱਖਾਂ ਤੋਂ ਲਿਖਤੀ ਸੁਆਲ ਮੰਗੇ ਜਾਣ। ਉਨ੍ਹਾਂ ਸੁਆਲਾਂ ਦੇ ਉਤਰ ਦੇਣ ਦਾ ਸਬੰਧਤ ਲੀਡਰਾਂ ਨੂੰ ਮੌਕਾ ਦਿੱਤਾ ਜਾਵੇ। ਪੰਜ ਸਿੰਘ ਸਾਹਿਬਾਨ ਸਰਪ੍ਰਸਤਾਂ ਵਾਂਗ ਸਭ ਕੁਝ ਸੁਣਨ ਅਤੇ ਫਿਰ ਸਬੰਧਤ ਲੀਡਰਾਂ ਨੂੰ ਵਿਚ ਬਿਠਾ ਕੇ, ਦਰਪੇਸ਼ ਮਸਲੇ ਬਾਰੇ ਸਰਬਸੰਮਤੀ ਬਣਾਉਣ ਦੀ ਕੋਸ਼ਿਸ਼ ਕਰਨ। ਜੇ ਸਰਬਸੰਮਤੀ ਨਾ ਹੋਵੇ ਤਾਂ ਪੰਜ ਸਿੰਘ ਸਾਹਿਬਾਨ ਨਿਰਣਾ ਜ਼ਰੂਰ ਕਰਨ, ਪਰ ਇਸ ਨਿਰਣੇ ਨੂੰ ਤਨਖਾਹ ਲਾ ਕੇ ਨਜਿੱਠਣ ਜਾਂ ਹੁਕਮਨਾਮੇ ਰਾਹੀਂ ਮੰਨਵਾਉਣ ਦੀ ਥਾਂ, ਸਿੰਘ ਸਾਹਿਬਾਨ ਦੀ ਰਾਏ ਨੂੰ ਸਮੂਹ ਸਿੱਖਾਂ ਤੱਕ, ਕਿਸੇ ਵੀ ਸੰਭਵ ਵਿਧੀ ਰਾਹੀਂ ਪਹੁੰਚਾ ਦੇਣ। ਇਸ ਨਾਲ ਸਿੱਖ ਆਪੇ ਹੀ ਫੈਸਲਾ ਕਰ ਲੈਣਗੇ ਕਿ ਉਨ੍ਹਾਂ ਨੇ ਕਿਸ ਲੀਡਰ ਦਾ ਸਾਥ ਦੇਣਾ ਹੈ ਅਤੇ ਜਥੇਦਾਰਾਂ ਦੀ ਰਾਏ ਦਾ ਕਿੰਨਾ ਕੁ ਮਾਣ ਰੱਖਣਾ ਹੈ। ਇਹ ਮਾਰਗ ਮੈਨੂੰ ਲਗਦਾ ਹੈ ਕਿ ਸੰਗਤ ਦੇ ਖਾਲਸਾ ਹੋ ਸਕਣ ਦਾ ਮਾਰਗ ਵੀ ਹੋ ਸਕਦਾ ਹੈ। ਇਹ ਸਰਬੱਤ ਖਾਲਸਾ ਦਾ ਬਦਲ ਤਾਂ ਨਹੀਂ ਕਹਿਣਾ ਚਾਹੀਦਾ, ਪਰ ਸਿੱਖਾਂ ਦੇ ਫੈਲਾਅ ਨਾਲ 'ਸਰਬੱਤ ਖਾਲਸਾ' ਦੀ ਸੰਭਾਵਨਾ ਵਾਸਤੇ ਪੈਦਾ ਹੋ ਗਈਆਂ ਦੁਸ਼ਵਾਰੀਆਂ ਅਤੇ ਬਹਾਨਿਆਂ ਦਾ ਸਿੱਖ-ਹੱਲ ਲੱਭਣ ਵੱਲ ਇਕ ਕਦਮ ਤਾਂ ਜ਼ਰੂਰ ਸਾਬਤ ਹੋ ਸਕੇਗਾ।

(ਅ) ਤਨਖਾਹ ਲਾਉਣ ਦੀ ਵਿਧੀ ਸਬੰਧਤ ਕਥਿਤ ਦੋਸ਼ੀ ਸਿੱਖ ਨੂੰ ਭਾਈਚਾਰਕ ਸ਼ਰਮਿੰਦਗੀ ਤੋਂ ਬਚਾਉਣ ਵਾਸਤੇ ਹੀ ਸੀ। ਜੇ ਕੋਈ ਸਿੱਖ ਇਸ ਵਾਸਤੇ ਖੁਦ ਇਲਤਜ਼ਾ ਕਰੇ, ਤਾਂ ਹੀ ਇਸ ਦੀ ਵਰਤੋਂ ਕਰਨੀ ਚਾਹੀਦੀ ਹੈ। ਛੇਕੇ ਜਾਣ ਦੀ ਵਿਧੀ ਨੂੰ ਇਸ ਨਾਲੋਂ ਵੱਖ ਕਰ ਕੇ ਵੇਖੇ ਜਾਣ ਦੀ ਲੋੜ ਹੈ।

(ੲ) ਸਿੱਖੀ ਵਿਚ ਜਥੇਦਾਰੀ ਸਮੇਤ ਕਿਸੇ ਵੀ ਪਦਵੀ ਦੇ ਅਧਿਕਾਰ ਦੀ ਕੋਈ ਵਿਵਸਥਾ ਨਹੀਂ ਹੈ। ਸਾਰੀਆਂ ਅਹੁਦੇਦਾਰੀਆਂ ਪਦਵੀ ਦੀ ਨੈਤਿਕਤਾ ਨਾਲ ਹੀ ਜੁੜੀਆਂ ਹੋਈਆਂ ਹਨ। ਪਦਵੀ ਦੇ ਅਧਿਕਾਰ ਦੀ ਪਿਰਤ ਸਿੱਖ ਸਿਆਸਤਦਾਨਾਂ ਦੀ ਦੇਣ ਹੈ। ਤਨਖਾਹ ਦੀ ਵਿਧੀ ਨੂੰ ਲਾਗੂ ਕਰਨ ਲੱਗਿਆਂ, ਇਸ ਨੂੰ ਅੱਖੋਂ ਓਹਲੇ ਨਹੀਂ ਹੋਣ ਦੇਣਾ ਚਾਹੀਦਾ। ਸਿੱਖੀ ਅਨੁਸਾਰ ਸੱਚ ਓਹੀ ਹੈ ਜਿਹੜਾ ਆਮ ਸਿੱਖ/ਆਦਮੀ ਨੂੰ ਵੀ ਸੱਚ ਲੱਗਦਾ ਹੈ।

(ਸ) ਇਹ ਅਤੇ ਇਸ ਨਾਲ ਜੁੜੇ ਹੋਏ ਹੋਰ ਮਸਲਿਆਂ ਬਾਰੇ ਕੌਮੀ ਸੰਵਾਦ ਛੇੜਿਆ ਜਾ ਸਕਦਾ ਹੈ। ਜੇ ਸਿੱਖ ਆਪਣੇ ਮਸਲਿਆਂ ਬਾਰੇ ਆਪ ਨਹੀਂ ਸੋਚਣਗੇ, ਤਾਂ ਅਕਾਦਮਿਕ ਅਤੇ ਧਾਰਮਿਕ ਘੁਸਪੈਠ ਨਾਲ ਸਿਆਸੀ ਘੜਮੱਸ ਪੈਦਾ ਕਰਨ ਦੀਆਂ ਸੰਭਾਵਨਾਵਾਂ ਕਾਇਮ ਰਹਿਣੀਆਂ ਕੁਦਰਤੀ ਹੋ ਜਾਣਗੀਆਂ। ਇਹ ਸੋਚ ਕੇ ਸ਼ੁਰੂਆਤ ਕਰਨੀ ਚਾਹੀਦੀ ਹੈ ਕਿ ਸਿੱਖ ਸਿਆਸਤਦਾਨ ਅਤੇ ਸਿੱਖ ਸਮਰਥਕਾਂ ਵਿਚਕਾਰ ਸਮਝੌਤੇ ਦੀ ਨਹੀਂ, ਤਵਾਜ਼ਨ ਦੀ ਲੋੜ ਹੈ ਅਤੇ ਇਸ ਨੂੰ ਸਿੱਖੀ ਭਾਵਨਾ ਵਿਚ ਪੂਰਾ ਕੀਤਾ ਜਾ ਸਕਦਾ ਹੈ। ਫਿਰ ਦੇਰੀ, ਸੁਸਤੀ ਜਾਂ ਘੌਲ ਕਿਉਂ?

3.1 ਇਥੇ ਇਹ ਵਿਚਾਰੇ ਜਾਣ ਦੀ ਵੀ ਲੋੜ ਹੈ ਕਿ ਸਿੱਖ ਤਖਤਾਂ ਦਾ ਗੁਰਦੁਆਰਾ ਐਕਟ-1925 ਨਾਲ ਕੀ ਸਬੰਧ ਹੈ? ਸੰਕਟ ਦੀ ਘੜੀ ਵਿਚ ਫੈਸਲੇ ਬਾਰੇ ਸੋਚਣ ਦਾ ਕੰਮ ਜੇ ਸਬੰਧਤ ਧਿਰਾਂ ਨਾ ਕਰਨ ਤਾਂ ਬੇਗਾਨੇ, ਸ਼ਰੀਕ ਅਤੇ ਵਿਰੋਧੀ ਆਪਣੇ ਅਗਿਆਨ ਵਿਚੋਂ ਜਾਂ ਸਬੰਧਤਾ ਦੇ ਅਗਿਆਨ ਦਾ ਲਾਭ ਉਠਾ ਕੇ, ਇੱਛਤ ਨਤੀਜਿਆਂ ਦੇ ਲਾਲਚ ਵਿਚ, ਸੰਕਟ ਨੂੰ ਵਧਾਉਣ ਵਾਲੇ ਪਾਸੇ ਲੈ ਜਾਣਗੇ। ਸਿੱਖ ਕੌਮ ਨੂੰ ਬਹੁਤੀਆਂ ਸਮੱਸਿਆਵਾਂ ਇਸੇ ਪ੍ਰਸੰਗ ਵਿਚੋਂ ਝੱਲਣੀਆਂ ਪਈਆਂ ਹਨ। ਅਕਾਲ ਤਖਤ ਸਾਹਿਬ ਨੂੰ ਲੈ ਕੇ ਵਰਤਮਾਨ ਵਿਚ ਛਿੜਦੇ ਵਿਵਾਦਾਂ ਨੂੰ ਗੁਰੂ ਖਾਲਸਾ ਪੰਥ ਸਾਹਮਣੇ ਦਰਪੇਸ਼ ਸੰਕਟ ਵਜੋਂ ਹੀ ਲਿਆ ਜਾਣਾ ਚਾਹੀਦਾ ਹੈ ਅਤੇ ਇਸ ਵਿਚੋਂ ਨਿਕਲਣ ਦਾ ਹੱਲ ਵੀ ਆਪ ਹੀ ਲੱਭਣਾ ਚਾਹੀਦਾ ਹੈ। ਮੂਲ ਪ੍ਰਸ਼ਨ ਇਹ ਹੈ ਕਿ ਕੀ ਤਖਤਾਂ ਦੇ ਜਥੇਦਾਰ ਗੁਰਦੁਆਰਾ ਐਕਟ ਦੇ ਘੇਰੇ ਵਿਚ ਆਉਂਦੇ ਹਨ? ਵੇਖਣ ਨੂੰ ਇਉਂ ਹੀ ਲਗਦਾ ਹੈ ਕਿ ਜੋ ਕੋਈ ਗੁਰਦੁਆਰਿਆਂ ਨਾਲ ਸਬੰਧਤ ਪ੍ਰਬੰਧ ਅਧੀਨ ਆ ਜਾਂਦਾ ਹੈ, ਉਹ ਐਕਟ ਦੇ ਘੇਰੇ ਵਿਚ ਵੀ ਆ ਜਾਂਦਾ ਹੈ। ਇਸ ਨਾਲ ਇਹ ਗੱਲਾਂ ਸਾਹਮਣੇ ਆ ਜਾਂਦੀਆਂ ਹਨ:

(1) ਗੁਰਦੁਆਰਾ ਐਕਟ-1925 ਨਾਲ ਜੋੜ ਕੇ ਕੀਤੀ ਜਾ ਰਹੀ ਜਥੇਦਾਰਾਂ ਦੀ ਨਿਯੁਕਤੀ ਅਤੇ ਮੁਅੱਤਲੀ, ਨਾ ਹੀ ਤਖਤਾਂ ਦੇ ਪਰੰਪਰਕ ਜਲੌਅ ਦੀ ਅਨੁਸਾਰੀ ਹੈ ਅਤੇ ਨਾ ਹੀ ਐਕਟ ਦੇ ਮੁਤਾਬਿਕ ਹੈ।

(2) ਜਿੰਨਾ ਚਿਰ ਗਰੇਡ ਵਿਚ ਤਨਖਾਹ ਨਹੀਂ ਦਿੱਤੀ ਜਾਂਦੀ ਅਤੇ ਮਿਲ ਸਕਦੇ ਹੋਰ ਵਿੱਤੀ ਲਾਭ ਨਹੀਂ ਲਏ ਜਾਂਦੇ, ਉਨਾ ਚਿਰ ਕਿਸੇ ਵੀ ਤਖਤ ਦੇ ਜਥੇਦਾਰ ਨੂੰ ਮੁਲਾਜ਼ਮ ਨਹੀਂ ਗਿਣਿਆ ਜਾ ਸਕਦਾ।

(3) ਤੱਥ ਇਹੀ ਹਨ ਕਿ ਇਸ ਵੇਲੇ ਕੋਈ ਵੀ ਜਥੇਦਾਰ ਨਾ ਹੀ ਕਿਸੇ ਗਰੇਡ ਵਿਚ ਹੈ ਅਤੇ ਨਾ ਹੀ ਮੁਲਾਜ਼ਮ ਵਾਂਗ ਉਸ ਨੂੰ ਹੋਰ ਲਾਭ ਮਿਲਦੇ ਹਨ। ਤਖਤ ਦਾ ਜਥੇਦਾਰ, ਜੇ ਲੈਣਾ ਚਾਹੇ ਤਾਂ ਉਸ ਨੂੰ ਆਨਰੇਰੀਅਮ ਹੀ ਮਿਲਦਾ ਹੈ। ਇਹ ਆਨਰੇਰੀਅਮ ਚੈਕ ਰਾਹੀਂ ਮਿਲਦਾ ਹੋ ਸਕਦਾ ਹੈ। ਜੇ ਇਸ ਦੀ ਰਸੀਦ ਆਦਿ ਵੀ ਨਹੀਂ ਦੇਣੀ ਪੈਂਦੀ, ਤਾਂ ਵੀ ਇਹ ਮਸਲੇ ਦਾ ਹੱਲ ਨਹੀਂ ਹੈ। ਮੈਨੂੰ ਪਤਾ ਹੈ ਕਿ ਕਿਸੇ ਵੀ ਜਥੇਦਾਰ ਨੂੰ ਰਜਿਸਟਰ ਵਿਚ ਹਾਜ਼ਰੀ ਨਹੀਂ ਲਾਉਣੀ ਪੈਂਦੀ ਅਤੇ ਨਾ ਹੀ ਕਿਧਰੇ ਜਾਣ ਲਈ ਲਿਖਤੀ ਛੁੱਟੀ ਲੈਣੀ ਪੈਂਦੀ

*(ਅਗਲੇ ਸਫੇ 'ਤੇ ਜਾਰੀ)*

ਹੈ, ਪਰ ਇਹ ਸਾਰੀਆਂ ਛੋਟਾਂ ਹਨ ਅਤੇ ਇਨ੍ਹਾਂ ਨੂੰ ਜਥੇਦਾਰੀ ਨਾਲ ਜੁੜੀ ਹੋਈ ਪ੍ਰਭੂ-ਸੱਤਾ ਦਾ ਹਿੱਸਾ ਬਣਾਏ ਜਾਣ ਦੀ ਲੋੜ ਹੈ।

3.2 ਇਸ ਹਾਲਤ ਵਿਚ ਇਹ ਵੇਖਣਾ ਪਵੇਗਾ ਕਿ ਤਖਤਾਂ ਦੇ ਜਥੇਦਾਰਾਂ ਦੀ ਨਿਯੁਕਤੀ ਦਾ ਕੀ ਰਾਹ ਅਪਨਾਇਆ ਜਾਣਾ ਚਾਹੀਦਾ ਹੈ? ਇਸ ਤੋਂ ਪਹਿਲਾਂ 1925 ਦੇ ਗੁਰਦੁਆਰਾ ਐਕਟ ਮੁਤਾਬਿਕ ਜੇ ਵੇਖਿਆ ਜਾਵੇ ਤਾਂ ਜਥੇਦਾਰ ਨੂੰ ਹੈਡ ਮਨਿਸਟਰ ਦੇ ਤੌਰ 'ਤੇ ਲਿਆ ਜਾ ਰਿਹਾ ਹੈ ਪਰ ਇਹ ਵਿਆਖਿਆ, ਜੇ ਬਾਈਲਾਅਜ਼ ਰਾਹੀਂ ਵੀ ਲਾਗੂ ਕਰ ਲਈ ਗਈ ਹੋਵੇ ਤਾਂ ਵੀ ਠੀਕ ਨਹੀਂ ਜਾਪਦੀ। ਮਨਿਸਟਰ ਦੀ ਵਿਆਖਿਆ ਐਕਟ ਵਿਚ ਪੰਨਾ 6 'ਤੇ ਇਸ ਤਰ੍ਹਾਂ ਦਰਜ ਹੈ: "be deemed to be a Minister for the purpose of section (vii), 'Minister' means an office-holder to whom either solely or alongwith others the control of the management or performance of public worship in a Gurdwara and of the rituals and ceremonies, observed therin is entrusted: (Provided that an office-holder to whom either solely or alongwith others the performance of public worship in a Gurdwara and of the rituals and ceremonies observed therein is not entrusted directly shall not ... ...)

ਅਸਲ ਵਿਚ ਇਸ ਤੋਂ ਇਹ ਸਾਬਤ ਨਹੀਂ ਹੁੰਦਾ ਕਿ ਇਹ ਵਿਆਖਿਆ ਤਖਤਾਂ ਦੇ ਜਥੇਦਾਰ ਵਾਸਤੇ ਹੀ ਹੈ, ਸਗੋਂ ਇਸ ਤੋਂ ਇਹ ਸੰਕੇਤ ਤਾਂ ਜ਼ਰੂਰ ਮਿਲਦਾ ਹੈ ਕਿ ਹੈਡ ਮਨਿਸਟਰ, ਗੁਰਦੁਆਰੇ ਦੇ ਹੈਡ ਗ੍ਰੰਥੀ ਵਾਸਤੇ ਵਰਤਿਆ ਗਿਆ ਹੈ ਅਤੇ ਮਨਿਸਟਰ ਗੁਰਦੁਆਰੇ ਦੇ ਬਾਕੀ ਗ੍ਰੰਥੀਆਂ ਵਾਸਤੇ ਵਰਤਿਆ ਗਿਆ ਹੈ। ਪਰੰਪਰਾਗਤ ਵਿਆਖਿਆ ਅਨੁਸਾਰ ਵੀ ਮਨਿਸਟਰ ਦਾ ਅਰਥ ਉਸ ਅਹੁਦੇਦਾਰ ਤੋਂ ਹੈ, ਜਿਹੜਾ ਆਪਣੇ-ਆਪ ਜਾਂ ਦੂਜਿਆਂ ਨਾਲ ਰਲ ਕੇ ਗੁਰਦੁਆਰਿਆਂ ਵਿਚ ਗੁਰਦੁਆਰਾ ਪ੍ਰਬੰਧ ਨਾਲ ਸਬੰਧਤ ਲੋੜੀਂਦੀ ਧਾਰਮਿਕ ਕਾਰਵਾਈ ਕਰਦਾ ਹੈ। ਕਿਸੇ ਥਾਂ 'ਤੇ ਵੀ ਤਖਤ ਦੇ ਜਥੇਦਾਰ ਨੂੰ ਇਹ ਕਰਵਾਈ ਕਰਨ ਦਾ ਬੰਧਨ ਨਹੀਂ ਹੈ। ਇਸ ਨਾਲ ਇਹ ਗੱਲਾਂ ਸਾਹਮਣੇ ਆ ਜਾਂਦੀਆਂ ਹਨ:

(ੳ) ਤਖਤ ਅਤੇ ਗੁਰਦੁਆਰੇ ਨੂੰ ਇਕ ਅਰਥ ਵਿਚ ਨਹੀਂ ਲਿਆ ਜਾ ਸਕਦਾ।

(ਅ) ਤਖਤ ਦਾ ਜਥੇਦਾਰ ਗ੍ਰੰਥੀ ਵਾਲੀਆਂ ਜ਼ਿੰਮੇਵਾਰੀਆਂ ਨਹੀਂ ਨਿਭਾਉਂਦਾ ਕਿਉਂਕਿ ਤਖਤ ਦੇ ਜਥੇਦਾਰ ਦੀ ਨਿਯੁਕਤੀ ਵੀ ਇਨ੍ਹਾਂ ਗ੍ਰੰਥੀਆਂ ਵਾਂਗ ਨਹੀਂ ਹੁੰਦੀ ਅਤੇ ਤਖਤ ਦੇ ਜਥੇਦਾਰ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਦਾ ਵੀ ਗ੍ਰੰਥੀਆਂ ਵਾਂਗ ਕੋਈ ਬੰਧਨ ਨਹੀਂ ਹੈ।

(ੲ) ਜਥੇਦਾਰ ਅਤੇ ਗ੍ਰੰਥੀ ਵਿਚਕਾਰ ਉਸੇ ਤਰ੍ਹਾਂ ਫਰਕ ਕੀਤੇ ਜਾਣ ਦੀ ਲੋੜ ਹੈ, ਜਿਵੇਂ ਤਖਤ ਅਤੇ ਗੁਰਦੁਆਰੇ ਵਿਚ ਫਰਕ ਕਰਨਾ ਜ਼ਰੂਰੀ ਹੋ ਗਿਆ ਹੈ।

3.3 ਇਸ ਗੁਰਦੁਆਰਾ ਐਕਟ ਵਿਚ ਜਿਹੜੇ ਤਖਤਾਂ ਦਾ ਜ਼ਿਕਰ ਆਇਆ ਹੈ, ਉਨ੍ਹਾਂ ਸਾਰਿਆਂ 'ਤੇ ਤਖਤ ਜਥੇਦਾਰਾਂ ਦੇ ਨਾਲ-ਨਾਲ ਹੈਡ ਗ੍ਰੰਥੀ ਅਤੇ ਗ੍ਰੰਥੀ ਵੀ ਸੁਭਾਏਮਾਨ ਹਨ ਅਤੇ 'ਹੈਡ ਮਨਿਸਟਰ' ਅਤੇ 'ਮਨਿਸਟਰ' ਸ਼ਬਦ ਇਨ੍ਹਾਂ ਵਾਸਤੇ ਹੀ ਵਰਤਿਆ ਹੋਇਆ ਮੰਨਿਆ ਜਾਣਾ ਚਾਹੀਦਾ ਹੈ। ਇਸ ਤੋਂ ਬਿਨਾਂ ਇਸ ਦੀ ਪੁਸ਼ਟੀ ਇਸ ਗੱਲ ਤੋਂ ਵੀ ਹੋ ਜਾਂਦੀ ਹੈ ਕਿ ਪਟਨਾ ਸਾਹਿਬ ਅਤੇ ਹਜ਼ੂਰ ਸਾਹਿਬ ਵਿਖੇ ਜਥੇਦਾਰ ਦੀ ਨਿਯੁਕਤੀ ਉਸ ਤਰ੍ਹਾਂ ਨਹੀਂ ਹੁੰਦੀ, ਜਿਸ ਤਰ੍ਹਾਂ ਪੰਜਾਬ ਵਿਚਲੇ ਤਿੰਨ ਤਖਤਾਂ ਦੇ ਜਥੇਦਾਰਾਂ ਦੀ ਹੁੰਦੀ ਹੈ। ਜੇ ਤਖਤਾਂ ਤੇ 'ਹੈਡ ਮਨਿਸਟਰ' ਵਾਲੀ 1925 ਦੇ ਐਕਟ ਦੀ ਗੱਲ ਲਾਗੂ ਕਰ ਦਿੱਤੀ ਜਾਵੇ ਤਾਂ ਪਟਨਾ ਸਾਹਿਬ ਅਤੇ ਹਜ਼ੂਰ ਸਾਹਿਬ ਵਿਖੇ ਤਾਂ ਇਹ ਵਿਧੀ ਇਸ ਲਈ ਵੀ ਲਾਗੂ ਨਹੀਂ ਕੀਤੀ ਜਾ ਸਕਦੀ, ਕਿਉਂਕਿ ਉਨ੍ਹਾਂ ਦੋਹਾਂ ਤਖਤਾਂ ਉਤੇ 1925 ਵਾਲਾ ਐਕਟ ਲਾਗੂ ਹੀ ਨਹੀਂ ਹੁੰਦਾ।

ਸੋ, ਸਪਸ਼ਟ ਹੋਇਆ ਕਿ ਪੰਜਾਬ ਵਿਚਲੇ ਤਿੰਨ ਤਖਤਾਂ ਦੇ ਜਥੇਦਾਰਾਂ ਨੂੰ 1925 ਦੇ ਐਕਟ ਤੋਂ ਮੁਕਤ ਮੰਨ ਕੇ ਹੀ ਹਜ਼ੂਰ ਸਾਹਿਬ ਅਤੇ ਪਟਨਾ ਸਾਹਿਬ ਦੇ ਜਥੇਦਾਰਾਂ ਵਾਸਤੇ ਸਾਂਝੀ ਪੰਥਕ ਵਿਧੀ ਤਿਆਰ ਕੀਤੀ ਜਾ ਸਕਦੀ ਹੈ।

ਇਸ ਕਰ ਕੇ 'ਹੈਡ ਮਨਿਸਟਰ' ਦੀ ਵਿਆਖਿਆ ਜੇ ਠੀਕ ਪ੍ਰਸੰਗ ਵਿਚ ਨਾ ਕੀਤੀ ਗਈ ਤਾਂ ਇਸ ਅਣਗਹਿਲੀ ਨਾਲ ਹੋਰ ਉਲਝਾ ਵੀ ਪੈਦਾ ਹੋ ਸਕਦੇ ਹਨ ਅਤੇ ਇਨ੍ਹਾਂ ਉਲਝਾਵਾਂ ਵਿਚ ਇਹ ਗੱਲਾਂ ਸ਼ਾਮਲ ਰਹਿਣਗੀਆਂ:

(1) ਜਥੇਦਾਰ ਨੂੰ 'ਹੈਡ ਗ੍ਰੰਥੀ' ਨਾਲ ਰਲਗੱਡ ਕਰ ਕੇ ਤਖਤਾਂ ਦੀ ਮਾਣ-ਮਰਿਆਦਾ ਬਾਰੇ ਘਚੋਲਾ ਪਿਆ ਰਹੇਗਾ ਅਤੇ ਸਿਆਸਤਦਾਨ ਇਸ ਦਾ ਬੇਲੋੜਾ ਸਿਆਸੀ ਲਾਭ ਲੈਂਦੇ ਰਹਿਣਗੇ।

(2) ਪੰਥਕ ਮਾਨਸਿਕਤਾ ਵਿਚ ਤਖਤਾਂ ਦੀ ਸਦਾ ਤਾਜ਼ੀ ਸੁਤੰਤਰ ਹਸਤੀ ਸਥਾਪਤ ਨਹੀਂ ਕੀਤੀ ਜਾ ਸਕੇਗੀ।

3.4 ਤਖਤਾਂ ਦੇ ਮੂਲ ਸਰੋਕਾਰਾਂ ਵਿਚ ਇਹ ਗੱਲਾਂ ਸ਼ਾਮਲ ਹਨ:

(ੳ) ਸਰਬੱਤ ਖਾਲਸਾ (ਅ) ਗੁਰਮਤਾ (ੲ) ਹੁਕਮਨਾਮਾ

ਪਰੰਪਰਾ ਅਨੁਸਾਰ ਇਹ ਤਿੰਨੇ ਹੀ ਅਕਾਲ ਤਖਤ ਸਾਹਿਬ ਤੋਂ ਸੰਭਵ ਹੁੰਦੇ ਰਹੇ ਹਨ ਅਤੇ ਇਸ ਨਾਤੇ ਹੀ ਅਕਾਲ ਤਖਤ ਸਾਹਿਬ ਨੂੰ ਸੁਪਰੀਮ ਮੰਨਿਆ ਜਾਂਦਾ ਰਿਹਾ ਹੈ। ਵਰਤਮਾਨ ਵਿਚ ਅਕਾਲ ਤਖਤ ਸਾਹਿਬ ਹੀ ਕਟਹਿਰੇ ਵਿਚ ਆ ਗਿਆ ਹੈ ਤਾਂ ਤਖਤਾਂ ਬਾਰੇ ਗੁਰਦੁਆਰਾ ਐਕਟ ਨੂੰ ਸਪਸ਼ਟ ਕਰ ਕੇ ਅਜਿਹਾ ਫੈਸਲਾ ਕੀਤੇ ਜਾਣ ਦੀ ਲੋੜ ਹੈ ਜਿਹੜਾ ਸਿੱਖ ਸਿਧਾਂਤ, ਸਿੱਖ ਇਤਿਹਾਸ ਅਤੇ ਸਿੱਖ ਪਰੰਪਰਾਵਾਂ ਨਾਲ ਮੇਲ ਖਾਂਦਾ ਹੋਵੇ।

3.5 ਕਿਹਾ ਇਹ ਜਾ ਰਿਹਾ ਹੈ ਕਿ 'ਮਨਿਸਟਰ' ਜਾਂ 'ਹੈਡ ਮਨਿਸਟਰ' ਦਾ ਸਬੰਧ ਨੋਟੀਫਾਇਡ ਗੁਰਦੁਆਰੇ ਨਾਲ ਹੈ ਅਤੇ ਕੋਈ ਵੀ ਤਖਤ ਨੋਟੀਫਾਇਡ ਗੁਰਦੁਆਰਾ ਨਹੀਂ ਹੈ ਅਤੇ ਨਾ ਹੀ ਤਖਤਾਂ ਦੇ ਜਥੇਦਾਰ, ਗ੍ਰੰਥੀ ਦੀ ਭੂਮਿਕਾ ਨਿਭਾਉਂਦੇ ਹਨ। ਸਾਰੇ ਹੀ ਤਖਤਾਂ ਕੋਲ ਜਾਂ ਤਖਤਾਂ ਨਾਲ ਸਬੰਧਤ ਗ੍ਰੰਥੀ ਵੱਖਰੇ ਤੌਰ 'ਤੇ ਹਨ ਅਤੇ ਉਹ ਗੁਰਦੁਆਰਾ ਕਮੇਟੀਆਂ ਦੇ ਤਨਖਾਹਦਾਰ ਮੁਲਾਜ਼ਮ ਹਨ। ਇਨ੍ਹਾਂ ਤਨਖਾਹਦਾਰ ਮੁਲਾਜ਼ਮਾਂ ਦਾ ਢਾਂਚਾ ਸਿੱਧੇ ਤੌਰ 'ਤੇ ਜਥੇਦਾਰਾਂ ਉਤੇ ਲਾਗੂ ਕਰਨ ਨਾਲ ਤਖਤ ਸਾਹਿਬਾਨ ਦੀ ਸੁਤੰਤਰਤਾ ਬਾਰੇ ਕਿੰਤੂ-ਪ੍ਰੰਤੂ ਪੈਦਾ ਹੋ ਜਾਣਗੇ। ਇਸ ਵੇਲੇ ਦਾ ਵਰਤਾਰਾ ਵੀ ਇਹੀ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦਾ ਹੁਕਮ ਤਾਂ ਪੰਜਾਬ (ਵਰਤਮਾਨ), ਹਰਿਆਣਾ ਅਤੇ ਹਿਮਾਚਲ ਵਿਚ ਹੀ ਚਲਦਾ ਹੈ, ਪਰ ਜਥੇਦਾਰ ਅਕਾਲ ਤਖਤ ਸਾਹਿਬ ਦਾ ਹੁਕਮ ਉਨ੍ਹਾਂ ਸਾਰੇ ਸਿੱਖਾਂ 'ਤੇ ਲਾਗੂ ਹੁੰਦਾ ਹੈ ਜਿਨ੍ਹਾਂ ਦਾ ਵਿਸ਼ਵਾਸ਼ ਸਿੱਖ ਧਰਮ ਵਿਚ ਬਣਿਆ ਹੋਇਆ ਹੈ; ਉਹ ਭਾਵੇਂ ਦੁਨੀਆਂ ਦੇ ਕਿਸੇ ਵੀ ਹਿੱਸੇ ਵਿਚ ਰਹਿ ਰਹੇ ਹਨ। ਇਸ ਤਰ੍ਹਾਂ ਗੁਰਦੁਆਰਾ ਐਕਟ ਅਧੀਨ ਬਣੀ ਹੋਈ ਸ਼੍ਰੋਮਣੀ ਕਮੇਟੀ, ਜਥੇਦਾਰ ਨੂੰ ਆਪਣੇ ਅਧਿਕਾਰ ਖੇਤਰ ਵਿਚ ਲੈ ਕੇ, ਸਿੱਖ ਸਿਧਾਂਤ ਅਤੇ ਪਰੰਪਰਾਵਾਂ ਨੂੰ ਸੰਗੋੜਨ ਵਿਚ ਤਾਂ ਹਿੱਸਾ ਪਾ ਸਕਦੀ ਹੈ ਪਰ ਵਿਸਥਾਰਨ ਦੇ ਕਾਰਜ ਵਿਚ ਹਿੱਸਾ ਨਹੀਂ ਪਾ ਸਕਦੀ। ਐਕਟ-1925 ਦੇ ਘਾੜਿਆਂ ਨੂੰ ਇਸ ਗੱਲ ਦਾ ਅਹਿਸਾਸ ਸੀ ਅਤੇ ਇਸੇ ਲਈ ਜਥੇਦਾਰੀ ਦੀ ਸੰਸਥਾ ਨੂੰ ਐਕਟ ਦੇ ਘੇਰੇ ਤੋਂ ਬਾਹਰ ਰੱਖਿਆ ਗਿਆ ਹੈ। ਸ਼੍ਰੋਮਣੀ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਜਿਸ ਦਾ ਮੈਂ ਵੀ ਮੈਂਬਰ ਸੀ, ਨੇ ਫਤਿਹਗੜ੍ਹ ਸਾਹਿਬ ਵਿਖੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਪ੍ਰਧਾਨਗੀ ਹੇਠ ਹੋਈ ਆਪਣੀ ਆਖਰੀ ਮੀਟਿੰਗ (ਸਿਆਸੀ ਲੜਾਈ ਤੋਂ ਪਹਿਲਾਂ) ਵਿਚ ਮਤਾ ਪਾਸ ਕੀਤਾ ਸੀ ਕਿ ਜਥੇਦਾਰੀ ਦੀ ਸੰਸਥਾ ਨੂੰ ਐਕਟ ਦੇ ਘੇਰੇ ਵਿਚ ਰੱਖਣ ਦੀ ਲੋੜ ਨਹੀਂ ਹੈ। ਇਸ ਨਾਲ ਸਬੰਧਤ ਕਾਰਵਾਈ ਦੀ ਪੁਸ਼ਟੀ ਸ਼੍ਰੋਮਣੀ ਕਮੇਟੀ ਦੇ ਚੰਡੀਗੜ੍ਹ ਦਫਤਰ ਵਿਚ ਬੀਬੀ ਜਗੀਰ ਕੌਰ ਦੀ ਪ੍ਰਧਾਨਗੀ ਹੇਠ ਹੋਈ ਧਰਮ ਪ੍ਰਚਾਰ ਕਮੇਟੀ ਦੀ ਪਹਿਲੀ ਮੀਟਿੰਗ ਵਿਚ ਹੋ ਗਈ ਸੀ।

4.1 ਨੁਕਤਿਆਂ ਵਿਚ ਵਿਚਾਰਨਯੋਗ ਮਸਲੇ ਇਹ ਹੋ ਸਕਦੇ ਹਨ:

(ੳ) ਜਥੇਦਾਰੀ ਦੀ ਸੰਸਥਾ ਨਾਲ ਜੁੜੇ ਨੁਕਤਿਆਂ ਵਿਚੋਂ ਸਭ ਤੋਂ ਪਹਿਲਾਂ ਇਹ ਵਿਚਾਰੇ ਜਾਣ ਦੀ ਲੋੜ ਹੈ ਕਿ ਵਿਰਾਸਤ ਵਿਚ ਪ੍ਰਾਪਤ ਕੀ ਹੈ, ਇਸ ਵਿਚੋਂ ਲਿਆ ਕੀ ਹੈ ਅਤੇ ਛੱਡਿਆ ਕੀ ਹੈ? ਵਿਰਾਸਤ ਵਿਚ ਅਕਾਲ ਤਖਤ ਸਾਹਿਬ, ਸਿੱਖ ਸੰਘਰਸ਼ ਅਤੇ ਪ੍ਰੇਰਨਾ ਦਾ ਸ੍ਰੋਤ ਰਿਹਾ ਹੈ ਪਰ ਵਿਰਾਸਤ ਵਿਚ ਮਿਲ ਗਿਆ ਹੈ ਗੁਰਦੁਆਰਾ ਐਕਟ 1925 ਅਤੇ ਸਿੱਖ ਭਾਈਚਾਰੇ ਨੇ ਛੱਡ ਲਿਆ ਹੈ ਪਰੰਪਰਾ ਦੀ ਨੈਤਿਕਤਾ ਨੂੰ। ਇਸ ਨਾਲ ਸਿੱਖ ਸੰਸਥਾਵਾਂ, ਸਿੱਖ ਪ੍ਰਬੰਧਕ ਅਤੇ ਸਿੱਖ ਭਾਈਚਾਰਾ ਤਣਾਅ ਵਿਚ ਆ ਗਏ ਹਨ। ਇਸ ਦਾ ਪੰਥਕ ਸੁਰ ਵਿਚ ਹੱਲ ਲਭਿਆ ਜਾ ਸਕਦਾ ਹੈ?

(ਅ) ਜਥੇਦਾਰਾਂ ਦੀਆਂ ਨਿਯੁਕਤੀਆਂ ਦੇ ਪੈਟਰਨ, ਪੈਂਤੜੇ ਅਤੇ ਸਾਖ ਨਾਲ ਸੰਤੁਸ਼ਟ ਹੋਣਾ ਦਿਨੋ-ਦਿਨ ਮੁਸ਼ਕਲ ਹੁੰਦਾ ਜਾ ਰਿਹਾ ਹੈ। ਹੁਣ ਤੱਕ ਅਕਾਲੀ ਪਿਛੋਕੜ ਵਾਲੇ ਜਥੇਦਾਰ ਅਤੇ ਗ੍ਰੰਥੀ ਪਿਛੋਕੜ ਵਾਲੇ ਜਥੇਦਾਰ ਲੋੜੀਂਦੀ ਭੂਮਿਕਾ ਨਿਭਾਉਂਦੇ ਰਹੇ ਹਨ ਪਰ ਹਾਲਾਤ ਸੁਧਰਨ ਦੀ ਥਾਂ ਵਿਗੜਦੇ ਹੀ ਜਾ ਰਹੇ ਹਨ। ਜਥੇਦਾਰ ਅਤੇ ਗ੍ਰੰਥੀ ਸ਼੍ਰੇਣੀ ਦੀ ਗਿਣਤੀ ਸਿੱਖਾਂ ਵਿਚਕਾਰ 1% ਨਾਲੋਂ ਵੀ ਘਟ ਹੈ। ਬਾਕੀ 99% ਦੀ ਇੱਛਾ ਜਾਨਣ ਦੀ ਕੋਸ਼ਿਸ਼ ਹੋਣੀ ਚਾਹੀਦੀ ਹੈ।

(ੲ) ਅਕਾਲ ਤਖਤ ਸਾਹਿਬ ਨੂੰ ਸਿਆਸੀ ਮੋਹਰੇ ਵਜੋਂ ਵਰਤੇ ਜਾਣ ਦੀ ਸਿਆਸਤ ਨਾਲ, ਆਮ ਸਿੱਖ ਲਈ ਪੈਦਾ ਹੋ ਗਏ ਬੰਧੂਆ ਸਰੋਕਾਰ, ਸਿੱਖਾਂ ਅਤੇ ਸਿੱਖ ਸੰਸਥਾਵਾਂ ਵਿਚਕਾਰ ਤਣਾਅ ਪੈਦਾ ਕਰ ਰਹੇ ਹਨ।

(ਸ) ਅਰਥਾਂ ਦੀ ਰਾਜਨੀਤੀ ਦੇ ਬੋਲਬਾਲੇ ਨਾਲ ਕੋਮਲ ਸਿੱਖ ਮਾਨਸਿਕਤਾ ਭਰਮ ਮੂਲਕ ਕਰਮਾਂ ਅਤੇ ਅਗਿਆਨ ਕਲਪਿਤ ਬੰਧਨਾਂ ਵੱਲ ਤੁਰ ਪਈ ਹੈ। ਅਰਥਾਂ ਦੀ ਰਾਜਨੀਤੀ ਵਿਚ, ਵੋਟ ਬੈਂਕ ਦੀ ਰਾਜਨੀਤੀ ਵਾਂਗ ਹੀ, ਧਰਮ ਦੀ ਆੜ ਵਿਚ ਸਿਮਰਨ, ਕੀਰਤਨ ਅਤੇ ਅੰਮ੍ਰਿਤ ਦੀ ਰਾਜਨੀਤੀ ਵੀ ਸ਼ਾਮਲ ਹੋ ਗਈ ਹੈ। ਇਸ ਨਾਲ ਜਲਸੇ-ਜਲੂਸਾਂ ਦੀ ਰਾਜਨੀਤੀ ਨੇ, ਪਵਿਤਰ ਸਰੋਕਾਰਾਂ ਦੇ ਮੰਡੀਕਰਨ ਦੀਆਂ ਸੰਭਾਵਨਾਵਾਂ ਪੈਦਾ ਕਰ ਦਿੱਤੀਆਂ ਹਨ।

(ਹ) ਕੁਝ ਕਰ ਸਕਣ ਦੀ ਇੱਛਾ ਅਤੇ ਕੁਝ ਕਰ ਗੁਜ਼ਰਨ ਦੀ ਮਾਨਸਿਕਤਾ ਪੈਦਾ ਕਰਨ ਲਈ ਇਹ ਮੁਢਲੀਆਂ ਲੋੜਾਂ ਹੋ ਸਕਦੀਆਂ ਹਨ ਅਤੇ ਵਿਚਾਰੀਆਂ ਜਾ ਸਕਦੀਆਂ ਹਨ:

1. ਆਮ ਸਿੱਖ/ਆਦਮੀ ਦੇ ਵਰਤਮਾਨ ਯੁਗ ਵਿਚ, ਆਮ ਸਿੱਖ ਤਕ ਧਰਮ ਦੇ ਮਾਧਿਅਮ ਰਾਹੀਂ ਪਹੁੰਚਿਆ ਜਾਵੇ ਅਤੇ ਇਹ ਚੇਤੰਨਤਾ ਪ੍ਰਚੰਡ ਕੀਤੀ ਜਾਵੇ ਕਿ ਧਰਮ ਅਤੇ ਸਿਆਸਤ ਵਿਚੋਂ ਕਿਸੇ ਇਕ ਨਾਲ ਹੀ ਨਿਭਿਆ ਜਾ ਸਕਦਾ ਹੈ। ਜਦੋਂ ਇਹ ਪਤਾ ਲੱਗ ਗਿਆ ਹੈ ਕਿ ਰਾਜਨੀਤੀ ਨੂੰ ਧਰਮ ਲਈ ਨਹੀਂ ਵਰਤਿਆ ਜਾ ਸਕਦਾ, ਤਾਂ ਫਿਰ ਧਰਮ ਨੂੰ ਰਾਜਨੀਤੀ ਲਈ ਵਰਤੇ ਜਾਣ ਦੀ ਆਗਿਆ ਕਿਉਂ ਦਿੱਤੀ ਜਾਵੇ?

2. ਭਾਸ਼ਣ ਕਲਾ ਨਾਲ ਜਜ਼ਬਾਤੀ ਸ਼ੋਸ਼ਣ ਦੇ ਤਲਿਸਮੀ ਸਰੋਕਾਰਾਂ ਤੋਂ ਬਚਣ ਦੇ ਨਾਲ-ਨਾਲ ਸਮਾਜ ਦੇ ਸਿਆਸੀਕਰਨ ਅਤੇ ਧਰਮ ਦੇ ਵਪਾਰੀਕਰਨ ਤੋਂ ਪਹਿਲਾਂ ਆਪ ਬਚਿਆ ਜਾਵੇ ਅਤੇ ਫਿਰ ਹੋਰਨਾਂ ਨੂੰ ਬਚਾਉਣ ਵਾਸਤੇ ਲਹਿਰ ਪੈਦਾ ਕੀਤੀ ਜਾਵੇ।

3. ਇਹ ਸੱਚਾਈ ਆਮ ਸਿੱਖ ਦੀ ਸੋਚ ਦਾ ਹਿੱਸਾ ਬਣਾਈ ਜਾਵੇ ਕਿ ਸਿੱਖੀ ਵਿਚ ਅਹੁਦਿਆਂ ਦੇ ਅਧਿਕਾਰ ਨੂੰ ਮਾਨਤਾ ਨਹੀਂ ਦਿੱਤੀ ਗਈ ਅਤੇ ਇਸ ਦੀ ਥਾਂ ਜ਼ਿੰਮੇਵਾਰੀਆਂ ਦੀ ਨੈਤਿਕਤਾ ਨੂੰ ਹੀ ਮਾਨਤਾ ਦਿੱਤੀ ਗਈ ਹੈ।

4. ਰਾਏ ਦੇ ਵਿਰੋਧ ਨੂੰ ਨਾਲ ਲੈ ਕੇ ਤੁਰਨ ਦੀ ਸਿੱਖ ਸਹਿਜ ਵਿਧੀ ਅਪਨਾਈ ਜਾਵੇ।

5. ਸਿਆਸੀ ਮੁੱਦਿਆਂ ਅਤੇ ਧਾਰਮਿਕ ਮੁੱਦਿਆਂ ਵਿਚ ਨਿਖੇੜਾ ਕਰ ਸਕਣ ਲਈ ਸੰਵਾਦ ਰਚਾਉਣ ਦੇ ਅਵਸਰ ਪੈਦਾ ਕੀਤੇ ਜਾਣ।

6. ਸਿੱਖਾਂ ਨੂੰ ਸਿੱਖਾਂ ਅਰਥਾਤ ਸਿਆਸੀ ਅਤੇ ਵਪਾਰੀ ਸਿੱਖਾਂ ਤੋਂ ਬਚਾਉਣ ਲਈ ਸਹਿਮਤੀ ਪੈਦਾ ਕਰਨ ਦੇ ਯਤਨ ਕੀਤੇ ਜਾਣ ਅਤੇ ਉਲਾਰ ਰਾਜਨੀਤੀ ਨਾਲ ਪੈਦਾ ਹੋਣ ਵਾਲੇ ਹੰਕਾਰੀ ਸਰੋਕਾਰਾਂ ਤੋਂ ਬਚਣ ਦੀ ਚੇਤਨਾ ਪੈਦਾ ਕੀਤੀ ਜਾਵੇ, ਅਰਥਾਤ ਇਸ ਪਾਸੇ ਯਤਨ ਕੀਤੇ ਜਾਣ।

7. ਤਖਤਾਂ ਦੇ ਜਥੇਦਾਰਾਂ ਦੀ ਚੋਣ ਵਿਧੀ, ਅਵਧੀ ਅਤੇ ਸੇਵਾ ਸ਼ਰਤਾਂ ਬਾਰੇ ਪਹਿਲਾਂ ਕਮੇਟੀ ਬਣਾ ਕੇ ਸਹਿਮਤੀ ਦਸਤਾਵੇਜ਼ ਤਿਆਰ ਕੀਤਾ ਜਾਵੇ ਅਤੇ ਫਿਰ ਚੋਣਵੇਂ ਚੇਤੰਨ ਸਿੱਖ ਇਸ ਬਾਰੇ ਨਿੱਠ ਕੇ ਵਿਚਾਰ ਕਰਨ। ਪਰਵਾਨ ਕੀਤੇ ਦਸਤਾਵੇਜ਼ ਬਾਰੇ ਪਹਿਲਾਂ ਖੁੱਲ੍ਹੀ ਬਹਿਸ ਕਰਵਾਈ ਜਾਵੇ ਅਤੇ ਫਿਰ ਅਕਾਲ ਤਖਤ ਸਾਹਿਬ 'ਤੇ ਇਕੱਠਿਆਂ ਬੈਠ ਕੇ ਗੁਰਮਤੇ ਵਜੋਂ ਪਰਵਾਨ ਕੀਤਾ ਜਾਵੇ।

8. ਮੀਡੀਆ ਤ੍ਰਿਸ਼ਨਾ ਤੋਂ ਬਚੇ ਬਗੈਰ, ਇਸ ਸਭ ਕਾਸੇ ਲਈ ਲੋੜੀਂਦਾ ਸਬਰ, ਸੰਤੋਖ ਅਤੇ ਸਹਿਜ ਬਣਾਈ ਰੱਖਣਾ ਔਖਾ ਲਗਦਾ ਹੈ।

9. ਸਾਰੀਆਂ ਕੋਸ਼ਿਸ਼ਾਂ ਸਮੇਂ ਦੇ ਹਾਣ ਦਾ ਜਥੇਦਾਰ ਤਲਾਸ਼ਣ ਲਈ ਹੀ ਹੋਣੀਆਂ ਚਾਹੀਦੀਆਂ ਹਨ। ਜਥੇਦਾਰ ਨੂੰ ਨੈਤਿਕ ਸਰਪ੍ਰਸਤੀ ਅਧੀਨ, ਹਰ ਉਸ ਸਿੱਖ ਦੀਆਂ ਧਾਰਮਿਕ ਲੋੜਾਂ ਦਾ ਖਿਆਲ ਰੱਖਣਾ ਹੋਵੇਗਾ ਜਿਨ੍ਹਾਂ ਦਾ ਅਕਾਲ ਤਖਤ ਸਾਹਿਬ ਵਿਚ ਵਿਸ਼ਵਾਸ ਹੈ।

10. ਇਹ ਵੀ ਵਿਚਾਰੇ ਜਾਣ ਦੀ ਲੋੜ ਹੈ ਕਿ ਜਥੇਦਾਰ ਲੱਗ ਜਾਣ ਤੋਂ ਬਾਅਦ ਕਿਉਂ ਜਥੇਦਾਰ ਸਾਹਿਬਾਨ ਇਸ ਪਾਸੇ ਨਹੀਂ ਤੁਰ ਸਕਦੇ ਜਿਸ ਨਾਲ ਜਥੇਦਾਰੀ ਸੰਸਥਾ ਨੂੰ ਪ੍ਰਬੰਧਕੀ ਆੜ ਵਿਚ ਲਏ ਜਾਣ ਵਾਲੇ ਸਿਆਸੀ ਫੈਸਲਿਆਂ ਤੋਂ ਬਚਾਇਆ ਜਾ ਸਕਦਾ ਹੈ? ਮੌਜੂਦਾ ਜਥੇਦਾਰੀ ਸੰਕਟ ਨਾ ਪਹਿਲਾ ਹੈ ਅਤੇ ਨਾ ਆਖਰੀ।

***ਦੁਨੀਆਂ ਵਿਚ ਜੋ ਭੂਮਿਕਾ ਸਿੱਖ ਧਰਮ ਚਿੰਤਨ ਨੂੰ ਨਿਭਾਉਣੀ ਚਾਹੀਦੀ ਸੀ, ਉਹ ਕਈ ਹੋਰ ਕਾਰਨਾਂ ਕਰ ਕੇ ਵੀ ਅਤੇ ਇਸ ਕਰ ਕੇ ਵੀ ਨਹੀਂ ਨਿਭਾਈ ਜਾ ਸਕੀ, ਕਿਉਂਕਿ ਅਸਮਰਥਤਾ ਨੂੰ ਸਮਰਥਾ ਸਮਝ ਲੈਣ ਦੇ ਭਰਮ ਨੇ ਸਿੱਖ ਰੋਲ ਮਾਡਲ ਤਾਂ ਗੁਆ ਹੀ ਲਿਆ ਹੈ; ਇਸ ਵਿਚ ਵਾਧਾ ਇਹ ਹੋ ਗਿਆ ਹੈ ਕਿ ਸਿੱਖ ਲੀਡਰਸ਼ਿਪ ਦੀ ਸੰਤੁਸ਼ਟੀ ਨਾਲ ਆਮ ਸਿੱਖ ਨੂੰ ਸੰਤੁਸ਼ਟ ਹੋਣ ਦੀ ਮਜਬੂਰੀ ਹੰਢਾਉਣੀ ਪੈ ਰਹੀ ਹੈ। ਇਹ ਆਮ ਸਿੱਖਾਂ ਅੰਦਰ, ਗਿਆਨ ਅਤੇ ਬਿਬੇਕ ਦੇ ਮੁੱਦਿਆਂ ਵਲ ਪਿੱਠ ਹੋ ਜਾਣ ਕਰ ਕੇ ਵੀ ਵਾਪਰਿਆ ਹੈ।***

## ਗੱਲ ਬਣੀ ਕਿ ਨਹੀਂ

### *ਕਿਵੇਂ ਬਚਣਗੇ ਬੋਟ!*

ਢਹਿ ਕੇ ਛੇਤੀ ਬਣ ਜਾਵੇਗਾ ਲਾਰਿਆਂ ਦੇ ਨਾਲ ਢਾਰਾ,
ਖੋਖਲੀਆਂ ਜੇ ਨੀਂਹਾਂ ਉਤੇ ਉਸਰੀ ਗਿਆ ਚੁਬਾਰਾ।
ਪਿਆ ਪੰਜਾਬ ਏ ਮੰਜੇ ਉਤੇ ਮਿਲਦੀ ਨਹੀਂ ਕੋਈ ਦਾਰੂ,
ਡੁੱਬ ਕੇ ਮਰਦੇ ਵੇਖਿਓ ਹਾਕਮ ਸੱਤ ਪੱਤਣਾਂ ਦੇ ਤਾਰੂ।
ਸੱਜ ਵਿਆਹੀ ਭੰਨਦੀ ਵੇਖੀ ਹੱਥੀਂ ਰੰਗਲਾ ਚੂੜਾ,
ਚਹੁੰ ਕੁ ਦਿਨਾਂ ਵਿਚ ਉਡ ਜਾਂਦੈ ਰੰਗ ਮਹਿੰਦੀ ਦਾ ਗੂੜ੍ਹਾ।
ਢਿੱਡ ਵਿਚ ਮੁੱਕੀਆਂ ਦੇ ਕੇ ਲਾਉਂਦੇ ਬੇਬੇ-ਬਾਪੂ ਬੁੱਤਾ,
ਵਿਚ ਜਵਾਨੀ ਰੰਗ ਪੀਲਾ ਕਿਉਂ ਹੋਈ ਜਾਂਦਾ ਪੁੱਤਾ!
ਗਰਾਂ ਉਜੜ ਗਿਆ ਘਰ ਨੂੰ ਛੱਡੋ ਕੀ ਵਕਤ ਇਹ ਡਿੱਠਾ,
ਕਾਲੇ ਦੌਰ 'ਚੋਂ ਲੰਘ ਕੇ ਦੇਖਿਆ ਥਾਂ ਥਾਂ ਵਿਕਦਾ ਚਿੱਟਾ।
ਨੀਲੀਆਂ ਵਾਲਿਆਂ ਘੇਰ ਲਿਆ ਏ ਅੰਬਰ ਤੇਰਾ ਨੀਲਾ,
ਚਿੱਟਿਆਂ ਨੇ ਤਾਂ ਪਹਿਲਾਂ ਕਰ'ਤੀ ਜ਼ਿੰਦਗੀ ਤੀਲਾ ਤੀਲਾ।
ਲੰਗੜਾ-ਲੂਲਾ ਮੁਲਕ ਮੇਰਾ ਫਿਰ ਖੇਡੀ ਜਾਏ ਕਬੱਡੀ,
ਇੰਜਣ ਧੂੰਆਂ ਮਾਰ ਮਾਰ ਕੇ ਖਿੱਚੀ ਜਾਂਦਾ ਗੱਡੀ।
ਢਿੱਡ ਦੁਖਣਾ ਤਾਂ ਹਟ ਜੂ 'ਭੌਰੇ' ਸੀਨੇ ਦੇ ਵਿਚ ਚੋਟ,
ਮਾਂਵਾਂ ਹਿੱਕ ਨਾਲ ਲਾ ਪੁੱਛਣ ਕਿਵੇਂ ਬਚਾਈਟੇ ਬੋਟ?

***-ਐਸ. ਅਸ਼ੋਕ ਭੌਰਾ***

# ਸਨੇਹ ਤੇ ਸਦਭਾਵਨਾ ਦਾ ਪ੍ਰਤੀਕ ਰੱਖੜੀ

ਰੱਖੜੀ ਦਾ ਤਿਉਹਾਰ ਵੀਰਾਂ ਲਈ ਭੈਣਾਂ ਦੇ ਡੁੱਲ੍ਹ-ਡੁੱਲ੍ਹ ਪੈਂਦੇ ਪਿਆਰ ਦਾ ਪ੍ਰਤੀਕ ਹੈ। ਭੈਣ ਵੀਰ ਲਈ ਸੈਆਂ ਸੁੱਖਾਂ ਸੁੱਖਦੀ ਹੈ। ਉਸ ਦੇ ਦਿਲ ਵਿਚ ਵੀਰ ਲਈ ਬੜੀਆਂ ਰੀਝਾਂ ਹਨ, ਚਾਅ ਹਨ, ਉਮੰਗਾਂ ਹਨ। ਉਹ ਸੱਚੇ ਰੱਬ ਅੱਗੇ ਅਰਜ਼ੋਈਆਂ ਕਰਦੀ ਹੈ,

ਇੱਕ ਵੀਰ ਦਈਂ ਵੇ ਰੱਬਾ
ਸਹੁੰ ਖਾਣ ਨੂੰ ਬੜਾ ਚਿੱਤ ਕਰਦਾ।
ਵੀਰਾ ਤੇਰਾ ਵਾਲ ਵਿੰਗਾ ਨਾ ਹੋਵੇ
ਤੇਰੀ ਆਈ ਮੈਂ ਮਰਜਾਂ।

ਰੱਖੜੀ ਦਾ ਤਿਉਹਾਰ ਸਾਉਣ ਮਹੀਨੇ ਦੀ ਪੂਰਨਮਾਸ਼ੀ ਵਾਲੇ ਦਿਨ ਬੜੇ ਉਤਸ਼ਾਹ ਤੇ ਉਮਾਹ ਨਾਲ ਮਨਾਇਆ ਜਾਂਦਾ ਹੈ। ਇਸ ਦਿਨ ਭੈਣਾਂ ਸੁੱਚੇ ਮੂੰਹ ਵੀਰ ਦੇ ਰੱਖੜੀ ਬੰਨ੍ਹਣ ਲਈ ਪੇਕੇ ਘਰ ਆਉਂਦੀਆਂ ਹਨ। ਜੇ ਵੀਰ ਕਿਸੇ ਦੁਰੇਡੀ ਥਾਂ 'ਤੇ ਨੌਕਰੀ ਆਦਿ ਕਰਦਾ ਹੋਵੇ ਤਾਂ ਉਸ ਲਈ ਭੈਣਾਂ ਕਈ ਦਿਨ ਪਹਿਲਾਂ ਰੱਖੜੀ ਡਾਕ ਰਾਹੀਂ ਭੇਜਦੀਆਂ ਹਨ। ਜਿਨ੍ਹਾਂ ਭੈਣਾਂ ਦੇ ਸਕੇ ਵੀਰ ਨਹੀਂ ਹੁੰਦੇ, ਉਹ ਆਪਣੇ ਚਾਚੇ, ਤਾਏ, ਮਾਮੇ ਤੇ ਭੂਆ ਦੇ ਪੁੱਤਰਾਂ ਨੂੰ ਰੱਖੜੀ ਬੰਨ੍ਹ ਕੇ ਇਹ ਸ਼ਗਨ ਮਨਾਉਂਦੀਆਂ ਹਨ। ਵੀਰ ਬਾਹਰੀ ਭੈਣ ਦੀ ਹਾਲਤ ਝੱਲੀ ਨਹੀਂ ਜਾਂਦੀ,

ਜਿਸ ਘਰ ਵੀਰ ਨਹੀਂ ਭੈਣਾਂ ਰੋਂਦੀਆਂ ਪਛੋਕੜ ਖੜ੍ਹ ਕੇ।

ਕਈ ਹਾਲਾਤ ਵਿਚ ਵੀਰ ਰੱਖੜੀ ਬੰਨ੍ਹਾਉਣ ਲਈ ਭੈਣ ਦੇ ਘਰ ਜਾਂਦਾ ਹੈ। ਭੈਣਾਂ ਬੜੀ ਰੀਝ ਨਾਲ ਮਿਠਾਈ ਦਾ ਥਾਲ ਪਰੋਸ ਕੇ ਵੀਰ ਦਾ ਮੂੰਹ ਜੂਠਾ ਕਰਦੀਆਂ ਹਨ ਤੇ ਉਸ ਦੇ ਗੁੱਟ 'ਤੇ ਸ਼ਗਨਾਂ ਦੀ ਰੱਖੜੀ ਬੰਨ੍ਹਦੀਆਂ ਹਨ। ਰੱਖੜੀ ਆਮ ਤੌਰ 'ਤੇ ਖੰਮਣੀ ਦੇ ਧਾਗੇ ਦੀ ਬਣੀ ਹੁੰਦੀ ਹੈ। ਪਿੰਡਾਂ ਵਿਚ ਰੰਗ-ਬਰੰਗੇ ਲੋਗੜੀ ਦੇ ਧਾਗਿਆਂ ਨਾਲ ਭੈਣਾਂ ਆਪਣੇ ਹੱਥੀਂ ਬੜੀ ਰੀਝ ਨਾਲ ਫੁੰਦਿਆਂ ਵਾਲੀਆਂ ਰੱਖੜੀਆਂ ਬਣਾਉਂਦੀਆਂ ਹਨ, ਪਰ ਅੱਜ ਕੱਲ੍ਹ ਸਿਲਮੇ ਸਿਤਾਰੇ ਜੜੀਆਂ ਭਿੰਨ-ਭਿੰਨ ਪ੍ਰਕਾਰ ਦੀਆਂ ਰੱਖੜੀਆਂ ਪ੍ਰਚਲਿਤ ਹਨ ਜਿਨ੍ਹਾਂ ਨੂੰ ਭੈਣਾਂ ਬਜ਼ਾਰੋਂ ਖਰੀਦ ਕੇ ਲਿਆਉਂਦੀਆਂ ਹਨ। ਰੱਖੜੀ ਬੰਨ੍ਹਾਉਣ ਮਗਰੋਂ ਵੀਰ ਭੈਣ ਨੂੰ ਰੁਪਏ ਆਦਿ ਦਿੰਦੇ ਹਨ। ਭੈਣਾਂ ਰੱਖੜੀ ਬੰਨ੍ਹਦੀਆਂ ਹੋਈਆਂ ਗਾਉਂਦੀਆਂ ਹਨ,

ਭੈਣ ਕੋਲੋਂ ਵੀਰ ਵੇ ਬੰਨ੍ਹਾ ਲੈ ਰੱਖੜੀ
ਸੋਹਣੇ ਜਿਹੇ ਗੁੱਟ 'ਤੇ ਸਜਾ ਲੈ ਰੱਖੜੀ।

ਰੱਖੜੀ ਬੰਨ੍ਹਣ ਦਾ ਰਿਵਾਜ ਕਦੋਂ ਪਿਆ, ਇਸ ਬਾਰੇ ਕਈ ਰਵਾਇਤਾਂ ਪ੍ਰਚਲਿਤ ਹਨ। ਸਨਾਤਨੀ ਲੋਕ ਇਸ ਦਾ ਮੁੱਢ ਇੰਦਰ ਦੇਵਤੇ ਨਾਲ ਜੋੜਦੇ ਹਨ। ਕਹਿੰਦੇ ਹਨ, ਇੱਕ ਵਾਰ ਇੰਦਰ ਦੇਵਤਾ ਰਾਖਸ਼ਾਂ ਨਾਲ ਲੜਾਈ ਵਿਚ ਹਾਰ ਗਿਆ। ਉਸ ਦੀ ਰਾਣੀ ਨੇ ਦੂਜੀ ਭਲਕ ਬ੍ਰਾਹਮਣ ਪਾਸੋਂ ਜਾਪ ਕਰਵਾ ਕੇ ਖੰਮਣੀ ਇੰਦਰ ਦੀ ਬਾਂਹ ਨੂੰ ਜਾ ਬੰਨ੍ਹੀ ਅਤੇ ਉਸ ਨੂੰ ਲੜਨ ਲਈ ਜੰਗ ਦੇ ਮੈਦਾਨ ਵਿਚ ਭੇਜ ਦਿੱਤਾ। ਕਹਿੰਦੇ ਹਨ, ਇਸੇ ਰੱਖੜੀ ਦੇ ਬਲਬੂਤੇ ਇੰਦਰ ਦੇਵਤਾ ਨੇ ਰਾਖਸ਼ਾਂ ਨੂੰ ਹਰਾ ਕੇ ਜਿੱਤ ਪ੍ਰਾਪਤ ਕਰ ਲਈ। ਉਦੋਂ ਤੋਂ 'ਰਖਸ਼ਾ ਬੰਧਨ' ਦਾ ਤਿਉਹਾਰ ਵੀਰਤਾ ਅਤੇ ਵੰਗਾਰ ਦੀ ਪ੍ਰੇਰਨਾ ਦੇਣ ਵਾਲੇ ਤਿਉਹਾਰ ਦੇ ਰੂਪ ਵਿਚ ਮਨਾਇਆ ਜਾਣ ਲੱਗਾ।

ਪੰਜਾਬ ਭਾਰਤ ਦਾ ਅਜਿਹਾ ਖਿੱਤਾ ਹੈ ਜਿਸ 'ਤੇ ਪੁਰਾਤਨ ਸਮੇਂ ਤੋਂ ਹੀ ਵਿਦੇਸ਼ੀ ਧਾੜਵੀ ਹਮਲੇ ਕਰਦੇ ਰਹੇ ਹਨ ਜਿਨ੍ਹਾਂ ਦਾ ਮੁਕਾਬਲਾ ਸੂਰਬੀਰ ਪੰਜਾਬੀ ਯੋਧੇ ਬੜੀ ਵੀਰਤਾ ਨਾਲ ਕਰਦੇ ਸਨ ਤੇ ਉਨ੍ਹਾਂ ਸੂਰਮਿਆਂ ਦੀਆਂ ਭੈਣਾਂ ਉਨ੍ਹਾਂ ਦੇ ਗੁੱਟਾਂ 'ਤੇ ਸ਼ਗਨਾਂ ਦਾ ਗਾਨਾ ਬੰਨ੍ਹ ਕੇ ਉਨ੍ਹਾਂ ਨੂੰ ਜੰਗ ਦੇ ਮੈਦਾਨ ਵਿਚ ਘੱਲਦੀਆਂ ਸਨ। ਇਹ ਰੱਖੜੀ ਜਾਂ ਗਾਨਾ ਉਨ੍ਹਾਂ ਦੀ ਦੁਸ਼ਮਣਾਂ ਤੋਂ ਰੱਖਿਆ ਕਰਦਾ ਸੀ। ਉਹ ਸੂਰਵੀਰ ਯੋਧੇ ਆਪਣੇ ਸਿਰ ਦੀ ਬਾਜ਼ੀ ਲਾ ਕੇ ਆਪਣੇ ਦੇਸ਼ ਦੀ ਅਤੇ ਆਪਣੀਆਂ ਭੈਣਾਂ ਦੀ ਪੱਤ ਦੀ ਰਾਖੀ ਕਰਦੇ ਸਨ। ਉਦੋਂ ਤੋਂ ਹੀ ਰੱਖੜੀ ਬੰਨ੍ਹਣ ਦਾ ਰਿਵਾਜ ਪੈ ਗਿਆ ਜਾਪਦਾ ਹੈ।

ਇੱਕ ਰਵਾਇਤ ਹੋਰ ਹੈ। ਮਨੂੰ ਨੇ ਜਦੋਂ ਜਾਤਾਂ ਦੀ ਵੰਡ ਕੀਤੀ ਤਾਂ ਕਸ਼ੱਤਰੀ ਅਤੇ ਬ੍ਰਾਹਮਣਾਂ ਨੂੰ ਵੱਖ-ਵੱਖ ਕੰਮ ਸੌਂਪੇ ਗਏ। ਬ੍ਰਾਹਮਣਾਂ ਦਾ ਕੰਮ ਯੱਗ ਤੇ ਪੂਜਾ ਪਾਠ ਹੁੰਦਾ ਸੀ ਤੇ ਕਸ਼ੱਤਰੀਆਂ ਦਾ ਕੰਮ ਸੀ ਉਨ੍ਹਾਂ ਦੀ ਰੱਖਿਆ ਕਰਨਾ ਤੇ ਉਨ੍ਹਾਂ ਲਈ ਲੜਨਾ। ਬ੍ਰਾਹਮਣ ਆਪਣੀ ਰੱਖਿਆ ਲਈ ਲੜਨ ਜਾ ਰਹੇ ਕਸ਼ੱਤਰੀਆਂ ਦੇ ਇਹ ਗਾਨਾ ਬੰਨ੍ਹ ਦਿੰਦੇ ਸਨ ਤਾਂ ਜੋ ਕਸ਼ੱਤਰੀ ਮੈਦਾਨੇ ਜੰਗ 'ਚ ਮਰ ਮਿਟਣ ਤੇ ਉਨ੍ਹਾਂ ਦੀ ਰੱਖਿਆ ਕਰਨ। ਸ਼ਾਇਦ ਇਸੇ ਕਰ ਕੇ ਹੀ ਇਸ ਨੂੰ ਰਖਸ਼ਾ ਬੰਧਨ ਕਿਹਾ ਜਾਂਦਾ ਹੈ।


ਹੋਰ ਵੀ ਕਈ ਰਵਾਇਤਾਂ ਇਸ ਬਾਰੇ ਪ੍ਰਚਲਿਤ ਹਨ। ਪੰਜਾਬ ਦੇ ਪੇਂਡੂ ਇਲਾਕਿਆਂ ਵਿਚ ਭੈਣਾਂ ਤੋਂ ਬਿਨਾਂ ਪਿੰਡ ਦੇ ਬ੍ਰਾਹਮਣਾਂ ਵੱਲੋਂ ਆਪਣੇ ਜਜ਼ਮਾਨਾਂ ਨੂੰ ਰੱਖੜੀ ਬੰਨ੍ਹਣ ਦਾ ਰਿਵਾਜ ਵੀ ਹੈ। ਉਹ ਘਰ-ਘਰ ਜਾ ਕੇ ਆਪਣੇ ਜਜ਼ਮਾਨਾਂ ਦੇ ਰੱਖੜੀ ਬੰਨ੍ਹਦੇ ਹਨ ਤੇ ਉਨ੍ਹਾਂ ਦੀ ਲੰਮੇਰੀ ਉਮਰ ਦੀ ਕਾਮਨਾ ਕਰਦੇ ਹਨ। ਇਸੇ ਪ੍ਰਕਾਰ ਕਿਸਾਨੀ ਨਾਲ ਸਬੰਧ ਰੱਖਣ ਵਾਲੇ ਹੋਰ ਲੋਕ ਵੀ ਆਪਣੇ ਕਿਸਾਨਾਂ ਨੂੰ ਰੱਖੜੀ ਬੰਨ੍ਹਦੇ ਹਨ ਤੇ ਕਿਸਾਨ ਉਨ੍ਹਾਂ ਨੂੰ ਰੁਪਏ ਤੇ ਅਨਾਜ ਰੱਖੜੀ ਬੰਨ੍ਹਾਈ ਵਜੋਂ ਦਿੰਦੇ ਹਨ। ਇੰਜ ਸਮੁੱਚਾ ਭਾਈਚਾਰਾ ਇੱਕ-ਦੂਜੇ ਲਈ ਸ਼ੁਭ ਕਾਮਨਾ ਭੇਂਟ ਕਰਦਾ ਹੈ। ਰੱਖੜੀ ਦਾ ਤਿਉਹਾਰ ਸਾਡੀ ਭਾਵਾਤਮਕ ਏਕਤਾ ਦਾ ਪ੍ਰਤੀਕ ਹੈ। ਸ਼ਾਲਾ! ਭੈਣਾਂ ਵੀਰਾਂ ਦੇ ਸ਼ਗਨ ਮਨਾਉਂਦੀਆਂ ਰਹਿਣ ਤੇ ਸਾਡਾ ਇਹ ਸੰਸਾਰ ਸੁਖੀ ਵਸਦਾ ਰਹੇ।

***-ਸੁਖਦੇਵ ਮਾਦਪੁਰੀ***
***ਫੋਨ: 91-94630-34472***

## ਰੂਸੀ ਕਹਾਣੀ

# ਕੋਲੂਸ਼ਾ

***ਰੂਸੀ ਲੇਖਕ ਮੈਕਸਿਮ ਗੋਰਕੀ (28 ਮਾਰਚ 1868-18 ਜੂਨ 1936) ਨੇ ਮਨੁੱਖੀ ਮਨ ਨੂੰ ਸਮਝਣ-ਸਮਝਾਉਣ ਲਈ ਅਣਗਿਣਤ ਰਚਨਾਵਾਂ ਲਿਖੀਆਂ। ਰੂਸੀ ਸਾਹਿਤ ਹੀ ਨਹੀਂ, ਸੰਸਾਰ ਸਾਹਿਤ ਵਿਚ ਉਸ ਦਾ ਆਪਣਾ, ਨਿਵੇਕਲਾ ਤੇ ਨਿਆਰਾ ਸਥਾਨ ਹੈ। ਮਨੁੱਖ ਦੀਆਂ ਤਾਂਘਾਂ ਅਤੇ ਤ੍ਰਾਸਦੀਆਂ ਨੂੰ ਉਸ ਨੇ ਬੜੇ ਸਹਿਜ ਨਾਲ ਆਪਣੀਆਂ ਰਚਨਾਵਾਂ ਦਾ ਹਿੱਸਾ ਬਣਾਇਆ ਹੈ। 'ਕੋਲੂਸ਼ਾ' ਨਾਂ ਦੀ ਇਸ ਕਹਾਣੀ ਵਿਚ ਉਸ ਨੇ ਬਾਲ ਮਨ ਦੀ ਵਿਥਿਆ ਸੁਣਾਈ ਹੈ। ਇਹ ਅਜਿਹੇ ਬਾਲਕ ਦੀ ਕਥਾ ਹੈ ਜਿਹੜਾ ਆਪਣੇ ਮਾਪਿਆਂ ਦੇ ਮੰਦੇ ਹਾਲ ਕੱਟਣ ਲਈ, ਆਪਣੀ ਸਮਝ ਅਨੁਸਾਰ ਕਰੂਰ ਹਾਲਾਤ ਨਾਲ ਟਕਰਾ ਜਾਂਦਾ ਹੈ। -ਸੰਪਾਦਕ***



**ਮੈਕਸਿਮ ਗੋਰਕੀ**

**ਅਨੁਵਾਦ: ਸੁਖਬੀਰ**

ਕਬਰਸਤਾਨ ਦੀ ਉਸ ਨੁੱਕਰੇ ਜਿੱਥੇ ਗ਼ਰੀਬਾਂ ਨੂੰ ਦਫ਼ਨਾਇਆ ਜਾਂਦਾ ਹੈ, ਰੰਗਦਾਰ ਸੂਤੀ ਲਿਬਾਸ ਪਾਈ ਇੱਕ ਤੀਵੀਂ ਜਿਸ ਨੇ ਮੋਢਿਆਂ ਉਤੇ ਕਾਲ਼ੀ ਸ਼ਾਲ ਲਈ ਹੋਈ ਸੀ, ਇੱਕ ਕਬਰ ਉਤੇ ਦੋ ਮੁਰਝਾਏ ਹੋਏ ਬੈਂਤਾਂ ਦੀ ਡੱਬ-ਖੜੱਬੀ ਛਾਂ ਵਿਚ ਬੈਠੀ ਹੋਈ ਸੀ। ਇਹ ਥਾਂ ਪੱਤਿਆਂ ਨਾਲ ਭਰੀਆਂ, ਮੀਂਹ ਧੋਤੀਆਂ ਅਤੇ ਹਵਾਵਾਂ ਸਦਕਾ ਹੂੰਝੀਆਂ ਗਈਆਂ ਕਬਰਾਂ ਦੀਆਂ ਥੇਹਾਂ ਵਿਚਕਾਰ ਸੀ।

ਧੌਲ਼ੇ ਵਾਲ਼ਾਂ ਦੀ ਇੱਕ ਲਿਟ ਉਸ ਦੀ ਝੁਰੜੀਆਂ ਭਰੀ ਗੱਲ੍ਹ ਉਤੇ ਲਟਕੀ ਹੋਈ ਸੀ। ਉਸ ਨੇ ਤਰਾਸ਼ੇ ਹੋਏ ਬੁੱਲ੍ਹ ਕੱਸ ਕੇ ਪੀਚੇ ਹੋਏ ਸਨ, ਤੇ ਉਨ੍ਹਾਂ ਦੀਆਂ ਨੁੱਕਰਾਂ ਹੇਠਾਂ ਵੱਲ ਖਿੱਚੀਆਂ ਗਈਆਂ ਸਨ ਜਿਨ੍ਹਾਂ ਸਦਕਾ ਉਸ ਦਾ ਚਿਹਰਾ ਬੜਾ ਗ਼ਮਗ਼ੀਨ ਜਾਪ ਰਿਹਾ ਸੀ। ਉਸ ਦੀਆਂ ਪਲਕਾਂ ਵੀ ਕੁਝ ਇਸ ਤਰ੍ਹਾਂ ਨਿਵੀਆਂ ਹੋਈਆਂ ਸਨ ਕਿ ਲਗਦਾ ਸੀ, ਉਹ ਬਹੁਤ ਰੋ ਕੇ ਹਟੀ ਹੈ ਤੇ ਕਈ ਰਾਤਾਂ ਸੁੱਤੀ ਵੀ ਨਹੀਂ ਹੋਣੀ।

ਉਹ ਅਹਿਲ ਬਣੀ ਬੈਠੀ ਸੀ। ਮੈਂ ਉਸ ਤੋਂ ਕੁਝ ਦੂਰ ਖੜੋਤਾ ਉਸ ਨੂੰ ਗਹੁ ਨਾਲ ਵੇਖ ਰਿਹਾ ਸਾਂ। ਮੈਂ ਉਸ ਦੇ ਹੋਰ ਨੇੜੇ ਹੋ ਕੇ ਜਾ ਖੜ੍ਹਾ ਹੋਇਆ, ਪਰ ਉਹ ਤਾਂ ਵੀ ਅਹਿਲ ਬਣੀ ਬੈਠੀ ਰਹੀ। ਉਸ ਨੇ ਬੱਸ ਆਪਣੀਆਂ ਵੱਡੀਆਂ-ਵੱਡੀਆਂ ਰੁੱਖੀਆਂ ਅੱਖਾਂ ਰਤਾ ਕੁ ਉਪਰ ਚੁੱਕ ਕੇ ਮੇਰੇ ਵੱਲ ਵੇਖਿਆ। ਉਸ ਦੇ ਚਿਹਰੇ ਉਤੇ ਕਿਸੇ ਵੀ ਕਿਸਮ ਦੀ ਹੈਰਾਨੀ, ਘਬਰਾਹਟ ਜਾਂ ਕੋਈ ਹੋਰ ਭਾਵ, ਭੋਰਾ ਭਰ ਵੀ ਪੈਦਾ ਨਹੀਂ ਹੋਇਆ।

ਮੈਂ ਉਸ ਨੂੰ ਬੁਲਾਇਆ ਤੇ ਪੁੱਛਿਆ, "ਇਥੇ ਕੌਣ ਦਫ਼ਨ ਹੈ।"

"ਮੇਰਾ ਪੁੱਤਰ", ਉਸ ਨੇ ਕੁਝ ਲਾਪ੍ਰਵਾਹੀ ਭਰੇ ਅੰਦਾਜ਼ ਵਿਚ ਕਿਹਾ।

"ਵੱਡਾ ਸੀ?"

"ਬਾਰਾਂ ਵਰ੍ਹਿਆਂ ਦਾ।"

"ਕਿੰਨਾ ਚਿਰ ਹੋਇਆ?"

"ਚਾਰ ਸਾਲ।"

ਉਸ ਨੇ ਡੂੰਘਾ ਹਉਕਾ ਭਰਿਆ ਅਤੇ ਵਾਲ਼ਾਂ ਦੀ ਲਿਟ ਫੜ ਕੇ ਸ਼ਾਲ ਅੰਦਰ ਕਰ ਲਈ। ਚੋਖਾ ਗਰਮ ਦਿਨ ਸੀ। ਸੂਰਜ ਬੜੀ ਬੇਰਹਿਮੀ ਨਾਲ ਮੋਇਆਂ ਦੀ ਇਸ ਬਸਤੀ ਉਤੇ ਅੱਗ ਵਰ੍ਹਾ ਰਿਹਾ ਸੀ; ਕਬਰ ਉਤੇ ਉਗਿਆ ਹੋਇਆ ਵਿਰਲਾ ਘਾਹ ਧੁੱਪ ਤੇ ਧੂੜ ਨਾਲ ਭੂਰਾ ਹੋ ਗਿਆ ਸੀ, ਤੇ ਸਲੀਬਾਂ ਵਿਚਕਾਰ ਧੂੜ ਭਰੇ ਕੁਰੰਗ ਬਣੇ ਰੁੱਖ ਇੰਜ ਅਹਿਲ ਖੜੋਤੇ ਸਨ ਜਿਵੇਂ ਉਨ੍ਹਾਂ ਵਿਚ ਵੀ ਕੋਈ ਜਿੰਦ-ਜਾਨ ਨਹੀਂ ਰਹੀ ਹੁੰਦੀ।

"ਉਸ ਦੀ ਮੌਤ ਕਿਵੇਂ ਹੋਈ ਸੀ?" ਮੈਂ ਮੁੰਡੇ ਦੀ ਕਬਰ ਵੱਲ ਸੈਨਤ ਕਰ ਕੇ ਪੁੱਛਿਆ।

"ਘੋੜਿਆਂ ਥੱਲੇ ਮਿੱਧਿਆ ਗਿਆ ਸੀ", ਉਸ ਨੇ ਸੰਖੇਪ ਜਿਹਾ ਜਵਾਬ ਦਿੱਤਾ, ਤੇ ਝੁਰੜੀਆਂ ਭਰੇ ਹੱਥ ਨਾਲ ਕਬਰ ਪਲ਼ੋਸਣ ਲੱਗ ਪਈ।

"ਉਹ ਕਿਵੇਂ?"

ਮੈਂ ਜਾਣਦਾ ਸਾਂ ਕਿ ਮੈਂ ਪੂਰੀ ਨਰਮੀ ਨਾਲ ਪੇਸ਼ ਨਹੀਂ ਸਾਂ ਆ ਰਿਹਾ, ਪਰ ਔਰਤ ਦਾ ਭਾਵਹੀਣ ਵਿਹਾਰ ਵੇਖ ਕੇ ਮੈਨੂੰ ਖਿਝ ਆ ਰਹੀ ਸੀ। ਪਤਾ ਨਹੀਂ ਕਿਉਂ, ਮੈਂ ਉਸ ਦੀਆਂ ਅੱਖਾਂ ਵਿਚ ਹੰਝੂ ਵੇਖਣੇ ਚਾਹ ਰਿਹਾ ਸਾਂ। ਉਸ ਦੀ ਉਸ ਲਾਪ੍ਰਵਾਹੀ ਵਿਚ ਕੋਈ ਅਸੁਭਾਵਕ ਜਿਹੀ ਗੱਲ ਸੀ। ਉਂਜ ਅਜਿਹਾ ਸਿਰਫ਼ ਦਿਖਾਵੇ ਲਈ ਨਹੀਂ ਸੀ।

ਮੇਰੇ ਸਵਾਲ 'ਤੇ ਉਸ ਨੇ ਫਿਰ ਅੱਖਾਂ ਚੁੱਕ ਕੇ ਮੇਰੇ ਵੱਲ ਵੇਖਿਆ, ਤੇ ਜਦ ਉਹ ਮੈਨੂੰ ਸਿਰ ਤੋਂ ਪੈਰਾਂ ਤੱਕ ਘੋਖ ਚੁੱਕੀ ਤਾਂ ਉਸ ਨੇ ਹਲਕਾ ਜਿਹਾ ਹਉਕਾ ਭਰਿਆ। ਫਿਰ ਸਾਵੀਂ, ਸੰਤੁਲਤ ਆਵਾਜ਼ ਵਿਚ ਆਪਣੀ ਕਹਾਣੀ ਸੁਣਾਉਣ ਲੱਗ ਪਈ...

ਹੋਇਆ ਇਉਂ ਕਿ... ਉਸ ਦਾ ਪਿਉ ਕਿਸੇ ਗਬਨ ਦੇ ਸਿਲਸਿਲੇ ਵਿਚ ਡੇਢ ਸਾਲ ਦੀ ਕੈਦ ਕੱਟ ਰਿਹਾ ਸੀ। ਇਸ ਅਰਸੇ ਵਿਚ ਅਸੀਂ ਕਮਾਈ 'ਚੋਂ ਜਿਹੜੇ ਚਾਰ ਪੈਸੇ ਬਚਾਏ ਸਨ, ਉਹ ਸਭ ਖਰਚ ਹੋ ਗਏ। ਆਖਰ ਉਹ ਸਨ ਹੀ ਕਿੰਨੇ? ਜਦ ਉਹ ਜੇਲ੍ਹ 'ਚੋਂ ਛੁੱਟ ਕੇ ਆਇਆ, ਤਾਂ ਮੈਂ ਲੱਕੜਾਂ ਦੀ ਥਾਂ ਜੜ੍ਹਾਂ ਬਾਲ਼ ਰਹੀ ਸਾਂ। ਕੋਈ ਬਾਗ਼ਬਾਨ ਜਿਸ ਨੂੰ ਮੈਂ ਜਾਣਦੀ ਸਾਂ, ਨੇ ਭੈੜੀਆਂ ਤੇ ਨਿਕੰਮੀਆਂ ਜੜ੍ਹਾਂ ਦਾ ਗੱਡਾ ਭਰ ਕੇ ਲਿਆ ਸੁੱਟਿਆ ਸੀ। ਮੈਂ ਇਨ੍ਹਾਂ ਨੂੰ ਸੁਕਾ ਲਿਆ ਤੇ ਪਾਥੀਆਂ ਨਾਲ ਮਿ਼ਲਾ ਕੇ ਬਾਲਣ ਲੱਗੀ। ਇਨ੍ਹਾਂ 'ਚੋਂ ਬੜਾ ਭੈੜਾ ਧੂੰਆਂ ਨਿਕ਼ਲਦਾ ਸੀ, ਖਾਣ ਵਾਲੀਆਂ ਚੀਜ਼ਾਂ ਦਾ ਸਵਾਦ ਵੀ ਖਰਾਬ ਹੋ ਜਾਂਦਾ ਸੀ। ਕੋਲੂਸ਼ਾ ਸਕੂਲ ਜਾਂਦਾ ਸੀ। ਬੜਾ ਛੂਹਲਾ ਮੁੰਡਾ ਸੀ। ਸਹਿਜੇ ਕਿਤੇ ਪੈਸਾ ਨਹੀਂ ਸੀ ਖਰਚਦਾ। ਉਹ ਸਕੂਲੋਂ ਆਉਂਦਿਆਂ ਹਮੇਸ਼ਾ ਲੱਕੜ ਦਾ ਕੋਈ ਟੋਟਾ ਜਾਂ ਛਿਟੀਆਂ ਜੋ ਵੀ ਰਾਹ ਵਿਚ ਮਿ਼ਲਦਾ, ਚੁੱਕ ਕੇ ਲੈ ਆਉਂਦਾ। ਉਨ੍ਹੀਂ ਦਿਨੀਂ ਬਹਾਰ ਦੀ ਰੁੱਤ ਸੀ। ਬਰਫ ਪੰਘਰ ਰਹੀ ਸੀ ਤੇ ਕੋਲੂਸ਼ਾ ਕੋ਼ਲ ਵੱਡੇ ਬੂਟਾਂ ਤੋਂ ਛੁੱਟ ਪੈਰੀਂ ਪਾਉਣ ਲਈ ਹੋਰ ਕੁਝ ਨਹੀਂ ਸੀ। ਜਦ ਉਹ ਬੂਟ ਲਾਹੁੰਦਾ, ਉਸ ਦੇ ਪੈਰ ਲਾਲ ਸੂਹੇ ਹੋਏ ਹੁੰਦੇ। ਉਨ੍ਹੀਂ ਦਿਨੀਂ ਹੀ ਉਸ ਦਾ ਪਿਉ ਜੇਲ੍ਹੋਂ ਛੁੱਟਿਆ ਸੀ, ਤੇ ਅਗਲੇ ਉਸ ਨੂੰ ਗੱਡੀ 'ਚ ਬਠਾ਼ਲ ਕੇ ਲਿਆਏ ਸਨ। ਜੇਲ੍ਹ ਵਿਚ ਉਸ ਨੂੰ ਦੌਰਾ ਪਿਆ ਸੀ। ਉਹ ਗੱਡੀ 'ਚ ਲੰਮਾ ਪਿਆ ਅਜੀਬ ਤਰ੍ਹਾਂ ਮੁਸਕਰਾਉਂਦਾ ਮੇਰੇ ਵੱਲ ਵੇਖ ਰਿਹਾ ਸੀ। ਮੈਂ ਉਸ ਵੱਲ ਵੇਖਦਿਆਂ ਸੋਚਿਆ, 'ਤੇਰੇ ਕਰ ਕੇ ਮੇਰੀ ਇਹ ਹਾਲਤ ਹੋਈ ਏ, ਹੁਣ ਮੈਂ ਤੈਨੂੰ ਖੁਆਵਾਂਗੀ ਕਿਥੋਂ? ਚੰਗਾ ਹੋਵੇ ਜੇ ਮੈਂ ਤੈਨੂੰ ਕਿਸੇ ਛੱਪੜ 'ਚ ਸੁੱਟ ਦਿਆਂ। ਹਾਂ ਹਾਂ! ਛੱਪੜ ਵਿਚ ਸੁੱਟ ਕੇ ਤੇਰਾ ਫਾਹਾ ਮੁਕਾ ਦਿਆਂ।' ਪਰ ਕੋਲੂਸ਼ਾ ਉਸ ਨੂੰ ਵੇਖ ਕੇ ਰੋਣ ਲੱਗਾ। ਉਸ ਦਾ ਚਿਹਰਾ ਚਿੱਟਾ ਫਟਕ ਹੋ ਗਿਆ ਤੇ ਉਸ ਦੀਆਂ ਅੱਖਾਂ ਵਿਚੋਂ ਮੋਟੇ-ਮੋਟੇ ਹੰਝੂ ਚੋਣ ਲੱਗੇ।

"ਇਨ੍ਹਾਂ ਨੂੰ ਕੀ ਹੋ ਗਿਆ ਏ ਮਾਂ?" ਉਸ ਨੇ ਪੁੱਛਿਆ।

"ਇਨ੍ਹਾਂ ਦੇ ਦਿਨ ਪੂਰੇ ਹੋ ਗਏ ਨੇ", ਮੈਂ ਕਿਹਾ; ਤੇ ਉਸ ਪਿਛੋਂ ਹਾਲਤ ਦਿਨੋ-ਦਿਨ ਭੈੜੀ ਬਣਦੀ ਗਈ। ਮੈਂ ਬਥੇਰੀ ਜਾਨ ਲੜਾਈ, ਪਰ ਵਿੱਤੋਂ ਬਾਹਰਾ ਕੰਮ ਕਰ ਕੇ ਵੀ ਮੈਂ ਵੀਹ ਕੋਪੀਕ ਤੋਂ ਵੱਧ ਨਾ ਕਮਾ ਸਕਦੀ। ਉਹ ਵੀ ਕਿਸੇ ਚੰਗੇ ਭਾਗਾਂ ਵਾਲ਼ੇ ਦਿਨ, ਰੋਜ਼ ਨਹੀਂ। ਉਸ ਜ਼ਿੰਦਗੀ ਨਾਲ਼ੋਂ ਤਾਂ ਮੌਤ ਚੰਗੀ ਸੀ! ਮੈਂ ਕਈ ਵਾਰ ਆਤਮਘਾਤ ਕਰਨ ਬਾਰੇ ਸੋਚਿਆ। ਕੋਲੂਸ਼ਾ ਨੇ ਮੇਰੀ ਉਹ ਹਾਲਤ ਦੇਖੀ ਤਾਂ ਬੜਾ ਉਦਾਸ ਰਹਿਣ ਲੱਗਾ। ਇਕ ਵਾਰ ਜਦ ਮੈਂ ਸੋਚਿਆ ਕਿ ਇਸ ਜ਼ਿੰਦਗੀ ਦਾ ਭਾਰ ਹੁਣ ਹੋਰ ਨਹੀਂ ਚੁੱਕਿਆ ਜਾਣਾ, ਤਾਂ ਮੈਂ ਕਿਹਾ, 'ਹੇ ਮੇਰੀ ਨਾਮੁਰਾਦ ਜ਼ਿੰਦਗੀ! ਕਿਤੇ ਮੈਨੂੰ ਮੌਤ ਆ ਜਾਵੇ, ਜਾਂ ਤੁਹਾਡੇ ਵਿਚੋਂ ਹੀ ਕਿਸੇ ਨੂੰ ਮੌਤ ਆ ਜਾਵੇ!' ਮਤਲਬ, ਕੋਲੂਸ਼ਾ ਤੇ ਉਸ ਦੇ ਪਿਉ ਨੂੰ। ਉਸ ਦੇ ਪਿਉ ਨੇ ਸਿਰ ਹਿਲਾਇਆ ਜਿਵੇ ਕਿਹਾ ਹੋਵੇ, 'ਮੈਂ ਤਾਂ ਹੁਣ ਥੋੜ੍ਹੇ ਦਿਨਾਂ ਦਾ ਪ੍ਰਾਹੁਣਾ ਹਾਂ। ਐਵੇਂ ਨਾਰਾਜ਼ ਨਾ ਹੋ। ਰਤਾ ਧੀਰਜ ਨਾਲ ਕੰਮ ਲੈ।' ਪਰ ਕੋਲੂਸ਼ਾ ਮੈਨੂੰ ਕਿੰਨਾ ਚਿਰ ਇੱਕ ਟੱਕ ਦੇਖਦਾ ਰਿਹਾ। ਫਿਰ ਘਰੋਂ ਬਾਹਰ ਚਲਾ ਗਿਆ। ਉਸ ਦੇ ਜਾਂਦਿਆਂ ਹੀ ਮੈਨੂੰ ਆਪਣੇ ਲਫਜ਼ਾਂ 'ਤੇ ਅਫਸੋਸ ਹੋਇਆ, ਪਰ ਹੁਣ ਬੀਤਿਆ ਸਮਾਂ ਹੱਥ ਨਹੀਂ ਸੀ ਆ ਸਕਦਾ। ਸਮਾਂ ਹੱਥੋਂ ਨਿਕ਼ਲ ਚੁੱਕਾ ਸੀ। ਹਾਲੀ ਕੋਲੂਸ਼ਾ ਨੂੰ ਗਿਆਂ ਅੱਧਾ ਘੰਟਾ ਹੀ ਹੋਇਆ ਸੀ ਕਿ ਇੱਕ ਸਿਪਾਹੀ ਘੋੜੇ 'ਤੇ ਸਵਾਰ ਹੋਇਆ ਸਾਡੇ ਘਰ ਆਇਆ।


"ਤੁਸੀਂ ਗੋਸਪੋਜਾ ਸ਼ਿਸ਼ਨੀਨਾ ਹੋ?" ਉਸ ਨੇ ਪੁੱਛਿਆ।

ਸੁਣ ਕੇ ਮੇਰਾ ਦਿਲ ਬੈਠ ਗਿਆ।

"ਤੁਹਾਨੂੰ ਹਸਪਤਾਲ ਬੁਲਾਇਆ ਏ।"

ਮੈਂ ਉਸੇ ਵੇ਼ਲੇ ਗੱਡੀ ਵਿਚ ਬੈਠ ਕੇ ਹਸਪਤਾਲ ਗਈ। ਗੱਡੀ ਵਿਚ ਬੈਠਿਆਂ ਮੈਨੂੰ ਲੱਗ ਰਿਹਾ ਸੀ, ਜਿਵੇਂ ਮੈਂ ਭਖਦੇ ਹੋਏ ਕੋਲਿਆਂ 'ਤੇ ਬੈਠੀ ਹੋਵਾਂ। ਮੈਂ ਮੁੜ-ਮੁੜ ਆਪਣੇ ਦਿਲ 'ਚ ਕਹਿੰਦੀ, 'ਲਾਹਣਤ ਏ ਤੇਰੇ ਤੇ! ਮੂਰਖੇ... ਇਹ ਤੂੰ ਕੀ ਕੀਤਾ?'

"ਅਖੀਰ ਮੈਂ ਹਸਪਤਾਲ ਪੁੱਜੀ। ਕੋਲੂਸ਼ਾ ਬਿਸਤਰੇ 'ਤੇ ਪਿਆ ਸੀ। ਉਸ ਦੇ ਹਰ ਅੰਗ ਉਤੇ ਪੱਟੀਆਂ ਬੱਝੀਆਂ ਹੋਈਆਂ ਸਨ। ਉਹ ਮੇਰੇ ਵੱਲ ਵੇਖ ਕੇ ਮੁਸਕਰਾਇਆ... ਫਿਰ ਉਸ ਦੀਆਂ ਗੱਲ੍ਹਾਂ 'ਤੇ ਹੰਝੂ ਵਗਣ ਲੱਗੇ... ਉਸ ਨੇ ਬੁੱਲ੍ਹਾਂ 'ਚ ਹੌ਼ਲੀ ਜਿਹੀ ਕਿਹਾ, "ਮੈਨੂੰ ਮਾਫ ਕਰ ਦੇਈਂ ਮਾਂ... ਸਿਪਾਹੀ ਕੋ਼ਲ ਸਾਡੇ ਪੈਸੇ ਨੇ।"



"ਕਿਹੜੇ ਪੈਸੇ ਕੋਲੂਸ਼ਾ?" ਮੈਂ ਪੁੱਛਿਆ।

"ਇਹ ਪੈਸੇ ਮੈਨੂੰ ਸੜਕ 'ਤੇ ਲੋਕਾਂ ਨੇ ਦਿੱਤੇ ਸਨ, ਤੇ ਨਾ਼ਲੇ ਅਨੋਖਿਨ ਨੇ।" ਉਸ ਨੇ ਕਿਹਾ।

"ਕਾਹਦੇ ਲਈ ਪੈਸੇ ਦਿੱਤੇ ਉਨ੍ਹਾਂ?" ਮੈਂ ਪੁੱਛਿਆ।

"ਇਸ ਲਈ...।" ਉਸ ਨੇ ਕਿਹਾ ਤੇ ਨਿੰਮੀ ਚੀਸ ਉਸ ਦੇ ਮੂੰਹੋਂ ਨਿਕ਼ਲੀ। ਉਸ ਦੀਆਂ ਅੱਖਾਂ ਕੌਲ ਫੁੱਲਾਂ ਵਰਗੀਆਂ ਵੱਡੀਆਂ-ਵੱਡੀਆਂ ਸਨ।

ਮੈਂ ਕਿਹਾ, "ਕੋਲੂਸ਼ਾ! ਭਲਾ ਘੋੜਿਆਂ ਦਾ ਤੈਨੂੰ ਪਤਾ ਨਾ ਲੱਗਾ?"

ਉਸ ਨੇ ਮੈਨੂੰ ਬੜੇ ਸਾਫ ਲਫਜ਼ਾਂ ਵਿਚ ਕਿਹਾ, "ਮੈਂ ਵੇਖਿਆ ਸੀ ਉਨ੍ਹਾਂ ਨੂੰ, ਪਰ ਮੈਂ ਉਨ੍ਹਾਂ ਦੇ ਰਾਹ ਵਿਚੋਂ ਹਟਣਾ ਨਹੀਂ ਸਾਂ ਚਾਹੁੰਦਾ... ਮੈਂ ਸੋਚਿਆ, ਜੇ ਉਨ੍ਹਾਂ ਮੈਨੂੰ ਮਿੱਧ ਸੁੱਟਿਆ ਤਾਂ ਲੋਕ ਮੈਨੂੰ ਪੈਸੇ ਦੇਣਗੇ, ਤੇ ਉਨ੍ਹਾਂ ਪੈਸੇ ਦਿੱਤੇ ਵੀ।" ਇਹ ਸਨ ਉਸ ਦੇ ਲਫਜ਼। ਤਦ ਮੈਨੂੰ ਸਾਰੀ ਗੱਲ ਦੀ ਸਮਝ ਆਈ ਕਿ ਉਸ ਨੇ ਇੰਦਾਂ ਕਿਉਂ ਕੀਤਾ ਸੀ; ਪਰ ਸਮਾਂ ਹੱਥੋਂ ਨਿਕ਼ਲ ਚੁੱਕਾ ਸੀ। ਅਗਲੇ ਦਿਨ ਸਵੇਰੇ ਉਹ ਚਲਾਣਾ ਕਰ ਗਿਆ। ਉਸ ਦਾ ਦਿਮਾਗ ਅੰਤਲੀ ਘੜੀ ਤੱਕ ਸਾਫ ਸੀ, ਤੇ ਉਹ ਕਹਿੰਦਾ ਰਿਹਾ, "ਪਿਤਾ ਜੀ ਲਈ ਇਹ ਖਰੀਦੀਂ, ਉਹ ਖਰੀਦੀਂ... ਆਪਣੇ ਲਈ ਵੀ ਕੋਈ ਚੀਜ਼ ਖਰੀਦੀਂ। ਜਿੱਦਾਂ ਇਹ ਕਿਤੇ ਬਹੁਤ ਵੱਡੀ ਰਕਮ ਹੋਵੇ! ਕੁੱਲ ਮਿ਼ਲਾ ਕੇ 47 ਰੂਬਲ ਸਨ। ਮੈਂ ਅਨੋਖਿਨ ਕੋ਼ਲ ਗਈ, ਪਰ ਉਸ ਨੇ ਮੈਨੂੰ ਸਿਰਫ 5 ਰੂਬਲ ਦਿੱਤੇ, ਤੇ ਉਹ ਵੀ ਬੜੇ ਔਖਿਆਂ ਹੋ ਕੇ।

ਜਾਂਦਿਆਂ ਹੀ ਉਸ ਨੇ ਕਿਹਾ, "ਮੁੰਡਾ ਜਾਣ-ਬੁੱਝ ਕੇ ਘੋੜਿਆਂ ਥੱਲੇ ਆਇਆ ਹੈ। ਬਥੇਰੇ ਲੋਕਾਂ ਨੇ ਇਹ ਅੱਖੀਂ ਵੇਖਿਆ ਹੈ। ਫਿਰ ਪੈਸੇ ਕਾਹਦੇ?" ਮੈਂ ਮੁੜ ਉਸ ਕੋ਼ਲ ਨਹੀਂ ਗਈ। ਸਾਡੇ ਨਾਲ ਤਾਂ ਇੰਜ ਹੋਇਆ ਜੁਆਨਾ।...

ਉਹ ਚੁੱਪ ਹੋ ਗਈ, ਤੇ ਫਿਰ ਪਹਿਲਾਂ ਵਰਗਾ ਲਾਪ੍ਰਵਾਹੀ ਭਰਿਆ ਭਾਵਹੀਣ ਚਿਹਰਾ ਦਿਸਣ ਲੱਗਾ।

ਕਬਰਸਤਾਨ ਵਿਚ ਸੁੰਨ ਸੀ, ਚੁੱਪ-ਚਾਂ। ਸਲੀਬਾਂ, ਬਿਮਾਰ ਜਾਪ ਰਹੇ ਰੁੱਖ, ਥੇਹ ਬਣੀਆਂ ਕਬਰਾਂ, ਤੇ ਕਬਰਾਂ 'ਤੇ ਬੈਠੀ ਸੋਗ ਮਨਾ ਰਹੀ ਔਰਤ... ਇਨ੍ਹਾਂ ਸਾਰੀਆਂ ਗੱਲਾਂ ਨੇ ਮੌਤ ਅਤੇ ਮਨੁੱਖੀ ਦੁੱਖਾਂ ਬਾਰੇ ਸੋਚਣ 'ਤੇ ਮਜਬੂਰ ਕੀਤਾ, ਪਰ ਆਸਮਾਨ ਵਿਚ ਕੋਈ ਬੱਦਲ ਨਹੀਂ ਸੀ, ਤੇ ਧਰਤੀ ਉਤੇ ਅੱਗ ਵਰ੍ਹ ਰਹੀ ਸੀ।

ਮੈਂ ਆਪਣੀ ਜੇਬ ਵਿਚੋਂ ਕੁਝ ਪੈਸੇ ਕੱਢੇ ਤੇ ਉਸ ਔਰਤ ਵੱਲ ਵਧਾਏ। ਉਸ ਨੇ ਸਿਰ ਹਿਲਾਇਆ ਤੇ ਅਜੀਬ ਜਿਹੇ ਅੰਦਾਜ਼ ਵਿਚ ਹੌ਼ਲੀ-ਹੌ਼ਲੀ ਕਿਹਾ, "ਇਸ ਦੀ ਖੇਚਲ ਨਾ ਕਰ, ਅੱਜ ਦੇ ਗੁਜ਼ਾਰੇ ਲਈ ਪੈਸੇ ਹਨ ਮੇਰੇ ਕੋ਼ਲ। ਮੈਨੂੰ ਬਹੁਤਿਆਂ ਦੀ ਲੋੜ ਨਹੀਂ ਹੈ। ਮੈਂ ਹੁਣ 'ਕੱਲੀ ਹੀ ਹਾਂ। ਇਸ ਦੁਨੀਆਂ ਵਿਚ 'ਕੱਲੀ-ਕਾਰੀ।"

ਉਸ ਨੇ ਡੂੰਘਾ ਹਉਕਾ ਭਰਿਆ, ਮੁੜ ਆਪਣੇ ਬੁੱਲ੍ਹ ਭੀਚ ਲਏ। ਉਸ ਦੇ ਚਿਹਰੇ 'ਤੇ ਪੀੜਾਂ ਲੱਦੀ ਰੇਖਾ ਉਭਰ ਆਈ ਸੀ।

# ਮਾਂਵਾਂ ਕਿੱਧਰ ਜਾਣ

ਗੁਰੂ ਘਰ ਦੇ ਮੇਨ ਗੇਟ ਉਪਰ ਬਰੇਕ ਮਾਰਦਿਆਂ ਨਿਰਮਲ ਨੇ ਕਿਹਾ, "ਲਓ ਮਾਤਾ ਜੀ, ਗੁਰਦੁਆਰਾ ਆ ਗਿਆ।"

"ਜਿਉਂਦਾ ਰਹੁ ਪੁੱਤ।" ਕਾਰ ਵਿਚੋਂ ਉਤਰਨ ਤੋਂ ਪਹਿਲਾਂ ਹੀ ਮਾਤਾ ਜੀ ਬੋਲੇ।

ਨਿਰਮਲ ਬੋਲਿਆ, "ਮਾਤਾ ਜੀ, ਵੈਸੇ ਤਾਂ ਮੈਨੂੰ ਕੋਈ ਹੱਕ ਨਹੀਂ ਇਹ ਸਵਾਲ ਪੁੱਛਣ ਦਾ, ਲੇਕਿਨ ਪੁੱਛੇ ਬਗ਼ੈਰ ਰਹਿ ਵੀ ਨਹੀਂ ਹੋਣਾ... ਅੱਜ ਨਾ ਤਾਂ ਐਤਵਾਰ ਐ, ਤੇ ਨਾ ਹੀ ਕੋਈ ਵਿਆਹ-ਸ਼ਾਦੀ। ਫਿਰ ਤੁਸੀਂ ਨੰਗੇ ਪੈਰੀਂ ਘਬਰਾਏ ਹੋਏ ਮੇਰੀ ਕਾਰ ਹੇਠਾਂ ਆਉਣ ਲੱਗੇ ਸੀ। ਸਭ ਠੀਕ ਤਾਂ ਹੈ?"

"ਬੇ ਪੁੱਤ ਚੱਲ ਕੋਈ ਨਾ! ਤੂੰ ਵੀ ਤਾਂ ਮੇਰੇ ਮਹਿੰਗੇ ਪੁੱਤ ਵਰਗਾ ਏਂ। ਅੱਜ ਮੈਂ ਗੁਰੂ ਘਰ ਦੀ ਕਮੇਟੀ ਤੋਂ ਇਕ ਮਾਂ ਦਾ ਹੱਕ ਮੰਗਣ ਆਈ ਆਂ। ਦਰਅਸਲ ਸ਼ਹਿਰੀ ਪੈਟਰੋਲ ਪੰਪ ਦਾ ਮਾਲਕ ਮਹਿੰਗਾ ਸਿੰਘ ਮੇਰਾ ਪੁੱਤ ਐ। ਵੈਸੇ ਤਾਂ ਅਮਰੀਕਾ ਵਿਚ ਸੁੱਖ ਨਾਲ ਮੇਰੇ ਦੋ ਪੁੱਤ ਆ। ਇਕ ਨੇ ਪਹਿਲਾਂ ਘਰੋਂ ਕੱਢ ਦਿੱਤਾ, ਹੁਣ ਦੂਜੇ ਨੇ ਇਹ ਕਹਿ ਕੇ ਕੱਢਿਆ ਕਿ ਮੇਰੇ ਮੁੰਡੇ ਦਾ ਵਿਆਹ ਹੋ ਗਿਆ ਹੈ, ਹੁਣ ਸਾਡੇ ਘਰ ਤੇਰੇ ਲਈ ਕੋਈ ਜਗ੍ਹਾ ਨਹੀਂ ਹੈ, ਜਿਥੇ ਮਰਜ਼ੀ ਜਾਹ।" ਅੱਖਾਂ ਭਰਦੀ ਮਾਂ ਇਕੋ ਸਾਹੇ ਨਿਰਮਲ ਨੂੰ ਆਪਣੀ ਕਹਾਣੀ ਸੁਣਾਉਂਦੀ ਰਹੀ।

ਨਿਰਮਲ ਮਾਤਾ ਨਾਲ ਹਮਦਰਦੀ ਜਤਾਉਂਦਾ ਬੋਲਿਆ, "ਮੂਰਖ ਦੁਨੀਆਂ... ਜੇ ਨੂੰਹ ਘਰੇ ਆ ਗਈ ਤਾਂ ਮਾਂ ਨੂੰ ਘਰੋਂ ਥੋੜ੍ਹਾ ਕੱਢ ਦਈਦਾ। ਦੇਖੋ ਉਏ ਲੋਕੋ, ਕਿਹੋ ਜਿਹਾ ਸਮਾਂ ਆ ਗਿਆ। ਕਿਹੋ ਜਿਹੇ ਕਲਜੁਗੀ ਸਰਵਣ ਪੁੱਤ ਪੈਦਾ ਹੋ ਗਏ? ਮਾਤਾ ਜੀ ਤੁਸੀਂ ਹੌਸਲਾ ਰੱਖੋ, ਵਾਹਿਗੁਰੂ ਨੂੰ ਸਭ ਦਾ ਫਿਕਰ ਹੈ।" ਮਾਤਾ ਨੂੰ ਫਤਹਿ ਬੁਲਾਉਂਦਿਆਂ ਨਿਰਮਲ ਨੇ ਕਾਰ ਅੱਗੇ ਤੋਰੀ ਤੇ ਮੂੰਹ ਵਿਚ ਹੀ ਕਿਹਾ, 'ਦੋ ਪੁੱਤਾਂ ਨਾਲੋਂ ਚੰਗਾ ਸੀ ਮਾਂ, ਜੇ ਧੀ ਇਕੋ ਜੰਮੀ ਹੁੰਦੀ।'

ਕਾਰ ਅੰਦਰ ਚਲ ਰਹੀ ਪੰਜਾਬੀ ਟੇਪ ਦੀ ਆਵਾਜ਼ ਜਦੋਂ ਉਚੀ ਕੀਤੀ ਤਾਂ ਅੱਗਿਉਂ ਕੁਲਦੀਪ ਮਾਣਕ ਦਾ ਗਾਣਾ ਚੱਲ ਰਿਹਾ ਸੀ, 'ਮਾਂ ਹੁੰਦੀ ਏ ਮਾਂ, ਓ ਦੁਨੀਆਂ ਵਾਲਿਓ।' ਨਿਰਮਲ ਨੇ ਲਾਲ ਬੱਤੀ ਉਪਰ ਕਾਰ ਰੋਕਦਿਆਂ ਗਾਣਾ ਬੰਦ ਕੀਤਾ, ਤੇ ਮਨ ਹੀ ਮਨ ਵਿਚ ਸੋਚਣ ਲੱਗਾ... 'ਮੇਰੀ ਵੀ ਤਾਂ ਘਰਵਾਲੀ ਨੇ ਮੇਰੀ ਮਾਂ ਨੂੰ ਕਿਵੇਂ ਤੰਗ ਕਰ ਕੇ ਇੰਡੀਆ ਜਾਣ ਲਈ ਮਜਬੂਰ ਕਰ ਦਿੱਤਾ ਸੀ।'... ਹਉਕਾ ਭਰਦਾ ਨਿਰਮਲ ਬੋਲਿਆ, "ਮਾਂਵਾਂ ਕਿੱਧਰ ਜਾਣ ਵਿਚਾਰੀਆਂ?"

ਉਧਰ, ਮਾਤਾ ਦੇ ਮੱਥਾ ਟੇਕਣ ਤੋਂ ਪਹਿਲਾਂ ਹੀ ਗੁਰੂ ਘਰ ਦੀ ਕਮੇਟੀ ਆਈ ਬੈਠੀ ਸੀ। ਕਮੇਟੀ ਵਾਲਿਆਂ ਨੇ ਮਾਤਾ ਦੀ ਸਾਰੀ ਕਹਾਣੀ ਸੁਣਨ ਤੋਂ ਬਾਅਦ ਮਹਿੰਗਾ ਸਿੰਘ ਨੂੰ ਫੋਨ ਲਾਇਆ, ਤੇ ਫੋਨ ਦਾ ਸਪੀਕਰ ਔਨ ਕਰ ਦਿੱਤਾ ਤਾਂ ਜੋ ਹਰ ਕਮੇਟੀ ਮੈਂਬਰ ਮਹਿੰਗਾ ਸਿੰਘ ਦੀ ਆਵਾਜ਼ ਸੁਣ ਸਕੇ। ਕਮੇਟੀ ਦਾ ਇਕ ਮੈਂਬਰ ਗਿਆਨ ਸਿੰਘ ਜੋ ਖ਼ੁਦ ਸੁਲਝਿਆ ਹੋਇਆ, ਗੁਣੀ-ਗਿਆਨੀ, ਬੋਲਿਆ, "ਭਾਈ ਵੀਰ ਮਹਿੰਗਾ ਸਿੰਘ ਜੀ, ਤੁਹਾਡੇ ਮਾਤਾ ਜੀ ਸਾਡੀ ਗੁਰੂ ਘਰ ਕਮੇਟੀ ਕੋਲੇ ਸ਼ਿਕਾਇਤ ਭਰੀ ਬੇਨਤੀ ਲੈ ਕੇ ਆਏ ਹਨ। ਇਸ ਵੇਲੇ ਸਾਡੇ ਕੋਲੇ ਬੈਠੇ ਹਨ, ਉਨ੍ਹਾਂ ਦੀ ਸ਼ਿਕਾਇਤ ਇਹ ਹੈ ਕਿ ਤੁਸੀਂ ਆਪਣੀ ਮਾਤਾ ਜੀ ਨੂੰ ਘਰੋਂ ਕੱਢ ਦਿੱਤਾ ਹੈ?" ਅੱਗਿਉਂ ਮਹਿੰਗਾ ਸਿੰਘ ਉਸ ਮੈਂਬਰ ਨੂੰ ਟੁੱਟ ਕੇ ਪੈ ਗਿਆ, "ਤੇਰੀ ਹਿੰਮਤ ਕਿਵੇਂ ਹੋਈ ਮੈਨੂੰ ਫੋਨ ਕਰਨ ਦੀ", ਤੇ ਉਹ ਫੋਨ 'ਤੇ ਹੀ ਗੁਰੂ ਘਰ ਦੀ ਕਮੇਟੀ ਨੂੰ ਗਾਲ੍ਹਾਂ ਕੱਢਣ ਲੱਗ ਪਿਆ, ਜਦ ਕਿ ਉਹ ਖ਼ੁਦ ਵੀ ਕਮੇਟੀ ਦਾ ਅਹੁਦੇਦਾਰ ਹੈ। ਉਹ ਗੁੱਸੇ ਨਾਲ ਫੋਨ ਪਟਕਦਾ ਦੇਖਦਿਆਂ-ਦੇਖਦਿਆਂ ਮਿੰਟਾਂ-ਸਕਿੰਟਾਂ ਵਿਚ ਹੀ ਝੱਗੇ ਦੀਆਂ ਬਾਹਾਂ ਚੜ੍ਹਾਉਂਦਾ ਲਾਲ-ਪੀਲਾ ਹੁੰਦਾ ਗੁਰੂ ਘਰ ਪਹੁੰਚ ਗਿਆ ਤੇ ਪੂਰੀ ਕਮੇਟੀ ਨੂੰ ਬੁਰਾ-ਭਲਾ ਬੋਲਣ ਲੱਗਾ। ਸੰਗਤ ਦੇ ਇਕ ਮੈਂਬਰ ਬੱਬੂ ਨੇ ਸਮਝਾਉਣ ਦੀ ਕੋਸ਼ਿਸ਼ ਕੀਤੀ ਤਾਂ ਉਸ ਨੂੰ ਝਈਆਂ ਲੈ ਲੈ ਪਵੇ।

ਕਮੇਟੀ ਨੇ ਮਾਤਾ ਦੇ ਮੁੰਡੇ ਨੂੰ ਉਸੇ ਵਕਤ ਕਮੇਟੀ ਦੀ ਅਹੁਦੇਦਾਰੀ ਤੋਂ ਖਾਰਜ ਕਰ ਦਿੱਤਾ। ਫਿਰ ਗਿਆਨ ਸਿੰਘ ਮਾਤਾ ਨੂੰ ਕਹਿਣ ਲੱਗਾ, "ਮਾਤਾ ਜੀ, ਤੁਸੀਂ ਤਾਂ ਕਿੰਨੇ ਚਾਵਾਂ-ਲਾਡਾਂ ਨਾਲ ਆਪਣੇ ਪੁੱਤ ਦਾ ਨਾਮ ਮਹਿੰਗਾ ਸਿੰਘ ਰੱਖਿਆ ਸੀ... ਦੇਖੋ ਨਿਕਲਿਆ ਕਿੰਨਾ ਸਸਤਾ... ਮਾਤਾ ਜੀ ਇਹ ਕਲਜੁਗ ਹੈ... ਚਲੋ ਛੱਡੋ ਕੋਈ ਗੱਲ ਨਹੀਂ, ਮੇਰਾ ਘਰ ਤੇ ਮੇਰਾ ਦਿਲ ਵਾਹਿਗੁਰੂ ਦੀ ਕ੍ਰਿਪਾ ਨਾਲ ਬਹੁਤ ਵੱਡਾ ਹੈ। ਅੱਜ ਤੋਂ ਤੁਸੀਂ ਮੇਰੇ ਘਰੇ, ਸਾਡੇ ਪਰਿਵਾਰ ਨਾਲ ਰਹੋਗੇ। ਤੁਹਾਨੂੰ ਢਿੱਡੋਂ ਜੰਮੇ ਨਾਲੋਂ ਕਿਤੇ ਵੱਧ ਪਿਆਰ-ਸਤਿਕਾਰ ਮਿਲੇਗਾ।

ਰੋਂਦੀ ਮਾਤਾ ਨੂੰ ਚੁੱਪ ਕਰਵਾਉਂਦਾ ਗਿਆਨ ਸਿੰਘ ਮਾਤਾ ਦੀ ਬਾਂਹ ਫੜ, ਗੁਰੂ ਘਰ ਦੀਆਂ ਪੌੜੀਆਂ ਉਤਰ ਗਿਆ।

***-ਪ੍ਰੀਤਮ ਸਿੰਘ ਸੱਗੂ***

***ਫੋਨ: 775-329-6225***

# ਸਾਈਂ ਵੇ ਅਕਲਾਂ ਦਾ ਮੇਘ ਲੈ ਕੇ ਆਈਂ...

ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaisudhar.com

"ਹੈਲੋ ਮਿਸਟਰ ਸਿੰਘ! ਕੀ ਹਾਲ ਐ ਤੁਹਾਡਾ।" ਪਰੀਆਂ ਵਰਗੀ ਨਰਸ ਨੇ ਗੁਲਾਬ ਦੀਆਂ ਪੱਤੀਆਂ ਵਰਗੇ ਬੁੱਲ੍ਹਾਂ ਵਿਚੋਂ ਮਿਸਰੀ ਭਰੀ ਮਿਠਾਸ ਬਿਖੇਰੀ।

"ਠੀਕ ਹਾਂ।" ਆਪਣੀ ਬੀਤ ਚੁੱਕੀ ਜ਼ਿੰਦਗੀ ਦੀ ਕਿਤਾਬ ਪੜ੍ਹਨੋਂ ਹਟਦਾ ਮੈਂ ਬੋਲਿਆ ਸਾਂ।

"ਮਿਸਟਰ ਸਿੰਘ! ਅੱਜ ਤੁਹਾਨੂੰ ਹਸਪਤਾਲ ਤੋਂ ਛੁੱਟੀ ਮਿਲ ਜਾਣੀ ਹੈ।" ਨਰਸ ਨੇ ਕੌਫ਼ੀ ਦਾ ਕੱਪ ਬਣਾਉਂਦਿਆਂ ਕਿਹਾ।

"ਠੀਕ ਹੈ, ਪਰ ਮੈਂ ਜਾਣਾ ਨਹੀਂ ਚਾਹੁੰਦਾ। ਹੁਣ ਮੇਰਾ ਇਥੇ ਦਿਲ ਲੱਗ ਗਿਆ ਹੈ।" ਮੈਂ ਕੌਫ਼ੀ ਦਾ ਕੱਪ ਫੜਦਿਆਂ ਕਿਹਾ।

ਨਰਸ ਅਜੇ ਕੁਝ ਹੋਰ ਪੁੱਛਦੀ ਜਾਂ ਦੱਸਦੀ, ਫੋਨ ਦੀ ਘੰਟੀ ਵੱਜ ਗਈ। ਮੈਂ ਫੋਨ ਚੁੱਕਦਿਆਂ ਹੈਲੋ ਕਿਹਾ ਤਾਂ ਅਗਿਉਂ ਬੇਟੀ 'ਗੁੱਡ ਮਾਰਨਿੰਗ' ਆਖ ਰਹੀ ਸੀ ਤੇ ਲੰਮੀ ਉਮਰ ਲਈ ਦੁਆਵਾਂ ਮੰਗ ਰਹੀ ਸੀ। ਬੇਟੀ ਦਾ ਧੰਨਵਾਦ ਕਰ ਕੇ ਮੈਂ ਫੋਨ ਰੱਖ ਦਿੱਤਾ। ਨਰਸ ਦੋ-ਚਾਰ ਹੋਰ ਗੱਲਾਂ ਕਰ ਕੇ ਚਲੀ ਗਈ। ਮੈਂ ਟੀ.ਵੀ. 'ਤੇ ਨਿਊਜ਼ ਸੁਣਨ ਲੱਗ ਪਿਆ। ਕਤਲ, ਡਕੈਤੀ, ਬਲਾਤਕਾਰ ਦੀਆਂ ਖ਼ਬਰਾਂ ਸੁਣਦਾ ਮੈਂ ਅੱਕ ਗਿਆ। ਫਿਰ ਆਪਣੇ ਅਤੀਤ ਦੀ ਕਿਤਾਬ ਉਥੋਂ ਪੜ੍ਹਨੀ ਸ਼ੁਰੂ ਕੀਤੀ ਜਿਥੋਂ ਮੈਂ ਪੜ੍ਹਦਾ ਹਟਿਆ ਸੀ।

ਮੈਂ ਅਤਿ ਦੀ ਗਰੀਬੀ ਵਿਚ ਪੈਦਾ ਹੋਇਆ ਤੇ ਜਵਾਨੀ ਵਿਚ ਗ਼ਰੀਬੀ ਨਾਲ ਸੰਘਰਸ਼ ਕਰਦਾ ਜਿੱਤ ਦੇ ਝੰਡੇ ਗੱਡ ਕੇ ਬਹੁਤ ਅਮੀਰ ਹੋ ਗਿਆ ਸੀ। ਮੇਰਾ ਨਾਂ ਮਸ਼ਹੂਰ ਹੋ ਗਿਆ। ਮੈਂ ਖਾਸ ਲੋਕਾਂ ਵਿਚ ਗਿਣਿਆ ਜਾਣ ਲੱਗਾ ਪਰ ਮੇਰੀ ਸਾਰੀ ਨਿਮਰਤਾ ਮੇਰੀ ਗਰੀਬੀ ਦੇ ਨਾਲ ਹੀ ਚਲੀ ਗਈ ਸੀ। ਧਨਾਢ ਬਣਨ ਨਾਲ ਹਉਮੈ ਤੇ ਹੰਕਾਰ ਮੇਰੇ ਮੋਢਿਆਂ 'ਤੇ ਥਾਣੇਦਾਰ ਦੇ ਸਟਾਰਾਂ ਵਾਂਗ ਚਿੰਬੜ ਗਏ ਸਨ। ਮੈਂ ਅਮਰੀਕਾ ਕਦੇ ਨਹੀਂ ਸੀ ਆ ਸਕਦਾ। ਇਥੇ ਆਉਣਾ ਵੀ ਸਬੱਬ ਹੀ ਬਣਿਆ। ਮੇਰਾ ਮਿੱਤਰ ਜੋ ਖਾਲਸਾ ਕਾਲਜ ਪੜ੍ਹਦਾ ਸੀ, ਉਸ ਨੂੰ ਪੁਲਿਸ ਨੇ ਨਾਜਾਇਜ਼ ਹੀ ਚੁੱਕ ਲਿਆ ਸੀ। ਉਹ ਮਾਪਿਆਂ ਦਾ ਇਕਲੌਤਾ ਪੁੱਤ ਸੀ। ਉਸ ਦਾ ਬਾਪ ਮਿਲਟਰੀ ਦਾ ਵੱਡਾ ਅਫ਼ਸਰ ਸੀ। ਪੁਲਿਸ ਨੇ ਰਿਸ਼ਵਤ ਲੈ ਕੇ ਛੱਡ ਦਿੱਤਾ। ਜਦੋਂ ਫਿਰ ਦੂਜੀ ਵਾਰ ਉਹ ਫੜਿਆ ਗਿਆ ਤਾਂ ਕਈ ਦਿਨ ਪਤਾ ਹੀ ਨਾ ਲੱਗਾ, ਉਹ ਕਿੱਥੇ ਹੈ। ਮਾਪਿਆਂ ਦੀਆਂ ਅੱਖਾਂ ਦਾ ਤਾਰਾ ਮਸਾਂ ਲੱਭਿਆ, ਉਹ ਵੀ ਇਸ ਕਰ ਕੇ, ਕਿ ਬਾਪ ਨੇ ਸਰਕਾਰੀ ਦਬਾਅ ਪੁਆਇਆ ਸੀ। ਉਨ੍ਹਾਂ ਦਿਨਾਂ ਵਿਚ ਪੰਜਾਬ, ਨੌਜਵਾਨਾਂ ਲਈ ਸੁਰੱਖਿਅਤ ਥਾਂ ਨਹੀਂ ਸੀ। ਫਿਰ ਮੇਰੇ ਮਿੱਤਰ ਨੂੰ ਬਾਹਰ ਭੇਜਣ ਦੀ ਵਿਉਂਤ ਘੜੀ ਜਾਣ ਲੱਗੀ। ਪਤਾ ਨਹੀਂ ਇਸ ਵਿਉਂਤਬੰਦੀ ਵਿਚ ਮੈਂ ਕਦੋਂ ਮੰਜੇ ਦੀ ਚੂਲ ਵਾਂਗ ਠੋਕਿਆ ਗਿਆ। ਜਾਅਲੀ ਪਾਸਪੋਰਟਾਂ 'ਤੇ ਹੀ ਅਸੀਂ ਅਮਰੀਕਾ ਆ ਗਏ। ਮੈਨੂੰ ਤਾਂ ਮੁਫ਼ਤ ਵਿਚ ਅਮਰੀਕਾ ਮਿਲ ਗਿਆ, ਤੇ ਮਿੱਤਰ ਦੀ ਜਿਵੇਂ ਜ਼ਿੰਦਗੀ ਬਚ ਗਈ ਹੋਵੇ। ਮਿੱਤਰ ਦੇ ਮਾਪੇ ਖੁਸ਼ ਸਨ ਕਿ ਹੁਣ ਉਨ੍ਹਾਂ ਦਾ ਪੁੱਤ ਸੁਰੱਖਿਅਤ ਹੈ। ਮੇਰੇ ਮਾਪੇ ਕਹਿੰਦੇ, ਸਾਡਾ ਖੋਟਾ ਸਿੱਕਾ ਚੱਲ ਗਿਆ।

ਸਭ ਤੋਂ ਪਹਿਲਾਂ ਅਸੀਂ ਪੱਕੇ ਹੋਣ ਦਾ ਜੁਗਾੜ ਕਰਨ ਲੱਗੇ। ਬੋਲੀ ਸਿੱਖਦਿਆਂ ਦੋਵਾਂ ਨੇ ਦੋ ਗੋਰੀਆਂ ਨਾਲ ਪੇਚਾ ਪਾ ਲਿਆ। ਗੋਰੀਆਂ ਦੀ ਬਦੌਲਤ ਮੈਨੂੰ ਤਾਂ ਗਰੀਨ ਕਾਰਡ ਮਿਲ ਗਿਆ, ਪਰ ਮਿੱਤਰ ਅਜੇ ਜੱਦੋਜਹਿਦ ਕਰ ਰਿਹਾ ਸੀ। ਮੈਂ ਆਪਣੇ ਘਰ ਕੋਈ ਡਾਲਰ ਨਹੀਂ ਸੀ ਭੇਜਿਆ। ਪਹਿਲਾਂ ਗੋਰੀ ਖਾਂਦੀ ਰਹੀ, ਫਿਰ ਮੈਂ ਇਥੇ ਹੀ ਡਾਲਰ ਸਾਂਭਦਾ ਰਿਹਾ ਕਿ ਕੋਈ ਬਿਜਨਸ ਕਰਾਂਗਾ। ਮਿੱਤਰ ਮੇਰਾ ਨੇਕ ਇਨਸਾਨ ਸੀ। ਰੱਬ ਨੂੰ ਮੰਨਣ ਵਾਲਾ ਤੇ ਸਭ ਦਾ ਮਦਦਗਾਰ; ਤੇ ਮੈਂ ਟਿੱਚਰਾਂ ਤੇ ਮਖੌਲ ਤੋਂ ਇਲਾਵਾ ਕੁਝ ਨਹੀਂ ਜਾਣਦਾ ਸੀ। ਫਿਰ ਰੱਬ ਉਸ ਨੂੰ ਵੀ ਨੀਂਵਾਂ ਹੋ ਕੇ ਬਹੁੜਿਆ। ਉਸ ਨੂੰ ਪੰਜਾਬਣ ਕੁੜੀ ਦਾ ਰਿਸ਼ਤਾ ਮਿਲ ਗਿਆ ਤੇ ਉਹ ਦਾ ਘਰ ਵਸ ਗਿਆ। ਕੰਮਾਂ-ਧੰਦਿਆਂ ਦੀਆਂ ਟੱਕਰਾਂ ਮਾਰਦੇ ਹੋਏ ਅਸੀਂ ਛੋਟਾ ਜਿਹਾ ਸਟੋਰ ਖੋਲ੍ਹਣ ਵਿਚ ਕਾਮਯਾਬ ਹੋ ਗਏ। ਉਹ ਸਟੋਰ ਕੀ, ਜਿਵੇਂ ਡਾਲਰਾਂ ਵਾਲੀ ਬੋਰੀ ਲੱਭ ਗਈ ਹੋਵੇ। ਕਹਿੰਦੇ ਨੇ ਰੱਬ ਛੱਪਰ ਪਾੜ ਕੇ ਦਿੰਦਾ ਹੈ। ਇਹ ਕਿਸੇ ਨੇ ਦੇਖਿਆ ਤਾਂ ਨਹੀਂ, ਪਰ ਅਸੀਂ ਇਸ ਨੂੰ ਸੱਚ ਹੁੰਦਾ ਦੇਖਿਆ ਹੈ। ਫਿਰ ਅਸੀਂ ਤਰੱਕੀ ਦੀ ਪੌੜੀ ਚੜ੍ਹਦੇ ਗਏ। ਇਕ ਤੋਂ ਤਿੰਨ ਸਟੋਰ ਕਰ ਲਏ। ਮੈਂ ਪਿੰਡ ਜਾ ਕੇ ਵਿਆਹ ਕਰਵਾ ਆਇਆ ਪਰ ਆਪਣੇ ਘਰ ਇਕ ਇੱਟ ਵੀ ਨਹੀਂ ਲਾਈ। ਮੈਂ ਨਾ ਤਾਂ ਆਪਣੀਆਂ ਭੈਣਾਂ ਦੇ ਵਿਆਹ ਕੀਤੇ, ਨਾ ਹੀ ਆਪਣੇ ਭਰਾਵਾਂ ਦੀ ਕੋਈ ਮਦਦ ਕੀਤੀ। ਭਰਾਵਾਂ ਨੇ ਆਪਣੀ ਮੀਡੀਆਂ ਆਪ ਗੁੰਦੀਆਂ। ਉਨ੍ਹਾਂ ਨੂੰ ਮੇਰਾ ਅਮਰੀਕਾ ਆਉਣ ਦਾ ਕੋਈ ਸਹਾਰਾ ਨਹੀਂ ਹੋਇਆ। ਮੇਰੇ ਮੱਥੇ ਅਮੀਰੀ ਦੀ ਕਲਗੀ ਲੱਗ ਗਈ। ਮੈਂ ਹੰਕਾਰੀ ਹੁੰਦਿਆਂ ਪੁਰਾਣੀ ਮਿੱਤਰਤਾ ਧੋਖੇ ਦੀ ਤਲਵਾਰ ਨਾਲ ਵੱਢ ਸੁੱਟੀ। ਮੇਰਾ ਮਿੱਤਰ ਬਹੁਤ ਰੋਇਆ ਕਿ ਪੈਸਾ ਹੀ ਸਭ ਕੁਝ ਨਹੀਂ ਹੁੰਦਾ, ਤੂੰ ਇੰਜ ਨਾ ਕਰ। ਮੈਂ ਦੋ ਵਧੀਆ ਸਟੋਰ ਆਪ ਰੱਖ ਲਏ, ਤੇ ਦੋ ਮਾੜੇ ਸਟੋਰ ਉਸ ਦੇ ਗਲ ਮੜ੍ਹ ਦਿੱਤੇ। ਮੇਰੀ ਘਰਵਾਲੀ ਆ ਗਈ। ਪਹਿਲਾਂ ਪੁੱਤਰ ਤੇ ਫਿਰ ਧੀ ਹੋ ਗਈ। ਘਰਵਾਲੀ ਵੀ ਸਟੋਰ 'ਤੇ ਹੱਥ ਵਟਾਉਣ ਲੱਗੀ। ਉਹ ਭਲੇ ਘਰ ਦੀ ਧੀ ਸੀ ਜਿਸ ਨੇ ਜ਼ੋਰ ਪਾ ਕੇ ਮੇਰੇ ਕੋਲੋਂ ਮੇਰੇ ਭਰਾਵਾਂ ਦੇ ਪੇਪਰ ਭਰਵਾ ਦਿੱਤੇ।

ਸਮਾਂ ਬੀਤਦਾ ਗਿਆ। ਮੇਰੇ ਕੋਲ ਪੰਜ ਸਟੋਰ ਹੋ ਗਏ। ਵੱਡਾ ਘਰ ਤੇ ਵਧੀਆ ਕਾਰਾਂ। ਯਾਰਾਂ-ਦੋਸਤਾਂ ਦੀਆਂ ਮਹਿਫ਼ਿਲਾਂ। ਮੈਂ ਬਿਜਨਸਮੈਨਾਂ ਦੀ ਕਤਾਰ ਵਿਚ ਗਿਣਿਆ ਜਾਣ ਲੱਗਾ। ਮਿੱਤਰ ਕੋਲ ਉਹੀ ਦੋ ਸਟੋਰ ਸਨ। ਉਸ ਦੀ ਤਰੱਕੀ ਨਾ ਹੋਣ ਨੂੰ ਮੈਂ ਨਿਕੰਮੇਪਣ ਦਾ ਖ਼ਿਤਾਬ ਦਿੰਦਾ। ਉਹ ਸ਼ਾਇਦ ਆਪਣੀ ਚਾਲ ਵਿਚ ਮਸਤ ਸੀ ਪਰ ਮੈਂ ਅਮੀਰੀ ਦੀ ਦੌੜ ਵਿਚ ਹੋਰ ਅੱਗੇ ਵਧਣਾ ਚਾਹੁੰਦਾ ਸੀ। ਉਸ ਦੇ ਵੀ ਦੋ ਬੱਚੇ ਹੋਏ, ਮੇਰੇ ਬੱਚਿਆਂ ਦੇ ਹਮਉਮਰ ਤੇ ਹਮਜਮਾਤੀ। ਮੈਂ ਕਿਸੇ ਦੀ ਗਰੀਬੀ ਦਾ ਮਜ਼ਾਕ ਬੜਾ ਸੋਹਣਾ ਉਡਾ ਲੈਂਦਾ ਸੀ। ਜੇ ਕੋਈ ਮਦਦ ਮੰਗਦਾ ਸੀ ਤਾਂ ਉਸ ਨੂੰ ਵੀਹ ਟੋਟਕੇ ਸੁਣਾਉਂਦਾ ਸੀ। ਘਰਵਾਲੀ ਹਮੇਸ਼ਾ ਕਹਿੰਦੀ ਸੀ, 'ਤੁਸੀਂ ਇੰਜ ਨਾ ਕਰਿਆ ਕਰੋ। ਰੱਬ ਦੇ ਰੰਗਾਂ ਦਾ ਕੋਈ ਪਤਾ ਨਹੀਂ। ਉਹ ਜਲ ਤੋਂ ਥਲ, ਤੇ ਥਲ ਤੋਂ ਜਲ ਕਰ ਦਿੰਦਾ ਹੈ।' ਪਰ ਘਰਵਾਲੀ ਦੀਆਂ ਗੱਲਾਂ ਹਵਾਈ ਜਹਾਜ਼ ਵਾਂਗ ਉਤੋਂ ਦੀ ਲੰਘ ਜਾਂਦੀਆਂ ਸਨ।

ਬੱਚੇ ਜਵਾਨ ਹੋ ਗਏ, ਕਾਲਜ ਜਾਣ ਲੱਗ ਪਏ। ਮੈਂ ਗੁਰਦੁਆਰੇ ਦੇ ਕੰਮਾਂ-ਕਾਰਾਂ ਵਿਚ ਵੀ ਰੁਝ ਗਿਆ। ਪ੍ਰਧਾਨਗੀ ਦੀ ਕਲਗੀ ਲਵਾਉਣ ਲਈ ਪ੍ਰਬੰਧਕ ਕਮੇਟੀ ਵਿਚ ਚੀਰ-ਫਾੜ ਕੀਤੀ ਅਤੇ ਆਪਣੀ ਚਲਾਕੀ ਦੇ ਕਿੱਲ ਠੋਕਣ ਲੱਗ ਪਿਆ। ਸਾਰਾ ਦਿਨ ਲੋਕਾਂ ਦੀਆਂ ਚੁਗਲੀਆਂ ਤੇ ਨਿੰਦਿਆ ਕਰਦਾ ਫੋਨ ਕੰਨ ਨਾਲੋਂ ਨਾ ਲਾਹੁੰਦਾ। ਉਧਰ, ਮਿੱਤਰ ਦੇ ਪਹਿਲੇ ਖਿਆਲ ਰੰਗ ਲਿਆਏ। ਉਹ ਸਾਰਾ ਪਰਿਵਾਰ ਅੰਮ੍ਰਿਤਧਾਰੀ ਹੋ ਗਿਆ। ਮੈਂ ਉਸ ਨੂੰ ਨਿਸ਼ਾਨਾ ਬਣਾਉਂਦਾ ਹੋਇਆ ਗਾਤਰੇ ਵਾਲਿਆਂ ਨੂੰ ਬੁਰਾ-ਭਲਾ ਤੱਕ ਬੋਲ ਜਾਂਦਾ। ਮਿੱਤਰ ਦੇ ਬੱਚੇ ਵੀ ਬਹੁਤ ਸਿਆਣੇ ਬਣੇ ਅਤੇ ਮੇਰੇ ਬੱਚੇ ਆਪ-ਮਤੀਏ ਹੋ ਗਏ। ਉਹ ਆਪਣੀ ਜ਼ਿੰਦਗੀ ਆਪਣੇ ਢੰਗ ਨਾਲ ਜਿਊਣਾ ਚਾਹੁੰਦੇ ਸਨ। ਮੈਂ ਵਡਿਆਈ ਦਾ ਮਾਰਿਆ ਗੁਰਦੁਆਰੇ ਬਥੇਰਾ ਦਾਨ ਕਰਦਾ, ਪਰ ਸਟੋਰ 'ਤੇ ਖੜ੍ਹੇ ਕਾਮੇ ਨੂੰ ਪਾਣੀ ਪੀਣ ਦੀ ਇਜਾਜ਼ਤ ਨਾ ਦਿੰਦਾ। ਮੈਂ ਇਹ ਭੁੱਲ ਗਿਆ ਸੀ ਕਿ ਗਰੀਬਾਂ ਦਾ ਮੂੰਹ ਗੁਰੂ ਕੀ ਗੋਲਕ ਹੁੰਦੀ ਹੈ। ਗੁਰਦੁਆਰੇ ਕੋਈ ਐਤਵਾਰ ਸੇਵਾ ਤੋਂ ਖਾਲੀ ਹੁੰਦਾ ਤਾਂ ਉਹ ਮੇਰੇ ਨਾਮ ਪੱਕਾ ਹੋ ਜਾਂਦਾ ਸੀ। ਇਹ ਮੇਰੀ ਸੇਵਾ-ਭਾਵਨਾ ਨੂੰ ਸਗੋਂ ਪੈਸੇ ਦਾ ਗੁਮਾਨ ਸੀ। ਫਿਰ ਮੇਰਾ ਪੁੱਤਰ ਪਾਰਟੀਆਂ ਵਿਚ ਜਾਣ ਲੱਗ ਪਿਆ। ਉਹ ਆਪਣੇ ਘਰ ਵੀ ਪਾਰਟੀ ਵਾਂਗ ਰੱਖ ਲੈਂਦਾ ਸੀ। ਮੌਜ-ਮਸਤੀਆਂ ਕਰਦਾ ਉਹ ਨਸ਼ੇ ਵੀ ਕਰਨ ਲੱਗ ਪਿਆ। ਫਿਰ ਪੜ੍ਹਾਈ ਛੱਡ ਗਿਆ। ਪੁੱਤਰ ਕਾਹਦਾ, ਰੁਪਏ ਦਾ ਉਜਾੜਾ ਸੀ ਪਰ ਮੇਰੀਆਂ ਅੱਖਾਂ 'ਤੇ ਅਜੇ ਵੀ ਹੰਕਾਰ ਦੀ ਪੱਟੀ ਬੱਝੀ ਹੋਈ ਸੀ। ਮੇਰੀ ਘਰਵਾਲੀ ਹਮੇਸ਼ਾ ਕਹਿੰਦੀ, 'ਹੋਰ ਕੰਮਾਂ ਨਾਲੋਂ ਆਪਣੇ ਬੱਚਿਆਂ ਦਾ ਖਿਆਲ ਰੱਖੋ। ਇਹ ਚੌਧਰਾਂ ਕਿਸੇ ਕੰਮ ਨਹੀਂ ਆਉਣੀਆਂ ਜੇ ਬੱਚੇ ਹੀ ਵਿਗੜ ਗਏ।' 'ਬੱਚਿਆਂ ਦੇ ਦਿਨ ਹਨ, ਮੌਜਾਂ ਕਰਨ ਦੇ', ਕਹਿ ਕੇ ਮੈਂ ਉਸ ਨੂੰ ਚੁੱਪ ਕਰਵਾ ਦਿੰਦਾ। ਉਹ ਜ਼ਖ਼ਮੀ ਪੰਛੀ ਵਾਂਗ ਤੜਫ ਕੇ ਰਹਿ ਜਾਂਦੀ।

ਮੇਰੀਆਂ ਅੱਖਾਂ 'ਤੇ ਬੱਝੀ ਪੱਟੀ ਉਸ ਵਕਤ ਖੁੱਲ੍ਹੀ ਜਦੋਂ ਪੁੱਤ ਨਸ਼ੇ ਵੇਚਦਾ ਫੜਿਆ ਗਿਆ। ਲਾਡਾਂ ਨਾਲ ਪਾਲੇ ਪੁੱਤ ਨੂੰ ਹਵਾਲਾਤ ਵਿਚ ਦੇਖ ਕੇ ਮਨ ਖ਼ਰਾਬ ਤਾਂ ਹੋਇਆ, ਪਰ ਅਮੀਰੀ ਦੀ ਚਾਬੀ ਨਾਲ ਹਵਾਲਾਤ ਦਾ ਜਿੰਦਰਾ ਖੋਲ੍ਹ ਲਿਆ, ਜ਼ਮਾਨਤਾਂ ਦੀ ਰਕਮ ਭਰ ਕੇ। ਪੁੱਤ ਨੂੰ ਡਰ ਨਹੀਂ, ਸਗੋਂ ਹੌਸਲਾ ਮਿਲ ਗਿਆ ਕਿ ਜਦੋਂ ਬਾਪੂ ਮੇਰੇ ਨਾਲ ਹੈ, ਤਾਂ ਮੈਨੂੰ ਕਿਸੇ ਦਾ ਕੀ ਡਰ!

"ਹੈਲੋ ਮਾਸਟਰ ਸਿੰਘ, ਦੇਖੋ ਕੌਣ ਆਇਆ, ਤੁਹਾਡਾ ਪੱਕਾ ਤੇ ਪੁਰਾਣਾ ਮਿੱਤਰ।" ਨਰਸ ਨੇ ਕਹਿੰਦਿਆਂ ਮੇਰੀ ਲੜੀ ਤੋੜ ਦਿੱਤੀ। ਮੈਂ ਆਪਣੇ ਮਿੱਤਰ ਦੇ ਗਲ ਲੱਗ ਧਾਹ ਮਾਰ ਰੋਣ ਲੱਗ ਪਿਆ। ਰੋਂਦਿਆਂ-ਰੋਂਦਿਆਂ ਮੈਂ ਫਿਰ ਲੜੀ ਜੋੜ ਲਈ।...

ਮੇਰਾ ਪੱਤ ਹੱਥੋਂ ਨਿਕਲ ਗਿਆ ਸੀ। ਧੀ 'ਤੇ ਕੀਤਾ ਮਾਣ ਵੀ ਟੁੱਟ ਗਿਆ ਜਦੋਂ ਉਸ ਨੇ ਆਪਣਾ ਗੋਰਾ ਮਿੱਤਰ ਮੇਰੇ ਅੱਗੇ ਖੜ੍ਹਾ ਕਰ ਦਿੱਤਾ, ਤੇ ਵਿਆਹ ਕਰਵਾਉਣ ਦੀ ਆਗਿਆ ਮੰਗੀ। ਜੋ ਕੁਝ ਮਰਜ਼ੀ ਸੀ, ਪਰ ਧੀ ਦੇ ਇਸ ਕਦਮ ਨੇ ਮੇਰੀ ਸੁੱਤੀ ਪਈ ਅਣਖ ਜਗਾ ਦਿੱਤੀ। ਮੈਂ ਧੀ ਵਿਰੁਧ ਖੜ੍ਹ ਗਿਆ, ਪਰ ਧੀ ਦੀ ਬਗਾਵਤ ਅੱਗੇ ਮੇਰੀ ਅਣਖ ਸੌਂ ਗਈ। ਉਸ ਨੇ ਆਪ ਹੀ ਕੋਰਟ ਮੈਰਿਜ ਕਰਵਾ ਲਈ। ਮੈਂ ਇਸ ਘਟਨਾ ਨਾਲ ਦਿਨੋ-ਦਿਨ ਟੁੱਟਦਾ ਗਿਆ। ਚਿੰਤਾ, ਚਿਤਾ ਬਰਾਬਰ ਹੁੰਦੀ ਗਈ। ਇਸ ਦੌਰਾਨ ਮਿੱਤਰ ਦੇ ਪੁੱਤਰ ਦਾ ਵਿਆਹ ਰੱਖਿਆ ਗਿਆ, ਮੈਨੂੰ ਵੀ ਕਾਰਡ ਭੇਜਿਆ ਪਰ ਮੈਂ ਵਿਆਹ ਵਿਚ ਸ਼ਾਮਲ ਨਹੀਂ ਹੋਇਆ। ਪੈਸਾ ਤੇ ਸਟੋਰ ਜਿੰਨੀ ਛੇਤੀ ਮਿਲੇ ਸਨ, ਉਨੀ ਛੇਤੀ ਚਲੇ ਵੀ ਗਏ। ਪੁੱਤ ਲਈ ਭਰੀ ਜ਼ਮਾਨਤ ਜ਼ਬਤ ਹੋ ਗਈ। ਕਿਸੇ ਹੋਰ ਕੇਸ ਵਿਚ ਉਸ ਨੂੰ ਪੰਜ ਸਾਲ ਦੀ ਸਜ਼ਾ ਹੋ ਗਈ ਸੀ। ਹੁਣ ਭਰਾਵਾਂ ਦੇ ਪੇਪਰ ਨਿਕਲ ਆਏ। ਉਨ੍ਹਾਂ ਨੇ ਆਪਣੇ ਆਪ ਹੀ ਟਿਕਾਣੇ ਬਣਾ ਲਏ। ਮੈਂ ਚਿੰਤਾ ਕਰਦਾ ਡਾਕਟਰਾਂ ਦੇ ਚੱਕਰ ਵਿਚ ਪੈ ਗਿਆ। ਮੇਰੀ ਰਾਤਾਂ ਦੀ ਨੀਂਦ ਉਡ ਗਈ। ਰੱਖੀਆਂ ਚੀਜ਼ਾਂ ਭੁੱਲ ਜਾਂਦਾ। ਗੱਲ-ਗੱਲ 'ਤੇ ਮਾਰਨ ਦੀ ਧਮਕੀ ਦਿੰਦਾ। ਮਹਿਲ ਵਰਗੇ ਘਰ ਵਿਚ ਮੈਂ ਤੇ ਮੇਰੀ ਘਰਵਾਲੀ ਸਾਂ, ਤੇ ਮਹਿੰਗਾ ਲਿਆ ਫਰਨੀਚਰ ਸੀ, ਪਰ ਕੋਈ ਦੁੱਖ ਵੰਡਾਉਣ ਨਾ ਆਉਂਦਾ। ਮੇਰੇ ਅੰਦਰਲੇ ਦੁੱਖ ਨੇ ਮੈਨੂੰ ਖ਼ੂਨ ਦੇ ਕੈਂਸਰ ਦਾ ਰੋਗੀ ਬਣਾ ਦਿੱਤਾ। ਮੈਨੂੰ ਹਸਪਤਾਲ ਦਾਖ਼ਲ ਕਰਵਾ ਦਿੱਤਾ ਗਿਆ। ਮੇਰੀਆਂ ਅੱਖਾਂ ਦਰਵਾਜ਼ੇ ਅਤੇ ਕੰਨ ਫੋਨ ਦੀ ਘੰਟੀ ਵੱਲ ਲੱਗੇ ਰਹਿੰਦੇ, ਪਰ ਕੋਈ ਨਾ ਬਹੁੜਿਆ। ਸਭ ਤੋਂ ਪਹਿਲਾਂ ਮੇਰੀ ਬਾਗ਼ੀ ਧੀ ਅਤੇ ਗੋਰਾ ਜਵਾਈ ਆਏ। ਮੈਂ ਗੁੱਸਾ ਪੀਂਦਾ ਗਿਆ ਤੇ ਆਸ਼ੀਰਵਾਦ ਦਾ ਹੱਥ ਧੀ ਦੇ ਸਿਰ ਰੱਖ ਦਿੱਤਾ। ਹੁਣ ਧੀ-ਜਵਾਈ ਰੋਜ਼ ਆਉਂਦੇ। ਕੋਲ ਬੈਠਦੇ, ਗੱਲਾਂ ਕਰਦੇ। ਮੇਰੇ ਖ਼ੂਨ ਦੀ ਅਦਲਾ-ਬਦਲੀ ਹੁੰਦੀ ਰਹੀ। ਸਰੀਰ ਅੱਧਾ ਰਹਿ ਗਿਆ। ਮੌਤ ਸਰਹਾਣੇ ਬੈਠੀ ਦਿਖਾਈ ਦਿੰਦੀ। ਆਪਣੇ ਆਪ ਨੂੰ ਸਿਵਿਆਂ ਦੇ ਰਾਹ ਅਰਥੀ 'ਤੇ ਪਿਆ ਦੇਖਦਾ। ਹੌਲੀ-ਹੌਲੀ ਹੋਰ ਸੱਜਣ ਵੀ ਹਮਦਰਦੀ ਦੇ ਗੁਲਦਸਤੇ ਲੈ ਕੇ ਆਉਣ ਲੱਗੇ। ਭਰਾ ਵੀ ਆ ਗਏ ਤੇ ਭੈਣਾਂ ਵੀ, ਪਰ ਅਜੇ ਵੀ ਅੱਖਾਂ ਕਿਸੇ ਦੀ ਇੰਤਜ਼ਾਰ ਵਿਚ ਰਹਿੰਦੀਆਂ। ਦੋ ਮਹੀਨੇ ਹੋ ਗਏ ਸਨ।... ਹੁਣ ਮੈਂ ਧੀ ਨੂੰ ਮੁਆਫ਼ ਕਰ ਦਿੱਤਾ ਸੀ। ਜੇ ਗੋਰਾ ਹੋਇਆ ਤਾਂ ਕੀ ਹੋਇਆ, ਉਹ ਚੰਗਾ ਤਾਂ ਇਨਸਾਨ ਹੈ, ਧੀ ਨੂੰ ਖ਼ੁਸ਼ ਰੱਖਦਾ ਹੈ। ਕੁਝ ਦਿਨਾਂ ਲਈ ਮੈਨੂੰ ਅੱਜ ਛੁੱਟੀ ਮਿਲਣੀ ਸੀ। ਨਰਸ ਦੱਸ ਗਈ ਸੀ, ਪਰ ਮੈਂ ਜਾਣਾ ਨਹੀਂ ਸੀ ਚਾਹੁੰਦਾ, ਕਿਉਂਕਿ ਮੈਂ ਕਿਸੇ ਨੂੰ ਉਡੀਕਦਾ ਸੀ, ਤੇ ਉਹ ਅੱਜ ਆ ਗਿਆ ਸੀ।

ਮੇਰੇ ਮਿੱਤਰ ਨੇ ਮੈਨੂੰ ਆਪਣੇ ਨਾਲੋਂ ਪਿਆਰ ਨਾਲ ਲਾਹਿਆ, ਤੇ ਬੈਡ ਉਤੇ ਲਿਟਾ ਦਿੱਤਾ। ਮੈਂ ਰੱਜ ਕੇ ਰੋਇਆ। ਮੇਰੇ ਹੱਥ ਜੁੜ ਚੁੱਕੇ ਸਨ। ਮੈਂ ਉਸ ਤੋਂ ਮੁਆਫ਼ੀ ਮੰਗ ਰਿਹਾ ਸਾਂ। ਮਿੱਤਰ ਵੀ ਰੋ ਰਿਹਾ ਸੀ। ਬਿਨਾਂ ਬੋਲਿਆਂ ਅਸੀਂ ਦੋਵਾਂ ਨੇ ਇਕ-ਦੂਜੇ ਨੂੰ ਮੁਆਫ਼ ਕਰ ਦਿੱਤਾ। ਮਿੱਤਰਤਾ ਦੀ ਗੰਢ ਪੱਕੀ ਕਰ ਲਈ। ਕਮਰੇ ਵਿਚ ਹਾਸੇ ਦੀਆਂ ਲਹਿਰਾਂ ਵਗ ਤੁਰੀਆਂ। ਟੁੱਟੀ ਯਾਰੀ ਗੰਢੀ ਗਈ। ਉਸ ਨੇ ਡਾਕਟਰਾਂ ਨਾਲ ਗੱਲ ਕੀਤੀ। ਛੁੱਟੀ ਲੈਣ ਦਾ ਖਿਆਲ ਹਟਾ ਲਿਆ, ਦੁਬਾਰਾ ਇਲਾਜ ਸ਼ੁਰੂ ਹੋਇਆ। ਹੌਲੀ-ਹੌਲੀ ਮੈਂ ਠੀਕ ਹੋਣ ਲੱਗਾ। ਮਿੱਤਰ ਸਾਰਾ ਦਿਨ ਮੇਰੇ ਕੋਲ ਰਹਿੰਦਾ। ਇਤਿਹਾਸ ਸੁਣਾਉਂਦਾ, ਬਾਣੀ ਸੁਣਾਉਂਦਾ, ਫਿਰ ਉਸ ਦੇ ਅਰਥ ਕਰ ਕੇ ਦੱਸਦਾ। ਮੇਰਾ ਦੁੱਖ ਟੁੱਟਦਾ ਗਿਆ ਤੇ ਮੈਂ ਠੀਕ ਹੋ ਗਿਆ। ਕੁਦਰਤ ਦਾ ਕ੍ਰਿਸ਼ਮਾ ਸਮਝੋ, ਮੈਨੂੰ ਸਿਵਿਆਂ ਵਾਲਾ ਰਾਹ, ਜ਼ਿੰਦਗੀ ਵਿਚ ਤਬਦੀਲ ਹੋਇਆ ਜਾਪਿਆ। ਮੇਰੀ ਬਿਮਾਰੀ ਜਾਣ ਵੇਲੇ ਮੇਰਾ ਹੰਕਾਰ ਤੇ ਹਉਮੈ, ਸਭ ਲੈ ਗਈ। ਟੁੱਟੀ ਯਾਰੀ ਵਿਚੋਂ ਮੈਨੂੰ ਨਿਮਰਤਾ ਤੇ ਪਿਆਰ ਦਾ ਤੋਹਫ਼ਾ ਮਿਲਿਆ। ਭਰਾਵਾਂ ਵਰਗਾ ਵਿਛੜਿਆ ਮਿੱਤਰ ਮਿਲ ਗਿਆ। ਮੈਂ ਠੀਕ ਹੋ ਕੇ ਘਰ ਆ ਗਿਆ। ਮਿੱਤਰ ਨੇ ਫਿਰ ਇਕ ਸਟੋਰ ਦੀ ਚਾਬੀ ਫੜਾ ਦਿੱਤੀ। ਸਮਾਂ ਬੀਤਿਆ ਤਾਂ ਪੁੱਤ ਵੀ ਵਾਪਸ ਆ ਗਿਆ। ਮਿੱਤਰ ਦਾ ਲੈਣ-ਦੇਣ ਕਰ ਕੇ ਮੈਂ ਅੱਜ ਸਭ ਪਾਸਿਉਂ ਖ਼ੁਸ਼ ਹਾਂ। ਪੁੱਤਰ ਵਿਆਹ ਦਿੱਤਾ। ਸਟੋਰ ਇਕ ਹੀ ਹੈ, ਪਰ ਅਸੀਂ ਬਹੁਤ ਖ਼ੁਸ਼ ਹਾਂ। ਹੁਣ ਪਰਮਾਤਮਾ ਕ੍ਰਿਪਾ ਕਰੇ, ਮੈਨੂੰ ਅੰਮ੍ਰਿਤ ਦੀਆਂ ਦਾਤਾਂ ਬਖ਼ਸ਼ੇ, ਬਾਣੀ ਨਾਲ ਜੋੜੀ ਰੱਖੇ।

ਇਹ ਹੱਡ ਬੀਤੀ ਸੁਣਾਉਣ ਵਾਲਾ ਬਾਈ ਹੁਣ ਚੜ੍ਹਦੀ ਕਲਾ ਵਿਚ ਹੈ।

# ਵੇਖਣਾ ਕਿਤੇ ਕਬੱਡੀ ਮੁਜਰਾ ਨਾ ਬਣ ਜਾਵੇ

ਖੇਡ ਜਗਤ

ਕ੍ਰਿਕਟ, ਹਾਕੀ ਤੇ ਹੋਰ ਖੇਡਾਂ ਦੀਆਂ ਲੀਗਾਂ ਵਾਂਗ ਪੰਜਾਬੀਆਂ ਦੀ ਦੇਸੀ ਖੇਡ ਕਬੱਡੀ ਦੀ ਵਰਲਡ ਲੀਗ 9 ਅਗਸਤ ਤੋਂ ਸ਼ੁਰੂ ਹੋ ਰਹੀ ਹੈ। ਇਹ 4 ਮਹੀਨੇ ਚੱਲੇਗੀ ਜਿਸ ਦੇ ਮੈਚ ਤਿੰਨ ਮਹਾਂਦੀਪਾਂ ਦੇ ਵੱਖ ਵੱਖ ਸ਼ਹਿਰਾਂ ਵਿਚ ਖੇਡੇ ਜਾਣਗੇ। ਉਥੇ ਕਬੱਡੀ ਦੀਆਂ ਪਕੜਾਂ ਦੇ ਨਾਲ ਫਿਲਮੀ ਨਾਚ ਗਾਣਿਆਂ ਦੇ ਮੁਜਰੇ ਵੀ ਹੋਣਗੇ। ਵੇਖਾਂਗੇ ਕਬੱਡੀ ਉਪਰ ਰਹਿੰਦੀ ਹੈ ਜਾਂ ਨੱਚਣ ਗਾਉਣ? ਸਪੋਰਟਸ ਦਾ ਸੋਨੀ ਚੈਨਲ ਇਸ ਦੀ ਕਵਰੇਜ ਕਰੇਗਾ ਜਿਸ ਦੇ ਨਜ਼ਾਰੇ ਕੁਲ ਦੁਨੀਆਂ 'ਚ ਵਸਦੇ ਪੰਜਾਬੀ ਵੇਖ ਸਕਣਗੇ। ਲੀਗ ਦਾ ਆਗਾਜ਼ ਲੰਡਨ ਦੇ ਆਲੀਸ਼ਾਨ ਖੇਡ ਭਵਨ ਓ ਟੂ ਅਰੀਨਾ ਵਿਚ ਹੋ ਰਿਹੈ। 9 ਅਤੇ 10 ਅਗਸਤ ਨੂੰ ਕਬੱਡੀ ਦੇ ਦੋ-ਦੋ ਮੈਚ ਖੇਡੇ ਜਾਣਗੇ। ਸਟੇਡੀਅਮ ਦੇ ਦਰਵਾਜ਼ੇ ਦੁਪਹਿਰ ਇਕ ਵਜੇ ਖੁੱਲ੍ਹ ਜਾਣਗੇ ਤੇ 2 ਵਜੇ ਰੰਗਾ ਰੰਗ ਪ੍ਰੋਗਰਾਮ ਸ਼ੁਰੂ ਹੋ ਜਾਵੇਗਾ। ਭਾਰਤੀ ਸਮੇਂ ਮੁਤਾਬਿਕ ਸ਼ਾਮ 6:30 ਵਜੇ ਤੋਂ ਮਨੋਰੰਜਨੀ ਸ਼ੋਅ ਤੇ ਕਬੱਡੀ ਦੇ ਮੈਚ ਟੀ.ਵੀ. ਸਕਰੀਨਾਂ ਤੋਂ ਦਿਖਾਈ ਦੇ ਸਕਣਗੇ। ਕੈਨੇਡਾ/ਅਮਰੀਕਾ 'ਚ ਉਸ ਸਮੇਂ ਸਵੇਰਾ ਹੋਵੇਗਾ।

ਲੀਗ ਦੇ ਪ੍ਰਬੰਧਕਾਂ ਵੱਲੋਂ ਦੱਸਿਆ ਜਾ ਰਿਹੈ ਕਿ ਬਾਲੀਵੁੱਡ ਦਾ ਨਾਮੀ ਫਿਲਮ ਸਟਾਰ ਅਕਸ਼ੈ ਕੁਮਾਰ ਆਪਣੀ ਟੀਮ ਦੇ ਕਲਾਤਮਿਕ ਸ਼ੋਅ ਨਾਲ ਲੀਗ ਦਾ ਉਦਘਾਟਨ ਕਰੇਗਾ। ਅੱਠ ਟੀਮਾਂ ਦੇ ਨਾਂ ਉਘਤ ਕੇ ਸਾਹਮਣੇ ਆਏ ਹਨ ਜਿਨ੍ਹਾਂ ਵਿਚ ਕਬੱਡੀ ਦੇ ਚੋਣਵੇਂ ਖਿਡਾਰੀਆਂ ਨੂੰ ਵੰਡਿਆ ਗਿਆ ਹੈ। ਅਕਸ਼ੈ ਕੁਮਾਰ ਨੇ ਆਪਣੀ ਟੀਮ ਦਾ ਨਾਂ ਪਹਿਲਾਂ ਖ਼ਾਲਸਾ ਵਾਰੀਅਰਜ਼ ਰੱਖਿਆ ਸੀ ਪਰ ਖ਼ਾਲਸਿਆਂ ਦੇ ਤਪ ਤੇਜ਼ ਨੂੰ ਵੇਖਦਿਆਂ ਉਹਦਾ ਨਾਂ ਬਦਲ ਕੇ ਸਪੀਡੀ ਸਿੰਘ ਰੱਖ ਲਿਆ ਹੈ। ਉਹਦੇ ਭਾਈਵਾਲ ਇੰਗਲੈਂਡ ਦੇ ਕੁਝ ਕਬੱਡੀ ਪ੍ਰਮੋਟਰ ਹਨ। ਇੰਗਲੈਂਡ ਵਾਲਿਆਂ ਦੀ ਦੂਜੀ ਟੀਮ ਦਾ ਨਾਂ ਹੇਅਰ ਭਰਾਵਾਂ ਨੇ ਯੂਨਾਈਟਿਡ ਸਿੰਘਜ਼ ਰੱਖਿਆ ਹੈ ਜਿਸ ਦੀ ਭਾਈਵਾਲ ਫਿਲਮੀ ਐਕਟਰੈਸ ਸੋਨਾਕਸ਼ੀ ਸਿਨ੍ਹਾ ਹੈ। ਕੈਨੇਡਾ ਬੀ.ਸੀ. ਵਿਚ ਰਹਿੰਦੇ ਪੁਰੇਵਾਲ ਭਰਾਵਾਂ ਤੇ ਉਨ੍ਹਾਂ ਦੇ ਸਹਿਯੋਗੀਆਂ ਦੀ ਟੀਮ ਦਾ ਨਾਂ ਵੈਨਕੂਵਰ ਲਾਇਨਜ਼ ਹੈ। ਉਨ੍ਹਾਂ ਨੇ ਕਿਸੇ ਫਿਲਮੀ ਕਲਾਕਾਰ ਜਾਂ ਗਾਇਕ ਨੂੰ ਆਪਣੇ ਨਾਲ ਨਹੀਂ ਲਿਆ। ਕੈਲੀਫੋਰਨੀਆ ਦੇ ਟੁੱਟ ਭਰਾਵਾਂ ਤੇ ਉਨ੍ਹਾਂ ਦੇ ਸਾਥੀਆਂ ਨੇ ਆਪਣੀ ਟੀਮ ਦਾ ਨਾਂ ਕੈਲੀਫੋਰਨੀਆ ਈਗਲਜ਼ ਰੱਖਿਆ ਹੈ। ਅਮਰੀਕਨਾਂ ਦੀ ਦੂਜੀ ਟੀਮ ਰਾਇਲਜ਼ ਯੂ. ਐਸ. ਏ. ਹੋਵੇਗੀ। ਇਕ ਟੀਮ ਦਾ ਨਾਂ ਹਰਿਆਣਾ ਫੋਕਸ ਹੈ ਤੇ ਗਾਇਕ ਹਨੀ ਸਿੰਘ ਦੀ ਟੀਮ ਦਾ ਨਾਂ ਯੋ ਯੋ ਟਾਈਗਰਜ਼ ਹੈ। ਰਜਤ ਬੇਦੀ ਦੀ ਟੀਮ ਦਾ ਨਾਂ ਪੰਜਾਬ ਥੰਡਰਜ਼ ਹੈ।

16 ਤੇ 17 ਅਗਸਤ ਨੂੰ ਬਰਮਿੰਘਮ ਦੇ ਐਲ ਜੀ ਈਰੀਨਾ 'ਚ ਮੈਚ ਹੋਣਗੇ ਜਿਨ੍ਹਾਂ ਦੇ ਖੇਡਣ ਦਾ ਸਮਾਂ ਲੰਡਨ ਵਾਲਾ ਹੀ ਹੋਵੇਗਾ। 30 ਤੇ 31 ਅਗਸਤ ਨੂੰ ਡੁਬਈ ਵਿਚ ਮੈਚ ਖੇਡੇ ਜਾਣਗੇ ਅਤੇ 6 ਤੇ 7 ਸਤੰਬਰ ਨੂੰ ਨਿਊ ਯਾਰਕ ਵਿਚ। 13 ਤੇ 14 ਸਤੰਬਰ ਨੂੰ ਕੈਲੀਫੋਰਨੀਆ ਦੇ ਸ਼ਹਿਰ ਸਟਾਕਟਨ ਵਿਚ ਮੈਚ ਰੱਖੇ ਗਏ ਹਨ। 20 ਤੇ 21 ਸਤੰਬਰ ਨੂੰ ਵੈਨਕੂਵਰ ਨੇੜਲੇ ਸ਼ਹਿਰ ਐਬਟਸਫੋਰਡ ਦੇ ਸੈਂਟਰ ਵਿਚ ਅਤੇ 27 ਤੇ 28 ਸਤੰਬਰ ਨੂੰ ਟੋਰਾਂਟੋ ਵਿਚ ਕਬੱਡੀ ਖੇਡੀ ਜਾਵੇਗੀ। 4 ਤੇ 5 ਅਕਤੂਬਰ ਨੂੰ ਸਟਾਕਟਨ ਵਿਚ ਕਬੱਡੀਆਂ ਪੈਣਗੀਆਂ। ਸੰਭਵ ਹੈ ਲੀਗ ਦੇ ਮੈਚ ਯੂਰਪ ਤੇ ਅਮਰੀਕਾ ਦੇ ਕੁਝ ਹੋਰ ਸ਼ਹਿਰਾਂ ਵਿਚ ਵੀ ਖੇਡੇ ਜਾਣ। ਅਸਲ ਵਿਚ 9 ਤੇ 10 ਅਗਸਤ ਨੂੰ ਲੰਡਨ ਵਿਚਲੇ ਮੈਚਾਂ ਤੋਂ ਹੀ ਪਤਾ ਲੱਗੇਗਾ ਕਿ ਕਬੱਡੀ ਲੀਗ ਕਿਸ ਤਰ੍ਹਾਂ ਚੱਲਦੀ ਹੈ? ਕਿਉਂਕਿ ਕਬੱਡੀ ਦੇ ਚੋਣਵੇਂ ਖਿਡਾਰੀ ਉਸ ਦਿਨ ਲੰਡਨ ਵਿਚ ਹੋਣਗੇ ਇਸ ਲਈ ਉਨ੍ਹਾਂ ਦਿਨਾਂ ਦੌਰਾਨ ਜਿਹੜੇ ਕਬੱਡੀ ਕੱਪ ਪਹਿਲਾਂ ਹੀ ਰੱਖੇ ਗਏ ਹਨ ਉਨ੍ਹਾਂ ਦੇ ਪ੍ਰਬੰਧਕਾਂ ਨੂੰ ਕਬੱਡੀ ਲੀਗ ਨੇ ਫਿਕਰਾਂ ਵਿਚ ਪਾ ਦਿੱਤਾ ਹੈ। ਕੈਨੇਡਾ ਕੱਪ ਵੀ ਉਸੇ ਦਿਨ ਹੈ।

ਵਰਲਡ ਕਬੱਡੀ ਲੀਗ ਨਾਲ ਇਸ ਨੇ ਕਰੋੜਾਂ ਤੋਂ ਅਰਬਾਂ ਦੀ ਹੋ ਜਾਣਾ ਹੈ। ਇਸ ਲੀਗ ਵਿਚ ਹਰੇਕ ਖਿਡਾਰੀ ਦੀ ਖਰੀਦ 6 ਲੱਖ ਤੋਂ 25 ਲੱਖ ਰੁਪਏ ਤਕ ਤੈਅ ਹੋਈ ਹੈ। ਹਰੇਕ ਟੀਮ ਵਿਚ ਕੁਝ ਖਿਡਾਰੀ 'ਏ' ਗਰੇਡ ਦੇ ਹੋਣਗੇ, ਕੁਝ 'ਬੀ' ਅਤੇ ਕੁਝ 'ਸੀ' ਗਰੇਡ ਦੇ। ਦੂਜੀ ਲੀਗ ਦਾ ਭਾਅ ਪਹਿਲੀ ਲੀਗ ਦੇ ਘਾਟੇ ਵਾਧੇ ਮੁਤਾਬਿਕ ਤੈਅ ਹੋਵੇਗਾ। ਕੈਨੇਡਾ ਵਾਲਿਆਂ ਨੇ ਕਬੱਡੀ ਕੱਲਰਾਂ ਤੋਂ ਇਕ ਦਿਨ ਦੇ ਇਕ ਕਰੋੜ ਰੁਪਏ ਕਿਰਾਏ ਵਾਲੇ ਅਤਿ ਆਧੁਨਿਕ ਸਟੇਡੀਅਮ ਸਕਾਈਡੋਮ ਤਕ ਪੁਚਾ ਦਿੱਤੀ ਸੀ। ਫਿਰ ਪੰਜਾਬ ਸਰਕਾਰ ਨੇ ਕਬੱਡੀ ਵਿਸ਼ਵ ਕੱਪਾਂ ਨਾਲ ਕਰੋੜਾਂ ਦੇ ਇਨਾਮਾਂ ਤਕ ਪੁਚਾ ਦਿੱਤੀ। ਕਬੱਡੀ ਦੀ ਵਰਲਡ ਲੀਗ ਸ਼ੁਰੂ ਹੋਣ ਨਾਲ ਕਬੱਡੀ ਦੀ ਖੇਡ ਮੰਡੀ ਦੀ ਪਕੜ 'ਚ ਆ ਗਈ ਹੈ। 9 ਅਗਸਤ ਕਬੱਡੀ ਦਾ ਬਾਜ਼ਾਰ ਲੱਗਣ ਦਾ ਦਿਨ ਹੈ। ਜਦੋਂ ਕੋਈ ਸ਼ੈਅ ਬਜ਼ਾਰੀ ਹੋ ਜਾਵੇ ਤਾਂ ਹੋਰ ਗੱਲਾਂ ਪਿੱਛੇ ਰਹਿ ਜਾਂਦੀਆਂ, ਮੁਨਾਫ਼ਾ ਮੂਹਰੇ ਆ ਜਾਂਦੈ।

ਵੇਖਣਾ ਹੁਣ ਇਹ ਹੈ ਕਿ ਵਰਲਡ ਕਬੱਡੀ ਲੀਗ ਕਿਹੋ ਜਿਹੀ ਹੋਵੇਗੀ? ਇਸ ਰਾਹੀਂ ਕੀ ਪ੍ਰਫੁਲਿਤ ਹੋਵੇਗਾ? ਕੀ ਕਬੱਡੀ ਦੀ ਖੇਡ ਤੇ ਖਿਡਾਰੀ ਪ੍ਰਫੁਲਿਤ ਹੋਣਗੇ ਜਾਂ ਸਿਆਸਤਦਾਨ, ਬਿਜਨਸਮੈਨ ਤੇ ਬਾਲੀਵੁੱਡ ਸਿਤਾਰਿਆਂ ਨੂੰ ਰੰਗ ਭਾਗ ਲੱਗਣਗੇ? ਕਬੱਡੀ ਦੀ ਮਲਾਈ ਕੌਣ ਖਾਵੇਗਾ ਤੇ ਹੱਡ ਕੌਣ ਰਗੜਾਵੇਗਾ?

ਪੰਜਾਬ ਸਰਕਾਰ ਵੱਲੋਂ ਕਰਾਏ ਕਬੱਡੀ ਵਿਸ਼ਵ ਕੱਪਾਂ ਵਿਚ ਕਬੱਡੀ ਦੀ ਮਲਾਈ ਅਕਸ਼ੈ ਕੁਮਾਰ, ਸ਼ਾਹਰੁਖ਼ ਖਾਨ, ਪ੍ਰਿਅੰਕਾ ਚੋਪੜਾ, ਕੈਟਰੀਨਾ ਕੈਫ ਤੇ ਕੁਝ ਹੋਰ ਫਿਲਮੀ ਸਿਤਾਰਿਆਂ ਦੇ ਹਿੱਸੇ ਆਈ ਸੀ। ਕੈਟਰੀਨਾ ਕੈਫ ਮਿਥੇ ਸਮੇਂ ਤੋਂ ਘੱਟ ਨੱਚ ਕੇ ਵੀ ਪੂਰੇ ਪੈਸੇ ਲੈ ਗਈ ਸੀ। ਉਸ ਦਾ ਕਹਿਣਾ ਸੀ ਕਿ ਜਿਹੜੇ ਵਜ਼ੀਰ ਤੇ ਅਫ਼ਸਰ ਮੇਰੇ ਨਾਲ ਹੱਥ ਮਿਲਾਉਂਦੇ ਰਹੇ ਉਹ ਮੇਰੇ ਨੱਚਣ ਦਾ ਸਮਾਂ ਖਾ ਗਏ। ਮੇਰਾ ਕੀ ਕਸੂਰ? ਬਠਿੰਡਾ ਤੇ ਲੁਧਿਆਣਾ ਦੇ ਗੁਰੂ ਨਾਨਕ ਸਟੇਡੀਅਮ ਵਿਚ ਨਾਚੀਆਂ ਵੱਲੋਂ ਵਿਖਾਏ ਅਰਧ ਨਗਨ ਨਾਚਾਂ ਦੀ ਆਲੋਚਨਾ ਵੀ ਹੋਈ ਸੀ। ਕਈ ਪੁਰਾਣੇ ਅਕਾਲੀਆਂ ਘੁਸਰ-ਮੁਸਰ ਕੀਤੀ ਸੀ, ਮਾਣਯੋਗ ਮੁੱਖ ਮੰਤਰੀ ਜੀ ਦੀ ਬਜ਼ੁਰਗੀ ਦਾ ਵੀ ਖਿਆਲ ਨਹੀਂ ਰੱਖਿਆ ਗਿਆ। ਬਜ਼ੁਰਗਾਂ ਤੋਂ ਵੀ ਕਹਿ ਨਾ ਹੋਇਆ ਬਈ ਕਬੱਡੀ 'ਚ ਨਹੀਂ ਜੱਚਦਾ ਇਹ ਕੰਜਰਖਾਨਾ!

ਜੇਕਰ ਵਰਲਡ ਕਬੱਡੀ ਲੀਗ ਦੇ ਪ੍ਰਬੰਧਕ ਪੰਜਾਬ ਦੀ ਨਰੋਈ ਦੇਸੀ ਖੇਡ ਨਾਲ ਪੰਜਾਬ ਦੇ ਨਰੋਏ ਸਭਿਆਚਾਰ ਨੂੰ ਪੇਸ਼ ਤੇ ਪ੍ਰਫੁਲਿਤ ਕਰਨਗੇ ਤਾਂ ਵਧਾਈ ਦੇ ਪਾਤਰ ਹੋਣਗੇ। ਜੇਕਰ ਮੁੰਡੀਰ ਦਾ ਮਨੋਰੰਜਨ ਕਰਨ ਬਹਾਨੇ ਕਬੱਡੀ ਨਾਲ ਅਸ਼ਲੀਲ ਨਾਚ ਗਾਣਿਆਂ ਦਾ ਪ੍ਰਦਰਸ਼ਨ ਕਰਨਗੇ ਤਾਂ ਦੂਰ ਦੂਰ ਕਰਵਾਉਣਗੇ। ਕਬੱਡੀ ਰਾਹੀਂ ਖੇਡ ਸਭਿਆਚਾਰ, ਪੰਜਾਬੀ ਭਾਸ਼ਾ ਤੇ ਪੰਜਾਬੀਅਤ ਦਾ ਜਜ਼ਬਾ ਵਧੇ-ਫੁਲੇ ਇਹ ਪੰਜਾਬੀਆਂ ਦੀ ਰੀਝ ਹੈ। ਵੇਖਣਾ ਕਿਤੇ ਗੰਧਲੇ ਨਾਚ ਗਾਣਿਆਂ ਨਾਲ ਪਹਿਲਾਂ ਹੀ ਪਲੀਤ ਕੀਤੇ ਜਾ ਰਹੇ ਪੰਜਾਬ ਨੂੰ ਕਬੱਡੀ ਲੀਗ ਨਾਲ ਹੋਰ ਪਲੀਤ ਨਾ ਕਰ ਦਿੱਤਾ ਜਾਵੇ। ਕਬੱਡੀ ਕਿਤੇ ਮੁਜਰਾ ਨਾ ਬਣ ਜਾਵੇ!


*-ਪ੍ਰਿੰ. ਸਰਵਣ ਸਿੰਘ, ਕੈਨੇਡਾ*
*ਫੋਨ: 905-799-1661*

# ਬੀਬੀ

## ਮਾਂਵਾਂ-ਧੀਆਂ ਦੀਆਂ ਗਲੋੜੀਆਂ

*ਮਾਂਵਾਂ-ਧੀਆਂ ਦੇ ਰਿਸ਼ਤੇ ਦੀ ਵਿਆਖਿਆ ਦੀ ਕਦੀ ਕਿਸੇ ਨੂੰ ਲੋੜ ਨਹੀਂ ਪਈ। ਰਿਸ਼ਤੇ ਦੀ ਇਹ ਗੰਢ ਆਪ-ਮੁਹਾਰੇ ਅਤੇ ਬਹੁਤ ਪੀਡੀ ਜੁੜੀ ਹੋਈ ਹੈ। ਰਜਵੰਤ ਕੌਰ ਸੰਧੂ ਨੇ ਆਪਣੇ ਇਸ ਲੰਮੇ ਲੇਖ 'ਬੀਬੀ' ਵਿਚ ਭਾਵੇਂ ਨਿਰੋਲ ਆਪਣੀ ਮਾਂ ਬਾਰੇ ਗੱਲਾਂ ਕੀਤੀਆਂ ਹਨ, ਪਰ ਇਹ ਲੇਖ ਪੂਰੇ ਜੱਗ-ਜਹਾਨ ਦੀਆਂ ਧੀਆਂ ਤੇ ਮਾਂਵਾਂ ਦੀ ਗੱਲ ਕਰਦਾ ਜਾਪਦਾ ਹੈ। ਇਹੀ ਇਸ ਲੇਖ ਅਤੇ ਇਸ ਰਿਸ਼ਤੇ ਦੀ ਖੂਬਸੂਰਤੀ ਹੈ। ਸਮਾਜ ਦੀਆਂ ਵਿੰਗੀਆਂ-ਟੇਢੀਆਂ ਸੁੰਨ-ਮਸਾਣ ਗਲੀਆਂ ਵਿਚੋਂ ਲੰਘਦੀਆਂ ਮਾਂਵਾਂ-ਧੀਆਂ ਬਾਰੇ ਇਹ ਚਰਚਾ ਇੰਨੀ ਸਹਿਜ-ਭਰਪੂਰ ਹੈ ਕਿ ਪਾਠਕ-ਮਨ ਦੀਆਂ ਲੜੀਆਂ ਆਪਣੇ ਚੇਤਿਆਂ ਦੀ ਚੰਗੇਰ ਫਰੋਲਣ ਬਹਿ ਜਾਂਦੀਆਂ ਹਨ। ਇਸ ਲੇਖ ਦੀ ਪਹਿਲੀ ਕਿਸ਼ਤ ਅਸੀਂ ਆਪਣੇ ਮੁਹੱਬਤੀ ਪਾਠਕਾਂ ਦੀ ਨਜ਼ਰ ਕਰਨ ਦੀ ਖੁਸ਼ੀ ਲੈ ਰਹੇ ਹਾਂ। -ਸੰਪਾਦਕ*

ਮਾਂਵਾਂ ਕਿਸ ਨੂੰ ਪਿਆਰੀਆਂ ਨਹੀਂ ਹੁੰਦੀਆਂ! ਕਿਸੇ ਲਈ ਠੰਢੀ ਮਿੱਠੀ ਸਵਰਗਾਂ ਵਰਗੀ ਛਾਂ, ਕਿਸੇ ਲਈ ਧਰਤੀ ਵਰਗਾ ਧੀਰਜ ਤੇ ਧਰਵਾਸ, ਕਿਸੇ ਲਈ ਬੇਫ਼ਿਕਰੀ ਵਾਲੀ ਡੂੰਘੀ ਨੀਂਦੇ ਸੌਣ ਵਾਲੀ ਨਿੱਘੀ ਗੋਦ। ਧੀਆਂ ਦੀ ਤਾਂ ਧਿਰ ਹੁੰਦੀਆਂ ਨੇ ਮਾਂਵਾਂ। ਸਭ ਤੋਂ ਨੇੜਲੀਆਂ ਹਮਰਾਜ਼। ਮਿਲ ਬੈਠ ਕੇ 'ਨਿੱਕੀਆਂ ਨਿੱਕੀਆਂ ਗਲੋੜੀਆਂ ਕਰਨ ਵਾਲੀਆਂ।' ਪਰਿਵਾਰਾਂ ਦਾ ਦੁੱਖ ਚੁੱਕਣ ਵਾਲੀਆਂ। ਧੀਆਂ ਦਾ ਭਾਰ ਹੌਲਾ ਕਰਨ ਵਾਲੀਆਂ। ਸਭ ਤੋਂ ਵੱਡਾ ਆਸਰਾ। ਸਾਰੀਆਂ ਮਾਂਵਾਂ ਅਜਿਹੀਆਂ ਹੀ ਹੁੰਦੀਆਂ ਨੇ, ਪਰ ਮੇਰੀ ਮਾਂ ਤਾਂ ਮੇਰੀ ਮਾਂ ਹੈ। ਮੈਂ ਤਾਂ ਆਪਣੀ ਮਾਂ ਦੀ ਗੱਲ ਹੀ ਕਰ ਸਕਦੀ ਹਾਂ। ਮਾਂ ਨੂੰ ਜਹਾਨੋਂ ਤੁਰ ਗਿਆਂ ਦਹਾਕਾ ਲੰਘ ਚੁੱਕਾ ਹੈ ਪਰ ਮੈਂ ਅਜੇ ਵੀ ਉਹਦੀ ਗੋਦ ਵਿਚ ਸਿਰ ਰੱਖ ਕੇ ਸੁੱਤੀ ਪਈ ਹਾਂ। ਸੁਪਨੇ ਵਿਚ ਰੀਲ ਚੱਲਦੀ ਹੈ। ਮਾਂ ਦਾ ਜੀਵਨ ਮੁੱਢ ਤੋਂ ਲੈ ਕੇ ਉਧੜਨਾ ਸ਼ੁਰੂ ਹੋ ਜਾਂਦਾ ਹੈ।



ਮਾਂ ਔਰਤ ਵੀ ਤਾਂ ਹੁੰਦੀ ਹੈ। ਔਰਤ ਦੀ ਹੋਣੀ ਭੋਗਣਾ

**ਰਜਵੰਤ ਕੌਰ ਸੰਧੂ**

ਉਹਦੀ ਸਮਾਜ ਵੱਲੋਂ ਨਿਸ਼ਚਿਤ ਕਰ ਦਿੱਤੀ ਕਿਸਮਤ ਵੀ ਆਖੀ ਜਾ ਸਕਦੀ ਹੈ। ਦੁਆਬੇ ਦੇ ਪਿੰਡ ਸਾਰੋਬਾਦ ਵਿਚ 'ਜਾਗੀਰਦਾਰ' ਵੱਜਦੇ ਹੁੰਦਲਾਂ ਦੇ ਘਰ ਜੰਮੀ ਸੀ ਮੇਰੀ ਮਾਂ। 'ਜਾਗੀਰਦਾਰੀ' ਘਰ ਵਿਚ ਜੰਮੀ ਕੁੜੀ ਨੇ ਜਾਗੀਰਦਾਰੀ ਕਦਰਾਂ-ਕੀਮਤਾਂ ਦਾ ਦੁਖਾਂਤ ਵੀ ਤਾਂ ਭੋਗਣਾ ਸੀ! ਉਹ ਆਪਣੇ ਬਾਪ ਦੀ ਦੂਜੀ ਔਲਾਦ ਸੀ। ਦੂਜੀ ਧੀ। ਦੂਜਾ ਪੱਥਰ। ਪੱਥਰ ਕੀ ਕਿਸੇ ਨੇ ਸਿਰ 'ਚ ਮਾਰਨਾ ਸੀ! ਪਿਉ ਤਾਂ ਪਹਿਲੇ ਪੱਥਰ ਦੀ ਪੀੜ ਨਾਲ 'ਸੀਅ! ਸੀਅ!' ਕਰ ਰਿਹਾ ਸੀ। ਉਹ ਤਾਂ ਉਡੀਕ ਰਿਹਾ ਸੀ ਪੁੱਤ ਨੂੰ। ਪੀੜਾਂ ਹਰ ਲੈਣ ਵਾਲੇ ਖ਼ਾਨਦਾਨੀ ਇਲਾਜ ਨੂੰ, ਪਰ ਦੂਜੀ ਧੀ ਤੋਂ ਬਾਅਦ ਵੀ ਤੀਜਾ ਪੱਥਰ ਸਿਰ ਵਿਚ ਆਣ ਵੱਜਾ ਤਾਂ ਪਿਉ ਨੂੰ ਲੱਗਾ, ਧੀਆਂ ਤਾਂ ਉਹਨੂੰ ਉਮਰ ਤੇ ਟੱਬਰ ਦਾ ਰੋਗ ਬਣ ਕੇ ਆ ਚੰਬੜੀਆਂ ਹਨ। ਹੇਠ ਉਤੇ ਜੰਮੀਆਂ ਤਿੰਨ ਧੀਆਂ ਨੇ ਤਾਂ ਪਿਉ ਦੀ ਲਾਡਲੀ ਵਹੁਟੀ ਦੀ ਕਦਰ ਇੰਨੀ ਘਟਾ ਦਿੱਤੀ ਕਿ 'ਧੀਆਂ ਜੰਮਣ ਵਾਲੀ ਇਸ ਮਸ਼ੀਨ' ਤੋਂ ਪਿਉ ਹੌਲੀ-ਹੌਲੀ ਦੂਰ ਹੋਣ ਲੱਗਾ। ਕੁਝ ਵੱਖਰਾ ਸੋਚਣ ਲੱਗਾ। ਸ਼ਾਇਦ ਠੀਕ ਹੀ ਸੋਚਦਾ ਸੀ। ਧੀਆਂ ਤਾਂ ਜੱਗ ਦਾ ਨਿਸ਼ਾਨ ਨਹੀਂ ਨਾ ਹੁੰਦੀਆਂ! ਧੀਆਂ ਤਾਂ ਪਰਾਇਆ ਧਨ ਹੁੰਦੀਆਂ ਨੇ! ਖ਼ਾਨਦਾਨ ਦੀ ਜੜ੍ਹ ਤਾਂ ਪੁੱਤ ਹੀ ਹੁੰਦਾ ਹੋਇਆ! ਉਹਨੇ ਨਵਾਂ ਵਿਆਹ ਕਰਵਾ ਲਿਆ, ਤੇ ਸਾਰਾ ਪਿਆਰ ਨਵ-ਵਿਆਹੁਤਾ ਦੀ ਝੋਲੀ ਵਿਚ ਉਲੱਦ ਦਿੱਤਾ।

ਹਾਲਾਤ ਦੀ ਕੈਸੀ ਟੇਢ ਵੱਜੀ, ਬੀਬੀ ਦੱਸਦੀ ਹੁੰਦੀ ਸੀ- ਨਵੀਂ ਵਿਆਹੀ ਦੇ ਘਰ ਵੀ ਧੀ ਜੰਮ ਪਈ, ਪਰ ਉਧਰ ਸਾਡੀ ਨਾਨੀ ਦੇ ਘਰ ਪੁੱਤ ਜੰਮ ਪਿਆ। ਖ਼ਾਨਦਾਨ ਦਾ ਪਹਿਲਾ ਪੁੱਤ। ਨਾਨਾ ਸਾਡੀ ਨਾਨੀ ਵੱਲ ਪਰਤਣ ਲੱਗਾ, ਤਾਂ ਨਵੀਂ ਵਿਆਹੀ ਦੇ ਸੱਤੀਂ ਕੱਪੜੀਂ ਅੱਗ ਲੱਗਣੀ ਹੀ ਸੀ। ਉਹਨੂੰ ਆਪਣੀ ਚੜ੍ਹਦੀ ਜਵਾਨੀ ਤੇ ਨਵੇਂ ਹੁਸਨ ਦਾ ਮਾਣ ਵੀ ਸੀ। ਉਹ ਕਿਵੇਂ ਆਪਣੇ ਪਤੀ ਨੂੰ ਸੌਕਣ ਨੇੜੇ ਢੁੱਕਣ ਦਿੰਦੀ। ਉਂਜ ਵੀ ਕੁਝ ਦਿਨਾਂ ਬਾਅਦ ਹੀ ਉਹਦੀ ਨਵ-ਜਨਮੀ ਧੀ ਦੀ ਮੌਤ ਹੋ ਗਈ ਸੀ। ਸੌਕਣ-ਸਾੜਾ ਇੰਨਾ ਕਿ ਨਿੱਕੀ-ਨਿੱਕੀ ਗੱਲ 'ਤੇ ਪਤੀ ਕੋਲ ਸਾਡੀ ਨਾਨੀ ਦੀਆਂ ਝੂਠੀਆਂ ਸ਼ਿਕਾਇਤਾਂ ਕਰਦੀ ਰਹਿੰਦੀ। ਸਿਰ 'ਤੇ ਪੱਟੀ ਬੰਨ੍ਹ ਕੇ 'ਖਣਵੱਟੀ-ਪੱਟੀ' ਲੈ ਕੇ ਲੇਟੀ ਰਹਿੰਦੀ। ਸਾਡੇ ਮਾਮੇ ਨੂੰ ਖਿਡਾਉਂਦੀਆਂ ਤੇ ਖਿੜ-ਖਿੜ ਹੱਸਦੀਆਂ ਤਿੰਨੇ ਭੈਣਾਂ ਉਹਨੂੰ 'ਹਿੜ-ਹਿੜ' ਕਰਦੀਆਂ ਲੱਗਦੀਆਂ। ਮੇਰਾ ਮਾਮਾ ਉਹਨੂੰ ਫੁੱਟੀ ਅੱਖ ਨਾ ਭਾਉਂਦਾ। ਜੇ ਕਿਤੇ ਪਿਉ ਖ਼ੁਸ਼ੀ ਵਿਚ ਪੁੱਤ ਨੂੰ ਕੁੱਛੜ ਚੁੱਕਦਾ ਤਾਂ ਕਹਿਰੀ ਅੱਖਾਂ ਨਾਲ ਉਸ ਵੱਲ ਵਿੰਹਦੀ। ਗੱਲੇ-ਗੱਲੇ ਸਾਡੀ ਨਾਨੀ ਨਾਲ ਲੜਨ ਬਹਿ ਜਾਂਦੀ। ਚੱਤੋ ਪਹਿਰ ਦਾ ਕਲੇਸ਼।

ਇਹ ਅਨੁਮਾਨ ਲਾਉਣਾ ਜ਼ਿਆਦਤੀ ਹੋਵੇਗਾ ਕਿ ਨਵ-ਜਾਤ ਆਪੇ ਮਰ ਗਈ ਸੀ, ਜਾਂ ਮਾਰ ਦਿੱਤੀ ਗਈ ਸੀ। ਜਦੋਂ ਮੈਂ ਮਾਂ ਨੂੰ ਪੁੱਛਦੀ, "ਬੀ ਜੀ! ਮੈਨੂੰ ਤਾਂ ਲੱਗਦੈ ਕਿ ਬਾਪੂ ਜੀ ਨਾਲ ਮਿਲ ਕੇ ਛੋਟੀ ਨਾਨੀ ਨੇ ਕੁੜੀ ਮਾਰ ਦਿੱਤੀ ਹੋਣੀ। ਉਦੋਂ ਤਾਂ ਧੀਆਂ ਮਾਰਨ ਦਾ ਆਮ ਰਿਵਾਜ ਸੀ।"

ਬੀਬੀ ਆਖਦੀ, "ਧੀਏ! ਰੱਬ ਨੂੰ ਜਾਨ ਦੇਣੀ ਹੈ। ਨਾ ਮੈਂ ਝੂਠ ਬੋਲਾਂ ਤੇ ਨਾ ਜੂਠ ਖਾਵਾਂ। ਜਦੋਂ ਪਤਾ ਹੀ ਨਹੀਂ ਤਾਂ ਕਿਵੇਂ ਆਖ ਦਿਆਂ... ਕੁੜੀ ਆਪੇ ਮਰ ਗਈ ਹੋਣੀ। ਦੂਜਾ ਵਿਆਹ ਤਾਂ ਉਹਨੇ ਪੁੱਤ ਦੀ ਆਸ ਵਿਚ ਕੀਤਾ।"

ਸੋਚਦੀ ਕਿ ਮਾਂ ਕੋਲ ਇੰਨਾ ਕੁ ਝੂਠ ਮਾਰਨ ਦੀ ਗੁੰਜਾਇਸ਼ ਤਾਂ ਸੀ, ਪਰ ਉਹ ਇਸ ਗੁੰਜਾਇਸ਼ ਦਾ ਲਾਭ ਨਾ ਲੈਂਦੀ। ਉਹਦੀ ਗੱਲ ਠੀਕ ਸੀ। ਮੇਰੀ ਮਾਂ ਜੂਠ ਤੇ ਝੂਠ ਦੀ ਸਖ਼ਤ ਵਿਰੋਧੀ ਸੀ। ਉਹ ਕਿਸੇ ਨੂੰ ਖਾਣ ਲਈ ਜੂਠੀ ਚੀਜ਼ ਨਾ ਦਿੰਦੀ, ਤੇ ਨਾ ਕਿਸੇ ਦਾ ਜੂਠਾ ਖਾਂਦੀ ਸੀ। ਝੂਠ ਦੀ ਵੀ ਸਖ਼ਤ ਵਿਰੋਧੀ ਸੀ। ਇਹ ਦਾਅਵਾ ਨਹੀਂ ਕਰਦੀ ਸੀ ਕਿ ਉਹਨੇ ਕਦੀ ਝੂਠ ਬੋਲਿਆ ਹੀ ਨਾ ਹੋਵੇ। ਸਦਾ ਸੱਚ ਤਾਂ ਧਰਮ-ਪੁੱਤਰ ਯੁਧਿਸ਼ਟਰ ਵਰਗਿਆਂ ਤੋਂ ਵੀ ਨਾ ਬੋਲਿਆ ਗਿਆ, ਮੇਰੀ ਬੀਬੀ ਸਵਰਨ ਕੌਰ ਕੀਹਦੀ ਪਾਣੀਹਾਰ ਸੀ। ਰੋਜ਼ਮੱਰਾ ਦੀ ਜ਼ਿੰਦਗੀ ਵਿਚ ਉਹਨੂੰ ਵੀ ਸ਼ਾਇਦ ਕਈ ਵਾਰ ਝੂਠ ਬੋਲਣਾ ਪਿਆ ਹੋਵੇਗਾ, ਪਰ ਝੂਠ ਬੋਲਣ ਜਾਂ ਨਾ ਬੋਲਣ ਬਾਰੇ ਉਹਦੀਆਂ ਦੋ ਮਿਸਾਲਾਂ ਦੱਸਣਾ ਚਾਹੁੰਦੀ ਹਾਂ...

ਨਿੱਕੇ ਹੁੰਦਿਆਂ ਦੀ ਗੱਲ ਹੈ। ਸਾਡੇ ਘਰ ਦਾ ਵਿਹੜਾ ਸਾਡੇ ਚਾਚੇ ਤਾਇਆਂ ਨਾਲ ਸਾਂਝਾ ਸੀ। ਚੌਂਤਰਿਆਂ ਦੀਆਂ ਕੰਧੋਲੀਆਂ ਦਾ ਹੀ ਓਹਲਾ ਸੀ। ਲੋਹੜੀ ਦਾ ਦਿਨ ਸੀ। ਸਕਿਆਂ 'ਚੋਂ ਭਰਜਾਈ ਨੇ ਮੀਟ ਬਣਾਇਆ। ਬੀਬੀ ਕਮਰੇ ਵਿਚ ਪਾਠ ਕਰਦੀ ਸੀ। ਭਾਬੀ ਨੇ ਮੌਕਾ ਤਕਾ ਕੇ ਵਿਹੜੇ ਵਿਚ ਖੇਡਦੀਆਂ ਸਾਨੂੰ ਦੋਵਾਂ ਨਿੱਕੀਆਂ ਭੈਣਾਂ ਨੂੰ ਹੱਥ ਦੇ ਇਸ਼ਾਰੇ ਨਾਲ ਬੁਲਾਇਆ, ਤੇ ਕੌਲੀ ਵਿਚ ਮੀਟ ਪਾ ਕੇ ਖਾਣ ਨੂੰ ਦਿੱਤਾ। ਬੀਬੀ ਮੀਟ ਨਹੀਂ ਸੀ ਖਾਂਦੀ, ਖਾਣ ਵੀ ਨਹੀਂ ਸੀ ਦਿੰਦੀ। ਖਾਣਾ ਵੀ ਕੀ ਸੀ, ਜਦੋਂ ਘਰ ਵਿਚ ਬਣਨਾ ਹੀ ਨਹੀਂ ਸੀ ਤਾਂ।

"ਛੇਤੀ-ਛੇਤੀ ਖਾ ਲੋ। ਚਾਚੀ ਨਾ ਵੇਖ ਲਵੇ।"

ਅਸੀਂ ਮੂੰਹ ਪੂੰਝਦੀਆਂ ਉਠੀਆਂ ਤਾਂ ਬੀਬੀ ਕਮਰੇ ਵਿਚੋਂ ਬਾਹਰ ਆ ਗਈ। ਪੁੱਛਣ ਲੱਗੀ, "ਕੀ ਖਾਧਾ ਜੇ?"


ਮੈਥੋਂ ਨਿੱਕੀ ਤਾਂ ਡਰਦੀ ਭੱਜ ਗਈ। ਮੈਂ ਚੁੱਪ ਕੀਤੀ ਖਲੋਤੀ ਰਹੀ। ਬੀਬੀ ਨੇ ਜ਼ੋਰ ਦੇ ਕੇ ਪੁੱਛਿਆ ਤਾਂ ਮੇਰੇ ਮੂੰਹੋਂ ਐਵੇਂ ਹੀ ਨਿਕਲ ਗਿਆ, "ਕੁਛ ਨ੍ਹੀਂ।"

ਬੀਬੀ ਨੇ ਚਪੇੜ ਮੇਰੀ ਗੱਲ੍ਹ 'ਤੇ ਮਾਰੀ, "ਕਿਉਂ ਝੂਠ ਬੋਲਦੀ ਏਂ।"

ਮੈਂ ਸੱਚ ਦੱਸ ਦਿੱਤਾ ਕਿ ਇਕੋ ਕੌਲੀ ਵਿਚ ਦੋਵਾਂ ਭੈਣਾਂ ਨੇ ਭਾਬੀ ਵੱਲੋਂ ਦਿੱਤਾ ਮੀਟ ਖਾਧਾ ਸੀ। ਭਾਬੀ ਨੇ ਵੀ ਆ ਕੇ ਕਿਹਾ, "ਚਾਚੀ ਜੀ, ਇਨ੍ਹਾਂ ਦਾ ਕਸੂਰ ਨਹੀਂ। ਮੈਂ ਦਿੱਤਾ ਸੀ ਖਾਣ ਨੂੰ। ਦਿਨ-ਸੁਧ ਨੂੰ ਖਾ ਵੀ ਲਿਆ ਤਾਂ ਕਿਹੜੀ ਗੱਲ ਏ। ਲਾਗੇ ਬਣਦਾ ਵੇਖ ਮਨ ਕਰ ਆਉਂਦਾ ਏ ਨਿਆਣੀਆਂ ਦਾ।"

"ਹਰਜੀਤ ਕੁਰੇ! ਨਿਰਾ ਮੀਟ ਖਾਣ ਦੀ ਗੱਲ ਨਹੀਂ, ਇਨ੍ਹਾਂ ਜੂਠ ਵੀ ਖਾਧੀ ਤੇ ਝੂਠ ਵੀ ਬੋਲਿਆ।"

ਬਾਹੋਂ ਫੜ ਕੇ ਬੀਬੀ ਮੈਨੂੰ ਕਮਰੇ ਵਿਚ ਲੈ ਗਈ। ਮੈਂ ਰੋਣ ਲੱਗੀ ਤਾਂ ਬੀਬੀ ਨੇ ਗਲ਼ ਨਾਲ ਲਾ ਲਿਆ। ਮੈਨੂੰ ਗੋਦੀ ਵਿਚ ਲੈ ਲਿਆ, ਤੇ ਅੱਖਾਂ ਭਰ ਕੇ ਕਹਿੰਦੀ, "ਧੀਏ! ਝੂਠ ਨਹੀਂ ਬੋਲੀਦਾ।



*ਬੀਬੀ ਸਵਰਨ ਕੌਰ, ਰੂਪ, ਸੁਪਨ ਅਤੇ ਰਜਵੰਤ ਕੌਰ ਸੰਧੂ*

ਮਾਂਵਾਂ ਨਾਲ ਤਾਂ ਕਦੀ ਵੀ ਨਹੀਂ। ਤੁਹਾਡੇ ਸਿਰ 'ਤੇ ਪਿਉ ਦੀ ਛਾਂ ਨਹੀਂ। ਮੈਂ ਤੁਹਾਡੇ ਪਿਉ ਦੀ ਪਤ ਸਾਂਭ ਕੇ ਬੈਠੀ ਆਂ। ਆਪਾਂ ਮਾਂਵਾਂ-ਧੀਆਂ ਦੀ ਇੱਜ਼ਤ ਵੀ ਸਾਂਝੀ ਤੇ ਦੁਖ-ਸੁਖ ਵੀ। ਸਾਡੇ ਵਿਚੋਂ ਇਕ ਵੀ ਡੋਲ ਗਈ, ਸਮਝੀਂ ਇਨ੍ਹਾਂ ਮਹਿਲਾਂ ਦੀਆਂ ਨੀਂਹਾਂ ਹਿੱਲ ਗਈਆਂ। ਆਪਾਂ ਇਕ ਦੂਜੀ ਨਾਲ ਜੁੜ ਕੇ ਇਕ ਦੂਜੀ ਦਾ ਆਸਰਾ ਬਣਨੈਂ। ਜੇ ਆਪਣਾ ਇਕ ਦੂਜੀ 'ਚੋਂ ਯਕੀਨ ਈ ਉਠ ਗਿਆ ਤਾਂ ਜਾਹ ਜਾਂਦੀਏ ਹੋ ਜੂ। ਧੀਏ! ਮਾਂ ਨਾਲ ਕਦੀ ਝੂਠ ਨਾ ਬੋਲੀਂ।" ਮਾਂ ਮੇਰੇ ਅੱਥਰੂ ਵੀ ਪੂੰਝ ਰਹੀ ਸੀ ਤੇ ਆਪਣੇ ਵੀ।

ਉਸ ਤੋਂ ਬਾਅਦ ਮੈਂ ਮੀਟ ਵੀ ਕਦੀ ਨਾ ਖਾਧਾ, ਤੇ ਵਾਹ ਲੱਗਦਿਆਂ ਮਾਂ ਨਾਲ ਝੂਠ ਵੀ ਨਾ ਬੋਲਿਆ।

ਇਕ ਵਾਰ ਕੈਨੇਡਾ ਤੋਂ ਪਰਤ ਕੇ ਆਇਆ ਮੇਰਾ ਪੁੱਤ ਸੁਪਨ ਆਪਣੀ ਨਾਨੀ ਨਾਲ ਲਾਡ ਕਰ ਰਿਹਾ ਸੀ। ਕਹਿੰਦਾ, "ਬੀਬੀ! ਮੇਰੀਆਂ 'ਉਹ ਗੱਲਾਂ' ਇਨ੍ਹਾਂ ਨੂੰ ਦੱਸ ਤਾਂ ਨਹੀਂ ਦਿੱਤੀਆਂ?"


ਬੀਬੀ ਮੁਸਕਰਾ ਕੇ ਸਾਡੇ ਵੱਲ ਵੇਖਣ ਲੱਗੀ। ਬੋਲੀ ਕੁਝ ਨਾ। ਫਿਰ ਸੁਪਨ ਵੱਲ ਮੂੰਹ ਕਰ ਕੇ ਕਹਿੰਦੀ, "ਨਾ; ਮੈਂ ਨਹੀਂ ਦੱਸੀਆਂ।"

ਬੀਬੀ ਦਾ ਜਵਾਬ ਸੁਣ ਕੇ ਅਸੀਂ ਹੈਰਾਨ ਹੋਏ। ਸੰਧੂ ਸਾਹਿਬ (ਵਰਿਆਮ ਸਿੰਘ ਸੰਧੂ) ਕਹਿੰਦੇ, "ਬੀਬੀ! ਹੁਣ ਈ ਦੱਸ ਦੇ। ਕੀ ਲੁਕਾਅ ਰੱਖਦੇ ਰਹੇ ਜੇ ਸਾਡੇ ਕੋਲੋਂ ਨਾਨੀ ਦੋਹਤਾ ਰਲ ਕੇ?"

ਸੁਪਨ ਨੇ ਬੀਬੀ ਨੂੰ ਜੱਫੀ ਪਾ ਲਈ, "ਨਾ ਬੀਬੀ! ਆਪਣੇ ਰਾਜ਼ ਦੀਆਂ ਗੱਲਾਂ ਨੇ। ਇਨ੍ਹਾਂ ਨੂੰ ਨਹੀਂ ਦੱਸਣੀਆਂ।"

ਬੀਬੀ ਕਹਿੰਦੀ, "ਨਹੀਂ ਦੱਸਦੀ।"

*ਤੇ ਫਿਰ ਅਚਨਚੇਤ ਬਿਜਲੀ ਡਿੱਗੀ। ਛੱਬੀ ਜਨਵਰੀ ਦਾ ਦਿਨ ਸੀ। ਸ਼ਾਮ ਹੁੰਦਿਆਂ ਪੁਲਿਸ ਦੀ ਗੱਡੀ ਝਬਾਲ ਪਿੰਡ ਵਿਚ ਪਹੁੰਚੀ। ਵਿਚ ਸਾਡੇ ਪਿਤਾ ਦੀ ਲਾਸ਼ ਸੀ। ਪਿਤਾ ਨਾਮਵਰ ਘੋੜ-ਸਵਾਰ ਸੀ। ਘੋੜ-ਖੇਡਾਂ ਵਿਚ ਕਈ ਤਮਗੇ ਜਿੱਤ ਚੁੱਕਾ ਸੀ। ਲਾਸ਼ ਲਿਆਉਣ ਵਾਲੇ ਪੁਲਸੀਆਂ ਦੱਸਿਆ- 'ਅੱਜ ਵੀ ਗਣਤੰਤਰ ਦਿਹਾੜੇ 'ਤੇ ਘੋੜ-ਸਵਾਰ ਕਰਤੱਵ ਵਿਖਾ ਰਹੇ ਸਨ। ਪਿਤਾ ਦਾ ਘੋੜਾ ਉਛਲ-ਉਛਲ ਰੁਕਾਵਟਾਂ ਪਾਰ ਕਰ ਰਿਹਾ ਸੀ। ਇਕ ਰੁਕਾਵਟ 'ਤੇ ਘੋੜਾ ਥੋੜ੍ਹਾ ਕੁ ਝਿਜਕਿਆ ਤਾਂ ਪਿਤਾ ਨੇ ਹੱਲਾਸ਼ੇਰੀ ਦੇਣ ਲਈ ਲਗਾਮ ਨੂੰ ਝਟਕਾ ਦਿੱਤਾ, ਪਿੰਡੇ ਨੂੰ ਅੱਡੀ ਛੁਹਾਈ। ਘੋੜੇ ਨੇ ਕੌੜ ਮੰਨੀ। ਘੋੜਾ ਸਿੱਧਾ ਸੀਖ-ਪੌ ਹੋ ਗਿਆ ਤੇ ਸੰਤੁਲਨ ਵਿਗੜ ਜਾਣ ਕਰ ਕੇ ਪਿੱਠ ਪਰਨੇ ਡਿੱਗ ਪਿਆ'।... ਤੇ ਸਾਡਾ ਪਿਤਾ ਘੋੜੇ ਹੇਠਾਂ ਦੱਬਿਆ ਗਿਆ ਤੇ ਨਾਲ ਹੀ ਸਾਡੀ ਸਭਨਾਂ ਦੀ, ਮਾਂ ਤੇ ਤਿੰਨਾਂ ਭੈਣਾਂ ਦੀ, ਕਿਸਮਤ ਵੀ ਦੱਬੀ ਗਈ। ਘੋੜਾ ਨਹੀਂ ਸੀ ਡਿੱਗਾ, ਸਾਡੀ ਕਿਸਮਤ ਦੇ ਕਿੰਗਰੇ ਢਹਿ ਗਏ ਸਨ।*



"ਕਿਸੇ ਕੁੜੀ ਦੀ ਗੱਲ ਹੋਊ?" ਸੰਧੂ ਸਾਹਿਬ ਨੇ ਕੁਰੇਦਿਆ।

"ਤੁਹਾਨੂੰ ਕਿਉਂ ਦੱਸੀਏ ਰਾਜ਼ ਦੀਆਂ ਗੱਲਾਂ।" ਉਹ ਮੱਛਰ ਗਿਆ। ਬੀਬੀ ਨੂੰ ਬਾਹਾਂ ਵਿਚ ਘੁੱਟ ਕੇ ਗਾਉਣ ਲੱਗਾ, "ਅਸੀਂ ਕਿਹਨੂੰ-ਕਿਹਨੂੰ ਦੱਸੀਏ, ਇਹ ਰਾਜ਼ ਦੀਆਂ ਗੱਲਾਂ। ਚੱਲ ਬੀਬੀ, ਮੇਰੇ ਨਾਲ ਗੌਂ। ਨੀ ਮੈਂ ਕੀਹਨੂੰ-ਕੀਹਨੂੰ ਦੱਸਾਂ ਇਹ ਰਾਜ਼ ਦੀਆਂ ਗੱਲਾਂ।"

ਬੀਬੀ ਵੀ ਸੁਪਨ ਨਾਲ ਮਿਲ ਕੇ ਬੁੱਢੇ ਕਮਜ਼ੋਰ ਹੱਥਾਂ ਨਾਲ ਤਾੜੀ ਮਾਰ ਕੇ ਬੋਲੀ, "ਮੈਂ ਕੀਹਨੂੰ-ਕੀਹਨੂੰ ਦੱਸਾਂ ਰਾਜ਼ ਦੀਆਂ ਗੱਲਾਂ।" ਉਹ ਸੁਪਨ ਨਾਲ ਸਦਾ ਬੱਚਾ ਬਣ ਜਾਂਦੀ।

ਉਸ ਤੋਂ ਬਾਅਦ ਕਈ ਵਾਰ ਪੁੱਛਣ ਦੇ ਬਾਵਜੂਦ ਕਦੀ ਬੀਬੀ ਨੇ ਰਾਜ਼ ਦੀਆਂ ਗੱਲਾਂ ਸਾਨੂੰ ਨਾ ਦੱਸੀਆਂ। ਹੱਸ ਕੇ ਆਖਣਾ, "ਮੇਰੇ ਪੁੱਤ ਨੇ ਆਖਿਆ ਸੀ, ਕਿਸੇ ਨੂੰ ਨਹੀਂ ਦੱਸਣਾ।"

ਬੀਬੀ ਦੇ ਤੁਰ ਜਾਣ ਤੋਂ ਬਾਅਦ ਸੁਪਨ ਨੇ ਦੱਸਿਆ ਕਿ ਬੀਬੀ ਨੇ ਉਹਦੇ ਕਿਹੜੇ-ਕਿਹੜੇ ਭੇਤ ਸਾਂਭੇ ਹੋਏ ਸਨ। ਸਾਨੂੰ ਬੀਬੀ ਦੇ ਭੇਤ ਪਚਾਅ ਕੇ ਰੱਖਣ ਵਾਲੇ 'ਹਾਜ਼ਮੇ' ਉਤੇ ਹੈਰਾਨੀ ਹੋਈ। ਮੈਨੂੰ ਕਿਸੇ ਸਿਆਣੇ ਦੇ ਬੋਲ ਚੇਤੇ ਆਏ, "ਜੇ ਤੁਸੀਂ ਸੱਚ ਨਹੀਂ ਬੋਲ ਸਕਦੇ ਤਾਂ ਝੂਠ ਵੀ ਨਾ ਬੋਲੋ। ਬੱਸ ਚੁੱਪ ਕਰ ਜਾਵੋ।"

ਭੇਤ ਤਾਂ ਭਾਵੇਂ ਕੋਈ ਇੰਨੇ ਵੱਡੇ ਨਹੀਂ ਸਨ, ਕੋਈ ਕੁੜੀ ਚੰਗੀ ਲੱਗਣੀ ਤਾਂ ਉਹਨੇ ਬੀਬੀ ਨੂੰ ਦੱਸਣਾ। ਕਿਸੇ ਯਾਰ ਦੋਸਤ ਨਾਲ ਮਿਲ ਕੇ ਕੋਈ ਖ਼ੁਰਾਫ਼ਾਤ ਕੀਤੀ ਹੋਣੀ ਤਾਂ ਬੀਬੀ ਨਾਲ ਸਾਂਝ ਕਰ ਲੈਣੀ। ਸਕੂਲ ਪੜ੍ਹਦੇ ਸਮੇਂ, ਸਾਨੂੰ ਬਿਨ ਦੱਸਿਆਂ, ਕਿਸੇ ਦੂਜੇ ਸ਼ਹਿਰ ਮੇਲਾ-ਗੇਲਾ ਵੇਖਣ ਯਾਰਾਂ ਨਾਲ ਤੁਰ ਜਾਣਾ। ਸਾਡੀ ਫਿਕਰ ਵਿਚ ਜਾਨ ਸੁੱਕਣੀ, ਪਰ ਬੀਬੀ ਨੂੰ ਗੱਲ ਦਾ ਪਤਾ ਹੋਣਾ। ਪਤਾ ਛੱਡੋ, ਜਾਣ ਲਈ ਖ਼ਰਚਾ-ਪਾਣੀ ਵੀ ਬੀਬੀ ਨੇ ਦਿੱਤਾ ਹੋਣਾ। ਬੀਬੀ ਨੇ ਸੱਚ ਤਾਂ ਨਾ ਦੱਸਣਾ ਪਰ ਝੂਠ ਵੀ ਕਦੀ ਨਾ ਬੋਲਣਾ। ਬੱਸ ਚੁੱਪ ਰਹਿਣਾ।

---

**ਮਨ ਪਿੱਛੇ ਪਰਤਦਾ ਹੈ:** ਫਿਰ ਛੋਟੀ ਨਾਨੀ ਦੀ ਵੀ ਰੱਬ ਨੇ ਸੁਣ ਲਈ ਸੀ। ਕੁੜੀ ਦੀ ਮੌਤ ਪਿੱਛੋਂ ਉਹਦੇ ਘਰ ਵੀ ਪੁੱਤ ਨੇ ਜਨਮ ਲਿਆ। ਛੋਟੀ ਨਾਨੀ ਪਹਿਲਾਂ ਹੀ ਜ਼ੋਰਾਵਰ ਸੀ, ਹੁਣ ਪੂਰੀ ਘਰਵਾਲੀ ਬਣ ਗਈ। ਇਕ ਤੋਂ ਬਾਅਦ ਇਕ ਪੁੱਤ ਜੰਮਦਾ ਗਿਆ। ਪੂਰੇ ਚਾਰ ਪੁੱਤਾਂ ਦੀ ਮਾਂ, ਘਰ ਦੀ ਪੂਰੀ ਮਾਲਕਣ ਬਣ ਗਈ। ਵੱਡੇ ਘਰ ਤੇ ਵੱਡੀ ਹਵੇਲੀ ਵਾਲੀ ਸਾਡੀ ਨਾਨੀ ਦਾ ਥਾਂ ਉਸ ਘਰ ਵਿਚ ਘਟਦਾ-ਘਟਦਾ ਇੰਨਾ ਘਟ ਗਿਆ ਕਿ ਆਪਣੇ ਚਾਰ ਜੀਆਂ ਨੂੰ ਲੈ ਕੇ ਉਹ ਇਕ ਕੋਠੜੀ ਵਿਚ ਸੁੰਗੜ ਗਈ। ਨੌਕਰਾਣੀ ਬਣ ਕੇ ਦਿਨ ਲੰਘਾਉਣ ਲੱਗੀ। ਮਾਂਵਾਂ ਧੀਆਂ ਰਲ ਕੇ ਘਰ ਦਾ ਚੁੱਲ੍ਹਾ-ਚੌਂਕਾ ਕਰਦੀਆਂ, ਕੱਪੜੇ ਧੋਂਦੀਆਂ, ਭਾਂਡੇ ਮਾਂਜਦੀਆਂ। ਮੇਰੀ ਮਾਂ ਤੇ ਮਾਸੀਆਂ ਆਪਣੇ ਪੁੱਤ ਤੇ ਭਰਾ ਨੂੰ ਛੱਡ ਕੇ ਮਤਰੇਏ ਪੁੱਤਾਂ ਤੇ ਭਰਾਵਾਂ ਦੀਆਂ ਖਿਡਾਵੀਆਂ ਬਣ ਕੇ ਰਹਿ ਗਈਆਂ। ਮਾਂ-ਧੀਆਂ ਦੀ ਘਰ ਵਿਚ ਕਾਮਿਆਂ ਤੋਂ ਭੈੜੀ ਔਕਾਤ ਸੀ। ਨੌਕਰਾਂ ਤੋਂ ਵਧ ਕੇ ਕੰਮ ਕਰਨ ਦੇ ਬਾਵਜੂਦ ਉਨ੍ਹਾਂ ਨੂੰ ਨਿੱਤ ਝਿੜਕਾਂ ਪੈਂਦੀਆਂ।

ਇਹ ਬੇਇਨਸਾਫ਼ੀ ਸਾਡੇ ਨਾਨੇ ਨੂੰ ਵੀ ਤਾਂ ਦਿਸਦੀ ਹੋਊ!... ਸ਼ਾਇਦ ਇਸੇ ਕਾਰਨ ਉਹਨੇ ਧੀਆਂ ਦੇ ਵਿਆਹ ਛੋਟੀ ਉਮਰ ਵਿਚ ਕਰਨ ਦੀ ਸੋਚੀ। ਕਿਸੇ ਰਿਸ਼ਤੇਦਾਰ ਦੀ ਦੱਸ 'ਤੇ ਮਾਝੇ ਦੇ ਮਸ਼ਹੂਰ ਪਿੰਡ ਝਬਾਲ ਵਿਚ ਸਾਡੀ ਵੱਡੀ ਮਾਸੀ ਦਾ ਰਿਸ਼ਤਾ ਚੰਗੇ ਸਰਦੇ-ਪੁੱਜਦੇ ਘਰ ਕਰ ਦਿੱਤਾ। ਵੱਡੀ ਮਾਸੀ ਨੇ ਮੇਰੀ ਮਾਂ ਦਾ ਰਿਸ਼ਤਾ ਵੀ ਝਬਾਲ ਕਰਵਾ ਦਿੱਤਾ। ਉਸ ਤੋਂ ਬਾਅਦ ਛੋਟੀ ਮਾਸੀ ਦਾ ਵੀ। ਤਿੰਨੇ ਭੈਣਾਂ ਇਕੋ ਪਿੰਡ। ਦੁੱਖ-ਸੁੱਖ ਦੀਆਂ ਭਿਆਲ ਬਣ ਗਈਆਂ। ਵੱਡੀ ਮਾਸੀ ਮਾਮੇ ਨੂੰ ਵੀ ਕੋਲ ਲੈ ਆਈ। ਡਰਦੀ ਸੀ ਕਿ ਕਿਤੇ ਮਤਰੇਈ ਉਹਦੇ ਨਾਲ ਕੁਝ ਬੁਰਾ ਈ ਨਾ ਕਰ ਦੇਵੇ। ਪਿੱਛੇ ਰਹਿ ਗਈ ਸੀ ਇਕੱਲੀ ਜਿੰਦ ਸਾਡੀ ਨਾਨੀ। ਦੁੱਖ ਭੋਗਣ ਦਾ ਥਾਂ। ਚਰਖ਼ਾ ਚਲਾਉਂਦੀ, ਸੂਤ ਕੱਤਦੀ, ਭਾਂਡੇ ਮਾਂਜਦੀ। ਅਣਗੌਲੀ ਤੇ ਇਕੱਲੀ। ਰੋ-ਰੋ ਕੇ ਅੱਖਾਂ ਦੀ ਰੋਸ਼ਨੀ ਮੱਧਮ ਪੈ ਗਈ, ਪਰ ਇਸ ਗੱਲੋਂ ਮਨ ਨੂੰ ਠੰਢ ਕਿ ਧੀਆਂ ਚੰਗੇ ਘਰੀਂ ਵਿਆਹੀਆਂ ਵਰੀਆਂ ਗਈਆਂ। ਇੰਨਾ ਯਾਦ ਹੈ ਕਿ ਜਦੋਂ ਨਾਨੀ ਨੇ ਆਪਣੀਆਂ ਧੀਆਂ ਨੂੰ ਮਿਲਣ ਆਉਣਾ ਤਾਂ ਪਹਿਲਾਂ ਚਰਖ਼ਾ ਮੰਗਣਾ, ਤੇ ਧੀਆਂ ਦੇ ਰੋਕਦਿਆਂ ਕਰਦਿਆਂ ਵੀ ਬਦੋ-ਬਦੀ ਸੂਤ ਕੱਤਣ ਬਹਿ ਜਾਣਾ। ਆਖਣਾ ਕਿ ਧੀ ਦੇ ਘਰੋਂ ਉਨਾ ਚਿਰ ਕੁਝ ਨਹੀਂ ਖਾਣਾ ਜਿੰਨਾ ਚਿਰ ਰੋਟੀ ਦੇ ਮੁੱਲ ਦਾ ਸੂਤ ਨਾ ਕੱਤ ਲਵਾਂ।

ਮੇਰੀ ਮਾਂ ਮਸਾਂ ਬਾਰਾਂ-ਤੇਰਾਂ ਸਾਲ ਦੀ ਸੀ ਜਦੋਂ ਉਹਦਾ ਵਿਆਹ ਹੋ ਗਿਆ। ਛੋਟੀ ਮਾਸੀ ਤਾਂ ਉਸ ਤੋਂ ਵੀ ਛੋਟੀ ਉਮਰ ਦੀ ਵਿਆਹੀ ਗਈ।

*(ਬਾਕੀ ਅਗਲੇ ਸਫੇ 'ਤੇ)*

# ਆਰੀਆ ਦੀਆਂ ਪੈੜਾਂ

## ਸ਼ਬਦ ਝਰੋਖਾ




ਬਲਜੀਤ ਬਾਸੀ
ਫੋਨ: 734-259-9353

ਆਰੀਆ ਇਕ ਅਜਿਹਾ ਪਦ ਹੈ ਜੋ ਵੱਖ ਵੱਖ ਪ੍ਰਸੰਗਾਂ ਵਿਚ ਵੱਖੋ ਵੱਖ ਅਰਥਾਂ ਦਾ ਧਾਰਨੀ ਹੈ। ਆਰੀਆ ਨਸਲ, ਆਰੀਆ ਭਾਸ਼ਾ, ਆਰੀਆ ਲੋਕ ਅਜਿਹੇ ਸੰਕਲਪ ਹਨ ਜਿਨ੍ਹਾਂ ਬਾਰੇ ਵਿਦਵਾਨਾਂ ਵਿਚ ਜ਼ਬਰਦਸਤ ਮਤਭੇਦ ਹਨ। ਦੁਨੀਆਂ ਭਰ ਦੇ ਭਿੰਨ ਭਿੰਨ ਲੋਕਾਂ ਵਿਚ ਇਹ ਭਿੰਨ ਭਿੰਨ ਤਰ੍ਹਾਂ ਦੇ ਭਾਵ ਜਗਾਉਂਦਾ ਹੈ। ਭਾਰਤੀ ਲੋਕ ਪ੍ਰਾਚੀਨ ਕਾਲ ਤੋਂ ਹੀ ਆਰੀਆ ਸ਼ਬਦ ਬਾਰੇ ਖ਼ੂਬ ਜਾਣਦੇ ਹਨ। ਕਿਸੇ ਵੇਲੇ ਭਾਰਤ ਨੂੰ ਹੀ ਆਰੀਆਵਰਤ ਕਿਹਾ ਜਾਂਦਾ ਸੀ ਅਰਥਾਤ ਆਰੀਆਂ ਦਾ ਦੇਸ਼। ਇਥੇ ਆਰੀਆ ਸਮਾਜ ਨਾਂ ਦਾ ਇਕ ਹਿੰਦੂ ਫਿਰਕਾ ਹੈ। ਕਈਆਂ ਦਾ ਆਰੀਆ ਗੋਤ ਹੈ। ਅੱਜ ਤੋਂ ਕੋਈ 2500 ਸਾਲ ਪਹਿਲਾਂ ਆਰੀਆ ਭੱਟ ਨਾਂ ਦਾ ਇਕ ਮਹਾਨ ਭਾਰਤੀ ਗਣਿਤਕਾਰ ਹੋਇਆ ਹੈ। ਰਿਗ ਵੇਦ ਵਿਚ ਕੋਈ 36 ਵਾਰੀ ਇਹ ਸ਼ਬਦ ਆਇਆ ਹੈ। ਇਕ ਥਾ ਲਿਖਿਆ ਹੈ, "ਪਰਜਾ ਆਰੀਆ ਜਯੋਤਰ ਗ੍ਰਹ" ਅਰਥਾਤ ਆਰੀਆ ਦੇ ਬੱਚੇ ਪ੍ਰਕਾਸ਼ ਤੋਂ ਅਗਵਾਈ ਲੈਂਦੇ ਹਨ। ਭਾਰਤ ਦੇ ਪ੍ਰਾਚੀਨ ਸਾਹਿਤ ਵਿਚ ਉਚ ਕੁਲ ਦੇ ਬੰਦੇ ਲਈ ਆਰੀਆਪੁਤਰ ਸ਼ਬਦ ਵਰਤਿਆ ਗਿਆ ਹੈ। ਰਾਮਾਇਣ ਵਿਚ ਰਾਮ ਚੰਦਰ ਨੂੰ ਆਰੀਆ ਕਿਹਾ ਗਿਆ ਹੈ। ਵਿਸ਼ਵ ਪ੍ਰਸੰਗ ਵਿਚ ਮੋਟੇ ਤੌਰ 'ਤੇ ਆਰੀਆ ਸ਼ਬਦ ਉਨ੍ਹਾਂ ਲੋਕਾਂ ਲਈ ਵਰਤਿਆ ਗਿਆ ਸੀ ਜੋ ਪ੍ਰਾਗ-ਇਤਿਹਾਸਕ ਕਾਲ ਵਿਚ ਉਤਰ ਪੱਛਮੀ ਭਾਰਤ ਅਤੇ ਇਰਾਨ ਵਿਚ ਵਸਦੇ ਸਨ। ਉਨ੍ਹਾਂ ਦੀ ਭਾਸ਼ਾ ਨੂੰ ਵੀ ਆਰੀਆ ਭਾਸ਼ਾ ਕਿਹਾ ਗਿਆ ਜਿਸ ਨੂੰ ਅੱਜ ਕਲ੍ਹ ਪ੍ਰਾਚੀਨ ਹਿੰਦ-ਯੂਰਪੀ ਭਾਸ਼ਾ ਕਿਹਾ ਜਾਣ ਲੱਗਾ ਹੈ।

ਉਨ੍ਹੀਵੀਂ ਸਦੀ ਵਿਚ ਆਰੀਆ ਨਸਲ ਦਾ ਸੰਕਲਪ ਪੈਦਾ ਹੋਇਆ ਜੋ ਯੂਰਪ ਵਿਚ ਵੀਹਵੀਂ ਸਦੀ ਦੇ ਅੱਧ ਤੱਕ ਲੋਕਾਂ ਦੇ ਦਿਮਾਗਾਂ ਵਿਚ ਛਾਇਆ ਰਿਹਾ। ਇਸ ਵੇਲੇ ਆਰੀਆ ਨਸਲ ਦੇ ਵਿਚਾਰ ਨੇ ਯੂਰਪ ਨੂੰ ਵੀ ਆਪਣੇ ਕਲੇਵਰ ਵਿਚ ਲੈ ਆਂਦਾ। ਮੁਢਲੇ ਤੌਰ 'ਤੇ ਆਰੀਆ ਸ਼ਬਦ ਵਧੇਰੇ ਤੌਰ 'ਤੇ ਇਕ ਭਾਸ਼ਾ ਬੋਲਦੇ ਲੋਕਾਂ ਦੇ ਸਮੂਹ ਲਈ ਵਰਤਿਆ ਗਿਆ ਸੀ ਪਰ ਹੌਲੀ-ਹੌਲੀ ਇਹ ਇਕ ਵਿਸ਼ੇਸ਼ ਨਸਲ ਵਜੋਂ ਉਭਰਨ ਲੱਗਾ, ਯੂਰਪ ਦੇ ਚਿੱਟੇ ਲੋਕਾਂ ਨੂੰ ਸੁਧ ਆਰਿਆਈ ਕਿਹਾ ਗਿਆ। ਇਸ ਨਾਲ ਚਿੱਟੀ ਨਸਲ ਦੇ ਲੋਕਾਂ ਦੀ ਉਤਮਤਾ ਦਾ ਵਿਚਾਰ ਉਜਾਗਰ ਹੋਣ ਲੱਗਾ। ਫਲਸਰੂਪ ਯੂਰਪ ਵਿਚ ਆਰੀਆਪ੍ਰਸਤੀ ਜਿਹੀ ਘੋਰ ਨਸਲਵਾਦੀ ਪ੍ਰਵਿਰਤੀ ਨੇ ਜਨਮ ਲਿਆ। ਨਾਜ਼ੀਵਾਦ ਜਾਂ ਫਾਸ਼ੀਵਾਦ ਜਿਹੀ ਵਿਚਾਰਧਾਰਾ ਇਸੇ ਦੀ ਉਪਜ ਸੀ। ਆਰੀਆ ਨੂੰ ਸਾਮੀ ਲੋਕਾਂ ਤੋਂ ਇਕ ਵੱਖਰੀ, ਸਰਬੋਤਮ ਤੇ ਦੁਨੀਆਂ ਦੀ ਸੁਆਮੀ ਨਸਲ ਦੇ ਤੌਰ 'ਤੇ ਪ੍ਰਚਾਰਿਆ ਗਿਆ। ਸਿੱਟੇ ਵਜੋਂ ਜਰਮਨੀ ਆਦਿ ਦੇਸ਼ਾਂ ਵਿਚ ਜ਼ਬਰਦਸਤ 'ਨਸਲੀ' ਤਣਾਅ ਪੈਦਾ ਹੋ ਗਿਆ। ਹਿਟਲਰ ਜਿਹੀ ਪਾਪੀ ਸ਼ਖਸੀਅਤ ਦਾ ਉਭਾਰ ਇਸੇ ਵਿਚਾਰਧਾਰਕ ਮਾਹੌਲ ਦੀ ਦੇਣ ਸੀ ਜਿਸ ਦੇ ਦੁਖਾਂਤਕ ਪਰਿਣਾਮ ਸਭ ਜਾਣਦੇ ਹਨ। ਨਾਜ਼ੀਵਾਦ ਅਨੁਸਾਰ ਆਰੀਆ ਗ਼ੈਰ-ਯਹੂਦੀ ਲੋਕਾਂ ਦਾ ਬੰਦਾ ਹੈ, ਖਾਸ ਤੌਰ 'ਤੇ ਜਰਮਨ ਮੂਲ ਦਾ। ਅਮਰੀਕਾ ਵਿਚ ਵੀ ਕਾਕੇਸ਼ਿਆਈ ਨਸਲ ਦੇ ਗੈਰ-ਯਹੂਦੀ ਬੰਦੇ ਨੂੰ ਆਰੀਆ ਸਮਝਿਆ ਜਾਂਦਾ ਹੈ।

ਸੋਲਵੀਂ ਸਦੀ ਵਿਚ ਲਾਤੀਨੀ ਅਤੇ ਗਰੀਕ ਸਾਹਿਤ ਵਿਚ ਇਰਾਨ ਦੇ ਪੂਰਬੀ ਖੇਤਰ ਅਤੇ ਇਥੋਂ ਦੇ ਵਸਨੀਕਾਂ ਨੂੰ ਆਰੀਅਨ ਕਿਹਾ ਜਾਂਦਾ ਸੀ। ਫਿਰ ਹਿੰਦ-ਯੂਰਪ ਦੇ ਲਾਤੀਨੀ, ਗਰੀਕ, ਜਰਮਨ ਤੇ ਹੋਰ ਲੋਕਾਂ ਦੀਆ ਭਾਸ਼ਾਵਾਂ ਨੂੰ ਵੀ ਇਹ ਨਾਂ ਮਿਲਿਆ। ਬਾਅਦ ਵਿਚ ਕੈਲਟ, ਬੈਤ, ਸਲਾਵ ਆਦਿ ਦੇ ਬੋਲਣਹਾਰਿਆਂ ਨੂੰ ਇਸ ਵਿਚ ਸ਼ਾਮਿਲ ਕਰ ਲਿਆ ਗਿਆ। ਇਸ ਪਿਛੇ ਇਹ ਦਲੀਲ ਕੰਮ ਕਰ ਰਹੀ ਹੈ ਕਿ ਇਹ ਸਾਰੇ ਇਕ ਆਦਿਮ-ਹਿੰਦ-ਯੂਰਪੀ ਭਾਸ਼ਾ ਬੋਲਦੇ ਸਨ ਜਿਸ ਦੇ ਅਜੋਕੇ ਜਾਨਸ਼ੀਨ ਆਰਿਆਈ ਹਨ। ਅਸਲ ਵਿਚ ਉਨੀਵੀਂ ਸਦੀ ਵਿਚ ਮੈਕਸਮੁਲਰ ਜਿਹੇ ਯੂਰਪੀ ਵਿਦਵਾਨਾਂ ਨੇ ਸੰਸਕ੍ਰਿਤ ਦੇ ਪੁਰਾਤਨ ਗ੍ਰੰਥਾਂ ਦਾ ਅਧਿਐਨ ਕਰਨ ਪਿਛੋਂ ਸੰਸਕ੍ਰਿਤ ਅਤੇ ਯੂਰਪੀ ਭਾਸ਼ਾਵਾਂ ਦੇ ਸ਼ਬਦਾਂ ਵਿਚ ਸਪਸ਼ਟ ਸਾਂਝ ਅਨੁਭਵ ਕੀਤੀ। ਇਸ ਭਾਸ਼ਾਈ ਸਾਂਝ ਤੋਂ ਇਨ੍ਹਾਂ ਦੇ ਬੋਲਣਹਾਰਿਆਂ ਨੂੰ ਇਕੋ ਅਸਲੇ ਦੇ ਸਮਝਿਆ ਗਿਆ। ਭਾਰਤੀ ਵਿਦਵਾਨਾਂ ਵਿਚ ਇਸ ਵਿਚਾਰ ਤੋਂ ਦੋ ਤਰ੍ਹਾਂ ਦੇ ਵਿਰੋਧੀ ਪ੍ਰਤਿਕ੍ਰਮ ਪੈਦਾ ਹੋਏ। ਕੁਝ ਆਪਣੇ ਆਪ ਨੂੰ ਯੂਰਪੀ ਗੋਰਿਆਂ ਦੇ ਸਕੇ ਸਮਝਦੇ ਹੋਏ ਫੂਕ ਵਿਚ ਆ ਗਏ। ਦੂਜੇ ਇਸ ਦੀ ਉਤਮਤਾ ਦੇ ਵਿਚਾਰ ਤੋਂ ਇਹ ਸਾਬਿਤ ਕਰਨ ਲੱਗ ਪਏ ਕਿ ਆਰਿਆਈ ਨਸਲ ਦੇ ਲੋਕ ਅਸਲ ਵਿਚ ਭਾਰਤ ਦੇ ਆਦਿਮ ਵਸਨੀਕ ਸਨ ਤੇ ਇਥੋਂ ਹੀ ਉਠ ਕੇ ਹੋਰ ਦੁਨੀਆਂ ਵਿਚ ਫੈਲੇ। ਇਸ ਤਰ੍ਹਾਂ ਉਹ ਸੰਸਕ੍ਰਿਤ ਨੂੰ ਕੁਲ ਹਿੰਦ-ਆਰਿਆਈ ਭਾਸ਼ਾ ਪਰਿਵਾਰ, ਇਥੋਂ ਤੱਕ ਕਿ ਸਾਰੀਆਂ ਭਾਸ਼ਾਵਾਂ ਦੀ ਜਣਨੀ ਸਮਝਣ ਲੱਗ ਪਏ। ਚਿੱਟੇ ਲੋਕਾਂ ਅਤੇ ਆਰੀਆਂ ਦੇ ਸਰਵੋਤਮ ਹੋਣ ਦਾ ਏਨਾ ਖਬਤ ਹੈ ਕਿ ਇਰਾਨ ਵਿਚ ਵੀ ਇਹ ਵਿਚਾਰ ਪਾਇਆ ਜਾਂਦਾ ਹੈ ਕਿ ਆਰਿਆਈ ਨਸਲ ਤੇ ਭਾਸ਼ਾਵਾਂ ਪ੍ਰਾਚੀਨ ਫਾਰਸ ਤੋਂ ਹੋਰ ਦੁਨੀਆਂ ਵਿਚ ਫੈਲੀਆਂ। ਇਸ ਦੇ ਪੱਖ ਵਿਚ ਕਈ ਅਰਧ-ਵਿਗਿਆਨਕ ਦਲੀਲਾਂ ਦਿੱਤੀਆਂ ਜਾਂਦੀਆਂ ਹਨ।



ਅਸਲ ਵਿਚ ਇਰਾਨ ਸ਼ਬਦ ਆਰੀਆ ਤੋਂ ਹੀ ਬਣਿਆ ਹੈ। ਇਸ ਦਾ ਪ੍ਰਾਚੀਨ ਨਾਂ ਆਰਿਆਨਾ (ਆਰੀਆਂ ਦਾ ਦੇਸ਼) ਸੀ। ਅਵੇਸਤਾ ਵਿਚ ਵੀ ਐਰਿਆ/ਐਰਿਅਨ ਜਿਹੇ ਸ਼ਬਦ ਮਿਲਦੇ ਹਨ। ਇਤਿਹਾਸਕ ਤੌਰ 'ਤੇ 'ਇਰਾਨਸ਼ਹਰ' ਜਾਂ 'ਇਰਾਨਜ਼ਮੀਨ' ਨਾਂਵਾਂ ਵਿਚ ਸੰਸਕ੍ਰਿਤਕ ਤੌਰ 'ਤੇ ਇਕ ਵਿਆਪਕ ਇਰਾਨ ਦੀ ਝਲਕ ਪੈਂਦੀ ਹੈ। ਕੁਝ ਇਰਾਨ ਨਾਲ ਸਾਂਝ ਰਖਦੇ ਕਬੀਲਿਆਂ ਦੇ ਨਾਂਵਾਂ ਵਿਚ ਵੀ ਇਸ ਸ਼ਬਦ ਦੀ ਗੂੰਜ ਸੁਣਾਈ ਦਿੰਦੀ ਹੈ ਜਿਵੇਂ 'ਅਲਾਨੀ' ਅਤੇ 'ਇਰ।' ਅੱਜ ਤੋਂ ਕੋਈ ਢਾਈ ਹਜ਼ਾਰ ਸਾਲ ਪਹਿਲਾਂ ਪੈਦਾ ਹੋਏ ਮਹਾਨ ਫਾਰਸੀ ਸਮਰਾਟ ਦੇਰੀਅਸ (ਅਜੋਕੀ ਫਾਰਸੀ ਵਿਚ ਦਾਰਯੂਸ਼) ਬਾਰੇ ਮਿਲੀ ਇਕ ਸਿਲਾਲੇਖ ਵਿਚ ਕੁਝ ਅਜਿਹਾ ਲਿਖਿਆ ਮਿਲਦਾ ਹੈ,

ਮੈਂ ਦੇਰੀਅਸ ਹਾਂ, ਮਹਾਨ ਰਾਜਾ,
ਰਾਜਿਆਂ ਦਾ ਰਾਜਾ
ਅਨੇਕਾਂ ਦੇਸ਼ਾਂ ਅਤੇ ਅਨੇਕਾਂ ਲੋਕਾਂ ਦਾ ਰਾਜਾ
ਫਾਰਸੀ ਹਾਂ ਮੈਂ ਫਾਰਸੀ ਦਾ ਪੁਤਰ
ਆਰਿਆਈ ਨਸਲ ਦਾ ਆਰਿਆਈ।

ਅੱਜ ਆਰੀਆ ਸ਼ਬਦ ਇਕ ਵਿਸ਼ੇਸ਼ ਨਸਲ ਦੇ ਲੋਕਾਂ ਲਈ ਵਰਤਣ ਤੋਂ ਸੰਕੋਚ ਕੀਤਾ ਜਾਂਦਾ ਹੈ। ਆਲੋਚਕਾਂ ਅਨੁਸਾਰ ਲੋਕਾਂ ਦਾ ਇਹ ਵਿਸ਼ਾਲ ਸਮੂਹ ਨਾ ਇਕ ਭਾਸ਼ਾ ਬੋਲਦਾ ਹੋ ਸਕਦਾ ਹੈ ਤੇ ਨਾ ਹੀ ਇਕ ਨਸਲ ਦਾ ਹੋ ਸਕਦਾ ਹੈ। ਅਸਲ ਵਿਚ ਕਥਿਤ ਆਰੀਆਂ ਵਿਚ ਅਨੇਕਾਂ ਅਨੇਕ ਕਬੀਲੇ ਸ਼ਾਮਿਲ ਹੋਣਗੇ।

ਆਰੀਆ ਸ਼ਬਦ ਦੇ ਸੰਸਕ੍ਰਿਤ ਵਿਚ ਸ਼ਬਦਜੋੜ ਹਨ 'ਆਰਯ' ਅਤੇ ਅਰਥ ਹਨ ਆਦਰਯੋਗ, ਵਿਸ਼ਵਾਸਯੋਗ, ਮਿੱਤਰ, ਕੁਲੀਨ, ਸ੍ਰੇਸ਼ਟ, ਸਭਿਆ, ਸੁਆਮੀ। ਅਮਰਕੋਸ਼ ਵਿਚ ਆਰੀਆ ਬਾਰੇ ਇਸ ਤਰ੍ਹਾਂ ਲਿਖਿਆ ਮਿਲਦਾ ਹੈ, "ਮਹਾਕੁਲ ਕੁਲਿਨਾਰਯ ਸਭਯ ਸਜਨ ਸਦਭਾਵ" ਅਰਥਾਤ ਆਰੀਆ ਉਚਕੁਲੀਨ, ਸਾਊ, ਚੰਗੇ ਸੁਭਾਅ ਅਤੇ ਸਹੀ ਵਤੀਰੇ ਵਾਲਾ ਵਿਅਕਤੀ ਹੈ। ਜ਼ੈਂਦ ਵਿਚ ਐਰੀਆ ਦਾ ਮਤਲਬ ਆਦਰਯੋਗ ਹੈ। ਆਰੀਆ ਸ਼ਬਦ ਦੀ ਅਜੇ ਤੱਕ ਕੋਈ ਸਰਵਪ੍ਰਵਾਣਿਤ ਤਸੱਲੀਬਖਸ਼ ਵਿਉਤਪਤੀ ਨਹੀਂ ਮਿਲ ਸਕੀ। ਕਈ ਸੁਝਾਅ ਤਜਵੀਜ਼ ਕੀਤੇ ਗਏ ਹਨ। ਇਕ ਵਿਚਾਰ ਅਨੁਸਾਰ ਇਹ ਭਾਰੋਪੀ (ਭਾਰੋਪੀ ਬਾਰੇ ਚਰਚਾ ਇਕ ਹੋਰ ਲੇਖ ਵਿਚ ਕੀਤੀ ਜਾਵੇਗੀ) ਮੂਲ 'ਆਰ-ਯੋ' ਤੋਂ ਬਣਿਆ ਹੈ। ਆਰ ਦਾ ਮਤਲਬ ਹੈ ਚੰਗੀ ਤਰ੍ਹਾਂ ਜੁੜਿਆ ਜਾਂ ਸਜਿਆ। ਲਾਤੀਨੀ ਹਰਮਾ (ਰਥ) ਅਤੇ ਅਰਿਸਟੋਸ (ਜਿਸ ਤੋਂ ਅੰਗਰੇਜ਼ੀ ਅਰਿਸਟੋਕਰੇਸੀ) ਸ਼ਬਦ ਬਣਿਆ), ਲਾਤੀਨੀ ਆਰਸ (ਆਰਟ=ਕਲਾ) ਇਸੇ ਮੂਲ ਤੋਂ ਬਣੇ ਹਨ। ਇਸ ਹਿਸਾਬ ਨਾਲ ਆਰੀਆ ਸ਼ਬਦ ਦਾ ਅਰਥ ਬਣਦਾ ਹੈ-ਜੋ ਕੁਸ਼ਲਤਾ ਸਹਿਤ ਜੋੜਦਾ ਹੈ। ਠੀਕ ਤਰ੍ਹਾਂ ਜੁੜੇ ਹੋਣ ਦੇ ਅਰਥ ਵਜੋਂ ਅਰਤ ਸ਼ਬਦ ਪ੍ਰਾਚੀਨ ਹਿੰਦ-ਆਰਿਆਈ ਸੰਕਲਪ ਹੈ ਜੋ ਅੰਤਮ ਤੌਰ 'ਤੇ ਬ੍ਰਹਿਮੰਡਕ ਪ੍ਰਬੰਧ ਦੇ ਸੰਕਲਪ ਵਜੋਂ ਉਭਰਦਾ ਹੈ। ਇਕ ਹੋਰ ਸੁਝਾਅ ਅਨੁਸਾਰ 'ਅਰ' ਦਾ ਅਰਥ ਜਾਣਾ, ਅੱਗੇ ਵਧਣਾ ਹੈ। ਅਰ ਜੁਜ਼ ਦਾ ਅਰਥ ਹਲ ਚਲਾਉਣਾ ਵੀ ਦੱਸਿਆ ਗਿਆ ਹੈ, ਇਸ ਤਰ੍ਹਾਂ ਆਰੀਆ ਦਾ ਅਰਥ ਹੋਇਆ ਹਲਵਾਹਕ। ਇਕ ਸੁਝਾਅ ਅਨੁਸਾਰ ਇਸ ਦੇ ਅਰਥ ਫਿਟ ਹੋਣਾ ਹੈ ਅਰਥਾਤ ਜੋ ਤੁਹਾਡਾ ਸਾਥੀ ਬਣਨ ਦੇ ਯੋਗ ਹੈ। ਸੰਸਕ੍ਰਿਤ ਧਾਤੂ 'ਰੀ' ਵਿਚ ਵੀ ਇਹ ਅਰਥ ਨਿਹਿਤ ਹਨ ਇਸ ਲਈ ਇਸ ਧਾਤੂ ਨੂੰ ਵੀ ਇਸ ਸ਼ਬਦ ਦਾ ਨਿਰਮਾਤਾ ਸਮਝਿਆ ਜਾਂਦਾ ਹੈ।

ਆਦਿਮ ਹਿੰਦ-ਯੂਰਪੀ ਲੋਕ ਕੋਈ ਛੇ ਹਜ਼ਾਰ ਸਾਲ ਪਹਿਲਾਂ ਕਾਲੇ ਸਾਗਰ ਦੇ ਸਟੈਪੀ ਦੇ ਮੈਦਾਨਾਂ ਵਿਚ ਵਸਦੇ ਸਨ। ਇਹ ਨਵ-ਪੱਥਰ ਯੁੱਗ ਦੀ ਗੱਲ ਹੈ। ਇਥੋਂ ਇਨ੍ਹਾਂ ਲੋਕਾਂ ਦੀਆਂ ਹੋਰ ਸ਼ਾਖਾਵਾਂ ਅੱਗੇ ਅਨਾਤੋਲੀਆ (ਮੋਟੇ ਤੌਰ 'ਤੇ ਅਜੋਕਾ ਤੁਰਕੀ), ਗਰੀਸ, ਪੱਛਮੀ ਯੂਰਪ, ਮੱਧ ਏਸ਼ੀਆ ਤੇ ਦੱਖਣੀ ਸਾਇਬੇਰੀਆ ਪ੍ਰਵਾਸ ਕਰ ਗਏ। ਖਿਆਲ ਕੀਤਾ ਜਾਂਦਾ ਹੈ ਕਿ ਇਨ੍ਹਾਂ ਲੋਕਾਂ ਨੇ ਪਸ਼ੂ, ਘੋੜਾ ਅਤੇ ਕੁੱਤੇ ਨੂੰ ਪਾਲਤੂ ਬਣਾਇਆ, ਅੰਨ ਉਗਾਉਣਾ ਸ਼ੁਰੂ ਕੀਤਾ ਅਤੇ ਹਲ ਦੀ ਕਾਢ ਕੱਢੀ। ਇਨ੍ਹਾਂ ਨੇ ਪਹੀਆ ਈਜਾਦ ਕਰਕੇ ਰੱਥ ਬਣਾ ਲਿਆ। ਇਨ੍ਹਾਂ ਦਾ ਸਮਾਜ ਮੋਟੇ ਤੌਰ 'ਤੇ ਪਿਤਾ ਪੁਰਖੀ ਸੀ। ਕਈ ਹਿੰਦ-ਯੂਰਪੀ ਭਾਸ਼ਾਵਾਂ ਵਿਚ ਘੋੜੇ ਲਈ ਵਰਤੇ ਜਾਂਦੇ ਸ਼ਬਦਾਂ ਵਿਚ ਧੁਨੀ ਦੀ ਸਮਾਨਤਾ ਹੈ ਜਿਵੇਂ ਲਾਤੀਨੀ ਇਕੁਸ, ਫਾਰਸੀ ਅਸਪ ਸੰਸਕ੍ਰਿਤ ਅਸ਼ਵ। ਇਸੇ ਤਰ੍ਹਾਂ ਗਊ ਲਈ ਵੀ ਸਮੂਲਕ ਸ਼ਬਦ ਹਨ। ਇਸ ਸਭਿਅਤਾ ਵਿਚ ਬੰਦੇ ਦੀ ਦੌਲਤ ਉਸ ਕੋਲ ਪਸ਼ੂਆਂ ਦੀ ਗਿਣਤੀ ਤੋਂ ਲਾਈ ਜਾਂਦੀ ਸੀ। ਪਸ਼ੂ ਸ਼ਬਦ ਦੇ ਹੋਰ ਹਿੰਦ-ਯੂਰਪੀ ਭਾਸ਼ਾਵਾਂ ਵਿਚ ਸੁਜਾਤੀ ਸ਼ਬਦ ਮਿਲਦੇ ਹਨ। ਮਿਸਾਲ ਵਜੋਂ ਭਾਰਤੀ ਭਾਸ਼ਾਵਾਂ ਦਾ ਪਸ਼ੂ, ਅੰਗਰੇਜ਼ੀ fee ਅਤੇ ਲਾਤੀਨੀ pecunia. ਹਿੰਦ-ਯੂਰਪੀ ਭਾਸ਼ਾ ਪਰਿਵਾਰ ਵਿਚ ਅਨੇਕਾਂ ਉਤਰੀ ਭਾਰਤੀ, ਇਰਾਨੀ ਅਤੇ ਯੂਰਪੀ ਭਾਸ਼ਾਵਾਂ ਸ਼ਾਮਿਲ ਹਨ। ਅਜੋਕੇ ਅਨੁਮਾਨਾਂ ਅਨੁਸਾਰ ਇਨ੍ਹਾਂ ਦੀ ਗਿਣਤੀ ਕੋਈ ਸਾਢੇ ਚਾਰ ਸੌ ਤੱਕ ਪਹੁੰਚ ਜਾਂਦੀ ਹੈ। ਉਤਰੀ ਭਾਰਤ ਦੀਆਂ ਭਾਸ਼ਾਵਾਂ ਹਿੰਦ-ਯੂਰਪੀ ਹਨ ਜਿਨ੍ਹਾਂ ਵਿਚ ਪੰਜਾਬੀ ਵੀ ਸ਼ਾਮਿਲ ਹੈ। ਦੁਨੀਆਂ ਭਰ ਦੀਆਂ 20 ਵੱਡੀਆਂ ਭਾਸ਼ਾਵਾਂ ਵਿਚੋਂ 12 ਹਿੰਦ-ਯੂਰਪੀ ਹਨ। ਇਹ ਹਨ ਸਪੇਨਿਸ਼, ਅੰਗਰੇਜ਼ੀ, ਹਿੰਦੀ, ਪੁਰਤਗੀਜ਼, ਬੰਗਾਲੀ, ਰੂਸੀ, ਜਰਮਨ, ਪੰਜਾਬੀ, ਮਰਾਠੀ, ਫਰਾਂਸੀਸੀ, ਉਰਦੂ ਅਤੇ ਇਤਾਲਵੀ। ਇਨ੍ਹਾਂ ਨੂੰ ਭਾਰੋਪੀ (ਭਾਰਤੀ+ਯੂਰਪੀ ਦਾ ਸੰਖੇਪ) ਭਾਸ਼ਾਵਾਂ ਵੀ ਕਿਹਾ ਜਾਂਦਾ ਹੈ। ਮੈਂ ਇਨ੍ਹਾਂ ਕਾਲਮਾਂ ਵਿਚ ਇਹ ਪਦ ਆਮ ਹੀ ਵਰਤਦਾ ਹਾਂ। ਇਕੋ ਪਰਿਵਾਰ ਦੀਆਂ ਹੋਣ ਕਾਰਨ ਵਿਦਵਾਨਾਂ ਨੇ ਇਨ੍ਹਾਂ ਭਾਸ਼ਾਵਾਂ ਦੀ ਅਰਥ ਤੇ ਧੁਨੀ ਦੀ ਸਾਂਝ ਦਰਸਾਈ ਹੈ। ਇਕ ਹੋਰ ਲੇਖ ਵਿਚ ਇਸ ਵਿਸ਼ੇ ਬਾਰੇ ਹੋਰ ਚਾਨਣਾ ਪਾਇਆ ਜਾਵੇਗਾ ਤੇ ਨਾਲ ਹੀ ਆਰੀਆ ਸ਼ਬਦ ਤੋਂ ਬਣੇ ਕੁਝ ਆਮ ਵਰਤੀਂਦੇ ਸ਼ਬਦਾਂ ਬਾਰੇ ਵੀ ਚਰਚਾ ਕੀਤੀ ਜਾਵੇਗੀ।

# ਬੀਬੀ

*(ਪਿਛਲੇ ਸਫੇ ਤੋਂ ਜਾਰੀ)*

ਬੀਬੀ ਦੱਸਦੀ ਸੀ ਕਿ ਇਕ ਵਾਰ ਨਵੀਂ-ਨਵੀਂ ਸਹੁਰੇ ਆਈ ਛੋਟੀ ਮਾਸੀ ਨੇ ਗੁਆਂਢ ਦੀਆਂ ਹਮ-ਉਮਰ ਕੁੜੀਆਂ ਨਾਲ ਰਲ ਕੇ 'ਘਰ-ਘਰ' ਖੇਡਣਾ ਸ਼ੁਰੂ ਕਰ ਦਿੱਤਾ। ਖੇਡਦਿਆਂ-ਖੇਡਦਿਆਂ ਲਾਗੇ ਪਏ ਰੂੰ ਨੂੰ ਅੱਗ ਲਾ ਦਿੱਤੀ। ਬਾਹਰੋਂ ਆ ਕੇ ਉਹਦੀ ਸੱਸ ਨੇ ਛੇਤੀ-ਛੇਤੀ ਅੱਗ ਬੁਝਾਈ ਤੇ ਵਿਚੋਲਣ, ਵੱਡੀ ਮਾਸੀ, ਨੂੰ ਉਲਾਂਭਾ ਦਿੱਤਾ ਕਿ ਤੇਰੀ ਭੈਣ ਸਾਡਾ ਤਾਂ ਘਰ ਲੂਹ ਦੇਣ ਲੱਗੀ ਸੀ। ਠੀਕ ਹੈ; ਉਦੋਂ ਛੋਟੀ ਉਮਰੇ ਧੀਆਂ ਨੂੰ ਵਿਆਹੁਣ ਦਾ ਰਿਵਾਜ ਸੀ ਪਰ ਕਦੀ-ਕਦੀ ਲੱਗਦਾ ਹੈ, ਨਾਨੇ ਨੇ ਛੋਟੀ ਨਾਨੀ ਦੇ ਜ਼ੋਰ ਦੇਣ 'ਤੇ ਧੀਆਂ ਨੂੰ ਗਲੋਂ ਲਾਹੁਣ ਦੇ ਇਰਾਦੇ ਨਾਲ ਹੀ ਸ਼ਾਇਦ ਇੰਜ ਕੀਤਾ ਹੋਵੇ।

ਕੁਝ ਵੀ ਸੀ, ਵਿਆਹ ਤੋਂ ਬਾਅਦ ਮੇਰੀ ਮਾਂ ਦੇ ਕੁਝ ਸਮੇਂ ਲਈ ਤਾਂ ਸਾਰੇ ਦੁੱਖ ਕੱਟੇ ਗਏ, ਪਰ ਮਾਂ ਵਾਲਾ ਦੁੱਖ ਉਹਦੇ ਵੀ ਨਾਲ-ਨਾਲ ਤੁਰਨ ਲੱਗਾ। ਪਹਿਲਾਂ ਧੀ ਜੰਮੀ। ਉਸ ਤੋਂ ਬਾਅਦ ਫਿਰ ਧੀ, ਪਰ ਸਾਡੇ ਪਿਓ ਨੂੰ ਮਾਂ ਫਿਰ ਵੀ ਕਰਮਾਂ ਵਾਲੀ ਲੱਗਦੀ। ਸਾਡੇ ਭਰਾ ਭਗਵੰਤ ਨੇ ਜਨਮ ਲੈ ਕੇ ਉਨ੍ਹਾਂ ਦੀ ਝੋਲੀ ਖ਼ੁਸ਼ੀਆਂ ਨਾਲ ਭਰ ਦਿੱਤੀ। ਉਹ ਪਹਿਲਾਂ ਫੌਜ ਵਿਚ ਸੀ। ਫਿਰ ਫੌਜ ਛੱਡ ਕੇ ਪੁਲਿਸ ਵਿਚ ਹੋ ਗਿਆ। ਛੇਤੀ ਤਰੱਕੀ ਕਰਦਾ ਵੱਡਾ ਥਾਣੇਦਾਰ ਬਣ ਗਿਆ। ਮੇਰੀ ਬੀਬੀ ਘਰ ਬੈਠੀ ਥਾਣੇਦਾਰਨੀ ਬਣ ਗਈ। ਘਰ ਦਾ ਕੰਮ ਕਰਨ ਲਈ ਪੱਕਾ ਨੌਕਰ। ਖਾਣ-ਪੀਣ, ਪਹਿਨਣ ਦੀਆਂ ਮੌਜਾਂ। ਉਹਨੂੰ ਲੱਗਦਾ, ਇਹ ਸਰਦਾਰੀਆਂ ਉਹਦੀ ਪਤਨੀ ਦੀ ਕਿਸਮਤ ਕਰ ਕੇ ਮਿਲੀਆਂ ਨੇ। ਉਹ ਉਹਨੂੰ ਲਾਹੌਰ ਆਪਣੇ ਨਾਲ ਲੈ ਗਿਆ। ਉਥੇ ਉਹ ਕਿਲ੍ਹਾ ਗੁੱਜਰ ਸਿੰਘ ਵਿਚ ਥਾਣੇ ਦਾ ਇੰਚਾਰਜ ਸੀ। ਮਾਂ ਲਈ ਇਹ ਸਭ ਤੋਂ ਭਲੇ ਦਿਨ ਸਨ।

ਫਿਰ ਇਕ ਦਿਨ ਦੋ-ਢਾਈ ਸਾਲ ਦਾ ਭਗਵੰਤ ਗਵਾਂਢੋਂ, ਪਿਤਾ ਦੇ ਸਹਿਕਰਮੀ ਮੁਸਲਮਾਨ ਹੌਲਦਾਰ ਦੇ ਘਰੋਂ, ਉਹਦੇ ਮੁੰਡੇ ਨਾਲ ਖੇਡਦਾ-ਖੇਡਦਾ ਪਤਾ ਨਹੀਂ ਕੀ ਖਾ ਆਇਆ ਕਿ ਬੇਹੋਸ਼ੀ ਵਿਚ ਧੌਣ ਸੁੱਟ ਲਈ, ਅੱਖਾਂ ਤਾੜੇ ਲੱਗ ਗਈਆਂ। ਪਲਾਂ-ਛਿਣਾਂ ਵਿਚ ਭੌਰ ਉਡਾਰੀ ਮਾਰ ਗਿਆ। ਮਾਪਿਆਂ ਦਾ ਲੱਕ ਟੁੱਟ ਗਿਆ। ਮਾਂ ਤੇ ਭੈਣਾਂ ਦੀ ਜ਼ਿੰਦਗੀ ਵਿਚ ਰੋਣ ਘੁਲ ਗਿਆ। ਪਿਤਾ ਹੌਸਲਾ ਦਿੰਦਾ ਪਰ ਇਸ ਨਾਲ ਕੀ ਹੋਣਾ ਸੀ! ਉਤੋਂ ਦੇਸ਼-ਵੰਡ ਦਾ ਕਹਿਰ ਵਾਪਰ ਗਿਆ।

ਦੇਸ਼ ਦੀ ਵੰਡ ਵੇਲੇ ਵੀ ਸਾਡਾ ਪਿਤਾ ਉਸੇ ਥਾਣੇ ਵਿਚ ਸੀ। ਆਪਣਾ ਟੱਬਰ ਹੀ ਨਹੀਂ, ਹੋਰ ਵੀ ਕਈਆਂ ਨੂੰ ਉਹ ਟਰੱਕ 'ਤੇ ਲੱਦ ਕੇ ਭਾਰਤ 'ਚ ਲੈ ਆਇਆ। ਆਪ ਉਹਦੀ ਡਿਊਟੀ ਫ਼ਿਰੋਜ਼ਪੁਰ ਲੱਗ ਗਈ। ਬੀਬੀ ਝਬਾਲ ਆਪਣੇ ਪੁੱਤ-ਧੀਆਂ ਨੂੰ ਲੈ ਕੇ ਸਹੁਰੇ ਘਰ ਝਬਾਲ ਰਹਿਣ ਲੱਗੀ।

ਭਗਵੰਤ ਦੇ ਤੁਰ ਜਾਣ ਬਾਅਦ ਮੇਰਾ ਜਨਮ ਹੋਇਆ। ਬੀਬੀ ਦੱਸਦੀ, "ਤੇਰੇ ਭਾਪਾ ਜੀ ਤੈਨੂੰ ਬੜਾ ਪਿਆਰ ਕਰਦੇ। ਇਕ ਵਾਰ ਤੇਰੇ ਗਾਜਰੀ ਰੰਗ ਦੀ ਫਰਾਕ ਪਾਈ ਹੋਈ ਸੀ। ਤੇਰੇ ਭਾਪਾ ਜੀ ਛੁੱਟੀ ਆਏ ਹੋਏ ਸਨ। ਤੇਰੇ 'ਤੇ ਲਾਡ ਆਇਆ, ਤੇ ਕੁੱਛੜ ਚੁੱਕ ਕੇ ਅਸਮਾਨ ਵੱਲ ਉਲਾਰ ਕੇ ਵਾਰ-ਵਾਰ ਬਾਹਾਂ ਵਿਚ ਬੋਚ ਕੇ ਆਖਣ, ਮੇਰੀ ਧੀ ਦਾ ਰੰਗ ਤਾਂ ਵੇਖ। ਲਾਲ, ਦਗ-ਦਗ ਕਰਦਾ। ਫਰਾਕ ਦੇ ਰੰਗ ਨਾਲ ਈ ਰਲੀ ਪਈ ਏ। ਵੇਖ ਤੇਰੇ ਤੋਂ ਵੀ ਇਹਦਾ ਰੰਗ ਵੱਧ ਲਾਲ ਤੇ ਗੋਰਾ।"

ਬੀਬੀ ਬਾਰੇ ਸਾਡੀ ਵਡੇਰੀ ਉਮਰ ਦੀ ਤਾਈ ਦੱਸਦੀ ਹੁੰਦੀ, "ਤੁਹਾਡੀ ਮਾਂ ਬੜੀ ਹੌਲੀ ਜਿਹੀ ਉਮਰ ਦੀ ਸੀ ਜਦੋਂ ਵਿਆਹੀ ਆਈ। ਬੜੀ ਸੋਹਣੀ, ਲਾਲ ਦਗਦਾ ਮਘਦਾ ਰੰਗ। ਜਦੋਂ ਸਾਲੂ ਵਿਚੋਂ ਤੇਰੀ ਮਾਂ ਦੇ ਗੋਰੇ ਚਿੱਟੇ ਹੱਥ ਬਾਹਰ ਨਿਕਲੇ ਤਾਂ ਤੇਰਾ ਪਿਉ ਮੈਨੂੰ ਆਖਣ ਲੱਗਾ, ਭਾਬੀ ਇਹਦੇ ਹੱਥਾਂ ਨੂੰ ਟੋਹ-ਟੋਹ ਕੇ ਨਾ ਵੇਖ। ਵੇਖੀਂ ਕਿਤੇ ਆਪਣੇ ਹੱਥਾਂ ਦਾ ਕਾਲਾ ਰੰਗ ਇਹਦੇ ਹੱਥਾਂ 'ਤੇ ਚੜ੍ਹਾ ਕੇ ਇਹਦੇ ਹੱਥ ਮੈਲੇ ਕਰ ਦਏਂ।"

ਸਾਡੇ ਪਿਤਾ ਨੇ ਸੱਚ-ਮੁੱਚ ਮਾਂ ਦੇ ਹੱਥ ਮੈਲੇ ਨਹੀਂ ਸਨ ਹੋਣ ਦਿੱਤੇ। ਬਜ਼ੁਰਗ ਬਾਬਾ ਜਬਰੂ, ਇਕ ਰਾਜਾ ਸਿੰਘ, ਸਾਡੇ ਘਰ ਦਾ ਰੋਟੀ ਟੁੱਕ ਵੀ ਕਰਦਾ, ਹੱਟੀ ਭੱਠੀ ਦੇ ਕੰਮ ਵੀ ਕਰਦਾ। ਬੀਬੀ ਸਾਨੂੰ ਭੈਣ-ਭਰਾਵਾਂ ਨੂੰ ਨਹਾਉਂਦੀ, ਧੁਆਉਂਦੀ। ਸਾਂਭਦੀ, ਸਜਾਉਂਦੀ ਸਵਾਰਦੀ।

ਤੇ ਫਿਰ ਅਚਨਚੇਤ ਬਿਜਲੀ ਡਿੱਗੀ। ਛੱਬੀ ਜਨਵਰੀ ਦਾ ਦਿਨ ਸੀ। ਸ਼ਾਮ ਹੁੰਦਿਆਂ ਪੁਲਿਸ ਦੀ ਗੱਡੀ ਝਬਾਲ ਪਿੰਡ ਵਿਚ ਪਹੁੰਚੀ। ਵਿਚ ਸਾਡੇ ਪਿਤਾ ਦੀ ਲਾਸ਼ ਸੀ। ਪਿਤਾ ਨਾਮਵਰ ਘੋੜ-ਸਵਾਰ ਸੀ। ਘੋੜ-ਖੇਡਾਂ ਵਿਚ ਕਈ ਤਮਗੇ ਜਿੱਤ ਚੁੱਕਾ ਸੀ। ਲਾਸ਼ ਲਿਆਉਣ ਵਾਲੇ ਪੁਲਸੀਆਂ ਦੱਸਿਆ-'ਅੱਜ ਵੀ ਗਣਤੰਤਰ ਦਿਹਾੜੇ 'ਤੇ ਘੋੜ-ਸਵਾਰ ਕਰਤੱਵ ਵਿਖਾ ਰਹੇ ਸਨ। ਪਿਤਾ ਦਾ ਘੋੜਾ ਉਛਲ-ਉਛਲ ਰੁਕਾਵਟਾਂ ਪਾਰ ਕਰ ਰਿਹਾ ਸੀ। ਇਕ ਰੁਕਾਵਟ 'ਤੇ ਘੋੜਾ ਥੋੜ੍ਹਾ ਕੁ ਝਿਜਕਿਆ ਤਾਂ ਪਿਤਾ ਨੇ ਹੱਲਾਸ਼ੇਰੀ ਦੇਣ ਲਈ ਲਗਾਮ ਨੂੰ ਝਟਕਾ ਦਿੱਤਾ, ਪਿੰਡੇ ਨੂੰ ਅੱਡੀ ਛੁਹਾਈ। ਘੋੜੇ ਨੇ ਕੌੜ ਮੰਨੀ। ਘੋੜਾ ਸਿੱਧਾ ਸੀਖ-ਪੌ ਹੋ ਗਿਆ ਤੇ ਸੰਤੁਲਨ ਵਿਗੜ ਜਾਣ ਕਰ ਕੇ ਪਿੱਠ ਪਰਨੇ ਡਿੱਗ ਪਿਆ'।... ਤੇ ਸਾਡਾ ਪਿਤਾ ਘੋੜੇ ਹੇਠਾਂ ਦੱਬਿਆ ਗਿਆ ਤੇ ਨਾਲ ਹੀ ਸਾਡੀ ਸਭਨਾਂ ਦੀ, ਮਾਂ ਤੇ ਤਿੰਨਾਂ ਭੈਣਾਂ ਦੀ, ਕਿਸਮਤ ਵੀ ਦੱਬੀ ਗਈ। ਘੋੜਾ ਨਹੀਂ ਸੀ ਡਿੱਗਾ, ਸਾਡੀ ਕਿਸਮਤ ਦੇ ਕਿੰਗਰੇ ਢਹਿ ਗਏ ਸਨ।

ਮੈਨੂੰ ਕਹਿਰ ਦੀਆਂ ਉਨ੍ਹਾਂ ਘੜੀਆਂ ਦੀ ਸੰਭਾਲ ਨਹੀਂ। ਪੌਣੇ ਦੋ ਸਾਲ ਤਾਂ ਸਾਰੀ ਉਮਰ ਸੀ ਮੇਰੀ, ਪਰ ਮਾਂ ਦੇ ਚੇਤੇ ਵਿਚ ਤਾਂ ਉਹ ਦੁਖਦਾਈ ਘੜੀਆਂ ਸਦਾ ਜਿਉਂਦੀਆਂ ਰਹੀਆਂ ਸਨ। ਕਿੰਨੇ ਸਾਲ, ਕਿੰਨੀ ਵਾਰ ਉਹਨੇ ਹਉਕੇ ਭਰਦਿਆਂ, ਅੱਥਰੂ ਵਹਾਉਂਦਿਆਂ ਇਹ ਦੁਖਦ-ਕਥਾ ਸਾਡੇ ਨਾਲ ਸਾਂਝੀ ਕੀਤੀ ਸੀ, ਤੇ ਅਸੀਂ ਤਿੰਨਾਂ ਭੈਣਾਂ ਨੇ ਪਥਰਾਈ ਚੁੱਪ ਵਿਚ ਉਹਦੇ ਹੰਝੂ ਹਉਕਿਆਂ ਨਾਲ ਆਪਣੇ ਹੰਝੂ ਹਉਕੇ ਰਲਾਏ ਸਨ। ਲੋਕ ਤਾਂ ਵੱਖਰੇ ਤੇ ਵੱਡੇ ਪ੍ਰਸੰਗ ਵਿਚ ਇਹ ਕਥਨ ਦੁਹਰਾਉਂਦੇ ਰਹੇ ਹਨ, ਪਰ ਮੇਰੀ ਮਾਂ ਇਹਨੂੰ ਆਪਣੇ ਨਿੱਜੀ ਦੁੱਖ ਨਾਲ ਜੋੜ ਕੇ ਆਖਦੀ, "ਛੱਬੀ ਜਨਵਰੀ ਦਾ ਉਹ ਦਿਨ ਲੋਕਾਂ ਲਈ ਹੋਊ ਕੋਈ ਦਿਨ-ਦਿਵਾੜਾ, ਪਰ ਸਾਡੇ ਲਈ ਤਾਂ ਉਹ ਬਰਬਾਦੀ ਦਾ ਦਿਨ ਸੀ।" ਅਸੀਂ ਭੈਣਾਂ ਹਰ ਸਾਲ ਇਸ ਕੋਸ਼ਿਸ ਵਿਚ ਰਹਿੰਦੀਆਂ ਕਿ ਬੀਬੀ ਨੂੰ ਸਾਲ ਬਾਅਦ ਆਉਣ ਵਾਲੇ ਛੱਬੀ ਜਨਵਰੀ ਦੇ ਦਿਨ ਦਾ ਪਤਾ ਨਾ ਲੱਗੇ। ਪਤਾ ਲੱਗਣ 'ਤੇ ਉਹ ਸਾਰੀ ਦਿਹਾੜੀ ਵੈਣ ਪਾਉਂਦੀ ਰਹਿੰਦੀ। ਉਹਨੂੰ ਲੱਗਦਾ ਕਿ ਉਹਦਾ ਪਤੀ ਜਿਵੇਂ ਹੁਣੇ ਮਰਿਆ ਹੋਵੇ, ਤੇ ਵਿਹੜੇ ਵਿਚ ਇਕੱਠੀ ਹੋਈ ਭੀੜ ਦੀ ਕੁਰਲਾਹਟ ਵਿਚ ਉਹਦੀ ਫ਼ਿਰੋਜ਼ਪੁਰੋਂ ਅੱਪੜੀ ਲਾਸ਼ ਪਈ ਹੋਵੇ।

ਪੰਝੀ ਕੁ ਸਾਲ ਦੀ ਉਮਰ ਹੋਵੇਗੀ ਮਾਂ ਦੀ ਜਦੋਂ ਉਹ ਵਿਧਵਾ ਹੋ ਗਈ। 'ਜਿਉਂ ਜੰਮੀ ਤੇ ਬੋਦੀਉਂ ਲੰਮੀ' ਵਾਲੀ ਕਹਾਵਤ ਸਾਡੀ ਮਾਂ 'ਤੇ ਢੁਕਦੀ ਹੈ। ਪਤੀ ਦੇ ਘਰ ਵਿਚ ਲਗਭਗ ਬਾਰਾਂ ਤੇਰਾਂ ਵਰ੍ਹੇ ਦੇ ਵਿਆਹੁਤਾ ਤੇ ਹਰਿਆਲੇ ਜੀਵਨ ਦੇ ਉਰਾਰ ਪਾਰ ਉਹਦੇ ਲਈ ਭੁੱਜਦਾ ਹੋਇਆ ਮਾਰੂਥਲ ਸੀ। ਤਪਦੀ ਰੇਤ, ਪੈਰਾਂ ਵਿਚ ਛਾਲੇ, ਹੋਠਾਂ 'ਤੇ ਤਪਦੀ ਪਿਆਸ ਪਰ ਉਹਨੇ ਮਾਰੂਥਲ ਵਿਚ ਵੀ ਤਾਂ ਤੁਰਨਾ ਸੀ। ਉਹ ਆਪਣੀਆਂ ਬੋਟਾਂ ਵਰਗੀਆਂ ਧੀਆਂ ਨੂੰ ਕਿਵੇਂ ਮਾਰੂਥਲ ਦੀ ਤਪਸ਼ ਵਿਚ ਭੁੱਜਣ ਦਿੰਦੀ! ਉਹ ਡਿਗਦੀ, ਢਹਿੰਦੀ, ਉਠਦੀ ਤੇ ਅੱਗੇ ਤੁਰ ਪੈਂਦੀ। ਸਿਰ ਦੇ ਸਾਈਂ ਦੇ ਤੁਰ ਜਾਣ ਨਾਲ ਉਹਦੇ ਨਾਲ ਜੁੜੀਆਂ ਸਰਦਾਰੀਆਂ ਵੀ ਤੁਰ ਗਈਆਂ। ਪਤੀ ਦੀ ਮੌਤ ਸਮੇਂ ਮਾਂ ਗਰਭਵਤੀ ਸੀ। ਆਸ ਸੀ ਕਿ ਘਰ ਦਾ ਭਾਰ ਮੋਢਿਆਂ 'ਤੇ ਚੁੱਕਣ ਲਈ ਸ਼ਾਇਦ ਇਸ ਵਾਰੀ ਪੁੱਤ ਜੰਮ ਪਵੇ ਪਰ ਨਹੀਂ...ਇਕ ਧੀ ਹੋਰ ਆ ਗਈ।

ਮਾਂ ਬਹੁਤ ਦੁਖੀ ਹੋ ਗਈ। ਚਾਰ ਧੀਆਂ ਨੂੰ ਕਿਸ ਤਰ੍ਹਾਂ ਪਾਲੇ। ਪਿਤਾ ਦੀ ਪੈਨਸ਼ਨ ਬਹੁਤ ਥੋੜ੍ਹੀ ਲੱਗੀ। ਮੇਰਾ ਇਕੋ ਇਕ ਸਕਾ ਤਾਇਆ ਵੀ ਪਹਿਲਾਂ ਹੀ ਗੁਜ਼ਰ ਚੁੱਕਾ ਸੀ। ਉਸ ਦੇ ਲੜਕੇ ਸਾਥੋਂ ਕਾਫ਼ੀ ਵੱਡੇ ਸਨ ਤੇ ਫੌਜ ਵਿਚ ਨੌਕਰੀ ਕਰਦੇ ਸਨ। ਇੰਜ ਸਾਡੀ ਸਾਰੀ ਜ਼ਮੀਨ ਪਹਿਲਾਂ ਹੀ ਹਿੱਸੇ ਠੇਕੇ 'ਤੇ ਵਗਦੀ ਸੀ। ਬੰਦਿਆਂ ਦੀ ਛਾਂ ਸਿਰ 'ਤੇ ਨਾ ਹੋਣ ਕਰ ਕੇ ਹਿੱਸੇ-ਠੇਕੇ ਵਾਲੇ ਵੀ ਪੂਰਾ ਇਨਸਾਫ਼ ਨਾ ਕਰਦੇ। ਸਾਡਾ ਦੋਵਾਂ ਟੱਬਰਾਂ ਦਾ ਸਾਂਝਾ ਬਾਗ ਸੀ, ਦੋ ਕਿੱਲੇ ਵਿਚ। ਬਾਗ ਵਿਚ ਅੰਬ, ਜਾਮਨੂੰ, ਅਨਾਰ, ਅਮਰੂਦ, ਨਿੰਬੂ, ਆੜੂ ਤੇ ਸੰਤਰੇ ਦੇ ਬੂਟਿਆਂ ਨੂੰ ਫ਼ਲ ਲੱਗਦਾ ਮੈਂ ਆਪਣੀ ਸੰਭਾਲ ਵਿਚ ਆਪ ਵੇਖਿਆ। ਇਕ ਬੁੱਢੇ ਅੰਬ 'ਤੇ ਚੜ੍ਹ ਕੇ ਰਸੇ ਅੰਬ ਤੋੜਨ ਦਾ ਮੈਨੂੰ ਅੱਜ ਵੀ ਚੇਤਾ ਹੈ। ਬੰਦਿਆਂ ਬਿਨਾਂ ਇਹ ਬਾਗ ਵੀ ਲੋਕਾਂ ਜੋਗਾ ਹੋ ਗਿਆ। ਬਾਗ ਨੂੰ ਤਬਾਹ ਹੁੰਦਾ ਵੇਖ ਕੇ ਛੁੱਟੀ ਆਏ ਮੇਰੇ ਤਾਏ ਦੇ ਛੋਟੇ ਲੜਕੇ ਨੇ ਬੀਬੀ ਦੀ ਸਲਾਹ ਨਾਲ ਬਾਗ ਕਟਵਾ ਦਿੱਤਾ ਕਿ ਚੱਲੋ, ਫ਼ਸਲ ਬੀਜਣ ਲਈ ਤਾਂ ਜ਼ਮੀਨ ਵਿਹਲੀ ਹੋ ਜਾਏਗੀ।

(ਚਲਦਾ)

## ਇਸਰਾਈਲੀ ਚੇਤਨਾ ਦੀ ਸੁਹਿਰਦ ਆਵਾਜ਼

# ਫੌਰਗਿਵਨੈਸ

ਇਸਰਾਇਲੀ ਜੰਗਬਾਜ਼ਾਂ ਦਾ ਫ਼ਲਸਤੀਨੀਆਂ ਉੱਤੇ ਢਾਹਿਆ ਕਹਿਰ ਯਹੂਦੀ ਚੇਤਨਾ ਨੂੰ ਕਟਹਿਰੇ ਵਿਚ ਲੈ ਆਇਆ। ਫ਼ਲਸਤੀਨੀ ਚਿੰਤਕ ਐਡਵਰਡ ਸਈਦ ਕਹਿੰਦਾ ਸੀ ਕਿ ਹਰ ਸਮਾਜ ਵਿਚ ਉਸ ਦੀ ਚੇਤਨਾ ਦੇ ਨੁਮਾਇੰਦੇ ਜ਼ਰੂਰ ਹੁੰਦੇ ਹਨ, ਬੇਸ਼ੱਕ ਉਹ ਘੱਟ ਗਿਣਤੀ ਵਿਚ ਹੋਣ। ਉਹ ਸਵਾਲ ਕਰਦਾ ਹੈ ਕਿ ਇਸਰਾਇਲੀ ਚੇਤਨਾ ਦੇ ਨੁਮਾਇੰਦੇ ਕਿੱਥੇ ਹਨ? ਇਹ ਸਵਾਲ ਸੁਹਿਰਦ ਯਹੂਦੀਆਂ ਲਈ ਸੋਚਣ ਦਾ ਮਸਲਾ ਹਮੇਸ਼ਾ ਰਿਹਾ ਹੈ ਅਤੇ ਅੱਜ ਵੀ ਹੈ। ਸਈਦ ਦੇ ਸਵਾਲ ਦਾ ਜਵਾਬ ਦੇਣ ਲਈ ਕਈ ਸੁਹਿਰਦ ਆਵਾਜ਼ਾਂ ਉੱਠੀਆਂ ਜਿਨ੍ਹਾਂ ਵਿਚੋਂ



**ਜਤਿੰਦਰ ਮੌਹਰ**
**ਫੋਨ: 91-97799-34747**

ਇੱਕ ਆਵਾਜ਼ ਇਸਰਾਇਲੀ ਫ਼ਿਲਮਸਾਜ਼ਾਂ ਦੀ ਸੀ। ਉਨ੍ਹਾਂ ਨੇ ਜੰਗ ਅਤੇ ਇਸਰਾਇਲੀ ਹੈਂਕੜ ਵਿਰੁਧ ਲਗਾਤਾਰ ਫਿਲਮਾਂ ਬਣਾਈਆਂ ਅਤੇ ਦੱਸਿਆ ਕਿ ਉਹ ਯਹੂਦੀ ਹਨ ਤੇ ਇਸਰਾਇਲੀ ਚੇਤਨਾ ਦੇ ਨੁਮਾਇੰਦੇ ਹਨ। ਉਹ ਹਿੱਕ ਥਾਪੜ ਕੇ ਕਹਿੰਦੇ ਹਨ ਕਿ ਉਹ ਮਨੁੱਖਤਾ ਵਿਰੋਧੀ ਇਸਰਾਇਲੀ ਨੀਤੀਆਂ ਦੇ ਖ਼ਿਲਾਫ਼ ਹਾਂ। ਇਸਰਾਇਲੀ ਹੈਂਕੜ ਅਤੇ ਜੰਗੀ ਨੀਤੀਆਂ ਖ਼ਿਲਾਫ਼ ਮੁਲਕ ਵਿਚ ਵੱਡੀ ਧਿਰ ਫ਼ਿਲਮਸਾਜ਼ ਤੇ ਸਿਨੇਮਾ ਰਹੇ ਹਨ।

ਸੰਨ 2006 ਵਿਚ ਪਰਦਾ ਪੇਸ਼ ਹੋਈ ਇਸਰਾਇਲੀ ਫ਼ਿਲਮ 'ਫੌਰਗਿਵਨੈਸ' ਇਸੇ ਕੜੀ ਵਿਚ ਬਣੀ ਫ਼ਿਲਮ ਹੈ ਜੋ ਯਹੂਦੀ ਚੇਤਨਾ ਦੀ ਸੁਹਿਰਦ ਆਵਾਜ਼ ਹੈ। ਫ਼ਿਲਮ ਦੀ ਕਹਾਣੀ ਦਾਇਰ ਯਾਸੀਨ ਨਾਮ ਦੇ ਫ਼ਲਸਤੀਨੀ ਪਿੰਡ ਵਿਚ ਬਣੇ ਪਾਗਲਾਂ ਦੇ ਹਸਪਤਾਲ ਤੋਂ ਸ਼ੁਰੂ ਹੁੰਦੀ ਹੈ। 9 ਅਪਰੈਲ 1948 ਨੂੰ ਯਹੂਦੀ ਫ਼ੌਜੀਆਂ ਦੀ ਟੋਲੀ ਨੇ ਫ਼ਲਸਤੀਨੀ ਪਿੰਡ ਦਾਇਰ ਯਾਸੀਨ ਉੱਤੇ ਧਾਵਾ ਬੋਲਿਆ ਅਤੇ ਅਰਬ ਮੂਲ ਦੇ ਸੌ ਤੋਂ ਵੱਧ ਪੇਂਡੂਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਕੁਝ ਸਮੇਂ ਬਾਅਦ ਪਿੰਡ ਦੇ ਖੰਡਰਾਂ ਉੱਤੇ ਪਾਗਲਾਂ ਦਾ ਹਸਪਤਾਲ ਖੋਲ੍ਹਿਆ ਗਿਆ। ਇਸ ਹਸਪਤਾਲ ਵਿਚ ਸਭ ਤੋਂ ਪਹਿਲੇ ਯਹੂਦੀ ਮਰੀਜ਼ ਉਹ ਸਨ ਜੋ ਨਾਜ਼ੀਆਂ ਤੋਂ ਜਾਨ ਬਚਾਉਣ ਵਿਚ ਤਾਂ ਕਾਮਯਾਬ ਹੋ ਗਏ, ਪਰ ਮਾਨਸਿਕ ਸੰਤੁਲਨ ਖੋ ਬੈਠੇ। ਕਿਹਾ ਜਾਂਦਾ ਹੈ ਕਿ ਉਸ ਦਿਨ ਤੋਂ ਲੈ ਕੇ ਅੱਜ ਤੱਕ ਉਹ ਮਰੀਜ਼ ਦਾਇਰ ਯਾਸੀਨ ਪਿੰਡ ਦੇ ਕਤਲ ਹੋਏ ਬੇਕਸੂਰ ਲੋਕਾਂ ਦੀਆਂ ਰੂਹਾਂ ਨਾਲ ਗੱਲਾਂ ਕਰਦੇ ਹਨ। ਅੱਜ ਕੱਲ੍ਹ ਇਸ ਹਸਪਤਾਲ ਦੇ ਮਰੀਜ਼ਾਂ ਵਿਚ ਉਹ ਨੌਜਵਾਨ ਯਹੂਦੀ ਫ਼ੌਜੀ ਵੀ ਹੁੰਦੇ ਹਨ ਜੋ ਅਣ-ਹੱਕੀਆਂ ਜੰਗਾਂ ਵਿਚ ਸ਼ਮੂਲੀਅਤ ਅਤੇ ਬੇਕਸੂਰ ਫ਼ਲਸਤੀਨੀਆਂ ਦਾ ਕਤਲੇਆਮ ਕਰਨ ਕਰ ਕੇ ਮਾਨਸਿਕ ਸੰਤੁਲਨ ਖੋ ਬੈਠਦੇ ਹਨ। ਬਿਮਾਰ ਸਮਾਜ ਪੈਦਾ ਕਰਨ ਅਤੇ ਬੇਕਸੂਰਾਂ ਦੇ



ਫ਼ਿਲਮ ਦਾ ਡਾਇਰੈਕਟਰ ਉਡੀ ਅਲੋਨੀ।

ਕਤਲੇਆਮ ਦਾ ਰੁਝਾਨ ਬਾਦਸਤੂਰ ਜਾਰੀ ਹੈ। ਪਹਿਲਾਂ ਇਹ ਕੰਮ ਨਾਜ਼ੀਆਂ ਨੇ ਕੀਤਾ ਅਤੇ ਹੁਣ ਇਸਰਾਇਲੀ ਜੰਗਬਾਜ਼ ਕਰ ਰਹੇ ਹਨ। ਨਾਜ਼ੀਆਂ ਦਾ ਸ਼ਿਕਾਰ ਯਹੂਦੀ ਬਣੇ ਅਤੇ ਯਹੂਦੀਆਂ ਨੇ ਆਰਾ ਅਰਬ ਮੁਸਲਮਾਨਾਂ ਸਿਰ ਧਰ ਲਿਆ। ਇਸਰਾਇਲੀ ਜੰਗੀ ਹੈਂਕੜ ਦੇ ਪੈਦਾ ਕੀਤੇ ਤਬਾਹੀ ਅਤੇ ਕਤਲੋਗਾਰਤ ਦੇ ਮੰਜ਼ਰਾਂ ਤੋਂ ਉਹਦੇ ਆਪਣੇ ਬਸ਼ਿੰਦੇ ਵੀ ਅਣਭਿੱਜ ਨਹੀਂ ਰਹਿ ਸਕਦੇ। 'ਗ਼ੈਰਾਂ' ਦਾ ਕਤਲੇਆਮ ਕਰ ਕੇ ਉਹ ਖ਼ੁਦ ਵੀ ਪਾਗਲ ਅਤੇ ਬਿਮਾਰ ਸਮਾਜ ਵੱਲ ਕਦਮ ਧਰ ਚੁੱਕੇ ਹਨ। ਦਾਇਰ ਯਾਸੀਨ ਦੇ ਪਾਗਲਖਾਨੇ ਵਿਚ ਇੱਕ ਅਮਰੀਕੀ ਯਹੂਦੀ ਨੌਜਵਾਨ ਡੇਵਿਡ ਦਾਖ਼ਲ ਹੈ। ਫ਼ਿਲਮ ਦਾ ਮੁੱਖ ਕਿਰਦਾਰ ਉਹੀ ਹੈ। ਡੇਵਿਡ ਉਨ੍ਹਾਂ ਪਰਵਾਸੀ ਯਹੂਦੀਆਂ ਦੀ ਨੁਮਾਇੰਦਗੀ ਕਰਦਾ ਹੈ ਜੋ 'ਯਹੂਦੀ ਘਰ' ਦੀ ਸੇਵਾ ਅਤੇ ਰੱਖਿਆ ਲਈ ਅਮਰੀਕਾ ਛੱਡ ਕੇ ਇਸਰਾਈਲ ਆਉਂਦਾ ਹੈ ਅਤੇ ਫ਼ੌਜ ਵਿਚ ਭਰਤੀ ਹੋ ਜਾਂਦਾ ਹੈ। ਉਹਦਾ ਪਿਉ ਕਲਾਕਾਰ ਹੈ ਅਤੇ ਨਾਜ਼ੀਆਂ ਦੇ ਕੈਂਪਾਂ ਵਿਚੋਂ ਜਾਨ ਬਚਾਉਣ ਵਿਚ ਕਾਮਯਾਬ ਹੋ ਗਿਆ ਸੀ। ਕਲਾਕਾਰ ਪਿਉ ਮੁੰਡੇ ਦੇ ਫ਼ੌਜ ਵਿਚ ਭਰਤੀ ਹੋਣ ਦੇ ਵਿਰੁਧ ਹੈ। ਮੁੰਡਾ ਪਿਉ ਦੀ ਪ੍ਰਵਾਹ ਨਾ ਕਰਦਾ ਹੋਇਆ ਫ਼ੌਜ ਵਿਚ ਭਰਤੀ ਹੋ ਜਾਂਦਾ ਹੈ। ਇਸਰਾਇਲੀ ਜੰਗਬਾਜ਼ ਡੇਵਿਡ ਦੇ ਦਿਮਾਗ ਵਿਚ ਫ਼ਲਸਤੀਨੀਆਂ ਨੂੰ 'ਸਭ ਤੋਂ ਪਹਿਲੇ ਕੁਦਰਤੀ ਦੁਸ਼ਮਣ' ਹੋਣ ਦਾ ਵਿਚਾਰ ਭਰਦੇ ਹਨ। ਡੇਵਿਡ ਬੇਕਸੂਰਾਂ ਨੂੰ ਉਜਾੜਨ ਦੇ ਕੰਮ ਵਿਚ ਤਨਦੇਹੀ ਨਾਲ ਹੱਥ ਵਟਾਉਂਦਾ ਹੈ। 'ਪਹਿਲਾਂ ਮਾਰੋ' ਦੀ ਇਸਰਾਇਲੀ ਨੀਤੀ ਦੇ ਚਲਦੇ ਉਹ ਬੇਕਸੂਰ ਮਾਸੂਮ ਬੱਚੀ ਨੂੰ ਗੋਲੀ ਨਾਲ ਉਡਾ ਦਿੰਦਾ ਹੈ। ਇਹ ਸਦਮਾ ਡੇਵਿਡ ਤੋਂ ਬਰਦਾਸ਼ਤ ਨਹੀਂ ਹੁੰਦਾ ਅਤੇ ਉਹਨੂੰ ਪਾਗਲਖਾਨੇ ਭਰਤੀ ਕਰਾਉਣਾ ਪੈਂਦਾ ਹੈ। ਮਰੀ ਬੱਚੀ ਉਹਦੇ ਚੇਤਿਆਂ ਵਿਚ ਘੁੰਮਦੀ ਰਹਿੰਦੀ ਹੈ। ਡੇਵਿਡ ਬੱਜਰ ਗੁਨਾਹ ਤੋਂ ਪਿੱਛਾ ਛੁਡਾਉਣ ਲਈ ਅੰਤ ਵਿਚ ਖ਼ੁਦਕੁਸ਼ੀ ਕਰ ਲੈਂਦਾ ਹੈ। ਡੇਵਿਡ ਵਰਗਿਆਂ ਦੇ ਦਿਮਾਗ ਵਿਚ ਰਾਜਤੰਤਰ ਜਿੰਨੀ ਮਰਜ਼ੀ ਨਫ਼ਰਤ ਭਰ ਲਵੇ, ਪਰ ਬੰਦੇ ਅੰਦਰਲਾ ਬੰਦਾ ਸਿਰ ਚੁੱਕਣ ਤੋਂ ਨਹੀਂ ਹਟਦਾ। ਰਾਜਤੰਤਰ ਇਸੇ ਬੰਦਿਆਈ ਨੂੰ ਮਾਰ ਕੇ ਬੰਦੇ ਨੂੰ ਸ਼ੈਤਾਨ ਬਣਾਉਂਦਾ ਹੈ ਅਤੇ ਇਸੇ ਬੰਦੇ ਤੋਂ ਡਰਦਾ ਵੀ ਹੈ। ਉਹ ਚਾਹੁੰਦਾ ਹੈ ਕਿ ਜਾਂ ਤਾਂ ਬੰਦਾ ਸ਼ੈਤਾਨ ਬਣੇ ਜਾਂ ਅਮਲੀ। ਇਸਰਾਇਲੀ ਖ਼ੁਫ਼ੀਆ ਏਜੰਸੀ ਮੋਸਾਦ ਦੇ ਸਾਬਕਾ ਕਰਿੰਦਿਆਂ ਦਾ ਵੱਡਾ ਵਪਾਰ ਇਸਰਾਈਲ ਛੱਡ ਕੇ ਗਏ ਯਹੂਦੀ ਫ਼ੌਜੀਆਂ ਨੂੰ ਲੱਭਣਾ ਵੀ ਹੈ ਤਾਂ ਕਿ ਇਹ ਨਸ਼ੇ ਦੀ ਹਾਲਤ ਵਿਚ ਕੁਝ ਬਕ ਹੀ ਨਾ ਦੇਣ।

ਗਾਜ਼ਾ ਪੱਟੀ ਉੱਤੇ ਤਾਜ਼ਾ ਇਸਰਾਇਲੀ ਧਾਵੇ ਦੇ ਪ੍ਰਸੰਗ ਵਿਚ ਇਹ ਫ਼ਿਲਮ ਹੋਰ ਅਹਿਮ ਹੋ ਜਾਂਦੀ ਹੈ। ਭਾਰਤੀ ਸੰਸਦ ਨੇ ਕਤਲੇਆਮ ਦੇ ਵਿਰੁਧ ਮਤਾ ਤੱਕ ਪਾਸ ਨਹੀਂ ਕੀਤਾ। ਹਿੰਦੂ ਬੁਨਿਆਦਪ੍ਰਸਤ ਇਸਰਾਇਲੀ ਧੜਵੈਲਾਂ ਦਾ ਪੱਖ ਪੂਰ ਰਹੇ ਹਨ। ਸਿੱਖਾਂ ਦੀ ਇੱਕ ਧਾਰਾ ਯਹੂਦੀਆਂ ਦੀ ਹੈਂਕੜ ਦੀ ਦੀਵਾਨੀ ਹੋਈ ਫਿਰਦੀ ਹੈ ਅਤੇ ਯਹੂਦੀਆਂ ਦੀ ਤਰਜ਼ ਉੱਤੇ ਵੱਖਰੇ ਮੁਲਕ ਦੀ ਕਾਮਯਾਬੀ ਦੀ ਵਕਾਲਤ ਕਰਦੀ ਹੈ। ਸਪੇਨ ਵਿਚ ਨਵ-ਨਾਜ਼ੀਆਂ ਦੇ ਸਰਗਰਮ ਗਰੁੱਪ ਨੇ ਫ਼ਾਸ਼ੀਵਾਦ ਵਿਰੋਧੀ ਕਾਰਕੁਨ ਦਾ ਕਤਲ ਕਰ ਦਿੱਤਾ। ਨਾਜ਼ੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਮੁੱਖ ਨਿਸ਼ਾਨੇ ਉੱਤੇ ਅਰਬ ਮੁਸਲਮਾਨ ਹਨ। ਇਨ੍ਹਾਂ ਤੋਂ ਬਾਅਦ ਵਾਰੀ ਪਰਵਾਸੀਆਂ, ਫ਼ਾਸ਼ੀਵਾਦ ਵਿਰੋਧੀਆਂ, ਰੋਮਾ ਜਾਂ ਜਿਪਸੀ ਲੋਕਾਂ ਅਤੇ ਲਾਤੀਨੀ ਲੋਕਾਂ ਦੀ ਆਉਂਦੀ ਹੈ। ਇਸ ਸਾਰੇ ਰੁਝਾਨ ਵਿਚ ਸਭ ਤੋਂ ਪਹਿਲਾਂ ਸ਼ਾਮਤ ਅਰਬਾਂ ਅਤੇ ਮੁਸਲਮਾਨਾਂ ਦੀ ਆਈ ਹੋਈ ਹੈ ਜਿਨ੍ਹਾਂ ਵਿਰੁਧ ਅਖੌਤੀ ਦੁਸ਼ਮਣ ਕਹਾਉਣ ਵਾਲੀਆਂ ਸਾਰੀਆਂ ਧਿਰਾਂ ਇੱਕਸੁਰ ਹਨ। ਨਾਜ਼ੀ, ਇਸਰਾਇਲੀ ਜੰਗਬਾਜ਼, ਹਿੰਦੂ ਅਤੇ ਸਿੱਖ ਕੱਟੜਪ੍ਰਸਤ ਸਾਰੇ ਇੱਕੋ ਪਾਲੇ ਵਿਚ ਖੜ੍ਹੇ ਨਜ਼ਰ ਆਉਂਦੇ ਹਨ। ਇਸ ਮਾਹੌਲ ਵਿਚ ਬੇਕਸੂਰ ਫ਼ਲਸਤੀਨੀਆਂ ਦੇ ਹੱਕ ਵਿਚ ਹਾਅ ਦਾ ਮਾਰਨਾ ਲਾਜ਼ਮੀ ਹੋ ਜਾਂਦਾ ਹੈ। ਮੁਜਰਮ ਅਤੇ ਮਜ਼ਲੂਮ ਦੀ ਪਛਾਣ ਕਰਨ ਸਮੇਂ ਉਪਰਲੇ ਸਾਰੇ ਰੁਝਾਨ ਨੂੰ ਵਿਚਾਰਨਾ ਅਹਿਮ ਹੈ। ਵਧ ਰਹੀ ਜੰਗੀ ਸਰਗਰਮੀ ਅਤੇ ਅਸਹਿਣਸ਼ੀਲਤਾ ਵਰਗੇ ਨੁਕਤੇ ਆਲਮੀ ਤਰਜੀਹ ਦੀ ਮੰਗ ਕਰਦੇ ਹਨ। ਇਸ ਮਾਹੌਲ ਵਿਚ 'ਫੌਰਗਿਵਨੈਸ' ਗੌਲਣਯੋਗ ਫ਼ਿਲਮ ਹੈ ਜੋ ਜੰਗ ਅਤੇ ਅਸਹਿਣਸ਼ੀਲਤਾ ਦੇ ਹਮਾਇਤੀਆਂ ਦੇ ਵਿਚਾਰਾਂ ਨੂੰ ਮੂਧੇ ਮੂੰਹ ਕਰ ਦਿੰਦੀ ਹੈ।



ਫਿਲਮ 'ਫੌਰਗਿਵਨੈਸ' ਦਾ ਨਾਇਕ ਈਟੇ ਟਰਨ।



ਇਸਰਾਇਲੀ ਫਿਲਮਸਾਜ਼ ਉਡੀ ਅਲੋਨੀ ਦੀ ਫਿਲਮ 'ਫੌਰਗਿਵਨੈਸ' ਦੇ ਵੱਖ-ਵੱਖ ਦ੍ਰਿਸ਼।

## ਹੁੱਬ-ਹੁੱਬ ਗੱਲਾਂ ਕਰਦੀ ਹੈ ਹੁਮਾ



ਫਿਲਮ ਜਗਤ ਵਿਚ ਆਪਣੀ ਅਦਾਕਾਰੀ ਦੇ ਸਿਰ ਉਤੇ ਚਰਚਾ ਕਰਵਾਉਣ ਵਾਲੀ ਸੋਹਣੀ-ਸੁਨੱਖੀ ਹੁਮਾ ਕੁਰੈਸ਼ੀ ਹੁਣੇ-ਹੁਣੇ (28 ਜੁਲਾਈ) ਨੂੰ ਆਪਣਾ ਜਨਮ ਦਿਨ ਮਨਾ ਕੇ ਹਟੀ ਹੈ। ਹੁਮਾ ਦਾ ਜਨਮ ਦਿੱਲੀ ਵਿਚ 28 ਜੁਲਾਈ 1986 ਨੂੰ ਹੋਇਆ ਸੀ। ਸਭ ਤੋਂ ਪਹਿਲਾਂ ਉਸ ਨੇ ਥਿਏਟਰ ਕਰ ਕੇ ਸਭ ਦਾ ਧਿਆਨ ਖਿਚਿਆ। ਫਿਰ ਜਦੋਂ ਫਿਲਮਾਂ ਵਿਚ ਆਈ ਤਾਂ ਬਗੈਰ ਕਿਸੇ ਸਮਝੌਤੇ ਦੇ, ਆਪਣੇ ਹਿਸਾਬ ਨਾਲ ਕੰਮ ਕੀਤਾ। ਕਈਆਂ ਨੇ ਉਸ ਦੇ ਮੋਟੀ ਹੋਣ 'ਤੇ ਵੀ ਬੜੇ ਵਿਅੰਗ ਕੱਸੇ, ਪਰ ਉਸ ਨੇ ਇਸ ਵਿਅੰਗ ਨੂੰ ਵੀ ਹਾਂ-ਪੱਖ ਵਿਚ ਤਬਦੀਲ ਕਰਦਿਆਂ ਸਭ ਦੇ ਮੂੰਹ ਬੰਦ ਕਰ ਦਿੱਤੇ। ਉਸ ਦਾ ਮੰਨਣਾ ਹੈ ਕਿ ਜੇ ਤੁਹਾਡੇ ਕੰਮ ਵਿਚ ਦਮ ਹੈ ਤਾਂ ਤੁਸੀਂ ਆਪਣੀ ਮਰਜ਼ੀ ਨਾਲ ਕਿਤੇ ਵੀ ਵਿਚਰ ਸਕਦੇ ਹੋ। ਹੁਮਾ ਦੀ ਪਹਿਲੀ ਫਿਲਮ 'ਗੈਂਗਸ ਆਫ ਵਾਸੇਪੁਰ-1' ਦੋ ਸਾਲ ਪਹਿਲਾਂ 2012 ਵਿਚ ਆਈ ਸੀ ਅਤੇ ਹੁਣ ਤੱਕ ਉਸ ਦੀਆਂ ਅੱਠ ਫਿਲਮਾਂ ਆ ਗਈਆਂ ਹਨ। ਗਿਣਤੀ ਦੀਆਂ ਇਨ੍ਹਾਂ ਫਿਲਮਾਂ ਨਾਲ ਉਸ ਦੀ ਗਿਣਤੀ ਚੋਟੀ ਦੀਆਂ ਹੀਰੋਇਨਾਂ ਵਿਚ ਹੋਣ ਲੱਗ ਪਈ ਹੈ। ਇਸੇ ਸਾਲ ਉਸ ਦੀ ਫਿਲਮ 'ਐਕਸ' ਰਿਲੀਜ਼ ਹੋ ਰਹੀ ਹੈ। ਇਸ ਫਿਲਮ ਵਿਚ ਕਮਾਲ ਦੇ ਤਜਰਬੇ ਕੀਤੇ ਗਏ ਹਨ ਅਤੇ ਉਸ ਨੂੰ ਇਸ ਫਿਲਮ ਤੋਂ ਬਹੁਤ ਆਸਾਂ ਹਨ। ਉਸ ਦੀ ਮਰਾਠੀ ਫਿਲਮ 'ਹਾਈਵੇ' ਵੀ ਇਸੇ ਸਾਲ ਰਿਲੀਜ਼ ਹੋਣੀ ਹੈ ਅਤੇ ਉਹ ਵਰੁਣ ਧਵਨ ਨਾਲ ਫਿਲਮ 'ਬਦਲਾਪੁਰ' ਕਰ ਰਹੀ ਹੈ ਜੋ ਅਗਲੇ ਸਾਲ ਰਿਲੀਜ਼ ਹੋ ਰਹੀ ਹੈ।

## ਸਲਮਾਨ ਖਾਨ ਦੀ ਸਾਦਗੀ?

ਸਲਮਾਨ ਖਾਨ ਦੀ ਨਵੀਂ ਫਿਲਮ 'ਕਿੱਕ' ਜਦੋਂ ਦੀ ਰਿਲੀਜ਼ ਹੋਈ ਹੈ, ਬੱਸ ਇਕ ਹੀ ਚਰਚਾ ਹੋ ਰਹੀ ਹੈ, ਕਿ ਇਹ ਕਿੰਨੇ ਪੈਸੇ ਕਮਾ ਰਹੀ ਅਤੇ ਕਿੰਨੇ ਰਿਕਾਰਡ ਤੋੜ ਰਹੀ ਹੈ। ਇਹ ਫਿਲਮ ਕਿਸ ਤਰ੍ਹਾਂ ਦੀ ਹੈ ਅਤੇ ਇਸ ਵਿਚ ਸਲਮਾਨ ਨੇ ਕਿੰਨੇ ਕੁ ਤੀਰ ਮਾਰੇ ਹਨ, ਇਸ ਬਾਰੇ ਚਰਚਾ ਪਿਛੇ ਰਹਿ ਗਈ ਹੈ। ਫਿਲਮ ਰਿਕਾਰਡ ਤੋੜ ਵੀ ਰਹੀ ਹੈ। ਅਸਲ ਵਿਚ ਅੱਜ ਕੱਲ੍ਹ ਫਿਲਮ ਦੀ ਸਫਲਤਾ ਦਾ ਮੀਟਰ ਸਿਰਫ ਕਮਾਈ ਹੀ ਰਹਿ ਗਿਆ ਹੈ। ਸਲਮਾਨ ਦੀ ਇਸ ਫਿਲਮ ਬਾਰੇ ਇਹ ਚਰਚਾ ਇਸ ਕਰ ਕੇ ਵੀ ਹੈ, ਕਿਉਂਕਿ ਉਸ ਦੀ ਪਿਛਲੀ ਫਿਲਮ 'ਜੈ ਹੋ' ਚੱਲੀ ਨਹੀਂ ਸੀ। ਉਸ ਸਮੇਂ ਇਕ ਚਰਚਾ ਇਹ ਵੀ ਚੱਲੀ ਸੀ ਕਿ ਉਸ ਨੇ 'ਜੈ ਹੋ' ਦੀ ਮਸ਼ਹੂਰੀ ਲਈ ਭਾਜਪਾ ਆਗੂ ਨਰੇਂਦਰ ਮੋਦੀ ਜੋ ਹੁਣ ਪ੍ਰਧਾਨ ਮੰਤਰੀ ਹਨ, ਨਾਲ ਪਤੰਗ ਉਡਾਏ ਹਨ। ਮੁਸਲਮਾਨਾਂ ਅਤੇ ਸੰਜੀਦਾ ਲੋਕਾਂ ਵਿਚ ਮੋਦੀ ਦਾ ਅਕਸ ਬਹੁਤਾ ਚੰਗਾ ਨਹੀਂ; ਇਸ ਲਈ ਉਦੋਂ ਲੋਕਾਂ ਨੇ ਮਿਥ ਕੇ ਫਿਲਮ 'ਜੈ ਹੋ' ਨਹੀਂ ਦੇਖੀ। ਸਲਮਾਨ ਨੂੰ ਵੀ ਇਸ 'ਨੁਕਸਾਨ' ਦਾ ਅਹਿਸਾਸ ਹੋ ਗਿਆ ਸੀ। ਐਤਕੀ 'ਕਿੱਕ' ਮੌਕੇ ਵੀ ਲੋਕਾਂ ਨੇ ਆਪਣਾ ਗੁੱਸਾ ਜ਼ਾਹਿਰ ਕੀਤਾ ਹੈ। ਪਾਕਿਸਤਾਨ ਵਿਚ 31 ਜੁਲਾਈ ਨੂੰ ਕਰਾਚੀ ਸ਼ਹਿਰ ਦੇ ਇਕ ਥਿਏਟਰ ਵਿਚ ਗ੍ਰਨੇਡ ਚੱਲ ਗਿਆ। ਅਜਿਹੀਆਂ ਘਟਨਾਵਾਂ ਨੂੰ ਭਾਵੇਂ ਆਮ ਕਰ ਕੇ ਭੰਨ-ਤੋੜ ਦੀਆਂ ਕਾਰਵਾਈਆਂ ਵਿਚ ਸ਼ਾਮਲ ਕਰ ਲਿਆ ਜਾਂਦਾ ਹੈ, ਪਰ ਇਸ ਤਰ੍ਹਾਂ ਦੀਆਂ ਹੋਰ ਪ੍ਰਤੀਕਿਰਿਆਵਾਂ ਵੀ ਸਾਹਮਣੇ ਆਈਆਂ ਹਨ। ਉਂਜ, ਇਨ੍ਹੀਂ ਦਿਨੀਂ ਸਲਮਾਨ ਦੀ ਸਾਦਗੀ ਬਾਰੇ ਵੀ ਬੜੀ ਖਬਰਾਂ ਛਪੀਆਂ ਹਨ। ਉਹ ਦਾਨ ਕਰ ਰਿਹਾ ਹੈ। ਲੋਕ ਉਸ ਦੀ ਇਸ ਸਾਦਗੀ 'ਤੇ ਸਵਾਲ ਖੜ੍ਹੇ ਕਰ ਰਹੇ ਕਿ ਇਹ ਸਭ ਫਿਲਮ ਦੀ ਮਸ਼ਹੂਰੀ ਦਾ ਹੀ ਨਵਾਂ ਤਰੀਕਾ ਹੈ। ਸਾਰਾ ਕੁਝ ਫਿਲਮ ਦੇ ਪ੍ਰਚਾਰ ਨੂੰ ਮੁੱਖ ਰੱਖ ਕੇ ਕੀਤਾ ਜਾ ਰਿਹਾ ਹੈ। ਠੀਕ ਵੀ ਹੈ, ਜਿਨ੍ਹਾਂ ਨੇ ਦਾਨ ਕਰਨਾ ਹੁੰਦਾ ਹੈ, ਉਹ ਕਦੀ ਡੌਂਡੀ ਨਹੀਂ ਪਿੱਟਦੇ ਹੁੰਦੇ, ਸਗੋਂ ਚੁੱਪ-ਚੁਪੀਤੇ ਅਜਿਹਾ ਕੰਮ ਕਰਦੇ ਰਹਿੰਦੇ ਹਨ।



HD IP

Security Solution

ULTRA High Resolution

Gas stations, Liquor Store,Hotel/Motels,Homes

or

Any Kind Of Business

-Cash Register Interface.
-Fully Trained Tech.Staff.
-16 Year Satisfied Custmer.




2 Year Warranty

Vista CCTV TECHNOLOGY

Call Mr.Sukhpal

1-661-586-5080

The Anu Attorney Immigration Law Firm
Law offices of Anu Peshawaria

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



Anu Peshawaria
Attorney at Law

Licensed to practice Immigration & Bankruptcy in all 50 states.
More than 20 year experience in US immigration & Indian law

US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

FAMILY LAW
*Divorce *Annulment
*International Custody

INCORPORATIONS
*International Contracts, Mergers
*Attorney Supreme Court of India

*Bankruptcy Consultation & Filing

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801, Pine Street, # 24 C, Seattle, Washington 98101
Offices: Seattle, WA *Fremont, CA *UK *Canada *India

Weekends & Evening Appointments Available

ਪੰਜਾਬ ਟਰੱਕ ਵਾਸ਼ ਐਂਡ ਰਿਪੇਅਰ

Punjab Truck Wash & Repair 2301 Simpson Street, Kingsburg, CA 93631

ਫਰੀਵੇ ਦੇ ਬਹੁਤ ਨਜ਼ਦੀਕ- 99 ਨਾਰਥ ਤੋਂ ਐਗਜ਼ਿਟ 112, 99 ਸਾਊਥ ਤੋਂ ਐਗਜ਼ਿਟ 114





*ਨਵੇਂ ਪੁਰਾਣੇ ਟਾਇਰ *ਬਰੇਕ
*ਆਇਲ ਚੇਂਜ *ਰੀਅਰਐਂਡ
*ਸਸਪੈਂਸ਼ਨ *ਇੰਸ਼ਪੈਕਸ਼ਨ
*ਕਲੱਚ *ਵੈਲਡਿੰਗ

Oil Change Special $179.99
Labour $55 per hour
All major and minor repairs.

ਤਸੱਲੀਬਖਸ਼ ਕੰਮ ਵਾਜਬ ਰੇਟ

Free Parking






ਸੁਖਵਿੰਦਰ ਸਿੰਘ ਸੁੱਖ, ਗਰਜਾ ਸਿੰਘ
ਫੋਨ: 559-897-2323, ਸੈਲ: 209-923-1110

ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

## Real Estate and Loans Under One Roof


ਪਿਛਲੇ 27 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

## Reo/Short Sale Specialist

**We can sell your house in short sale at no cost to you.**

**Selling Homes from Gilroy to Sacramento, CA**

**Call us before visiting any model homes to save big time.**



34755 Sandburg Court
Union City CA 94587
5 Bedrooms,
3.5 Bathrooms,
2 Car Garage
Living Area: 2320 Sq. Ft
**Asking: $798,000**



5233 Edgewater Drive
Newark, CA 94560
5 Bedrooms, 2.5 Bathrooms,
2 Car Garage
Area: 2081 Sq. Ft.
Lot: 6500 Sq. Ft.
**Asking: $789,000**



534 Cashew Place
Brantwood CA 94513
4 Bedrooms, 2.5 Bathrooms, 2 Car Garage
Area: 2563 Sq. Ft.- Lot: 7336 Sq. Ft.
**Asking: $528,000**




32241 Mercury Way
Union City CA 94587
3 Bedrooms,
1.5 Bathrooms, 2 Car Garage
Living Area: 1255 Sq. Ft.
**Asking: $415,000**




4504 Mackinaw Street,
Union City, CA 94587
4 Bedrooms, 3 Bathrooms,
2 Car Garage
Area: 2415 Sq. Ft.
Lot: 4514 Sq. Ft.
**Asking: $865,000**

## JUST SOLD

1. 36463 Spruce St., Newark, CA 94560
2. 2240 Partridge Way #4 Union City, CA 94588
3. 4504 Mackinaw Street, Union City, CA 94587
4. 4730 Woodhollow Ave., Stockton, CA 95206
5. 1604 Mellowood St., Pittsburg, CA 94565
6. 16129 Rocky HarborRd Lathrop, CA 95330
7. 32241 Mercury Way, Union City, CA 94587
8. 1796 Dove Ct., Hayward, CA 94545
9. 1744 Ettles St., Manteca, CA 95337
10. 1379 Michael Dr., Tracy, CA 95377
11. 37775 Golden Rod Ct., Newark, CA 94560
12. 230 Mizner Ct., Livermore, CA 94550
13. 4019 Villa Comez Ln., Stockton, CA 95206
14. 1627 Venice Cir., Stockton, CA 95206

Market is hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.

Selling new and old Homes from San Jose to Sacramento

Fremont Office:
86 Pilgrim Loop
Fremont CA 94539
Tel:510-440-9292, Fax:510-656-8941

**Cell: 510-304-9292**
**Cell:408-666-8279**



**Jaswinder Gill** M.Sc (PAU)
CA BRE# 00966763
Broker/Owner/Notary

*2004 to 2006 Award Winner
Top 1% Listing Realtor in Bay Area

**Commercial Unit**
9912 Kapalua Ln.,
Elk Grove, CA 95624
Tel:916-612-5773, Fax:916-393-2586

E-mail: jassi@jassigill.com or
Visit us @ www.jassigill.com
for hot listings

## Refinance Now

15 & 30 Yr Fixed Rates Are Still Better!!!
5/1, 7/1 ARM are also attractive
Refinance Now At Zero Cost

**Call Sukhi Gill**
DHMS, Loan Broker
@ 510-207-9067
CA BRE Lic.#01180969
NMLS# 352095